# ਸੌ ਸਾਖੀ

**ਪਿਆਰਾ ਸਿੰਘ ਪਦਮ ਰਚਨਾਵਲੀ :**

ਸੰਖੇਪ ਸਿੱਖ ਇਤਿਹਾਸ, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਦਸਮ ਗ੍ਰੰਥ ਦਰਸ਼ਨ, ਗੁਰੂ ਨਾਨਕ ਸਾਗਰ, ਗੋਬਿੰਦ ਸਾਗਰ, ਗੁਰੂ ਘਰ, ਗੋਬਿੰਦ ਸਿੰਘ ਦੇ ਦਰਬਾਰੀ ਰਤਨ, ਗੁਰੂ ਕੀਆਂ ਸਾਖੀਆਂ, ਪਰਚੀ ਪਾਤਸ਼ਾਹੀ ਦਸਵੀ ਕੀ, ਤੇਗ ਬਹਾਦਰ ਸਿਮਰੀਐ, ਰਹਿਤਨਾਮੇ, ਕਲਾਮ ਭਾਈ ਨੰਦ ਲਾਲ, ਪ੍ਰਾਚੀਨ ਸੌ ਸਾਖੀ, ਚਾਰ ਸਾਹਿਬਜ਼ਾਦੇ, ਸਾਡੇ ਗੁਰਦੇਵ, ਪੰਜ ਦਰਿਆ, ਪੰਜਾਬੀ ਵਾਰਾਂ, ਪੰਜਾਬੀ ਬਾਰਾਂਮਾਹੇ, ਪੰਜਾਬੀ ਮਾਝਾਂ ਤੇ ਆਸਾਵਰੀਆਂ, ਪੰਜਾਬੀ ਜੰਞਾਂ, ਪੰਜਾਬੀ ਝਗੜੇ, ਵਾਰਸਸ਼ਾਹ, ਬਾਬਾ ਸਾਧੂ ਜਨ, ਹਿੰਦੁਸਤਾਨੀ ਕਲਾ, ਹਿੰਦੁਸਤਾਨੀ ਕਵੀ, ਹਿੰਦੁਸਤਾਨੀ ਕਵਿਤਾ, ਪੰਜਾਬੀ ਬੋਲੀ ਦਾ ਇਤਿਹਾਸ, ਪੰਜਾਬੀ ਸਾਹਿਤ ਦੀ ਰੂਪ ਰੇਖਾ, ਗੁਰਮੁਖੀ ਲਿਪੀ ਦਾ ਇਤਿਹਾਸ, ਖ਼ਲੀਲ ਜਿਬਰਾਨ ਦੇ ਬਚਨ ਬਿਲਾਸ, ਕਲਮ ਦੇ ਚਮਤਕਾਰ, ਕਲਮ ਦੇ ਧਨੀ (ਦੋ ਭਾਗ), ਸੂਫੀ-ਕਾਵਿਧਾਰਾ, ਹਾਸ਼ਮ ਰਚਨਾਵਲੀ, ਪ੍ਰਸਿੱਧ ਪੰਜਾਬੀ, ਬਚਨ ਸਾਈਂ ਲੋਕਾਂ ਦੇ, ਪੁਸ਼ਪਾਂਜਲੀ, ਪੰਜਾਬੀ ਮਹਾਰਾਜਾ, ਸਾਧੂ ਈਸ਼ਰ ਦਾਸ, ਮਿਰਜ਼ੇ ਦੀਆਂ ਸੱਦਾਂ, ਬੋਲੈ ਸ਼ੇਖ ਫ਼ਰੀਦ, ਬਾਬਾ ਵਜੀਦ, ਦਰਸ਼ਨ ਭਗਤ, ਪ੍ਰਾਚੀਨ ਪੰਜਾਬੀ ਗੱਦ ।

ਪ੍ਰਾਚੀਨ

# ਸੌ ਸਾਖੀ

ਸੰਪਾਦਕ :
ਪ੍ਰੋ. ਪਿਆਰਾ ਸਿੰਘ ਪਦਮ

ਸਿੰਘ ਬ੍ਰਦਰਜ਼
ਅੰਮ੍ਰਿਤਸਰ

ਪਿਆਰਾ ਸਿੰਘ ਪਦਮ

ISBN 81-7205-155-7

ਪਹਿਲੀ ਵਾਰ 1983
ਤੀਜੀ ਵਾਰ ਮਈ 1995
ਚੌਥੀ ਵਾਰ ਸਤੰਬਰ 1997

ਮੁੱਲ : 60-00

ਪ੍ਰਕਾਸ਼ਕ :
ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਟਾਈਪਸੈੱਟਰ :
ਕੇ. ਜੀ. ਗ੍ਰਾਫ਼ਿਕਸ, 98, ਸਿਟੀ ਸੈਂਟਰ, ਅੰਮ੍ਰਿਤਸਰ

ਪ੍ਰਿੰਟਰ :
ਪ੍ਰਿੰਟਵੈੱਲ, 146, ਇੰਡ. ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਸਮਰਪਣ

ਸਵਰਾਜ ਦੇ ਮੁੱਦਈ ਸੰਗ੍ਰਾਮੀਏ ਸਰਦਾਰਾਂ ਦੇ ਨਾਂ
ਜਿਨ੍ਹਾਂ ਦੇ
ਨੈਣਾਂ ਵਿਚ ਸਿੱਖ ਰਾਜ ਦੇ ਸੁਪਨੇ ਲਟਕਦੇ ਰਹੇ

# ਤਤਕਰਾ

ਭੂਮਿਕਾ
ਤੁਰਕਾਂ ਦੀ ਉਤਪਤੀ
ਕੜਾਹ ਪ੍ਰਸਾਦਿ ਦੀ ਸਾਜਨਾ
ਸਿੱਖਾਂ ਦਾ ਕਪਟ
ਨਿਰਮੋਹੀ ਨੰਦ ਸਿੰਘ
ਜਵਾਲਾ ਤਪੱਸੀ
ਕਪੋਤ ਕਪੋਤਣੀ ਦੀ ਸਾਖੀ
ਲਾਹੌਰ ਸਿੰਘ, ਮਾਲਾ ਸਿੰਘ
ਮੁਕਤਨਾਮਾ
ਵਣਜਾਰੇ ਸਿੱਖ ਦੀ ਸਿੱਖਣੀ
ਰਾਗੀ ਤੇ ਵਾਰ ਗੋਪੀ ਚੰਦ
ਰਾਗੀ ਤੇ ਪਾਠੀ
ਸੁੱਧ ਪਾਠ
ਦੇਵੀ ਤੇ ਖਾਲਸਾ
ਫ਼ਿਰੰਗੀਆਂ ਦੀ ਉਤਪਤੀ
ਭਵਿਖਤ ਵਾਕ
ਲੇਪਨੀ ਸਿੱਖ ਨੂੰ ਸਜ਼ਾ
ਦੇਵੀ ਦਾ ਪ੍ਰਸੰਗ
ਲੋਭੀ ਲਾਂਗਰੀ
ਦਗੇਬਾਜ਼ ਪਹਾੜੀਏ
ਸੈਦਾਬੇਗ ਸ਼ਰਣ ਆਇਆ
ਪਹਾੜੀ ਰਾਜਿਆਂ ਨਾਲ ਜੁੱਧ
ਚੌਧਰੀ ਦੀ ਕਹੀ
ਲੰਗਰ ਅਟਕਾ ਸ੍ਰਾਪ ਸਟਕਾ
ਸ਼ਹੀਦ ਕੌਣ ਹੈ ?
ਪਹਿਲ ਸਿੰਘ ਸੁਨਿਆਰਾ
ਮੰਸਦਾਂ ਦੀ ਮੰਦ ਵਰਤੋਂ
ਸੈਦੇ ਖ਼ਾਂ ਤੇ ਮੇਮੂ ਖ਼ਾਂ
ਦਯਾ ਸਿੰਘ, ਔਰੰਗਜ਼ੇਬ
ਇਕ ਤੁਕ ਦਾ ਪਾਠੀ
ਕਬੀਰ ਦੀ ਮਹਿਮਾ
ਤਰਣ ਦਾ ਸੁਖਾਲਾ ਮਾਰਗ
ਸਿੱਖ ਦੀ ਸ਼ੁੱਧੀ
ਅਨੰਦਪੁਰ ਦਾ ਹੋਲਾ
ਰਾਇਪੁਰ ਦੀ ਸੁਆਣੀ
ਕਬੀਰ ਭਗਤ ਤੇ ਲੋਈ
ਪੈਂਦੇ ਖ਼ਾਂ ਪਠਾਣ
ਪੂਜਾ ਦਾ ਧਾਨ
ਲੀਕਾਂ ਕੱਢੀਆਂ ਮੇਟੀਆਂ
ਪੰਮਾ ਵਜ਼ੀਰ
ਰਵਾਲਸਰ
ਮਾਲਵੀ ਪਰਬਤ
ਕਾਜ਼ੀ ਸਲਾਰੁਦੀਨ
ਮਰਦ ਦੀ ਦਾੜ੍ਹੀ
ਵਣਜਾਰਾ ਸਿੱਖ
ਗੁਰਮੁਖ ਤੇ ਪੇਟਪਾਲ
ਭਾਈ ਡੱਲਾ
ਤਾਪ ਦਾ ਇਲਾਜ

ਸ਼ਰਧਾਲੂ ਮਾਈ
ਕੁਰਖੇਤਰ, ਮਦਨ ਨਾਥ
ਟਹਿਲ-ਵਿਹੂਣਾ ਗੱਭਰੂ
ਬਦਨ ਸਿੰਘ
ਸਾਖੀ ਮਹਲਾਂ ਕੀ
ਪਹਾੜੀ ਰਾਜੇ
ਚਮਕੌਰ ਦੀ ਜੰਗ
ਕਾਂਗੜ, ਭਾਈ ਸ਼ਮੀਰ
ਨਾਂਦੇੜ, ਬੰਦਾ ਬਹਾਦਰ
ਲੋਹੇ ਦੇ ਕੜੇ
ਭਵਿਖਤ ਵਾਕ
ਭਵਿਖਤ ਵਾਕ
ਰਹਿਤਨਾਮਾ
ਕਵੀ ਗੋਸ਼ਟਿ
ਯੱਗ ਦਾ ਨਿਉਂਦਾ
ਭਵਿਖਤ ਵਾਕ
ਸ਼ਸਤ੍ਰ ਰੱਖਣ ਦੀ ਨਸੀਅਤ
ਮੂਰਤੀ ਪੂਜਾ
ਮਾਤਾ ਜੀਤੋ ਜੀ ਨੂੰ ਉਪਦੇਸ਼
ਪਾਰਧੀ (ਸ਼ਿਕਾਰੀ) ਦੀ ਸਾਖੀ
ਫ਼ਕੀਰ ਗੁਰੂ ਦਰਬਾਰ ਚ
ਚਮਕੌਰ, ਕਾਬਲੀ ਸੰਗਤ
ਸ਼ਰਾਧਾਂ ਬਾਰੇ ਚਰਚਾ
ਉਜੈਨੀ ਸਿੱਖ ਹਰਿਗੋਪਾਲ
ਹਰਿਗੋਪਾਲ, ਧਿਆਨ ਸਿੰਘ
ਬਿਸ਼ੰਭਰਦਾਸ
ਸੌ ਅਰਦਾਸਾਂ
ਸੌ ਅਰਦਾਸਾਂ
ਸੌ ਅਰਦਾਸਾਂ
ਨੀਤੀ ਬਚਨ
ਧਿਆਨ ਸਿੰਘ ਮਾਜਰੀਆ
ਇਸ਼ਨਾਨ ਦਾ ਫਲ
ਭੂਪਨਾਮਾ (ਭਵਿੱਖਤਵਾਕ)
ਬਿਸ਼ਬਭਰਦਾਸ ਦੀਆਂ ਨਾਰਾਂ
ਕਵੀ ਗੋਸ਼ਟਿ
ਕਵੀ ਗੋਸ਼ਟਿ
ਭਵਿਖਤ ਵਾਕ
ਕਲਿਨਾਮਾ
ਕਲਿਯੁਗ ਨੂੰ ਸਿਖਿਆ
ਜਪੁ ਮਹਿਮਾ
ਜਪੁ ਮਹਿਮਾ
ਜੁਪ ਮਹਿਮਾ
ਤੰਬਾਕੂ ਦੀ ਨਿਖੇਧੀ
ਤੰਬਾਕੂ ਦੀ ਨਿਖੇਧੀ
ਤੰਬਾਕੂ ਦੀ ਨਿਖੇਧੀ
ਕੇਸਾਂ ਦੀ ਮਹਿਮਾ
ਦਾਦੂ ਦੁਆਰਾ
ਬਹਾਦਰਸ਼ਾਹ ਦੇ ਸਵਾਲ
ਪਠਾਣ ਦਾ ਹਮਲਾ
ਗੁਰੂ ਦੀ ਜੋਤੀ ਜੋਤਿ ਸਮਾਏ
ਭਗਤ ਨੈਣਾ ਤੇ ਰਤਨਦੇਉ
ਅੰਤਿਕਾ-ਵਿਸ਼ੇਸ਼ ਨਾਮਾਵਲੀ

# ਦੋ ਸ਼ਬਦ

'ਖ਼ਾਲਸਾ' ਅਰਬੀ ਦਾ ਸ਼ਬਦ ਹੈ, ਜਿਸ ਦਾ ਅਰਥ ਹੈ – 'ਬਾਦਸ਼ਾਹ ਦੀ ਜ਼ਮੀਨ' ਉਹ ਭੋਂ, ਜਿਸਨੂੰ ਕੋਈ ਮਾਮਲਾ ਜਾਂ ਲਗਾਨ ਨਹੀਂ ਲਾਂ ਸਕਦਾ –ਭਾਵ ਇਸਦਾ ਇਹ ਕਿ ਹਰ ਤਰ੍ਹਾਂ ਦੀ ਪਰਾਧੀਨਤਾ ਤੋਂ ਆਜ਼ਾਦ ਹਸਤੀ – ਖ਼ਾਲਸਾ ਹੈ, ਇਸਨੂੰ ਸਤਿਗੁਰਾਂ ਬਾਣੀ ਦਾ ਵਿਧਾਨ ਤੇ ਵਿਲੱਖਣ ਬਾਣੇ ਦੀ ਪਛਾਣ ਦਿੱਤੀ। ਇਹ ਕੇਸਾਧਾਰੀ ਤੇ ਦਸਤਾਰਧਾਰੀ ਖ਼ਾਲਸਾ ਸ਼ਸਤ੍ਰਧਾਰੀ ਵੀ ਹੋਇਆ ਅਤੇ ਇਸਨੂੰ ਝੰਡਾ ਤੇ ਨਗਰਾਜ ਵੀ ਬਖਸ਼ੇ ਗਏ, ਜੋ ਪ੍ਰਭੂ–ਸੱਤਾ ਦੇ ਪ੍ਰਤੀਕ ਸਨ। ਮੀਰੀ ਤੇ ਪੀਰੀ ਦੇ ਸੰਗਮ ਦਾ ਭਾਵ ਇਹੋ ਸੀ ਕਿ ਧਰਮ ਤੇ ਰਾਜਨੀਤੀ, ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਲਈ ਮਿਲ ਕੇ ਚੱਲਣ। ਧਰਮ ਅੰਦਰੂਨੀ ਮਰਯਾਦਾ ਦਾ ਸੰਚਾਲਕ ਹੈ ਤੇ ਰਾਜਨੀਤੀ ਬਾਹਰਲੀ ਮਰਯਾਦਾ ਦੀ ਪਹਿਰੇਦਾਰ, ਧਰਮ ਭਾਰੂ ਹੋਵੇ ਤਾਂ ਰਾਜਨੀਤੀ ਸਹੀ ਚਲਦੀ ਹੈ ਤੇ ਜੇ ਕੇਵਲ ਰਾਜਨੀਤੀ ਭਾਰੂ ਹੋਵੇ ਤਾਂ ਧਰਮ ਨੂੰ ਵੀ ਖ਼ਰਾਬ ਕਰਦੀ ਹੈ। ਇਸਾਈਆਂ ਨੇ ਯੂਰਪ ਵਿੱਚ ਧਰਮ ਦੇ ਨਾਂ ਤੇ ਜੋ ਅਤਿਆਚਾਰ ਕੀਤੇ ਅਤੇ ਮੁਸਲਮਾਨਾਂ ਏਸ਼ੀਆ ਵਿੱਚ ਮਜ਼੍ਹਬ ਦੇ ਨਾਂ ਤੇ ਜੋ ਜ਼ੁਲਮ ਢਾਹੇ, ਇਸ ਤੋਂ ਪੱਛਮੀ ਵਿਚਾਰਵਾਨ ਇਉਂ ਸੋਚਣ ਲਈ ਮਜਬੂਰ ਹੋ ਗਏ ਕਿ ਧਰਮ ਤੇ ਰਾਜਨੀਤੀ ਵੱਖ ਵੱਖ ਹਨ ਤੇ ਧਰਮ ਇਕ ਪ੍ਰਾਈਵੇਟ ਚੀਜ਼ ਹੈ, ਹਾਲਾਂਕਿ ਸਿਵਾਇ ਨੀਂਦ ਦੇ ਹੋਰ ਕੁਝ ਵੀ ਪ੍ਰਾਈਵੇਟ ਨਹੀਂ। ਮਨੁੱਖ ਸਮਾਜਕ ਪ੍ਰਾਣੀ ਹੈ ਤੇ ਧਰਮ ਤਾਂ ਸ਼ੁਰੂ ਹੀ ਇਥੋਂ ਹੁੰਦਾ ਹੈ ਕਿ ਤੁਹਾਡਾ ਦੂਜਿਆਂ ਪ੍ਰਤੀ ਕਿੰਨਾ ਕੁ ਸੁਚੱਜਾ ਰਵੱਈਆ ਹੈ। ਭਾਰਤੀ ਧਰਮ ਵੈਸੈ ਹੀ ਅਪਸਾਰਵਾਦੀ ਸਨ, ਜੋ ਤਿਆਗ ਤੇ ਅਹਿੰਸਾ ਨੂੰ ਮੁੱਖ ਕਰਤੱਵ ਮੰਨਦੇ ਸਨ। ਨਤੀਜਾ ਇਹ ਹੋਇਆ ਕਿ ਇਨ੍ਹਾਂ ਹੱਥੋਂ ਰਾਜ–ਸੱਤਾ ਖੁੱਸ ਗਈ ਤੇ ਇਹ ਸਦੀਆਂ ਲਈ ਗੁਲਾਮ ਬਣ ਕੇ ਰਹਿ ਗਏ।

ਗੁਰੂ ਸਾਹਿਬਾਨ ਨੂੰ ਇਹ ਅਵਸਥਾ ਪਸੰਦ ਨਹੀਂ ਸੀ ਕਿ ਬਘਿਆੜ, ਗਊਆਂ ਨੂੰ ਪਾੜ ਪਾੜ ਖਾਂਦੇ ਰਹਿਣ, ਉਨ੍ਹਾਂ ਖਾਲਸੇ ਨੂੰ ਸ਼ਸਤ੍ਰਧਾਰੀ ਬਣਾ ਕੇ ਵਿਦੇਸ਼ੀ ਜਰਵਾਣਿਆਂ ਨਾਲ ਲੜਾਇਆ ਤੇ ਦੇਸ਼ ਨੂੰ ਆਜ਼ਾਦ ਕਰਵਾਇਆ। ਖ਼ਾਲਸਾ ਅਕਾਲ ਪੁਰਖ ਦੀ ਮੌਜ ਵਿੱਚੋਂ ਪੈਦਾ ਹੋਈ, ਧਰਮਾਤਮਾ ਲੋਕਾਂ ਦੀ ਫੌਜ ਸੀ, ਜਿਸਨੇ ਧਰਮ ਤੇ ਨੀਤੀ ਦਾ ਸੰਗਮ ਰਚ ਕੇ ਭਾਰਤੀ ਸਭਿਆਚਾਰ ਦੀ ਰਾਖੀ ਕੀਤੀ ਤੇ ਪੰਜਾਬ ਵਿੱਚ ਸੁਤੰਤਰ ਰਾਜ ਸਥਾਪਨ ਕੀਤਾ। ਸਮਾਂ ਬਦਲਿਆ, ਫਿਰੰਗੀ ਕੂਟ–ਨੀਤੀ ਨੇ ਸਿੰਘਾਂ ਦਾ ਨਿਸ਼ਾਨ ਸਾਹਿਬ ਤੇ ਨਗਾਰਾ ਖੋਹ ਲਿਆ, ਸ਼ਸਤ੍ਰ ਵੀ ਖੋਹ ਲਏ ਅਤੇ ਪੰਜਾਬ ਨਿਹੱਥਾ ਹੋ ਗਿਆ, ਪਰੰਤੂ ਸਿੱਖ ਸ਼ਤਮਈ ਢੰਗ ਨਾਲ ਸੰਗ੍ਰਾਮ ਕਰਦੇ ਰਹੇ, ਥੋੜੇ ਚਿਰ ਵਿੱਚ ਹੀ ਉਨ੍ਹਾਂ ਸਤਿਆਗ੍ਰਹਿ ਰਾਹੀਂ ਆਪਣੇ ਧਰਮ ਅਸਥਾਨ ਆਜ਼ਾਦ ਕਰਾ ਲਏ। ਮਹਾਤਮਾ ਗਾਂਧੀ ਜੀ ਨੇ ਤਾਰ ਭੇਜੀ – "ਖਾਲਸਾ ਜੀ !

ਵਧਾਈਆਂ ! ਤੁਸੀਂ ਗੁਰਦੁਆਰੇ ਆਜ਼ਾਦ ਕਰਾ ਲਏ, ਹਿੰਦੁਸਤਾਨ ਇਕ ਵੱਡਾ ਗੁਰਦੁਆਰਾ ਹੈ, ਇਯਨੂੰ ਵੀ ਤੁਸਾਂ ਹੀ ਆਜ਼ਾਦ ਕਰਾਉਣਾ ਹੈ ।" ਉਦੋਂ ਦੇਸ਼ ਦੇ ਨੇਤਾਵਾਂ ਨੂੰ ਸਿੱਖਾਂ ਦਾ ਧਰਮ ਤੇ ਰਾਜਨੀਤੀ ਦਾ ਸੰਗਮ ਚੰਗਾ ਲਗਦਾ ਸੀ । ਇਨ੍ਹਾਂ ਪਾਸੋਂ ਹੀ ਸਤਿਆਗ੍ਰਹਿ ਦਾ ਸਬਕ ਸਿੱਖ ਕੇ ਇਨ੍ਹਾਂ ਲੋਕਾਂ ਦੇਸ਼ ਆਜ਼ਾਦ ਕਰਵਾਇਆ ਤੇ ਸਿੱਖਾਂ ਇਸ ਵਿੱਚ ਸਭ ਤੋਂ ਵੱਧ ਹਿੱਸਾ ਪਾਇਆ । ਅੱਜ ਜਦ ਬਹੁ-ਸੰਮਤੀ ਦੀ ਬਿਆਨ 'ਤੇ ਇਹ ਬਿਖਿਆਪਾਨੀ ਬੇਧਰਮੇ ਲੋਕ ਰਾਜ-ਸੱਤਾ ਸੰਭਾਲ ਬੈਠੇ ਤਾਂ ਸਾਨੂੰ ਮੱਤਾਂ ਦੇਣ ਲੱਗ ਗਏ - ਧਰਮ ਤੇ ਰਾਜਨੀਤੀ ਵੱਖ ਵੱਖ ਹਨ, ਸ਼ਸਤ੍ਰ ਰੱਖਣਾ ਠੀਕ ਨਹੀਂ, ਬਤੌਰ ਸਿੱਖ ਸੋਚਣਾ ਠੀਕ ਨਹੀਂ, 'ਰਾਜ ਕਰੇਗਾ ਖਾਲਸਾ' ਦਾ ਪਾਠ ਫਿਰਕੂ ਗੱਲ ਹੈ ਆਦਿਕ । ਚੂੰਕਿ ਖ਼ਾਲਸਾ ਸ਼ਸਤ੍ਰਧਾਰੀ ਹੈ, ਇਸ ਕਰਕੇ ਇਹ ਅਤਿਵਾਦੀ ਹੈ, ਚੂਕਿ ਇਸਦਾ ਬਾਣਾ ਸਭ ਤੋਂ ਵੱਖਰਾ ਹੈ, ਇਸ ਕਰਕੇ ਇਹ ਵੱਖਵਾਦੀ ਹੈ। ਇਸ ਤਰ੍ਹਾਂ ਮੌਜੂਦਾ ਬਿਪ੍ਰਵਾਦ, ਲੋਕਤੰਤ੍ਰ ਤੇ ਕੌਮਪ੍ਰਸਤੀ ਦਾ ਚੇਲਾ ਪਾ ਕੇ ਸਰਬੱਤਵਾਦੀ ਸੁਤੰਤਰ ਖ਼ਾਲਸੇ ਨੂੰ ਤੁਟਿਆਣ ਤੈ ਦਬੇਲ ਬਣਾਉਣ 'ਤੇ ਤੁਲ ਪਿਆ । ਇਹ ਤਾਂ ਐਸੀ ਗੱਲ ਹੋ ਗਈ, ਜਿਵੇਂ ਕੋਈ ਗਗਨਾਂ ਵਿੱਚ ਉੱਡਣ ਵਾਲੇ ਬਾਜ਼ਾਂ ਨੂੰ ਕਹੇ ਕਿ ਤੁਸੀਂ ਜ਼ਰਾ ਭੁੰਞੇ ਹੀ ਹੱਥ ਪੈਰ ਮੋਲਕੇ ਕਰ ਲਿਆ ਕਰ ।

ਸ਼ਿਕਾਯਤ ਹੈ ਮੁਝੇ ਯਾ ਰੱਬ, ਖ਼ੁਦਾਵੰਦਾਨਿ ਮਕਤਬ ਸੇ ।
ਸਬਕ ਸ਼ਾਹੀ ਬੱਚੋਂ ਕੋ, ਦੇ ਰਹੇ ਹੈਂ ਖ਼ਾਕਬਾਜ਼ੀ ਕਾ ।
(ਇਕਬਾਲ)

ਫਿਰਕਾਪ੍ਰਸਤੀ ਸਾਡਾ ਫਲਸਫਾ ਨਹੀਂ, ਸ਼ਰਈ ਲੋਕਾਂ ਵਾਂਙ ਨਾ ਅਸੀਂ ਕੱਟੜ ਹਾਂ ਤੇ ਨਾਂ ਕੱਚੇ ਪਿੱਲਿਆਂ ਵਾਂ ਦਬਡੂ-ਘੁਸਡੂ । ਸਾਡਾ ਇਸ਼ਟ, ਧਰਮ-ਗੁਰੂ, ਧਰਮ ਗ੍ਰੰਥ, ਧਰਮ-ਮੰਦਰ, ਸੰਗਤ ਪੰਗਤ, ਲੰਗਰ ਸਭ ਕੁਝ ਸਾਂਝਾ ਹੈ, ਇਸੇ ਸਾਂਝੀਵਾਲਤਾ ਸਦਕੇ - ਕੀ ਪੂਰਬ ਤੇ ਕੀ ਪੱਛਮ - ਦੁਨੀਆਂ ਦੇ ਕੋਣੇ ਕੋਣੇ ਵਿੰਚ ਸਿੱਖ ਆਪਣੀ ਵਿਲੱਖਣਤਾ ਦਾ ਝੰਡਾ ਝੁਲਾ ਰਿਹਾ ਹੈ । ਉਹ ਚੜ੍ਹਦੀ ਕਲਾ ਵਿੱਚ ਇਸ ਕਰਕੇ ਹੈ ਕਿ ਸਰਬੱਤ ਦਾ ਭਲਾ, ਉਸਦਾ ਸਿਧਾਂਤ ਤੇ ਸ਼ੌਕ ਹੈ । ਅਸਾਂ ਏਸ ਧੁਰੇ ਤੋਂ ਉੱਖੜਨਾ ਨਹੀਂ , ਪਰ ਨਾਲ ਹੀ ਆਪਣੀ ਸੁੰਤਤਰ ਹਸਤੀ ਤੋਂ ਵੀ ਮੁਕਰਨਾ ਨਹੀਂ । ਖਾਲਸਾ ਪੰਥ ਤਿਆਗੀਆਂ, ਵੈਰਾਗੀਆਂ ਤੇ ਸਾਧਾਂ ਦਾ ਪੰਥ ਨਹੀਂ। ਇਹ ਸਰਬਲੋਹੀ ਸੰਤ-ਸਿਪਾਹੀਆਂ ਦੀ ਸੈਨਾ ਹੈ, ਜਿਸਦਾ ਮਿਸ਼ਨ ਸਰਬੱਤ ਦਾ ਭਲਾ ਹੈ, ਮਨੁੱਖ ਮਾਤਰ ਦੀ ਸੇਵਾ ਹੈ ਤੇ ਰਾਜਨੀਤਿਕ ਸ਼ਕਤੀ ਪ੍ਰਾਪਤ ਕਰ ਕੇ ਵੀ ਅਸਾਂ ਇਸ ਸੇਵਾ ਦੇ ਮਿਸ਼ਨ ਨੂੰ ਹਰ ਤਰ੍ਹਾਂ ਸਪੂੰਰਣ ਕਰਨਾ ਹੈ ।

ਅਠਾਰ੍ਹਵੀਂ ਸਦੀ ਦੇ ਸੰਕਟ-ਕਾਲ ਵਿੱਚ ਖ਼ਾਲਸੇ ਨੇ ਜੱਦੋ-ਜਹਿਦ ਨਾਲ ਆਪਣੇ ਧਰਮ ਤੇ ਰਾਜਨੀਤੀ ਨੂੰ ਸੁਰੱਖਿਅਤ ਕੀਤਾ ਸੀ ਤੇ 'ਸੌ ਸਾਖੀ' ਕੁਝ ਹੱਦ

ਤੱਕ ਉਨ੍ਹਾਂ ਦੇ ਆਦਰਸ਼ਾਂ ਦੀ ਵਿਆਖਿਆ ਕਰਦੀ ਰਹੀ ਸੀ । ਅੱਜ ਫਿਰ ਸਿੱਖਾਂ ਦੀ ਆਜ਼ਾਦ ਹਸਤੀ ਨੂੰ ਵੰਗਾਰਿਆ ਜਾ ਰਿਹਾ ਹੈ ਤੇ ਇਨ੍ਹਾਂ ਤੋਂ ਨਿਰਾਲੇ ਸਭਿਆਚਾਰ ਨੂੰ ਤ੍ਰਿਸਕਾਰਿਆ ਜਾ ਰਿਹਾ ਹੈ । ਪਰ ਅਸਾਂ ਵਿਰੋਧੀ ਪ੍ਰਾਪੇਗੰਡੇ ਦਾ ਸ਼ਿਕਾਰ ਹੋ ਕੇ ਦੇਸ਼-ਭਗਤੀ, ਕੌਮਪ੍ਰਸਤੀ, ਸਰਬ-ਸਾਂਝੀਵਾਲਤਾ ਤੇ ਪਰਉਪਕਾਰੀ ਪਰੰਪਰਾ ਤੋਂ ਨਾਬਰ ਨਹੀਂ ਹੋਣਾ, ਸਗੋਂ ਇਨ੍ਹਾਂ ਦੀ ਪਾਲਣਾ ਕਰਦਿਆਂ ਆਪਣੀ ਸਵੈਮਾਨ ਪੂਰਨ ਹਸਤੀ ਨੂੰ ਬਰਕਰਾਰ ਰੱਖਣਾ ਹੈ । 'ਸੌ ਸਾਖੀ' ਵਿੱ ਉਹ ਜੀਵਨ-ਤੱਤ ਮੌਜੂਦ ਹੈ, ਜੋ ਸਿੰਘਾਂ ਨੂੰ ਸ਼ਕਤੀਮਾਨ ਕਰ ਸਕਦਾ ਹੈ । ਜ਼ਰੂਰੀ ਨਹੀਂ ਕਿ ਅਸੀਂ ਹਰ ਸਾਖੀ ਨਾਲ ਸਹਿਮਤ ਹੋਈਏ, ਪਰ ਇਸ ਸਾਖੀ-ਸਰੋਵਰ ਵਿੱਚ ਐਸੀਆਂ ਅੰਮ੍ਰਿਤ-ਬੂੰਦਾਂ ਵੀ ਹਨ ਜੋ ਖ਼ਾਲਸੇ ਦੇ ਅਮਰਤਾ ਦੀ ਸਾਖੀ ਭਰਦੀਆਂ ਤੇ ਪੰਥਕ ਹਸਤੀ ਦੀ ਰਾਖੀ ਕਰਦੀਆਂ ਹਨ । ਆਓ, ਇਸ ਪੁਰਾਣੀ ਪੋਥੀ ਵਿਚੋਂ ਨਵੀਂ ਪ੍ਰੇਰਨਾ ਲੈ ਕੇ ਨਵੇਂ ਯੁੱਗ ਵੱਲ ਧਾਈ ਕਰੀਏ, ਕਿਉਂਕਿ ਲਾਇਕ ਸੰਤਾਨ ਹੀ ਆਪਣੀ ਗੌਰਵ-ਗਾਥਾ ਨੂੰ ਚੇਤੇ ਕਰ ਕੇ ਅੱਗੇ ਵਧਦੀ ਹੈ ।

ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨਿ ॥

ਸਤੰਬਰ 1983 ਪਿਆਰਾ ਸਿੰਘ ਪਦਮ

## ਦੂਜੀ ਛਾਪ

ਪ੍ਰਕਾਸ਼ਤ ਕਰਨ ਸਮੇਂ ਹੋਰ ਵਧੇਰੇ ਸੁਧਾਈ ਕਰਨ ਦਾ ਉਪਰਾਲਾ ਕੀਤਾ ਗਿਆ ਹੈ । ਪਾਠਕਾਂ ਦਾ ਧੰਨਵਾਦ, ਜਿਨ੍ਹਾਂ ਬਾਕੀ ਅਸ਼ੁੱਧ ਐਡੀਸ਼ਨਾਂ ਛੱਡ ਕੇ ਇਸ ਨੂੰ ਅਪਣਾਇਆ ।

ਗੁਰੂ ਪੰਥ ਦਾ ਦਾਸ –

ਜਨਵਰੀ 1986 **ਪਿਆਰਾ ਸਿੰਘ ਪਦਮ**

## ਭੂਮਿਕਾ

'ਸੌ ਸਾਖੀ' ਇਕ ਐਸੀ ਵਚਿਤ੍ਰ ਪੋਥੀ ਹੈ, ਜਿਸਨੇ ਸੰਗ੍ਰਾਮੀਏ ਸੰਤ-ਸਿਪਾਹੀ ਨਿਹੰਗ ਸਿੰਘਾਂ ਨੂੰ ਉਤਸ਼ਾਹੀ ਤੇ ਜਗਾਈ ਰੱਖਿਆ, ਨਾਮਧਾਰੀ ਸਿੱਖਾਂ ਨੂੰ ਨਸ਼ਿਆਈ ਰੱਖਿਆ ਅਤੇ ਫਿਰੰਗੀਆਂ ਨੂੰ ਵਖਤ ਪਾਈ ਰਖਿਆ । ਇਹ ਇਕ ਕਿਸਮ ਦਾ ਮਿੱਸਾ ਪ੍ਰਸ਼ਾਦਾ ਹੈ ਜਿਸਨੂੰ ਭੂਤ ਭਵਿੱਖਤ ਦਾ ਲੂਣ ਮਸਾਲਾ ਪਾ ਕੇ, ਹਿੰਦੀ ਪੰਜਾਬੀ ਦਾ ਵੇਸਣ ਰਲਾ ਕੇ ਵਾਰਤਕ ਤੇ ਛੰਦਾਬੰਦੀ ਦੇ ਤਵੀ ਉਤੇ ਪਕਾਇਆ ਗਿਆ ਹੈ, ਇਸ ਵਿੱਚ ਸਦਾਚਾਰਕ ਸਿੱਖਿਆ ਦੀਆਂ ਹਰੀਆਂ ਭਰੀਆਂ ਕਿਆਰੀਆਂ ਵੀ ਹਨ ਤੇ ਚਮਤਕਾਰੀ ਪੇਸ਼ੀਨਗੋਈਆਂ ਦੀਆਂ ਚੰਗਿਆੜੀਆਂ ਵੀ ਹਨ, ਜੋ ਕਦੀ ਵੀ ਜੁਆਲਾਮੁਖੀ ਬਣਨ ਦੀ ਸੰਭਾਵਨਾਂ ਰੱਖਦੀਆਂ ਹਨ । ਭਾਸ਼ਾਈ ਪੱਖ ਤੋਂ ਇਹ ਹਿੰਦੀ ਪੰਜਾਬੀ ਦਾ ਸੰਮੇਲਨ ਹੈ, ਸਾਹਿਤਕ ਪੱਖ ਤੋਂ ਗੱਦ ਪਦ ਦਾ ਮਿਸ਼੍ਰਣ ਅਤੇ ਇਤਿਹਾਸਕ ਪੱਖ ਤੋਂ ਇਸ ਨੇ ਭੂਤ ਦੇ ਨਾਲ ਨਾਲ ਭਵਿੱਖਤ ਨੂੰ ਵੀ ਆਪਣੇ ਪਹਿਲੂ ਵਿੱਚ ਰਖਿਆ ਹੋਇਆ ਹੈ । ਇਹ ਇਕ ਅਨੋਖੀ ਤੇ ਅਦਭੁਤ ਕਿਤਾਬ ਹੈ, ਜਿਸ ਵਿੱਚ ਲਿਖੀਆਂ, ਬੀਤੇ ਦੀਆਂ ਘਟਨਾਵਾਂ ਜਿਤਨੀਆਂ ਦਿਲਚਸਪ ਹਨ, ਉਸਤੋਂ ਕਿਤੇ ਵੱਧ ਰੋਚਕ ਭਵਿਸ਼ਤ ਵਾਕ ਹਨ । ਮਨੁੱਖ ਦੀ, ਆਉਣ ਵਾਲੇ ਕੱਲ੍ਹ ਸਦਾ ਵਧੇਰੇ ਦਿਲਚਸਪੀ ਰਹੀ ਹੈ, ਚਾਹੇ ਉਹ ਮੰਦਹਾਲੀ ਵਾਲਾ ਹੋਵੇ, ਚਾਹੇ ਖੁਸ਼ਹਾਲੀ ਵਾਲਾ, ਪਰ ਜੇ ਕੋਈ ਉਸ ਦੀ ਪਹਿਲੇ ਸੂਚਨਾ ਦੇਵੇ ਤਾਂ ਸ੍ਰੋਤੇ ਨੂੰ ਇਹ ਭਵਿਸ਼ਤ-ਗਾਥਾ ਅਹਿਲਾਦ-ਪੂਰਣ ਜਾਪਦੀ ਹੈ । ਜੋਤਿਸ਼ ਸ਼ਾਸਤ੍ਰ ਦਾ ਸਾਰਾ ਦਾਰੋ-ਮਦਾਰ ਮਨੁੱਖ ਦੀ ਇਸੇ ਪ੍ਰਵਿਰਤੀ ਤੇ ਆਧਾਰਿਤ ਹੈ ।

ਖ਼ਾਲਸਾ ਪੰਥ 1699 ਈਸਵੀ ਤੋਂ 1799 ਈਸਵੀ ਤੱਕ ਲਗਭਗ ਸੌ ਵਰ੍ਹਾਂ ਸੁਤੰਤਰਤਾ-ਸੰਗ੍ਰਾਮ ਲਈ ਜੂਝਦਾ ਆਇਆ ਹੈ । ਸੰਗ੍ਰਾਮੀਏ ਲਈ ਹਰ ਪਲ ਚਿੰਤਾ ਦਾ ਹੁੰਦਾ ਹੈ ਕਿ ਕੱਲ੍ਹ ਕੀ ਹੋਵੇਗਾ । ਜੋ ਹਾਲ ਪੰਜਾਬ ਦਾ ਅਠਾਰ੍ਹਵੀਂ ਸਦੀ ਵਿੱਚ ਸੀ, ਉਹ ਇਤਿਹਾਸਦੇ ਪੰਨਿਆਂ ਤੋਂ ਜ਼ਾਹਰ ਹੈ । ਇਕ ਪਾਸੇ ਮੁਗਲ ਇਸਨੂੰ ਸੰਭਾਲਣ ਤੋਂ ਅਸਮਰਥ ਸਨ ਤੇ ਦੂਜੇ ਪਾਸੇ ਦਿੱਲੀ ਦੀ ਕਮਜ਼ੋਰੀ ਅਵਸਥਾ ਵੇਖ ਕੇ ਅਫਗਾਨ ਜਰਵਾਣੇ ਉਤੋੜਿਤੀ ਹਮਲੇ ਕਰ ਕੇ ਇਸ ਨੂੰ ਤਬਾਹ ਕਰੀ ਜਾ ਰਹੇ ਹਨ । ਦੇਸ਼ ਨੂੰ ਇਸ ਦੁਰਦਸ਼ਾ ਵਿਚੋਂ ਕੱਢਣ ਲਈ ਸਿੰਘ ਸੂਰਮਿਆਂ ਜਾਨ ਦੀ ਬਾਜ਼ੀ ਲਾਈ ਤੇ ਉਹ ਇਹੋ ਸਦਾ ਸੋਚਦੇ ਕਿ ਜੋ ਅਸੀਂ ਇਹ ਸਾਗਰ ਮੰਥਨ ਕਰ ਰਹੇ ਹਾਂ, ਇਸ ਤੋਂ ਭਾਗ ਦਾ ਅੰਮ੍ਰਿਤ ਜ਼ਰੂਰ ਝਰੇਗਾ ਤੇ ਇਕ ਦਿਨ ਦੈਂਤਾਂ ਦਾ ਸਰਵਨਾਸ਼ ਕਰ ਕੇ, ਖਾਲਸਾ ਦੇਸ਼ ਦੀ ਵਾਗਡੋਰ ਸੰਭਾਲੇਗਾ । ਸਿੱਖਾਂ ਦੀ ਇਸ ਮਾਨਸਿਕਤਾ ਦੀ ਤਸਵੀਰ 'ਸੌ ਸਾਖੀ' ਪੇਸ਼ ਕਰਦੀ ਹੈ, ਜੋ ਸਥਾਪਤ ਸਰਕਾਰ ਨੂੰ ਟਿੱਚ ਸਮਝਦੀ ਤੇ ਆਪਣਾ ਹਰ ਆਹਰ ਸਫਲ ਸਮਝਦੀ ਹੈ ਤੇ ਉਨ੍ਹਾਂ ਨੂੰ ਗੁਰੂ ਵਾਕਾਂ ਦੀਆਂ ਅਸੀਸਾਂ ਨਾਲ ਪਰਪੱਕ ਕਰਦੀ ਹੈ ਕਿ ਉਹ ਆਖ਼ਰ ਵਿਜੈ ਹਾਸਲ ਕਰਨਗੇ । ਇਸੇ ਇਕ

ਗੱਲ ਨੇ 'ਸੌ ਸਾਖੀ' ਜੇਹੀ ਰਚਨਾ ਨੂੰ ਇਕ ਗਜ਼ਬ ਨਾਕ ਤੇ ਖ਼ਤਰਨਾਕ ਕਿਤਾਬ ਬਣ ਦਿੱਤਾ, ਜਿਸ ਕਰਕੇ ਇਸ ਦੇ ਪ੍ਰੇਮੀਆਂ ਤਾਂ ਇਸਨੂੰ ਪੜ੍ਹਨਾ ਵਿਚਾਰਨਾ ਹੀ ਸੀ ਤੇ ਇਸਦੇ ਦੁਸ਼ਮਨਾਂ ਨੇ ਵੀ ਇਸਨੂੰ ਘੋਖਣਾ ਜ਼ਰੂਰੀ ਸਮਝਿਆ । ਅੰਗਰੇਜ ਸਰਕਾਰ ਨੇ ਤਾਂ ਇਸ ਨੂੰ ਹਿਕ ਤਰ੍ਹਾਂ ਗੈਰ-ਕਾਨੂੰਨੀ ਕਿਤਾਬ ਕਹਿ ਕੇ ਜਬਤ ਵੀ ਕੀਤਾ ਤੇ ਨਾਲ ਨਾਲ ਇਸ ਦਾ ਅੰਗਰੇਜੀ ਅਨਵਾਦ ਕਰਾ ਕੇ ਇਸਦੀ ਮੂਲ ਭਾਵਨਾ ਨੂੰ ਸਮਝਣ ਦਾ ਜਤਨ ਵੀ ਕੀਤਾ ਤੇ ਨਾਲ ਇਹ ਵੀ ਪ੍ਰਚਾਰ ਕੀਤਾ ਕਿ ਅਸਲ ਸੌ ਸਾਖੀ ਤਾਂ ਅਸਾਂ ਕਬਜ਼ੇ ਵਿੱਚ ਕਰ ਲਈ ਹੈ ਤੇ ਲੋਕਾਂ ਪਾਸ ਜੇ ਕਿਤੇ ਕੋਈ ਹੈ ਤਾਂ ਉਹ ਜਾਅਲੀ ਜਾਂ ਨਕਲੀ ਪੋਥੀ ਹੈ, ਅਸਲ ਨਹੀਂ । ਉੱਨੀਵੀਂ ਸਦੀ ਦੇ ਅੰਤ ਵਿੱਚ ਇਹ ਪ੍ਰਚਾਰ ਦੋ ਉਚੇਚੇ ਪ੍ਰਚਾਰਕ ਰੱਖ ਕੇ ਕੀਤਾ ਜਾਂਦਾ ਰਿਹਾ । ਅਜੇਹੇ ਸਰਕਾਰੀ ਪ੍ਰਾਪੇਗੰਡਾ ਦੇ ਬਾਵਜੂਦ ਲੋਕਾਂ ਵਿੱਚ 'ਸੌ ਸਾਖੀ' ਪੜ੍ਹਨ ਦੀ ਰੁਚੀ ਘਟ ਨਹੀਂ ਹੋਈ, ਸਗੋ ਹਰ ਕੋਈ ਇਸਨੂੰ ਇਧਰੋਂ-ਉਧਰੋਂ ਲੈ ਕੇ ਪੜ੍ਹਨ ਦਾ ਜਤਨ ਕਰਦਾ ਤੇ ਇਸਦੇ ਸੰਵਾਦਾਂ ਵਿੱਚੋਂ ਆਪਣੀ ਮਾਨਸਿਕ ਸੰਤੁਸ਼ਟਤਾ ਲੱਭਦਾ । ਪਰ ਏਸ ਪ੍ਰਸਿੱਧੀ, ਪ੍ਰਾਪੇਗੰਡੇ ਤੇ ਪੱਖਪਾਤੀ ਰਵੱਈਏ ਕਾਰਨ ਇਹ ਪੋਥੀ ਦਾ ਹਾਲ ਮੰਦਾ ਹੋਇਆ ਤੇ ਗ਼ਲਤ ਮਲਤ ਰੱਦੋ-ਬਦਲ ਹੋਣ ਕਰਕੇ ਇਸ ਦਾ ਸਹੀ ਸਰੂਪ ਲੱਭਣਾ ਔਖਾ ਹੋ ਗਿਆ ।

## ਸਾਖੀ-ਸਾਹਿਤ

ਸਿੱਖਾਂ ਦਾ ਸਾਖੀ-ਸਾਹਿਤ ਸਭ ਤੋਂ ਵੱਧ ਅਮੀਰ ਹੈ । ਇਹ ਜਿਥੇ ਪ੍ਰਾਚੀਨ ਪੰਜਾਬੀ ਵਾਰਤਕ ਦਾ ਚੰਗਾ ਨੂਮਨਾ ਪੇਸ਼ ਕਰਦਾ ਹੈ, ਉਥੇ ਗੁਰੂ ਸਾਹਿਬਾਨ ਦੀਆਂ ਜੀਵਨ-ਘਟਨਾਵਾਂ ਤੇ ਸਿਖਿਆਵਾਂ ਨੂੰ ਵੀ ਰੋਚਕ ਬਣਾ ਕੇ ਪੇਸ਼ ਕਰਦਾ ਹੈ । ਇਸ ਵਿਚ ਵਰਤੀ ਪੁਰਾਣਕ ਸ਼ੈਲੀ ਅਤੇ ਕਰਾਮਾਤੀ ਕ੍ਰਿਸ਼ਮੇ ਇਸਨੂੰ ਵਧੇਰੇ ਆਕਸ਼ਕ ਬਣਾਉਂਦੇ ਹਨ।

ਗੁਰੂ ਨਾਨਕ ਸਾਹਿਬ ਬਾਰੇ ਪੰਜ ਜਨਮ ਸਾਖੀਆਂ ਬਹੁਤ ਪ੍ਰਸਿੱਧ ਹਨ- ਪੁਰਾਤਨ ਜਨਮ ਸਾਖੀ, ਬਾਬਾ ਮਿਹਰਬਾਨ ਵਾਲੀ ਗੋਸਟਿ, ਭਾਈ ਬਾਲੇ ਵਾਲੀ ਜਨਮ ਸਾਖੀ, ਪਰਚੀਆਂ ਭਾਈ ਸੇਵਾਦਾਸ ਤੇ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ । ਗੁਰੂ ਗੋਬਿੰਦ ਸਿੰਘ ਜੀ ਦੀਆਂ ਸਾਖੀਆਂ ਵਾਲੀ ਰਚਨਾ 'ਸੋ ਸਾਖੀ' ਹੀ ਹੈ ਜੋ ਵਧੇਰੇ ਪ੍ਰਸਿੱਧ ਰਹੀ ਹੈ । ਨੌ ਗੁਰੂ ਸਾਹਿਬਾਨ ਬਾਰੇ ਜੋ ਸਾਖੀਆਂ ਦੀ ਵੱਡੀ ਪੋਥੀ ਮਿਲਦੀ ਹੈ, ਉਹ 'ਪੰਜ ਸੌ ਸਾਖੀ' ਹੈ, ਇਸ ਵਿਚ ਸਾਰੇ ਗੁਰੂਆਂ ਦੇ ਜੀਵਨ ਪ੍ਰਸੰਗ ਹਨ ਤੇ ਭਾਈ ਸੰਤੋਖ ਸਿੰਘ ਜੀ ਨੇ ਇਸੇ ਗ੍ਰੰਥ ਦੇ ਆਧਾਰ 'ਤੇ ਆਪਣੀ ਪੁਸਤਕ 'ਗੁਰਪ੍ਰਤਾਪ ਸੂਰਯ' ਦੀ ਰਚਨਾ ਕੀਤੀ ਸੀ ।

ਬਹੁਤੇ ਲੋਕਾਂ ਦਾ ਖ਼ਿਆਲ ਹੈ ਕਿ ਇਸੇ 'ਪੰਜ ਸੌ ਸਾਖੀ' ਨਾਮੀ ਵੱਡੇ ਗ੍ਰੰਥ ਦਾ ਇਕ ਭਾਗ 'ਸੌ ਸਾਖੀ' ਹੈ । 'ਸੌ ਸਾਖੀ' ਪੋਥੀ ਦੀ ਸਾਖੀ ਨੰਬਰ 95 ਵਿਚ ਵੀ ਇਹ ਲਿਖਿਆ ਹੈ :

ਸੁਨੋ ਕਥਾ ਅਬ ਦੱਖਣੀ ਸਾਖੀ ਵਰਤੀ ਅਵਰਿ ।

ਸਾਖੀ ਪੰਜ ਸੌ ਗੁਰੂ ਕਥੀ, ਤਬ ਹਜ਼ੂਰ ਕਹਿ ਕੁੰਵਰ ।

ਸੌ ਸਾਖੀ ਹਮ ਕੌ ਹੁਕਮ , ਸੌ ਕਾਬਲੀ ਮੱਲ।

ਮੁਲਤਾਨੀ ਸੂਰੇ ਦਈ, ਰਤੀਏ ਪੂਰਬ ਭੱਲ।

ਸੌ ਆਗਰੀਏ ਸੂਰਤ ਸਿੰਘ, ਦਈ ਬਖਸ਼ ਕਰਿ ਆਪ।....15।

ਕਈ ਇਸਨੂੰ ਸੁਤੰਤਰ ਰਚਨਾ ਵੀ ਤਸੱਵਰ ਕਰਦੇ ਹਨ, ਕਈ ਦੋਹਾਂ ਗੱਲਾਂ ਦਾ ਮਿਲਗੋਭਾ, ਪਰ ਇਹ ਸਾਰੀ ਗੱਲ ਦਾ ਪੂਰਾ ਨਿਰਣਾ ਤਾਂ ਹੀ ਸੰਭਵ ਹੈ ਜੇ ਉਹ 'ਪੰਜ ਸੌ ਸਾਖੀ' ਵਾਲਾ ਵੱਡਾ ਪੋਥਾ ਪ੍ਰਾਪਤ ਹੋਵੇ, ਪਰ ਜਾਪਦਾ ਹੈ ਕਿ 'ਸੌ ਸਾਖੀ ਦਾ ਮੌਜੂਦਾ ਰੂਪ ਓੱਨੀਵੀਂ ਸਦੀ, ਸਿੱਖ ਰਾਜਕਾਲ ਦੀ ਪੈਦਾਵਾਰ ਹੈ ਕਿਓਂਕਿ ਇਹ ਮਹਾਰਾਜਾ ਰਣਜੀਤ ਸਿੰਘ ਸਮੇਂ ਦੀਆਂ ਅਨੇਕਾਂ ਹੋ ਬੀਤੀਆਂ ਘਟਨਾਵਾਂ ਨੂੰ ਭਵਿੱਖਤ ਕਥਾ ਦੇ ਰੂਪ ਵਿਚ ਅੰਕਿਤ ਕਰਦੀ ਹੈ। ਸੋ, ਇਹ ਸਾਰੀ ਪੋਥੀ ਇਤਨੀ ਪੁਰਾਣੀ ਨਹੀਂ ਕਿ ਇਸਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਨਾਲ ਜੋੜਿਆ ਜਾ ਸਕੇ ਤੇ ਨਾ ਹੀ ਇਹ ਗੱਲ ਹੈ ਕਿ ਇਸ ਸਾਰੇ ਦੇ ਸਾਰੇ ਮੌਜੂਦਾ ਖਰੜੇ ਨੂੰ ਭਾਈ ਰਾਮ ਕੁਇਰ (1672-1761ਈ:) ਦੇ ਨਾਂ ਨਾਲ ਸੰਬੰਧਿਤ ਕੀਤਾ ਜਾ ਸਕੇ । ਹਾਂ, ਚਤੁਰ ਲਿਖਾਰੀ ਨੇ ਇਹ ਜ਼ਰੂਰ ਕੀਤਾ ਕਿ ਗੁਰੂ ਗੋਬਿੰਦ ਸਿੰਘ ਜੀ ਉਤਮ ਪੁਰਸ਼ ਦੇ ਰੂਪ ਵਿਚ ਬੋਲਦੇ ਤੇ ਭਾਈ ਰਾਮ ਕੁਇਰ ਦੇ ਪ੍ਰਸ਼ਨਾਂ ਦੇ ਉੱਤਰ ਦਿੰਦੇ ਕਈ ਭਵਿੱਖਤ ਵਾਕ ਵੀ ਕਹਿੰਦੇ ਹਨ। ਇਹ ਸੰਵਾਦ ਵਾਲੀ ਗੱਲ ਕੋਈ ਅਣਹੋਣੀ ਵੀ ਨਹੀਂ ਪਰ ਹਰ ਪ੍ਰਸੰਗ ਨਾਲ ਇਸਨੂੰ ਨਹੀਂ ਜੋੜਿਆ ਜਾ ਸਕਦਾ।

ਭਾਰਤੀ ਪਰੰਪਰਾ ਦੀ ਇਹ ਮੰਨੀ-ਪ੍ਰਮੰਨੀ ਰੀਤ ਹੈ ਕਿ ਕਿਸੇ ਮਹਾਂਪੁਰਸ਼ ਦੀ ਕਥਾ ਪ੍ਰਮਾਣਿਕਤਾ ਲਈ ਕਿਸੇ ਨਾ ਕਿਸੇ ਬਜ਼ੁਰਗ ਦੇ ਮੂੰਹੋਂ ਅਖਵਾਈ ਜਾਂਦੀ ਹੈ, ਜਿਵੇ ਮਹਾਂਭਾਰਤ ਦੀ ਕਹਾਣੀ ਵੇਦ ਵਿਆਸ ਆਪਣੇ ਪੁੱਤਰ ਸੁਕਦੇਵ ਨੂੰ ਸੁਣਾ ਰਿਹਾ ਹੈ, ਗੀਤਾ ਦਾ ਸੰਵਾਦ ਇਸੇ ਤਰ੍ਹਾਂ ਚਲਦਾ ਹੈ ਕਿ ਸੰਜਯ, ਧ੍ਰਿਤਰਾਸ਼ਟਰ ਨੂੰ ਇਹ ਵਾਰਤਾ ਦੱਸ ਰਿਹਾ ਹੈ । ਰਾਮਾਇਣ ਵੀ ਇਸੇ ਤਰੀਕੇ ਨਾਲ ਲਿਖੀ ਗਈ ਹੈ । ਸਿੱਖ ਗ੍ਰੰਥਾਂ ਵਿਚ ਵੀ ਇਸ ਵਿਧੀ ਨੂੰ ਅਪਣਾਇਆ ਗਿਆ ਹੈ । ਭਾਈ ਸੰਤੋਖ ਸਿੰਘ ਜੀ ਨੇ ਜੋ ਗੁਰੂ ਕਥਾ ਲਿਖੀ ਹੈ, ਉਸ ਵਿਚ ਸ੍ਰੀ ਨਾਨਕ ਪ੍ਰਕਾਸ਼ ਦਾ ਪ੍ਰਸੰਗ ਭਾਈ ਬਾਲੇ ਦੇ ਮੂੰਹੋ ਅਖਵਾ ਕੇ ਪ੍ਰਮਾਣਿਕ ਬਣਾਇਆ ਗਿਆ ਹੈ ਕਿਓਂਕਿ ਇਹ ਬਾਲੇ ਵਾਲੀ ਜਨਮ ਸਾਖੀ ਤੇ ਆਧਾਰਿਤ ਹੈ । ਥਾਂ ਥਾਂ ਸਿਰਲੇਖ -ਬਾਲਾ ਸੰਧੁਰੁ ਵਾਚ ।

ਇਵੇਂ ਜਿਵੇਂ ਜਦੋਂ ਉਨ੍ਹਾਂ ਬਾਕੀ ਨੌ ਗੁਰੂਆਂ ਦੇ ਪ੍ਰਸੰਗ ਛੰਦਬਧ ਕਰ ਕੇ ਪੇਸ਼ ਕੀਤੇ ਤਾਂ ਇਸ ਪ੍ਰਸੰਗਾਵਲੀ ਦਾ ਆਧਾਰ'ਪੰਜ ਸੌ ਸਾਖੀ' ਸੀ, ਇਸ ਕਰਕੇ ਇਸ ਸਾਰੇ ਨੂੰ ਭਾਈ ਰਾਮ ਕੁਇਰ ਦੇ ਮੂੰਹੋਂ ਅਖਵਾਇਆ ਹੈ । 'ਗੁਰਪ੍ਰਤਾਪ ਸੂਰਯ' ਦੀ ਸਮਾਪਤੀ ਤੇ ਕਵੀ ਜੀ ਲਿਖਦੇ ਹਨ ਕਿ ਭਾਈ ਰਾਮ ਕੁਇਰ ਦੀ ਸ਼ਖਸੀਅਤ ਮਹਾਨ ਪਰਬਤ ਸਮਾਨ ਹੈ ਜਿਸ ਵਿਚੋਂ ਇਹ ਗੁਰੂ ਕਥਾ ਦੀ ਗੰਗਾ ਵਹਿ ਨਿਕਲੀ ਹੈ :

ਸ੍ਰੀ ਗੁਰ ਕੀ ਗਾਥਾ ਸੁਭ ਗੰਗਾ। ਛੰਦ ਉਮੰਗਾ ਉਤੰਗ ਤਰੰਗਾ ।
ਕਰਾਮਾਤ ਬਰਨਨ ਜਹਿਂ ਕਹਾਂ । ਇਹ ਗੰਭੀਰਤਾ ਧਾਰਨ ਮਹਾ।
ਰਾਮ ਕੁਇਰ ਗਿਰਵਰ ਤੇ ਨਿਕਸੀ । ਸਿਖਨ ਬਿਖੈ ਜਗਤ ਮਹਿ ਬਿਗਸੀ। 22।

ਇਸੇ 'ਪੰਜ ਸੌ ਸਾਖੀ' ਦਾ ਅਦਲਿਆ ਬਦਲਿਆ ਇਕ ਭਾਗ 'ਸੌ ਸਾਖੀ' ਹੈ, ਇਸ ਕਰਕੇ ਪਹਿਲੇ ਇਸ ਕਥਾ ਤੇ ਕਥਤਾ ਵਕਤਾ ਭਾਈ ਰਾਮ ਕੁਇਰ ਬਾਰੇ ਕੁਝ ਨਾ ਕੁਝ ਜਾਣਨਾ ਜ਼ਰੂਰੀ ਹੈ ।

## 'ਸੌ ਸਾਖੀ' ਦੇ ਕਥਤਾ ਵਕਤਾ

ਸਿੱਖ ਇਤਿਹਾਸ ਵਿਚ ਇਹ ਮੰਨੀ-ਦੰਨੀ ਰਵਾਇਤ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਪੰਜਾਬ ਤੋਂ ਦੂਰ, ਦੱਖਣ ਵਿਚ ਨਾਂਦੇੜ ਵਿਖੇ ਜੋਤੀ ਜੋਤਿ ਸਮਾ ਗਏ ਤਾਂ ਸਿੱਖਾਂ ਦੇ ਮਨਾਂ ਉਤੇ ਗਹਿਰੀ ਉਦਾਸੀ ਛਾ ਗਈ । ਉਦਾਸ ਸਿੱਖ ਸੰਗਤਾਂ ਦੇ ਧਰਵਾਸ ਲਈ , ਭਾਈ ਰਾਮ ਕੁਇਰ ਜੀ ਆਪਣੇ ਪਿੰਡ ਰਾਮਦਾਸ (ਜ਼ਿਲ੍ਹਾ ਅੰਮ੍ਰਿਤਸਰ ) ਵਿਖੇ ਗੁਰੂ-ਘਰ ਦੀਆਂ ਸਾਖੀਆਂ ਸੁਣਾਇਆ ਕਰਦੇ ਸਨ ਤੇ ਆਪ ਦਾ ਸੇਵਕ ਭਾਈ ਸਾਹਿਬ ਸਿੰਘ ਲਿਖਾਰੀ ਇਨ੍ਹਾਂ ਨੂੰ ਜਿਵੇਂ ਕਿਵੇਂ ਨਾਲੋ ਨਾਲ ਲਿਖਦਾ ਵੀ ਜਾਂਦਾ ਸੀ । ਹੋਲੀ ਹੌਲੀ ਵਰ੍ਹਿਆਂ ਦੀ ਘਾਲ ਬਾਦ ਇਹ ਸਾਖੀ ਸੰਗ੍ਰਹਿ 'ਪੰਜ ਸੌ ਸਾਖੀ' ਗ੍ਰੰਥ ਤਿਆਰ ਹੋ ਗਿਆ । ਇਹ ਗ੍ਰੰਥ ਭਾਈ ਸੰਤੋਖ ਸਿੰਘ ਪਾਸ ਸੀ ਤੇ ਇਸਦੇ ਆਧਾਰ 'ਤੇ ਹੀ ਉਨ੍ਹਾਂ ਸਾਰੀ ਗੁਰੂ-ਕਥਾ ਲਿਖੀ। ਗਿ. ਗਿਆਨ ਸਿੰਘ ਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਇਸ ਗ੍ਰੰਥ ਦੇ ਉਤਾਰੇ ਕਿਤੇ ਕਿਤੇ ਦੇਖੇ ਸਨ, ਪਰ ਹੁਣ ਇਹ ਦੁਰਲੱਭ ਹੈ ।

ਭਾਈ ਰਾਮ ਕੁਇਰ, ਬਾਬਾ ਬੁੱਢਾ ਜੀ ( 15●6-1631ਈ:) ਦੀ ਬੰਸ ਵਿਚੋਂ ਸਨ । ਬਾਬਾ ਬੁੱਢਾ ਜੀ ਦੇ ਪੁੱਤਰ ਭਾਨਾ ਜੀ ਦੇ ਪੱਤਰ ਜਲਾਲ ਅਤੇ ਸਰਵਣ ਸਨ, ਸਰਵਣ ਦਾ ਪੁੱਤਰ ਝੰਡਾ ਸੀ ਤੇ ਝੰਡੇ ਦਾ ਪੁੱਤਰ ਗੁਰਦਿਤਾ । ਅਗੋਂ ਭਾਈ ਗੁਰਦਿਤੇ ਦੇ ਪੁੱਤਰ ਰਾਮ ਕੁਇਰ ਜੀ ਸਨ, ਜਿਨ੍ਹਾਂ ਦਾ ਜਨਮ 1729 ਬਿ: ਨੂੰ ਹਇਆ ਤੇ ਦੇਹਾਂਤ 1919 ਬਿ: । ਇਹ ਵੀ ਰਵਾਇਤ ਹੈ ਕਿ ਜਦੋਂ ਨੌਵੇਂ ਗੁਰੂ ਦੀ ਸ਼ਹੀਦੀ ਬਾਦ ਸ੍ਰੀ ਗੋਬਿੰਦਰਾਇ ਜੀ ਗੁਰਗੱਦੀ ਉਤੇ ਬੈਠਣ ਲਗੇ ਤਾਂ ਗੁਰਿਆਈ

ਦਾ ਟਿੱਕਾ ਨਿਕੇ ਬਾਲਕ ਭਾਈ ਰਾਮ ਕੁਇਰ ਜੀ ਦੇ ਨਿਕੇ ਹੱਥੋ ਹੀ ਲਵਾਇਆ ਗਿਆ । ਵਡੇ ਹੋ ਕੇ ਇਹ ਕਲਗੀਧਰ ਪਾਸ ਅਨੰਦਪੁਰ ਹੀ ਨਿਵਾਸ ਰਖਦੇ ਰਹੇ, ਅੰਮ੍ਰਿਤ ਛਕਣ ਉਪਰੰਤ ਆਪ ਦਾ ਨਾਂ ਗੁਰਬਖ਼ਸ਼ ਸਿੰਘ ਹੋਇਆ । ਆਪ ਸਦਾ ਆਤਮ ਅਰੂੜ੍ਹ ਅਵਸਥਾ ਵਿਚ  ਮਸਤ ਅਲਮਸਤ ਰਹਿੰਦੇ । ਇਕ ਵਾਰ ਮਾਤਾ ਗੁਜਰੀ ਜੀ ਦੇ ਪੁੱਛਣ ਤੇ ਕਿ ਸੁਖਮਨੀ ਸਾਹਿਬ ਵਿਚ ਜੈਸੇ ਬ੍ਰਹਮ ਗਿਆਨੀ ਦਾ ਚਿਤ੍ਰ ਦਿਤਾ ਗਿਆ ਹੈ-ਵੈਸਾ ਕੋਈ ਸਿੱਖ ਹੈ? ਤਾਂ ਦਸਮ ਗੁਰੂ ਜੀ ਨੇ ਭਾਈ ਗੁਰਬਖ਼ਸ਼ ਸਿੰਘ ਵਲ ਹੀ ਇਸ਼ਾਰਾ ਕੀਤਾ ਸੀ । ਗੁਰੂ ਸਾਹਿਬ ਜਦ ਕਦੀ ਸ਼ਿਕਾਰ ਜਾਂਦੇ ਤਾਂ ਆਪ ਨੂੰ ਨਾਲ ਲੈ ਕੇ ਜਾਂਦੇ ਅਤੇ ਆਪ ਹੇਮਸ਼ਾ ਲੱਤਾਂ ਇਕ ਪਾਸੇ ਕਰ ਦੇ ਘੋੜੇ ਦੀ ਸਵਾਰੀ ਕਰਦੇ । ਸਤਿਗੁਰਾਂ ਦੇ ਦੱਖਣ ਵਲ ਜੋਤੀ ਜੋਤਿ ਸਮਾ ਜਾਣ ਬਾਦ ਆਪ ਆਪਣੇ ਨਗਰ-ਰਾਮਦਾਸ ਰਹਿੰਦੇ ਰਹੇ ਤੇ ਸਿੱਖ ਸੰਗਤਾਂ ਆਪ ਪਾਸ ਆਉਂਦੀਆਂ ਰਹਿੰਦੀਆਂ ਤੇ ਆਪ ਸਦਾ ਗੁਰੂ-ਘਰ ਦੇ ਪ੍ਰਸੰਗ ਸੁਣਾ ਕੇ ਸਭ ਨੂੰ ਧੀਰਜ ਦਿੰਦੇ । ਆਪ ਦਾ ਸੇਵਕ ਭਾਈ ਰਾਮਾ ਸੀ, ਆਪ ਬਹੁਤਾ ਉਸੇ ‘ਤੇ ਨਿਰਭਰ ਕਰਦੇ, ਇਥੋਂ ਤਕ ਕਈ ਵਾਰ ਪ੍ਰਸ਼ਾਦ ਛਕਣ ਉਪਰੰਤ ਪੇਟ ਨੂੰ ਹੱਥ ਲਾ ਕੇ ਹੱਸਦੇ ਹੱਸਦੇ ਕਹਿੰਦੇ-”ਦੇਖ  ਭਾਈ ਰਾਮਿਆ! ਕੀ ਰਾਮਦਾਸ ਕੇ ਰੱਜ ਗਏ ਹਨ ਕਿ ਨਹੀਂ ?”

ਜਦ 1796 ਬਿ: (1769 ਈ:) ਵਿਚ ਹਿੰਦ ਉਤੇ ਨਾਦਰ ਸ਼ਾਹ ਹਮਲਵਾਰ ਹੋਇਆ ਤਾਂ ਪੰਜਾਬ ਦੇ ਪਿੰਡਾਂ ਵਿਚ ਬੜੀ ਲੁੱਟ ਮਚੀ, ਰਾਮਦਾਸ ਵੀ ਲੁਟਿਆ ਗਿਆ ਤੇ ਭਾਈ ਰਾਮੁ ਕੁਇਰ ਨੂੰ ਸਿਪਾਹੀ ਪਕੜ ਕੇ ਲਾਹੌਰ ਲੈ ਗਏ । ਜਦੋਂ ਉਨ੍ਹਾਂ ਦੇਖਿਆ ਕਿ ਇਹ ਤਾਂ ਕੋਈ ਰੱਬ ਦਾ ਮਸਤਾਨਾ ਦਰਵੇਸ਼ ਹੈ, ਤਾਂ ਉਹ ਬੜੀ ਕੁੜਿਕੀ ਵਿਚ ਫਸੇ । ਅਖ਼ੀਰ ਚਰਨਾਂ ਉਤੇ ਢਹਿ ਪਏ ਤੇ ਮਾਫ਼ੀ ਮੰਗੀ ਕਿ ਅਸਾਂ ਬੜੀ ਭੁੱਲ ਕੀਤੀ ਹੈ ਕਿ ਐਸੇ ਰੱਬੀ ਫ਼ਕੀਰ ਨੂੰ ਬੰਨ੍ਹ ਕੇ ਲੈ ਆਏ ਹਾਂ ਤੇ ਘਰ ਦਾ ਸਾਮਾਨ ਵੀ ਲੁਟ ਲਿਆਂਦਾ ਹੈ । ਭਾਈ ਰਾਮ ਕੁਇਰ ਜੀ ਨੂੰ ਇਕ ਫ਼ੌਜੀ ਦਸਤਾ ਪਿੰਡ ਛਡਣ ਆਇਆ ਤੇ ਘਰ ਪਹੁੰਚਾ ਕੇ ਆਖਣ ਲਗੇ ਕਿ ਤੁਸੀ ਦੱਸੋ ਕਿ ਤੁਹਾਡਾ ਕੀ ਕੀ ਸਾਮਾਨ ਲੁਟਿਆ ਗਿਆ ਹੈ ਤਾਂਕਿ ਅਸੀਂ ਉਹ ਪੂਰਾ ਕਰ ਦੇਈਏ। ਆਪ ਨੇ ਸਹਿਜ-ਸੁਭਾ ਆਖਿਆ ਕਿ ਇਥੇ ਮੇਰੇ ਬਾਜ਼ਾਂ ਦੀਆਂ ਡੋਰਾਂ ਪਈਆਂ ਸਨ, ਉਹ ਕਿਤੇ ਨਜ਼ਰ ਨਹੀਂ ਆ ਰਹੀਆਂ । ਇਹ ਸੁਣ ਕੇ ਸਾਰੇ ਸਿਪਾਹੀ ਹੱਕੇ-ਬੱਕੇ ਰਹਿ ਗਏ ਕਿ ਇਹ ਕਿਤਨੇ ਬੇਪਰਵਾਹ ਹਨ । ਫਿਰ ਆਪਣੇ ਰੰਗ ਵਿਚ ਹੀ ਕਹਿਣ ਲਗੇ ਕਿ ਇਹ ਤੁਸਾਂ ਸਾਡਾ ਲੁਟਿਆ-ਪੁਟਿਆ ਸਾਮਾਨ ਤਾਂ ਮੋੜ ਦਿੱਤਾ, ਜਦੋਂ ਤੁਹਾਡਾ ਲੁਟਿਆ ਗਿਆ ਤਾਂ ਕੌਣ ਮੋੜੇਗਾ। ਸਿਪਾਹੀ ਹੈਰਾਨ ਸਨ ਕਿ ਇਹ ਸਾਨੂੰ ਵਰ ਦੇ ਰਹੇ ਹਨ ਜਾਂ ਸ੍ਰਾਪ ।

ਇਸ ਤੋਂ ਬਾਦ ਸਿੱਖਾਂ ਉਤੇ ਭਾਰੀ ਦਮਨ-ਚੱਕ੍ਰ ਚਲਿਆ, ਖ਼ਾਨ ਬਹਾਦਰ ਜ਼ਕਰੀਆ ਖ਼ਾਂ ਤੇ ਮੀਰ ਮੰਨੂ ਨੇ ਬਹੁਤ ਤਸ਼ੱਦਦ ਕੀਤੇ । ਫਿਰ ਅਹਿਮਦਸ਼ਾਹ ਅਬਦਾਲੀ ਦੇ ਹਮਲੇ ਸ਼ੁਰੂ ਹੋ ਗਏ ਤੇ ਪੰਜਾਬ ਉਤੇ ਕਈ ਮੁਸੀਬਤਾਂ ਆਈਆਂ । ਆਪ ਇਹ ਸਭ ਕੁਝ ਅੱਖੀਂ ਵੇਖਦੇ ਰਹੇ ਜਾਂ ਅੱਖੀ ਵੇਖਣ ਵਾਲਿਆਂ ਪਾਸੋਂ ਸੁਣਦੇ ਰਹੇ । ਜਦ ਕਦੀ ਵੀ ਉਹ ਇਹ ਸਾਕੇ ਸੁਣਦੇ ਤਾਂ ਫ਼ਕੀਰੀ ਰੰਗ ਵਿਚ ਇਹੋ ਬਚਨ ਕਰਦੇ ਕਿ ਖ਼ਾਲਸਾ ਇਕ ਦਿਨ ਜ਼ਰੂਰ ਵਿਜੈ ਪਾਵੇਗਾ । ਕਈ ਵਾਰ ਉਹ ਗੁਰੂ ਸਾਹਿਬ ਦੇ ਆਖੇ ਬਚਨਾ ਨੂੰ ਦੁਹਰਾਉਂਦੇ ਤੇ ਸਿੱਖ ਸੰਗਤਾਂ ਨੂੰ ਧਰਵਾਸ ਬੰਨ੍ਹਾਉਂਦੇ । ਉਹ ਤ੍ਰੈਕਾਲ ਦਰਸੀ ਸਨ ਤੇ ਉਹ ਇਹ ਦੇਖ ਰਹੇ ਸਨ :

ਰਾਜ ਕਰੇਗਾ ਖਾਲਸਾ ਆਕੀ ਰਹਹਿ ਨ ਕੋਇ ।

ਖ਼ੁਆਰ ਹੋਇ ਸਭ ਮਿਲੈਂਗੇ, ਬਚੇ ਸ਼ਰਣ ਜੁ ਹੋਇ ।

ਰਾਮਦਾਸ ਨਗਰ ਦੇ ਲਗੇ ਨੈਣੇ ਦਾ ਕੋਟ ਹੈ, ਜਿਥੇ ਕਿ 1761 ਈਸਵੀ ਵਿਚ ਆਪ ਨੇ ਸਰੀਰ ਤਿਆਗਿਆ, ਉਥੇ ਸੁੰਦਰ ਸਮਾਧ ਬਣੀ ਹੋਈ ਹੈ ਤੇ ਆਪਦੇ ਅੰਤਮ ਪ੍ਰਸੰਗ ਨੂੰ 'ਸੌ ਸਾਖੀ' ਦੀ ਆਖ਼ਰੀ ਸਾਖੀ ਵਿਚ ਅੰਕਿਤ ਕੀਤਾ ਗਿਆ ਹੈ।

ਭਾਈ ਰਾਮ ਕੁਇਰ ਦੇ ਸਪੁੱਤਰ ਭਾਈ ਮੋਹਰ ਸਿੰਘ ਸਨ, ਜਿਨ੍ਹਾਂ ਨੂੰ ਬਾਬੇ ਆਲੇ ਦੀ ਲੜਕੀ ਬੀਬੀ ਪਰਧਾਨ ਵਿਆਹੀ ਹੋਈ ਸੀ।

## 'ਸੌ ਸਾਖੀ' ਦਾ ਲਿਖਾਰੀ

ਏਸ ਸਾਖੀ ਦਾ ਲਿਖਾਰੀ ਜੈਸਾ ਕਿ ਹਰ ਸਾਖੀ ਵਿਚ ਦਿਤੀ ਸੂਚਨਾ ਤੋਂ ਪ੍ਰਗਟ ਹੈ, ਭਾਈ ਸਾਹਿਬ ਸਿੰਘ ਹੈ । ਇਹ ਕੁਝ ਅਰਸਾ ਸ਼ਾਇਦ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦਪੁਰ ਵੀ ਰਿਹਾ ਸੀ ਤੇ ਪਿਛੋਂ ਇਸ ਨੇ ਭਾਈ ਰਾਮ ਕੁਇਰ ਜੀ ਦੇ ਸੇਵਾ ਵਿਚ ਸਮਾਂ ਗੁਜ਼ਾਰਿਆ। ਇਨ੍ਹਾਂ ਦੋਹਾਂ ਗੱਲਾਂ ਦਾ ਜ਼ਿਕਰ ਮੁੱਢਲੇ ਦੋਹਰਿਆਂ ਵਿਚ ਅੰਕਿਤ ਲਗਦਾ ਹੈ :

ਸਾਹਿਬ ਸਿੰਘ ਪਦ ਸਰਨ ਤੁਹਿ, ਲਿਖੇ ਲਿਖਾਰੀ ਗ੍ਰੰਥ ।

ਗੁਰ ਅਨੁਚਰ ਬੁੱਢੇ ਕੁਲਨ, ਰਾਮ ਕੁੰਵਰ ਸੁਖ ਪੰਥ। 2 ।

ਰਹੈ ਹਜ਼ੂਰ ਦਸਵੇਂ ਗੁਰੂ, ਕਰੇ ਉਕਤਿ ਜੁ ਵਾਕ।

ਗੁਰ ਰਤਨ ਮਾਲ ਪੋਥੀ ਲਿਖੋਂ, ਜਿਉਂ ਗੁਰ ਕੀਨੋ ਵਾਕ । 4 ।

ਦਰਅਸਲ 'ਪੰਜ ਸੌ ਸਾਖੀ' ਦੀ ਪੋਥੀ ਲਿਖਣ ਵਾਲਾ ਭਾਈ ਸਾਹਿਬ ਸਿੰਘ ਹੀ ਹੈ, ਜਿਵੇਂ ਕਿ ਬਾਬਾ ਮਿਹਰਵਾਨ ਦੀ ਨਿਗਾਨੀ ਵਿਚ ਕੇਸੋਦਾਸ ਨੇ 'ਸੌ ਸਾਖੀ' ਨਾਮ ਦੀ ਪੋਥੀ ਇਸੇ ਵਿਚੋਂ ਵੱਖ ਬਣਾਈ ਗਈ, ਪਰ ਉਸ ਦੀ ਵਿਲੱਖਣਤਾ ਇਹ ਸੀ ਕਿ ਉਸ ਵਿਚ 15-20 ਸਾਖੀਆਂ ਨਵੀਆਂ ਪਾਈਆਂ ਗਈਆਂ, ਖ਼ਾਸ ਕਰਕੇ

ਛੰਦਾਬੰਦੀ ਵਾਲੀਆਂ ਤੇ ਕੁਝ ਵਾਰਤਕ ਵਾਲੀਆਂ ਵੀ, ਜਿਵੇਂ ਕਿ 96 ਨੰਬਰ ਸਾਖੀ ।

ਇਸ ਐਡੀਸ਼ਨ ਦੀ ਤਿਆਰੀ ਕਰਨ ਵਾਲਾ ਲਿਖਾਰੀ ਸ਼ਾਇਦ ਮਥਰਾ ਦਾਸ ਬ੍ਰਾਹਮਣ ਸੀ ਕਿਉਂਕਿ ਪਹਿਲੀ ਸਾਖੀ ਤੋਂ ਵੀ ਪਹਿਲਾਂ ਮੁੱਢ ਵਿਚ ਭੂਮਿਕਾ ਵਜੋਂ ਜੋ ਦੋਹਰੇ ਹਨ, ਉਨ੍ਹਾਂ ਵਿਚ ਇਸ ਦਾ ਨਾਮ ਹੈ :

ਗੁਰ ਹਜ਼ੂਰ ਮਥਰਾ ਬਿਪ੍ਰ, ਹਾਥਿ ਜੋੜਿ ਕਹਿਯੋ ਏਹੁ।

ਸਤਿਗੁਰ ਭਾਣਾ ਸਮਝ ਕਰਿ, ਪੂਛੀ ਕਰਨੀ ਕੇਹੁ ।9 ।

17ਵੀਂ ਸਾਖੀ ਵਿਚ ਫਿਰ ਇਹ ਨਾਮ ਆਇਆ ਹੈ :

ਮਥਰਾ ਮਿਸਰ ਮਿਲੈ ਜਿਉਂ ਸਿਖ । ਦੇਖੈ ਹਮ ਗੁਰੂ ਢਿਗ ਹੀ ਲਿਖ ।

99ਵੀਂ ਸਾਖੀ ਵਿਚ ਵੀ ਇਹ ਨਾਮ ਮਿਲਦਾ ਹੈ :

ਸੁਆਸ ਠਹਿਰਾਵੈ ਨਾਭਿ ਘਰਿ, ਉਠੈ ਤੁਰੰਗੀ ਓਜ ।

ਨਾਮ ਭਜਨ ਕੀ ਜੁਗਤਿ ਇਹ, ਮਥਰਾ ਬਖਸ਼ੀ ਮੌਜ ।

ਪਹਿਲੀਆਂ 5● ਸਾਖੀਆਂ ਵਿਚੋਂ 15 ਤੇ 17 ਨੰਬਰ ਸਾਖੀ ਇਸੇ ਮਥਰਾ ਦਾਸ ਦੀ ਕਿਰਤ ਹੈ ਤੇ ਪਿਛਲੇ ਭਾਗ ਵਿਚ ਇਸ ਵਧੇਰੇ ਸਾਖੀਆਂ ਰਲਾਈਆਂ ਹਨ । ਆਖ਼ਰੀ ਸੌਵੀ ਸਾਖੀ ਵਿਚ ਇਹ ਲਿਖਿਆ ਹੈ ਕਿ ਇਹ ਨਾਰਾਇਣ ਦਾਸ ਨੇ ਪਾਈ ਸੀ । ਇਹ ਗੱਲ ਅਸੀਂ ਇਥੇ ਤਾਂ ਆਖੀ ਹੈ ਕਿ ਕੋਈ ਪਾਠਕ ਸਾਰੀ 'ਸੌ ਸਾਖੀ' ਨੂੰ ਸਾਹਿਬ ਸਿੰਘ ਦੀ ਲਿਖਤ ਹੀ ਨਾ ਮੰਨੇ, ਸਗੋਂ ਇਸ ਵਿਚ ਵਾਧੇ ਘਾਟੇ ਕਰਨ ਵਾਲਾ ਥਾਨੇਸਰ ਵਾਸੀ ਇਹ ਮੈਣ ਦੁਆਬੀਆ ਮਥਰਾ ਦਾਸ ਬ੍ਰਾਹਮਣ ਵੀ ਹੈ ।

## 'ਸੌ ਸਾਖੀ' ਦਾ ਰਚਨਾ-ਕਾਲ

'ਸੌ ਸਾਖੀ' ਦੀ ਪਹਿਲੀ ਸਾਖੀ, ਪੰਜਾਹਵੀਂ ਤੇ ਅੰਤਲੀ ਸੌਵੀਂ ਸਾਖੀ ਵਿਚ 1791 ਬਿ: ਵਿਸਾਖ, 1791 ਬਿ: 3 ਜੇਠ ਤੇ ਇਕੀਸ ਬਿ: ਸੰਮਤ ਦਿਤਾ ਹੋਇਆ ਹੈ, ਇਸ ਤੋਂ ਕਈ ਅਨੁਮਾਨ ਕਰਦੇ ਹਨ ਕਿ ਇਹ ਰਚਨਾ ਸ਼ਾਇਦ ਇਨ੍ਹਾਂ ਸਾਲਾਂ ਦੀ ਕਿਰਤ ਹੈ । ਸੰਭਵ ਹੈ, 'ਪੰਜ ਸੌ ਸਾਖੀ' ਸੰਪੂਰਨ ਹੋਣਾ ਦਾ ਇਹੋ ਸਾਲ ਹੋਵੇ ਲੇਕਿਨ 'ਸੌ ਸਾਖੀ' ਦੇ ਮੌਜੂਦਾ ਰੂਪ ਨੂੰ ਇਸ ਕਾਲ ਦਾ ਮੰਨ ਸਕਣਾ ਸੰਭਵ ਨਹੀਂ । ਪਹਿਲੇ ਤਾਂ ਇਹ ਕੋਈ ਰਿਵਾਜ ਨਹੀਂ ਕਿ ਲਿਖਾਰੀ ਤਿੰਨ ਥਾਂ ਸੰਮਤ ਦਰਜ ਕਰੇ, ਆਦਿ ਜਾਂ ਅੰਤ ਵਿਚ ਇਕੋ ਥਾਂ ਰਚਨਾ-ਕਾਲ ਦਿਤਾ ਜਾਂਦਾ ਹੈ । ਨਾਲੇ 'ਸੌ ਸਾਖੀ' ਕੇਵਲ 'ਪੰਜ ਸੌ ਸਾਖੀ' ਵਿਚੋਂ ਕੱਢਿਆ ਇਕ ਭਾਗ ਵੀ ਨਹੀਂ, ਬਲਕਿ ਇਹ ਤਾਂ ਇਕ ਤਰ੍ਹਾਂ ਵਧਾਈ ਘਟਾਈ ਇਕ ਨਵੀਂ ਪੋਥੀ ਹੈ । ਸ਼ਾਇਦ 14-2● ਜਾਂ ਇਸ ਤੋਂ ਵੱਧ ਭਵਿੱਖਤ ਵਾਕਾਂ ਵਾਲੀਆਂ ਸਾਖੀਆਂ ਵਧਾ ਕੇ ਸਿੱਖ ਰਾਜ ਸਮੇਂ ਇਸ ਨੂੰ 'ਸੌ ਸਾਖੀ'

ਦਾ ਮੌਜੂਦਾ ਰੂਪ ਤੇ ਨਾਮ ਦੇ ਕੇ ਪ੍ਰਚਲਤ ਕੀਤਾ ਗਿਆ ਹੋਵੇ । ਸੌਵੀਂ ਸਾਖੀ ਵਿਚ ਸਾਫ਼ ਲਿਖਿਆ ਹੈ ਕਿ ਇਹ ਨਾਰਾਇਣ ਦਾਸ ਮਿਸ਼ਰ ਨੇ ਪਾਈ ਹੈ, 99ਵੀਂ ਸਾਖੀ ਵਿਚ ਇਹ ਸੰਕੇਤ ਹੈ ਕਿ ਅਸਾਂ ਇਤਨੀਆਂ ਸਾਖੀਆਂ (99) ਹੀ ਲਿਖਣੀਆਂ ਸਨ ਤੇ ਹੁਣ ਇਕ ਸਾਖੀ ਧਰਮ ਕੋਟ ਵਾਲੇ ਨੈਣੇ ਖਾਤਰ ਰਖੀ ਹੈ ਜੋ ਕਿ ਰਾਮ ਕੁਇਰ ਦਾ ਭਗਤ ਸੀ ।

ਸਾਖੀ ਸੌ ਇਕ ਊਨ ਕੀ, ਕਹੀ ਸਿੱਖ ਸੁਰ ਗਿਆਨ ।
ਸਾਖੀ ਏਕ ਸਤਿਗੁਰ ਰਖੀ, ਨੈਣੇ ਹੇਤੁ ਸੁਜਾਨ । 19।

ਜਦ ਅਸੀਂ ਪਿਛੇ ਪੰਜਾਹਵੀਂ ਸਾਖੀ ਦੀ ਸਮਾਪਤੀ ਤੇ ਨਜ਼ਰ ਮਾਰਦੇ ਹਾਂ ਤਾਂ ਉਥੇ ਲਿਖਿਆ ਹੈ ਗਿ ਅਗੇ ਹੋਰ 49 ਸਾਖੀਆਂ ਕਹੀਆਂ ਜਾਣਗੀਆ ।

ਪੰਚਾਸ ਸਾਖੀ ਰਵਿਵਾਰ ਦਿਨ, ਹੁਣ ਸ਼ਿਕਾਰ ਕੀ ਬੇਰ ।
ਏਕ ਤ੍ਰੈ ਪੰਜ ਦਸ ਤੀਸ,ਭਲਕੇ ਕਹੈਂ ਸਵੇਰ ।4।

ਇਸ ਤੋਂ ਜ਼ਾਹਰ ਹੈ ਕਿ ਇਹ ਗੱਲ ਨਹੀਂ ਕਿ ਅੰਤ ਵਿਚ ਨਾਰਾਇਣ ਦਾਸ ਮਿਸ਼ਰ ਨੇ ਇਕ ਸਾਖੀ ਵਾਧੂ ਪਾ ਦਿਤੀ, ਸਗੋ ਘਾੜਤ ਇਕੋ ਚਤੁਰ ਲਿਖਾਰੀ ਦੀ ਹੈ । ਇਸ ਘਾੜਤ ਦਾ ਪੜਦਾ ਇਕ ਰਵਾਇਤ ਤੋਂ ਵੀ ਭਲੀ-ਭਾਂਤ ਉਠ ਜਾਂਦਾ ਹੈ । ਰਵਾਇਤ ਇਹ ਹੈ ਕਿ ਕਿਸੇ ਸਮੇਂ ਗੁਰੂ ਗੋਬਿੰਦ ਸਿੰਘ ਜੀ ਮਹਿਲਾਂ ਸਮੇਤ ਥਾਨੇਸਰ ਪੰਡੇ ਰਾਮਦੱਤ ਦੇ ਪੁੱਤਰ ਮਨੀਰਾਮ ਦੇ ਘਰ ਠਹਿਰੇ ਸਨ ਤੇ ਉਨ੍ਹਾਂ ਪ੍ਰਸੰਨ ਹੋ ਕੇ ਇਹ ਪੋਥੀ ਤੇ ਪੰਜ ਗ੍ਰੰਥੀ ਉਸ ਦੀ ਭੈਣ ਨੂੰ ਪ੍ਰਦਾਨ ਕੀਤੀ ਸੀ । ਇਹ ਸਾਰੀ ਕਲਪਨਾ ਆਪਣੇ ਆਪ ਨਿਰਾਰਥਕ ਹਸ ਜਾਂਦੀ ਹੈ ਜਦੋਂ ਕਿ ਪੋਥੀ ਵਿਚ ਦਿਤਾ ਸੰਮਤ 1791 ਜਾਂ 1791 ਬਿਃ ਹੈ । ਜੇ ਗੁਰੂ ਸਾਹਿਬ ਥਾਨੇਸਰ ਆਏ ਵੀ ਹੋਣਗੇ ਤਾਂ ਇਹ ਗੱਲ 176● ਬਿਃ ਤੋਂ ਪਹਿਲਾਂ ਦੀ ਹੀ ਹੋ ਸਕਦੀ ਹੈ । ਸੋ, ਇਹ ਗੱਲ ਬਣਦੀ ਨਹੀਂ । ਲੰਮੀ ਚਰਚਾ ਵਿਚ ਪੈਣ ਤੋਂ ਪਹਿਲਾਂ ਅਸੀਂ ਇਥੇ ਕੁਝ ਸਿੱਖ ਵਿਦਵਾਨਾਂ ਦੀ ਰਾਇ ਅੰਕਿਤ ਕਰਨਾ ਜ਼ਰੂਰੀ ਸਮਝਦੇ ਹਾਂ ।

## ‘ਸੌ ਸਾਖੀ’ ਤੇ ਸਿੱਖ ਵਿਦਵਾਨ

### *1. ਗਿਃ ਗਿਆਨ ਸਿੰਘ*

ਗਿਃ ਗਿਆਨ ਸਿੰਘ ਜੀ ਨੇ ਰਵਾਇਤ ਇਉਂ ਦਰਜ ਕੀਤੀ ਹੈ :

ਏਸ ਮਨੀਰਾਮ ਪੰਡੇ (ਸਪੁੱਤਰ ਰਾਮ ਦੱਤ) ਦੇ ਘਰ, ਗੁਰੂ ਕੇ ਮਹਲ ਜਿਸ ਜਗ੍ਹਾ ਰਹੇ ਸੀ, ਉਥੇ ਭੀ ਗੁਰੂ ਅਸਥਾਨ ਹੈ । ਏਸ ਦੀ ਭੈਣ ਬਾਲ ਵਿਧਵਾ ਨੇ ਮਾਤਾ ਜੀ ਦੀ ਬਹੁਤ ਸੇਵੇ ਕੀਤੀ । ਉਨ੍ਹਾਂ ਖ਼ੁਸ਼ ਹੋ ਕੇ ਪੰਜ ਗ੍ਰੰਥੀ ਪੋਥੀ ਉਸ ਨੂੰ ਦਿਤੀ ।

ਇਕ ਸਾਖੀਆਂ ਦੀ, ਜੋ ਦਲੀਪ ਸਿੰਘ ਵਾਲੀ ਉਘੀ ਹੈ । ਜੋ ਉਹ ਮਰਨ ਲਗੀ, ਆਪਣੀ ਠਾਕੁਰ ਪੂਜਾ ਸਮੇਤ ਇਕ ਆਲੇ ਵਿਚ ਬੰਦ ਕਰ ਗਈ । ਸੋ 1972 ਬਿ: ਨੂੰ ਮਨੀਰਾਮ ਦੇ ਪੋਤਰੇ ਸੌਲੀ ਮਿਸ਼ਰ ਨੇ ਮਕਾਨ ਮੁੜ ਕੇ ਬਣਾਵਣ ਲਈ ਕੰਧ ਢਾਈ ਤਾਂ ਵਿਚੋਂ ਠਾਕੁਰ ਪੂਜਾ ਤੇ ਪੋਥੀਆਂ ਨਿਕਲ ਪਈਆਂ । ਓਨ ਸਰਦਾਰ ਅਮਰ ਸਿੰਘ ਸਿੰਘਾਪੁਰੀਏ ਨੂੰ ਦਿਖਾਈ, ਉਸ ਨੇ 'ਸੌ ਸਾਖੀ' ਦੀ ਪੋਥੀ ਲਿਖਣ ਵਾਸਤੇ ਬੂੜੀਏ ਨੱਥਾ ਸਿੰਘ ਲਿਖਾਰੀ ਪਾਸ ਭੇਜ ਦਿਤੀ ਤਾਂ ਤਿੰਨ ਉਤਾਰੇ ਹੋ ਗਏ ਜਿਨ੍ਹਾਂ ਵਿਚੋਂ ਇਕ ਮਹਾਰਾਜੇ ਰਣਜੀਤ ਸਿੰਘ ਪਾਸ ਪੁਜੀ । ਉਥੇ ਰਾਮ ਸਿੰਘ ਕੱਕੇ ਨੇ ਅਰਥ ਸੁਣਾਏ ਤੇ ਕਿਹਾ ਕਿ ਸੰਮਤ ਬੁਰਜ ਵਿਚ ਅੰਗਰੇਜ਼ੀ ਤਮੂਰ ਵਜੇਗਾ । ਮਹਾਰਾਜੇ ਬਹਾਦਰ ਨੇ ਉਸੇ ਸਾਲ ਕਲਕੱਤੇ ਤੋਂ ਅੰਗਰੇਜ਼ੀ ਵਾਜਾ ਮੰਗਵਾ ਕੇ ਸੰਮਨ ਬੁਰਜ ਉਤੇ ਵਜਵਾ ਦਿਤਾ। ਭਾਵੇਂ ਓਨ, ਸ਼ਗਨ ਤੇ ਗੁਰੂ ਕਾ ਹੁਕਮ ਪੂਰਾ ਕਰ ਦਿਤਾ, ਪਰ ਏਹ ਕੀ ਖ਼ਬਰ ਸੀ ਕਿ ਜੋ ਏਥੇ ਗੋਰੇ ਹੀ ਨਿਵਾਸ ਕਰਨਗੇ । ਸਗੋਂ ਸਾਖੀਆਂ ਵਿਚ ਦਲੀਪ ਸਿੰਘ ਦੀ ਬਹਾਸ਼ਾਹੀ ਕਾਇਮ ਹੋਣੀ ਸੁਣ ਕੇ ਮਹਾਰਾਜੇ ਨੇ ਆਪਣੇ ਅੱਠਵੇਂ ਪੁੱਤਰ ਦਾ ਨਾਮ ਹੀ ਦਲੀਪ ਸਿੰਘ ਰੱਖ ਲੀਤਾ ਜਿਸਦਾ ਫਲ ਉਲਟਾ ਹੋਯਾ । ਦਲੀਪ ਸਿੰਘ ਬਾਦਸ਼ਾਹ ਹੋਵੇਗਾ, ਏਹੋ ਅਰਥ ਕਰਨ ਬਦਲੇ ਰਾਮ ਸਿੰਘ ਕੱਕੇ ਨੂੰ ਮਹਾਰਾਜਾ ਸ਼ੇਰ ਸਿੰਘ ਨੇ ਗੋਬਿੰਦਗੜ੍ਹ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਸੀ ਤੇ ਰਾਣੀ ਜਿੰਦਾਂ ਨੇ ਸਵਾ ਲੱਖ ਦੀ ਜਾਗੀਰ ਦੇਣੀ ਲਿਖ ਦਿਤੀ ਸੀ । ਹੁਣ ਮਨੀਰਾਮ ਪੰਡਿਤ ਦੀ ਸੰਤਾਨ ਵਿਚੋਂ ਬਾਸਦੇਵ ਜੋਤਸ਼ੀ ਥਾਨੇਰਸ ਵਿਚ ਹੈ।

ਤਵਾਰੀਖ ਗੁਰੂ ਖਾਲਸਾ, ਪੰਨਾ 942

ਭਾਸ਼ਾ ਵਿਭਾਗ , ਦੂਜੀ ਐਡੀਸ਼ਨ (197● ਈ:)

ਇਕ ਪੁਰਾਣੀ ਹੱਥ ਲਿਖਤ 'ਸੌ ਸਾਖੀ' ਦੇ ਅੰਤ ਵਿਚ ਇਉਂ ਲਿਖਿਆ ਹੈ :

ਭੂਤ ਭਵਿਖਤ ਗਯਾਨਵਾਨ, ਸ੍ਰੀ ਗੁਰੂ ਗੋਬਿੰਦ ਸਿੰਘ।
ਜੋ ਵਰਤੈਗੀ ਸੋ ਲਿਖੀ, ਪੜ੍ਹੈਂ ਪੰਥ ਕੇ ਸਿੰਘ ।11।
ਸਾਖੀ ਗੁਪਤ ਗੁਰੂ ਧਰੀ, ਕੁਰਖੇਤਰ ਕੇ ਮਾਹਿ।
ਇਕ ਸੌ ਅਠੱਤੀ ਬਰਸ ਲਗ, ਜਾਨੀ ਕਿਨਹੂੰ ਨਾਹਿ । 12।
ਹੁਕਮ ਗੁਰੂ ਕਾ ਪਾਇ ਪੁਨ, ਥਾਨੇਸਰ ਕੇ ਮਾਹਿ।
ਇਕ ਬ੍ਰਾਹਮਣ ਕੇ ਘਰ ਹੁਤੀ, ਪ੍ਰਗਟ ਕਰੀ ਪੁਨ ਤਾਂਹਿ ।13।

### *2. ਸਰ ਅਤਰ ਸਿੰਘ*

ਸਰ ਅਤਰ ਸਿੰਘ ਭਦੌੜ ਵਾਲੇ ਚੰਗੇ ਵਿਦਵਾਨ ਖੋਜੀ ਸਨ, ਉਨ੍ਹਾਂ ਸਰ ਲੈਪਲ ਗ੍ਰਿਫਨ, ਸਕੱਤਰ ਪੰਜਾਬ ਸਰਕਾਰ ਦੀ ਪ੍ਰੇਰਨਾ ਤੇ ਸੰਨ 1976 ਈ: ਵਿਚ 'ਸੌ

ਸਾਖੀ' ਦਾ ਅੰਗਰੇਜ਼ੀ ਤਰਜਮਾ ਕਰ ਕੇ ਬਨਾਰਸ ਤੋਂ ਛਪਵਾਇਆ ਸੀ । ਉਹ ਇਸ ਪੋਥੀ ਦੀ ਅਸਲੀਅਤ ਦਸਦੇ ਹਨ:

"ਮੁਝੇ ਯੇਹ ਕਿਤਾਬ ਸੰਮਤ1793 ਕੀ ਲਿਖੀ ਹੁਈ ਮਿਲੀ ਜਿਸ ਕੋ ਡੇਢ ਸੌ ਸਾਲ ਹੁਆ ਹੈ ...... ਮੈਣ ਦੁਆਬ ਕੇ ਸਿੱਖੋਂ ਕੋ ਯੇਹ ਕਿਤਾਬ ਫੈਲੀ, ਉਸੀ ਮੌਕੇ ਸੰਮਤ 1892 ਕੇ ਲਗਭਗ ਭਾਈ ਭਗਵਾਨ ਸਿੰਘ ਸ਼ਹਿਜ਼ਾਦਪੁਰੀਏ ਗ੍ਰੰਥੀ ਨੇ ਏਕ ਫੀਲ ਮਾਦਾ, ਏਕ ਬਾਜ਼ ਔਰ ਯੇਹ ਕਿਤਾਬ ਸਾਖੀ ਕੀ ਤੋਹਫਾ ਮਹਾਰਾਜਾ ਰਣਜੀਤ ਸਿੰਘ ਕੋ ਭੇਜੀ ਜਬ ਕਿ ਵਹ ਦੀਨਾ ਨਗਰ ਸ਼ਿਕਾਰ ਮੇਂ ਥਾਂ, ਵਹਾਂ ਹੀ ਉਸਕੋ ਪੇਸ਼ ਹੁਈ ।"

"ਮੈਨੇ ਸਾਖੀਓਂ ਕੀ ਪੜਤਾਲ ਕਰਨੀ ਸ਼ੁਰੂ ਕੀ । ਔਰ ਅੱਵਲ ਖੋਜ ਇਨ ਕੇ ਜਾਰੀ ਹੋਨੇ ਕਾ ਸੰਮਤ 1894 (1837 ਈ:) ਸਮਝਾ ਗਯਾ, ਕਿਉਂਕਿ ਯਿਹ ਸਾਖੀ ਏਕ ਬ੍ਰਾਹਮਣ ਕੇ ਘਰ ਸੇ ਥਾਨੇਸਰ ਮੇਂ, ਜਿਸਕਾ ਨਾਮ ਨਰਾਇਨਦਾਸ ਥਾ, ਨਾਰਾਇਨਦਾਸ ਕੀ ਔਲਾਦ ਥਾਨੇਸਰ ਮੇਂ ਹੈ ਔਰ ਅੰਸ਼ ਸ੍ਰੀ ਰਾਮ ਕੀ ਕਹਿਲਾਤੇ ਹੈਂ – ਉਸਕੀ ਔਲਾਦ ਸੇ ਜ਼ਾਹਰ ਹੁਈ । ਔਰ ਉਸਨੇ ਆਪਨੇ ਫਾਯਦੇ ਕੋ ਸਿਖੋਂ ਮੇਂ ਫੈਲਾਈ । ਜਿਸ ਵਕਤ ਅਮਰ ਸਿੰਘ ਸਿੰਘਾਪੁਰੀਆ ਕਾਯਮ ਥਾ, ਉਸਨੇ ਇਸ ਪੁਸਤਕ ਕੀ ਇਵਜ਼ ਉਨ ਬ੍ਰਾਹਮਣੋਂ ਕੋ ਜਾਗੀਰ ਦੀ ਔਰ ਆਪਨੀ ਮਜ਼੍ਹਬੀ ਕਿਤਾਬ ਸਮਝ ਕਰ ਇਸ ਕੋ ਫੈਲਾਯਾ । ਬੜੇ ਸ਼ੌਕ ਸੇ ਸਿਖੋਂ ਨੇ ਯਿਹ ਲਿਖੀ "।

(ਤਵਾਰੀਖ ਸਿੱਧੂ ਬੇਰਾੜਾਂ ਵ ਖਾਨਦਾਨ ਫੂਲ)

### *3 ਭਾਈ ਵੀਰ ਸਿੰਘ*

ਇਸ ਪੋਥੀ ਦੀ ਮੁਤਾਲਿਆ ਦਸਦੀ ਹੈ ਕਿ ਇਸ ਵਿੱਚ ਅਨੇਕਾਂ ਸਾਖੀਆਂ ਦੇ ਅਸਲੀ ਹੋਣ ਦੀ ਝਲਕ ਹੈ । ਕੁਝ ਕੱਟ ਕੇ ਬਨਾਵਟੀ ਪਾਈਆਂ ਹਨ, ਕੁਝ ਨਿਰੀਆਂ ਬਨਾਵਟੀ ਹਨ। ... ਸਾਡਾ ਭਾਵ ਕੇਵਲ ਇੰਨਾ ਹੈ ਕਿ ਹੁਣ ਵਾਲੇ ਨੁਸਖੇ ਵਿੱਚ ਆਖੇਪ ਹੋ ਜਾਣ ਕਾਰਨ ਸਾਰੀ ਨੂੰ ਸਾਂਗੋ ਪਾਂਗ ਅਸਲੀ ਤੇ ਸਾਡੇ ਭਵਿੱਖਤ ਵਾਕਾਂ ਨੂੰ, ਜੋ ਇਸ ਵਿੱਚ ਆਏ ਹਨ, ਸਤਿਗੁਰਾਂ ਦੇ ਉਚਾਰਿਤ ਸਮਝ ਕੇ ਭੁੱਲਾਂ ਵਿੱਚ ਪੈ ਜਾਈਦਾ ਹੈ, ਕਿਉਂਕਿ ਅਸਲ ਤੇ ਆਖੇਪ ਇਸ ਵਿੱਚ ਇਉਂ ਰਲਗੱਡ ਹੋ ਗਏ ਹਨ ਕਿ ਨਿਖੇੜਨੇ ਅਤਿ ਕਠਿਨ ਹਨ ।

ਸਾਨੂੰ ਖੋਜ ਕਰਦਿਆਂ ਇਹ ਵੀ ਪਤਾ ਲਗਾ ਹੈ ਕਿ ਸਚਮੁਚ 'ਸੌ ਸਾਖੀ' ਜੋ ਪਹਿਲਾਂ ਸੀ, ਉਸਨੂੰ ਤੋੜ ਭੰਨ ਕੇ ਨਵੀਂ ਸਾਜਨਾ ਸਾਜੀ ਗਈ ਸੀ, ਜਿਸ ਦਾ ਵੇਰਵਾ ਇਹ ਹੈ ।

"ਸਰਹੰਦ ਦੇ ਫਤੇਗੜ੍ਹ ਸਾਹਿਬ ਦੇ ਗ੍ਰੰਥੀ ਸਿੰਘ ਭਾਈ ਕਿਸ਼ਨ ਸਿੰਘ ਜੀ 'ਸੌ ਸਾਖੀ' ਦੇ ਸੁਲਝਾਉ ਕਰਨ ਵਿਚ ਆਪਣੇ ਸਮੇਂ ਵਿਚ ਚੰਗੇ ਸਿਆਣ ਸਮਝੇ ਜਾਂਦੇ ਸਨ । ਸ਼ੋਕ ਹੈ ਕਿ ਆਪ ਕੁਝ ਮਹੀਨੇ ਹੋਏ,85 ਕੁ ਬਰਸ ਦੀ ਉਮਰ ਵਿਚ ਚਲਾਣਾ ਕਰ ਗਏ । ਆਪ ਨੇ ਕੁਝ ਬਰਸ ਹੋਏ 'ਸੌ ਸਾਖੀ' ਬਾਬਤ ਹਾਲ ਦਸਿਆ ਸੀ, ਜਿਸਨੂੰ ਸੁਣਨ ਵਾਲਿਆਂ ਵਿਚ ਪਟਿਆਲਾ ਹਾਈਕੋਰਟ ਦੇ ਇਕ ਜੱਜ ਵੀ ਸਨ । ਆਪ ਨੇ ਦਸਿਆ ਕਿ ਮੈਂ 'ਸੌ ਸਾਖੀ' ਦੇ ਅਰਥ 1964 ਬਿ: ਵਿਚ ਭਾਈ ਹਰਦਿਤ ਸਿੰਘ ਜੀ ਤੋਂ ਅਬਚਲ ਨਗਰ ਵਿਚ ਪੜ੍ਹੇ ਸਨ , ਜੋ ਉਸ ਵੇਲੇ ਖਾਸੇ ਬਿਰਧ ਸਨ । ਆਪ ਨੇ ਇਹ ਵੀ ਦਸਿਆ ਕਿ ਭਾਈ ਹਰਦਿਤ ਸਿੰਘ ਜੀ ਨੇ ਉਨ੍ਹਾਂ ਨੂੰ ਦਸਿਆ ਸੀ ਕਿ ਉਹ ਜਵਾਨ ਸਨ, ਉਸ ਵੇਲੇ ਇਕ ਮੰਡਲੀ ਜਿਹੀ ਬਣੀ ਸੀ ਜਿਸ ਵਿਚ ਇਕ ਸੱਜਣ ਤਾਂ ਸਿੱਖ ਸਨ- ਗੁਰਮਖੁ ਸਿੰਘ ਨਾਮ ਕਰਕੇ , ਇਕ ਨਿਹੰਗ ਵੀ ਸਨ-ਅਲਬੇਲ ਸਿੰਘ ਨਾਮ ਸੀ। ਦੋ ਬ੍ਰਾਹਮਣ ਤੇ ਇਕ ਦੇਵਾ ਸਿੰਘ ਕਰਕੇ ਸੱਜਣ ਸੀ । ਬ੍ਰਾਹਮਣ ਇਕ ਵਡੇਰਾ, ਇਕ ਛੁਟੇਰਾ ਸੀ । ਉਸ ਵੇਲੇ ਉਕਤ ਸੱਜਣਾਂ ਨੇ ਬਹੁਤ ਸਾਰੀਆਂ ਸਾਖੀਆਂ ਪਿਛਲੀ 'ਸੌ ਸਾਖੀ' ਵਿਚੋਂ ਕੱਢੀਆਂ ਤੇ ਨਵੀਆਂ ਪਾਈਆਂ । ਵਡੇਰੇ ਪੰਡਿਤ ਜੀ ਨੇ ਬਹੁਤ ਕੁਝ ਬ੍ਰਾਹਮਣੀ ਮਤ ਦੀਆਂ ਗੱਲਾਂ ਪੁਆਈਆਂ ਸਨ । ਭਾਈ ਕਿਸ਼ਨ ਸਿੰਘ ਜੀ ਨੇ ਦਸਿਆ ਕਿ ਜੋ 'ਸੌ ਸਾਖੀ' ਹੁਣ ਛਪੀ ਹੋਈ ਹੈ , ਉਸਦਾ ਉਸ ਪੋਥੀ ਨਾਲੋਂ ਵੀ, ਜੋ ਉਪਰ ਲਿਖੇ ਆਖੇਪ ਤੇ ਮਗਰੋਂ ਬਣੀ ਸੀ ਤੇ ਜੋ ਉਨ੍ਹਾਂ ਨੇ ਭਾਈ ਹਰਦਿਤ ਸਿੰਘ ਤੋਂ ਪੜ੍ਹੀ ਸੀ-ਚੋਖਾ ਫ਼ਰਕ ਹੈ।"

ਇਹ ਲਿਖਤੀ ਬਿਆਨ ਸ: ਮਾਨ ਸਿੰਘ ਜੱਜ ਪਟਿਆਲਾ ਹਾਈਕੋਰਟ ਨੇ 25 ਅਕਤੂਬਰ 1931 ਈ: ਨੂੰ ਰਿਕਾਰਡ ਕੀਤਾ ਸੀ ਤੇ ਭਾਈ ਵੀਰ ਸਿੰਘ ਜੀ ਅੰਮ੍ਰਿਤਸਰ ਪਾਸ ਸੀ ।

(ਪ੍ਰਸਤਾਵਨਾ, ਗੁਰਪ੍ਰਤਾਪ ਸੂਰਜ ਗ੍ਰੰਥ)

### *4. ਭਾਈ ਕਾਨ੍ਹ. ਸਿੰਘ ਨਾਭਾ*

'ਸੌ ਸਾਖੀ' ਇਹ ਇਕ ਪ੍ਰਸਿੱਧ ਪੋਥੀ ਹੈ ਜਿਸ ਵਿਚ ਪਹਿਲਾਂ ਸੌ ਸਾਖੀਆਂ ਸਨ ਪਰ ਹੁਣ ਵਧੀਕ ਦੇਖੀਆਂ ਜਾਂਦੀਆਂ ਹਨ ਅਰ ਕਲਮੀ ਪੋਥੀਆਂ ਦੇ ਆਪੋ ਵਿਚੀ ਪਾਠ ਨਹੀਂ ਮਿਲਦੇ । ਕਿਤਨਿਆਂ ਦਾ ਖ਼ਿਆਲ ਹੈ ਕਿ ਇਹ ਸਾਖੀ ਕਲਗੀਧਰ ਦੀ ਰਚਨਾ ਹੈ ਪਰ ਇਸਦੀ ਕਵਿਤਾ ਪ੍ਰਗਟ ਕਰਦੀ ਹੈ ਕਿ ਇਹ ਕਿਸੇ, ਸਾਧਾਰਣ ਵਿਦਯਾ ਅਤੇ ਸਮਝ ਵਾਲੇ ਸਿੱਖ ਦੀ ਕਲਮ ਤੋਂ ਲਿਖੀ ਗਈ ਹੈ ।

ਸਾਖੀ ਤੋਂ ਪਾਇਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜੋ ਕਥਾ ਪ੍ਰਸੰਗ ਭਾਈ ਗੁਰਬਖ਼ਸ਼ ਸਿੰਘ ਜੀ (ਰਾਮ ਕੁੰਵਰ) ਨੂੰ ਸੁਣਾਏ , ਉਹੀ ਉਨ੍ਹਾਂ ਨੇ ਲਿਖਾਰੀ ਸਾਹਿਬ ਸਿੰਘ ਤੋਂ ਲਿਖਵਾਏ । ਭਾਈ ਸੰਤੋਖ ਸਿੰਘ ਨੇ ਭੀ ਗੁਰਪ੍ਰਤਾਪ

ਸੂਰਯ ਦੀ ਕਥਾ ਇਸੇ ਦੇ ਅਧਾਰ ਤੇ ਲਿਖੀ ਹੈ ਅਤੇ ਭਾਈ ਸੰਤੋਖ ਸਿੰਘ ਨੇ ਸੌ ਸਾਖੀ ਦੇ ਅਨੇਕ ਪ੍ਰਸੰਗ ਆਪਣੀ ਕਵਿਤਾ ਵਿਚ ਬਦਲ ਕੇ ਜਿਉਂ ਕੇ ਤਿਉਂ ਲਿਖ ਦਿਤੇ ਹਨ। ਕੂਕੇ ਸਿੱਖ, ਸੌ ਸਾਖੀ ਨੂੰ ਉਹੀ ਦਰਜਾ ਦਿੰਦੇ ਹਨ ਜੋ ਹਿੰਦੂ ਸਮਾਜ ਵਿਚ ਭਵਿਸ਼ਯਤ ਪੁਰਾਣ ਨੂੰ ਦਿਤਾ ਜਾਂਦਾ ਹੈ ਅਰ ਆਪਣੀ ਬੁਧਿ ਅਨੁਸਾਰ ਪਹੇਲੀ ਵਾਂਙ ਕਹੇ ਗਏ ਵਾਂਕਾਂ ਦੇ ਅਨੇਕ ਅਰਥ ਲਾ ਕੇ ਦਿਲ ਪਰਚਾਇਆ ਕਰਦ ਹਨ ।

ਸਰਦਾਰ ਸਰ ਅਤਰ ਸਿੰਘ ਰਈਸ ਭਦੌੜ ਦੀ ਰਾਇ ਹੈ ਕਿ ਜਿਸ ਵੇਲੇ ਕਸ਼ਮੀਰ ਦਾ ਇਲਾਕਾ ਮਹਾਰਾਜਾ ਜੰਮੂ ਨੂੰ ਅੰਗਰੇਜ਼ ਸਰਕਾਰ ਨੇ ਰੁਪਯੇ ਬਦਲੇ ਦਿਤਾ ਹੈ, ਉਸ ਸਮੇਂ ਇਹ ਪੋਥੀ ਲਿਖੀ ਗਈ ਹੈ ।ਇਸੇ ਲਈ ਉਸ ਵਿਚ ਵਾਕ ਹੈ :

ਦਸੇ ਬੇਚ ਕਰਿ ਜਾਹਿੰ ਫਿਰੰਗੀ। ਗਾਜੈ ਗ਼ੋ ਤਬ ਮੋਰ ਭੁਜੰਗੀ ।(ਸਾਖੀ 85)

(ਮਹਾਨ ਕੋਸ਼, ਦੂਜੀ ਐਡੀਸ਼ਨ, ਪੰਨਾ 176)

ਉਪਰੋਕਤ ਬਿਆਨਾਂ ਵਿਚ ਪ੍ਰਚਲਤ ਰਵਾਇਤ ਤੇ ਇਤਿਹਾਸਕ ਤੱਥ ਦੋਹਾਂ ਦਾ ਚਰਚਾ ਹੈ ਪਰ ਇਨ੍ਹਾਂ ਵਿਚ ਢੇਰ ਅੰਤਰ ਹੈ, ਭਾਵੇਂ ਲੇਖਕਾਂ ਨੇ ਆਪਣੇ ਵਿਚਾਰ ਦੇ ਦਿਤੇ ਹਨ, ਪਰੰਤੂ ਇਸਦਾ ਰਚਨਾ-ਕਾਲ ਫਿਰ ਵੀ ਸਪੱਸ਼ਟ ਨਹੀਂ । ਅਸੀਂ ਜਾਣਦੇ ਹਾਂ ਕਿ ਭਾਈ ਰਾਮ ਕੁਇਰ ਜੀ ਦਾ 1761 ਈਸਵੀਂ ਵਿਚ ਦੇਹਾਂਤ ਹੋ ਗਿਆ ਸੀ । ਸੋ, ਇਹ ਸਾਖੀਆਂ ਉਨ੍ਹਾਂ ਆਪਣੇ ਸ਼ਰਧਲੂਆਂ ਨੂੰ ਪਹਿਲਾਂ ਹੀ ਸੁਣਾਈਆ ਹੋਣਗੀਆਂ ਤੇ ਉਨ੍ਹਾਂ ਦੇ ਲਿਖਾਰੀ ਭਾਈ ਸਾਹਿਬ ਸਿੰਘ ਨੇ ਵੀ ਲਿਖ ਲਈਆਂ ਹੋਣਗੀਆਂ , ਪਰ ਚੂੰਕਿ 'ਸੌ ਸਾਖੀ' ਵਿਖ ਅਨੇਕਾਂ ਐਸੀਆਂ ਘਟਨਾਵਾਂ ਅੰਕਿਤ ਹਨ ਜੋ ਇਸਨੂੰ ਅੱਗੇ ਲੈ ਜਾਂਦੀਆਂ ਹਨ, ਇਤਨਾ ਪੁਰਾਤਨ ਨਹੀਂ ਰਹਿਣ ਦਿੰਦੀਲਾਂ । ਇਸਦਾ ਸਪੱਸ਼ਟ ਹੱਲ ਇਹੋ ਹੈ ਕਿ ਅਸੀਂ ਇਹ ਮੰਨੀਏ ਕਿ 'ਸੌ ਸਾਖੀ' ਦੀ ਬਹੁਤੀ ਸਾਮੱਗਰੀ ਤਾਂ 'ਪੰਜ ਸੌ ਸਾਖੀ' ਵਾਲੀ ਹੈ ਅਰਥਾਤ 75-8● ਸਾਖੀਆਂ ਪੁਰਾਣੀਆਂ ਹਨ, ਪਰ ਜੋ 15-2● ਖ਼ਾਸ ਕਰਕੇ ਭਵਿਖਤ ਵਾਕਾਂ ਵਾਲੀਆਂ ਸਾਖੀਆਂ ਪਿਛੋਂ ਪਾਈਆਂ ਗਈਆਂ ਹਨ, ਉਨ੍ਹਾਂ ਦਾ ਰਚਨਾ-ਕਾਲ ਸਿੱਖ ਰਾਜ ਦਾ ਜ਼ਮਾਨਾ ਹੈ ਤੇ ਮੌਜੂਦਾ 'ਸੌ ਸਾਖੀ' ਵਾਲਾ ਰੂਪ ਉੱਨੀਵੀਂ ਸਦੀ ਦੇ ਮੱਧ ਕਾਲ ਦੇ ਲਾਗੇ-ਚਾਗੇ ਬਣਿਆ ਸਿੱਧ ਹੁੰਦਾ ਹੈ ।

## ਅੰਦਰਲੀਆਂ ਗਵਾਈਆਂ

(1) ਸਾਖੀ ਨੰਬਰ 57 ਵਿਚ ਨਾਦਰ ਸ਼ਾਹ ਦੇ ਹਮਲੇ ਤੋਂ ਮੁਗ਼ਲਾਂ ਦੇ ਭੈ-ਭੀਤ ਹੋਣ ਦਾ ਚਰਚਾ ਹੈ, ਇਹ ਚਰਚਾ ਹੈ, ਇਹ ਹਮਲਾ 1796 ਬਿ: (1739 ਈ: ) ਵਿਚ ਹੋਇਆ ਸੀ, ਇਸਨੂੰ 1797 ਬਿ: ਵਿਚ ਕਿਵਾਂ ਅੰਕਿਤ ਕੀਤਾ ਜਾ ਸਕਦਾ ਹੈ :

ਮਾਰੈਂ ਮਰੈ ਬਹੁਤ ਦਿਨ ਬੀਤੇ ।ਆਵਾ ਨਾਦਰ ਮੁਗਲੋਂ ਭੀਤੇ ।

ਤਾਂ ਪੀਛੇ ਸੁੱਵੀ ਭੂ ਹੋਈ । ਮਾਲਕ ਹਮ ਕੋ ਦਿਖੈ ਨਾ ਕੋਈ ।14।

(2) ਸਾਖੀ ਨੰ: 15 ਵਿਚ ਪਠਾਣੀ ਹਮਲਿਆਂ ਵਲ ਸੰਕੇਤ ਹੈ:

ਜਵਨ ਕੰਧਾਰੀ ਆਵਹਿ ਜਾਂਹਿ। ਯਾ ਬਿਧਿ ਦੇਸ ਉਜਰ ਸਭ ਗਾਂਇ ।

ਸਾਖੀ ਨੰ: 1●● ਵਿਚ ਤਾਂ ਅਹਿਮਦਸ਼ਾਹ ਅਬਦਾਲੀ ਦੇ ਆਉਣ ਦਾ ਸਪੱਸ਼ਟ ਉਲੇਖ ਹੈ :

ਅਹਿਮਦ ਆਯਾ ਕਾਬਲੀ, ਗਏ ਲੋਗ ਸਭ ਸੈਲ ।....। 3। ਯਾ

ਗਿਲਜਾ ਡਰ ਹੂਆ ਪੰਜਾਬ । ਧਰਮ ਕੋਟ ਲੇ ਗਏ ਸਮਾਜ ।

ਸਾਖੀ ਨੰ: 99 ਵਿਚ ਅੰਕਿਤ ਹੈ :

ਅਹਿਮਦਸ਼ਾਹ ਆਵੈ ਜਬੈ ਹਮੈ ਬੁਲਾਵੈ ਦੇਵ ।....।16।

(3) 57ਵੀਂ ਸਾਖੀ ਵਿਚ ਸਿੱਖਾਂ ਦਾ ਪੰਜਾਬ ਨੂੰ ਵਿਜੈ ਕਰਨ ਦਾ ਸੰਕੇਤ ਹੈ :

ਬੋਲੇ ਸਿੱਖ ਜੀਤੈਂ ਪੰਜਾਬਾ । ਪੀਛੇ ਜੇਹਲਮ ਨਾਕਾ ਬਾਗਾ ।

ਦੁਆਬਾ ਸਤਲੁਦ੍ਰ ਕੀ ਪਾਰਾ । ਮਾਲਵ ਜੀਤ ਜੰਗਲ ਪਗ ਧਾਰਾ ।

ਇਸ ਤਰ੍ਹਾਂ 59 ਨੰ: ਸਾਖੀ ਵਿਚ ਸਿੱਖ ਰਾਜ ਦੀ ਚੜ੍ਹਦੀ ਕਲਾ ਦਾ ਚਰਚਾ ਹੈ ;

ਖਾਦਰ ਲਾਦਰ ਸਾਗਰੇ ਬੀਚ ਕਰੈਂਗੇ ਰਾਜ ।

ਦਿੱਲੀ ਟਿਕੈ ਨਾ ਰਾਜ ਸਿੱਖ ਗੁਰ ਨਾਨਕ ਬਖਸ਼ੀ ਸਾਜ ।7।

....ਮਾਲਵ ਕੈਰਵ ਜਾਂਗਲੀ ਮਾਝਾ ਪਰਬਤ ਅਟਕ ।

ਕਸ਼ਮੀਰੀ ਓਹੰਸਪੁਰ, ਮਲਕ ਪੁਰੈ ਮੈਂ ਸਟਕ ।13।

ਪਿਸ਼ੌਰ ਜਲਾਲਾ ਕਾਬਲੀ ਲੇਵੇਂਗੇ ਜਉ ਕੇਸ ।

ਤਬੈ ਖਾਲਸਾ ਸੰਧਿ ਦੁਰ ਦਿੱਲੀ ਕੇ ਸਭ ਭੇਸ ।14।

57 ਨੰਬਰ ਸਾਖੀ ਵਿਚ ਅੰਕਿਤ ਹੈ :

ਏਕ ਅਕਾਲ ਚਹੂੰ ਦਿਸ ਝੂਲੈ । ਪਸ਼ਚਮੁ ਅਟਕ ਪਾਰ ਲੜ ਕੂਲੈ ।24।

82 ਵੀਂ ਸਾਖੀ ਵਿਚ ਵੀ ਇਹੋ ਗੱਲ ਆਖੀ ਹੈ :

.... ਕਾਹੂੰ ਦੇਸ ਦਾਮ ਲੈ ਭੇਟ । ਕਾਹੂੰ ਲਿਆਊਂ ਰਾਜ ਸਮੇਟਿ।41।

ਗੁਰ ਨਾਨਕ ਜੀ ਜਹਾਂ ਵੈ ਗਏ । ਕਰੀ ਫਕੀਰੀ ਦੇਸਨ ਵਏ।

ਸੋ ਸੋ ਦੇਸ ਰਾਜ ਧਰ ਜੀਤੋਂ । ਵਧੈ ਖਾਲਸਾ ਲੋਗ ਪ੍ਰਤੀਤੋਂ ।42।

64 ਨੰਬਰ ਸਾਖੀ ਵਿਚ ਮਹਾਰਾਜਾ ਰਣਜੀਤ ਸਿੰਘ ਵਲ ਸਾਫ਼ ਇਸ਼ਾਰਾ ਹੈ :

ਸਿੱਖ ਹਮਾਰੇ ਹੋਇੰਗੇ, ਘਰਿ ਘਰਿ ਹੋਇਗਾ ਰਾਜ ।

ਤਾਂ ਪੀਛੈ ਇਕ ਸਿੱਖ ਮਮੁ ਧਰੈ ਪੰਥ ਕੀ ਲਾਜ।9।

ਮਰੇਗਾ ਕੁਸ ਨਗਰੁ ਕੋ ਇੰਦ੍ਰੇਜਿਤ ਬਡ ਤਜ਼ ।

ਤਾਂਕੇ ਪੀਛੇ ਜੁਧ ਹੋਇ, ਘਰਿ ਘਰਿ ਲੜੈ ਨਰੇਸ਼ ।1●।

ਬਹੁ ਦਿਨ ਬੀਤੇ ਬਰਖ ਰਿਤ, ਉਨ ਸਿੱਖਨ ਘਰ ਭੂਪ ।

ਤੇਜਵਾਨ ਰਾਜਾ ਅਧਿਕ, ਹੋਵੈ ਖਾਲਸਾ ਰੂਪ ।11।

ਫਿਰ ਪੀਛੈ ਬਹੁ ਦਿਨਾਂ ਤੇ ਰਾਜ ਖਾਲਸਾ ਠਹਿਰ ।

ਪਸ਼ਚਮ ਜੀਤੇ ਪਰਬਤੀ, ਪੁਨ ਕਸ਼ਮੀਰੀ ਸ਼ਹਿਰ ।12।

(4) 17ਵੀਂ ਸਾਖੀ ਵਿਚ ਇਹ ਆਇਆ ਹੈ ਕਿ ਜਦੋਂ ਕੇਸਵਦਾਸ ਯੱਗ ਹਵਨ ਕਰਦਾ ਕਰਦਾ ਦੌੜ ਗਿਆ ਤਾਂ ਸਿੱਖਾਂ ਪੁੱਛਿਆ, ਜੀ ! ਉਹ ਕਿਧਰ ਗਿਆ ?

ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਇਹ ਸਾਡਾ ਸਿੱਖ ਹੋ ਕੇ ਜਨਮੇਗਾ ਤੇ ਰਣ ਸਿੰਘ ਨਾਮ ਰਖ ਕੇ ਰਾਜ ਕਰੇਗਾ.

ਬਿਪ੍ਰ ਕਹਾਂ ਇਹੁ ਗਯੋ ਪਲਾਈ ? ਬੋਲੇ ਗੁਰੂ ਇਨ ਦੇਹੀ ਪਾਹੀ ।

ਹਮਰੋ ਸਿੱਖ ਹੋਇ ਅਵਤਰੈ । ਰਣ ਸਿੰਘ ਨਾਮ ਭੂਮਿ ਪਰ ਧਰੈ ।

ਜ਼ਾਹਰ ਹੈ ਕਿ ਚੁਤਰ ਬ੍ਰਾਹਮਣ ਨੇ ਆਪਣੇ ਵਡਾਰੂ ਪੰਡਤ ਕੇਸਵਦਾਸ ਨੂੰ ਮਹਾਰਾਜਾ ਰਣਜੀਤ ਸਿੰਘ ਸਿੱਧ ਕੀਤਾ ਹੈ । ਅਤੇ ਇਹ ਸਾਰੀ ਗੱਲ ਸ਼ੇਰਿ-ਪੰਜਾਬ ਦੇ ਤੇਜ਼ ਪ੍ਰਤਾਪ ਨੂੰ ਵੇਖ ਕੇ ਹੀ ਕਹੀ ਗਈ ਹੈ ।

(5) ਇਥੇ ਹੀ ਬਸ ਨਹੀਂ, ਸਗੋਂ ਸਾਖੀ ਨੰਬਰ 83 ਵਿਚ ਦਸਿਆ ਹੈ ਕਿ ਬਿਸ਼ੰਭਰਦਾਸ ਉਜੈਨੀ ਦੀਆਂ ਦੋ ਪਤਨੀਆਂ ਮਤਨਵੰਤੀ ਤੇ ਮੋਦਨੀ ਅਨੰਦਪੁਰ ਆਈਆਂ । ਗੁਰੂ ਸਾਹਿਬ ਨੇ ਮਦਨਵੰਤੀ ਨੂੰ ਇਹ ਵਰ ਦਿਤਾ ਕਿ ਉਹ ਗੁਰਬਖ਼ਸ਼ ਸਿੰਘ ਦੇ ਮਹਲੀਂ ਵਸੇਗੀ । ਇਤਿਹਾਸ ਦੇ ਪਾਠਕ ਜਾਣਦੇ ਹਨ ਕਿ ਸ: ਜੈ ਸਿੰਘ ਕਨ੍ਹਈਏ ਦਾ ਪੁੱਤਰ ਗੁਰਬਖ਼ਸ਼ ਸਿੰਘ ਸੀ ਤੇ ਇਸ ਗੁਰਬਖ਼ਸ਼ ਸਿੰਘ ਦੀ ਘਰਵਾਲੀ ਰਾਣੀ ਸਦਾ ਕੌਰ ਸੀ ਅਤੇ ਇਸੇ ਸਦਾ ਕੌਰ ਦੀ ਧੀ ਮਹਿਤਾਬ ਕੌਰ ਮਹਾਰਾਜਾ ਰਣਜੀਤ ਸਿੰਘ ਨੂੰ ਵਿਆਹ ਗਈ ਸੀ । ਚੁਤਰ ਲੇਖਕ ਇਹ ਕਹਿ ਰਿਹਾ ਹੈ ਕਿ ਰਾਣੀ ਸਦਾ ਕੌਰ ਵੀ ਗੁਰੂ ਸਾਹਿਬ ਦੇ ਵਰਦਾਨ ਨਾਲ ਇਸ ਪਦਵੀ 'ਤੇ ਪਹੁੰਚੀ ਸੀ ।

(6) ਇਸੇ 93 ਨੰਬਰ ਸਾਖੀ ਵਿਚ ਇਹ ਵੀ ਆਇਆ ਹੈ ਕਿ ਉਪਰੋਕਤ ਦੋਹਾਂ ਸੁਆਣੀਆਂ ਤੋਂ ਇਲਾਵਾ ਕਿ ਹੋਰ ਰਜਸਵਲਾ ਇਸਤਰੀ ਨੇ ਵੀ ਗੁਰੂ ਜੀ ਦੇ ਚਰਨ ਛੋਹੇ ਤਾਂ ਸਤਿਗੁਰਾਂ ਕਿਹਾ, 'ਇਹ ਮੁਸਲਮਾਨੀ ਵੇਸਵੇ ਹੋਵੇਗੀ ਪਰ ਆਪਣੇ

ਸਿਦਕ ਕਰਕੇ ਇਹ ਮਾਣ ਪਾਵੇਗੀ ਅਤੇ ਕੇਸੋਦਾਸ ਰਣ ਸਿੰਘ ਇਸਨੂੰ ਅੰਗੀਕਾਰ ਕਰੇਗਾ ।'

ਇਹ ਇਸ਼ਾਰਾ ਮੋਰਾਂ ਕੰਜਰੀ ਨੂੰ ਰਣਜੀਤ ਸਿੰਘ ਵਲੋਂ ਮਹਲੀ ਪਾਉਣ ਬਾਰੇ ਹੈ । ਮਹਾਰਾਜੇ ਨੇ 1802 ਵਿਚ ਮੋਰਾਂ ਲਿਆਂਦੀ ਸੀ ਤੇ 1830 ਵਿਚ ਬੇਗਮ ਗੁਲਬਹਾਰ । ਇਸ ਘਾੜਤ ਤੋਂ ਪਾਠਕ ਅਨੁਮਾਨ ਕਰ ਸਕਦੇ ਹਨ ਕਿ ਕਿਸ ਤਰ੍ਹਾਂ ਇਹ ਰਾਜ-ਭਗਤ ਬ੍ਰਾਹਮਣ ਲਿਖਾਰੀ, ਮਹਾਰਾਜਾ ਰਣਜੀਤ ਸਿੰਘ ਦੀ ਵਡਿਆਈ ਦੇ  ਬਚਾਉ ਲਈ ਸਭ ਕੁਝ ਕਹਿ ਰਿਹਾ ਹੈ । ਵਰਨਾ ਗੁਰੂ ਸਾਹਿਬ ਨੂੰ ਐਸੇ ਵਰਦਾਨ ਦੇਣ ਦੀ ਕਿਹੜੀ ਲੋੜ ਸੀ ।

(7) ਫ਼ਕੀਰ ਅਜ਼ੀਜ਼ੁਦੀਨ ਮਹਾਰਾਜੇ ਦਾ ਵਜ਼ੀਰੇ-ਆਜ਼ਦ, ਬੜਾ ਦਾਨਾ ਪੁਰਸ਼ ਸੀ, ਇਸਨੇ 1822 ਈ: ਵਿਚ ਤੇ ਫਿਰ 1834 ਈ: ਵਿਚ ਪਿਸ਼ਾਵਰ ਤੇ ਸਰਹੱਦੀ ਇਲਾਕੇ ਵਲ ਦੋਸਤ ਮੁਹੰਮਦ ਖਾਂ ਨਾਲ ਗੱਲਬਾਤ ਕਰਨ ਗਿਆ ਤੇ ਸਫਲ ਹੋ ਕੇ ਆਇਆ ਸੀ । ਸਾਖੀ 92 ਵਿਚ ਸੰਕੇਤ ਹੈ :

ਤੁਰਕ ਚਾਕਰਾ ਮੇਰਾ ਬਾਲਾ । ਜੀਤੈ ਪਸ਼ਚਮ ਮਮ ਹੋਇ ਚਾਲਾ ।

(9) ਸੌਵੀਂ ਸਾਖੀ ਜੋ ਨਾਰਾਨਿ ਦਾਸ ਮਿਸ਼ਰ ਕਿਰਤ ਦੱਸੀ ਗਈ ਹੈ । ਇਸ ਵਿਚ ਡੋਗਰਿਆਂ ਦੇ ਵਡਾਰੂਆਂ ਨੂੰ ਸ੍ਰੀ ਦਸਮੇਸ਼ ਵਲੋਂ ਵਰਦਾਨ ਮਿਲਣ ਦਾ ਪ੍ਰਸੰਗ ਹੈ । ਰਤਨ ਦੇਉ ਨੂੰ ਕਹਿਲੂਰੀਆਂ ਦਾ ਦੋਹਤਮਾਨ ਦੱਸ ਕੇ ਗੁਰੂ ਸਾਹਿਬ ਦੇ ਦਰਸ਼ਨ ਕਰਦਾ ਤੇ ਸੱਤ ਸਾਲ ਚਰਣ ਸ਼ਰਣ ਰਹਿੰਦਾ ਦਸਿਆ ਹੈ, ਸਤਿਗੁਰੂ ਉਸਨੂੰ ਸ਼ਸਤ੍ਰ ਬਸਤ੍ਰ ਪਹਿਨਾਉਂਦ। ਤੇ ਵਰ ਦਿੰਦੇ ਹਨ ਕਿ ਮੈਂ ਤੇਰੇ ਬੰਸ ਵਿਚ ਆਵਾਂਗਾ ਤੇ ਤੇਰੀ ਸਹਾਇਤਾ ਕਰਾਂਗਾ :

ਰਤਨ ਕਹਾ ਗੁਰ ਜੀ ਕਹੋਂ ਤੋਹਿ। ਸਤਿਗੁਰ ਗੋਦ ਬੈਠਾਯੋ ਮੋਹਿ ।

ਬੋਲੈ-ਐਸਾ ਸਮਾਂ ਇਕ ਆਵੈ। ਹਮ ਤੁਮ ਸਭ ਮਿਲ ਕਾਰ ਕਮਾਵੈ ।

ਜਦ ਅਸੀਂ ਇਤਿਹਾਸ ਦੀ ਫੋਲਾ-ਫਾਲੀ ਕਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਰਣਜੀਤ ਦੇਉ ਜੰਮੂ ਦਾ ਪ੍ਰਭਾਵਸ਼ਾਲੀ ਰਾਜਾ ਸੀ, ਜੋ 1730 ਈ: ਤੋਂ 1794 ਈ: ਤਕ ਰਿਹਾ । ਮੁਗ਼ਲ ਇਹ ਬਰਦਾਸ਼ਤ ਨਹੀਂ ਸੀ ਕਰਦੇ ਕਿ ਕੋਈ ਹਿੰਦੂ ਰਾਜਪੂਤ ਇਤਨਾ ਸੁਤੰਤਰ ਤੇ ਬਲਵਾਨ ਹੋਵੇ, ਇਸ ਕਰਕੇ ਖ਼ਾਨ ਬਹਾਦਰ ਸੂਬਾ ਲਾਹੌਰ ਨੂੰ ਹੁਕਮ ਹੋਇਆ ਕਿ ਜੰਮੂ ਤੇ ਫ਼ੌਜਕਸ਼ੀ ਕੀਤੀ ਜਾਵੇ । ਚੁਨਾਂਚਿ ਉਸਨੇ ਤਕੜੀ ਫ਼ੌਜ ਚਾੜ੍ਹ ਕੇ ਰਾਜਾ ਰਣਜੀਤ ਦੇਉ ਨੂੰ ਕੈਦ ਕਰ ਕੇ ਲਾਹੌਰ ਲਿਆਂਦਾ । ਫਿਰ ਅਦੀਨਾ ਬੇਗ ਹਾਕਮ ਜਲੰਧਰ ਦੇ ਕਹਿਣ ਤੇ ਦੋ ਲੱਖ ਲੈਣਾ ਕਰਕੇ ਉਸਨੂੰ ਛੱਡਿਆ ਗਿਆ । ਫ਼ਕੀਰ ਅਜ਼ੀਜ਼ੁਦੀਨ ਦਾ ਵਡਾਰੂ ਹਕੀਮ ਖ਼ੁਦਾ ਬਖ਼ਸ਼ ਇਸ ਨੂੰ ਜੰਮੂ ਛਡਣ

ਆਇਆ ਤੇ ਇਕ ਲੱਖ ਨਕਦ ਲੈ ਕ ਮੁੜਿਆ । ਸੌਵੀਂ ਸਾਖੀ ਵਿਚ ਇਸੇ ਦਾ ਜ਼ਿਕਰ ਹੈ :

ਜੰਬੂ ਭੂਪਤਿ ਬਾਂਧਾ ਲਾਹੌਰ । ਸੋਈ ਛੁਡਾਵਾ ਨੈਣੇ ਭੋਰ ।

ਇਸੇ ਸਮੇਂ ਅਹਿਮਦਸ਼ਾਹ ਅਬਦਾਲੀ ਹਮਲਾਵਰ ਆ ਹੋਇਆ, ਮੁੜ ਉਹ ਰਣਜੀਤ ਦੇਉ ਨੂੰ ਕੈਦ ਕਰ ਕੇ ਲਾਹੌਰ ਲੈ ਗਿਆ । ਇਸ ਮੌਕੇ ਰਤਨ ਦੇਉ ਨਾਮੀ ਇਕ ਫ਼ੌਜਦਾਰ ਨੇ ਰਣਜੀਤ ਦੇਉ ਦੇ ਛੋਟੇ ਭਾਈ ਘਨਾ ਦੇਉ ਨੂੰ ਗੱਦੀ ਬਿਠਾ ਦਿੱਤਾ, ਇਹ ਜਾਣ ਕੇ ਅਬਦਾਲੀ ਬਹੁਤ ਔਖਾ ਹੋਇਆ । ਉਸ ਨੀਤੀ ਵਰਤ ਕੇ ਰਣਜੀਤ ਦੇਉ ਨੂੰ ਮੁੜ ਆਪਣੇ ਵਲੋਂ ਖ਼ਿਲਅਤ ਦੇ ਕੇ ਜੰਮੂ ਦੀ ਗੱਦੀ ਉਤੇ ਬਿਠਾਇਆ ਤੇ ਉਸਦਾ ਵਜ਼ੀਰ ਸ਼ਾਹ ਵਲੀ ਖ਼ਾਂ, ਤਿੰਨ ਲੱਖ ਨਜ਼ਰਾਨਾ ਲੈ ਕੇ ਗਿਆ, ਹੁਣ ਰਤਨ ਦੇਉ ਰਣਜੀਤ ਦੇਉ ਦਾ ਸੈਨਾਪਤੀ ਬਣ ਗਿਆ ਤੇ ਇਹ ਰਾਜਾ ਸੰਸਾਰ ਚੰਦ ਦੇ ਦਾਦਾ ਰਾਜਾ ਕਰਮ ਚੰਦ ਕਟੋਚੀਏ ਉਤੇ ਜਾ ਹਮਲਾਵਰ ਹੋਇਆ, ਕਟੋਚੀਏ ਹਾਰ ਗਏ ।

ਨੂਰਪੁਰ ਰਾਜੈ ਆਗਿਆ ਦੀਨੀ । ਸਬੈ ਕਟੋਚਨ ਮਾਰਨ ਚੀਨੀ ।

ਲਈ ਉਠਾਇ ਬਰਛੀ ਗੁਰ ਦਾਤ । ਸੈਨ ਕਟੋਚੀ ਚਲੀ ਮੁਹਾਤ । (ਸਾਖੀ 1●●)

ਇਸ ਸਮੇਂ ਜੰਮੂ ਦੇ ਲਾਗੇ-ਚਾਗ ਭੰਗੀ ਸਰਦਾਰ ਤਕੜੇ ਹੋ ਰਹੇ ਸਨ ਤੇ ਉਹ ਵੀ ਰਣਜੀਤ ਦੇਉ ਤੋਂ ਨਜ਼ਰਾਨਾ ਲੈ ਜਾਂਦੇ ਸਨ ।

......ਜੰਬਕ ਨਗਰ ਭੂਪ ਇਕ ਹੋਈ । ਮੇਰੇ ਸਿੱਖ ਸਮਾਲੈ ਸੋਈ ।36।

ਦਾਮ ਦੇਸ ਲੇਵਹਿੰਗੇ ਸਗਰੇ । ਪਰਬਤ ਮਾਹਿ ਖਾਲਸਾ ਮਗਰੇ ।..।37।(ਸਾਖੀ 82)

ਕਈ ਗਿਆਨੀ ਉਪਰੋਕਤ ਸਤਰਾਂ ਦਾ ਸੰਬੰਧ ਰਾਜਾ ਗੁਲਾਬ ਸਿੰਘ ਨਾਲ ਜੋੜਦੇ ਹਨ, ਜੋ ਕਸ਼ਮੀਰ ਦਾ ਇੱਕਠਾ ਕੀਤਾ ਮਾਮਲਾ ਲਾਹੌਰ ਦਰਬਾਰ ਨੂੰ ਨਹੀਂ ਸੀ ਭੇਜ ਰਿਹਾ ਤੇ ਆਖ਼ਰ ਸਿੱਖ ਫ਼ੌਜਾਂ ਉਸਨੂੰ ਕੈਦ ਕਰ ਕੇ ਲਾਹੌਰ ਲਿਆਈਆਂ ਸਨ । ਪਰ ਸਾਡੇ ਖ਼ਿਆਲ ਵਿਚ ਇਹ ਹਵਾਲੇ ਰਾਜਾ ਰਣਜੀਤ ਦੇਉ ਨਾਲ ਵਧੇਰੇ ਢੁਕਦੇ ਹਨ ਤੇ ਉਸੇ ਦਾ ਫ਼ੌਜਦਾਰ ਰਤਨ ਦੇਉ ਸੀ । ਡੋਗਰਿਆਂ ਦਾ ਇਹ ਸਾਖੀ ਘੜ ਕੇ ਪਾਉਣ ਦਾ ਮਨੋਰਥ ਇਤਨਾ ਹੀ ਸੀ ਕਿ ਸਿੱਖਾਂ ਨੂੰ ਇਹ ਦਸਿਆ ਜਾਵੇ ਕਿ ਸਾਡੇ ਵੱਡੇ, ਗੁਰੂ ਘਰੋਂ ਵਰੋਸਾਏ ਹੋਏ ਸਨ,।

(9) ਨੌਵੀਂ ਸਾਖੀ ਵਿਚ ਸੰਗਤ ਸਿੰਘ ਦਾ ਜ਼ਿਕਰ ਹੈ । ਸਿੱਖ ਮਿਸਲਾਂ ਦੇ ਜ਼ਮਾਨੇ ਇਕ ਸੰਗਤ ਸਿੰਘ ਮੈਣ ਦੁਆਬ ਦਾ ਮੋਹਰੀ ਸਰਦਾਰ ਸੀ, ਜਿਸ ਦੀ ਰਾਜਧਾਨੀ ਅੰਬਾਲਾ ਸੀ । ਦੂਜਾ ਰਾਜਾ ਸੰਗਤ ਸਿੰਘ 181●-1834 ਈ: ਫਤਹਿ

ਸਿੰਘ ਦਾ ਪੁੱਤਰ ਤੇ ਰਾਜਾ ਭਾਗ ਸਿੰਘ ਵਾਲੀਏ (ਜੀਂਦ) ਦਾ ਪੋਤਾ ਸੀ । ਇਹ ਸੋਹਣਾ ਸੁਨੱਖਾ ਤੇ ਸ਼ਕੀਨ ਰਾਜਾ ਸੀ, ਜਿਸ ਦੋ ਤਿੰਨ ਸ਼ਾਦੀਆਂ ਕੀਤੀਆਂ ਅਤੇ ਇਕ ਵਾਰ ਲਾਹੌਰ ਤੋਂ ਕੰਚਨੀ ਵੀ ਲੈ ਆਇਆ । ਸਾਖੀਕਾਰ ਕਹਿੰਦਾ ਹੈ ਕਿ ਜੁੰਮਣ ਖੇੜੇ ਦੀ ਇਕ ਤ੍ਰੀਮਤ ਨੂੰ ਗੁਰੂ ਸਾਹਿਬ ਕਹਿ ਰਹੇ ਹਨ ਕਿ 'ਤੂੰ ਸੰਗਤ ਸਿੰਘ ਕੀ ਮਹਲ ਬਸਕੇ ਉਧਰੈਂਗੀ' । ਸ਼ਾਇਦ ਇਹ ਇਸੇ ਵਲ ਸੰਕੇਤ ਹੋਵੇ । ਜੁੰਮਣ ਖੇੜਾ ਨਗਰ (ਹੁਣ ਦਿਉਣ.ਖੇੜਾ) ਮਲੋਟ ਲਾਗੇ ਹੈ ।

(1●) 'ਸੌ ਸਾਖੀ' ਪੋਥੀ ਵਿਚ ਦਲੀਪ ਸਿੰਘ ਦਾ ਕਈ ਥਾਂ ਜ਼ਿਕਰ ਹੈ । ਕਈ ਇਹ ਕਹਿੰਦੇ ਹਨ ਕਿ ਇਹ ਪ੍ਰਸਿੱਧ ਰਾਜਾ ਦਲੀਪ ਸਿੰਘ ਵਲ ਸੰਕੇਤ ਹੈ । ਕਈਆਂ ਦਾ ਇਹ ਵੀ ਵਿਚਾਰ ਹੈ ਕਿ 'ਸੌ ਸਾਖੀ' ਵਿਚੋਂ ਸੁਣ ਕੇ ਹੀ ਮਹਾਰਾਜੇ ਨੇ ਆਪਣੇ ਆਖ਼ਰੀ ਸ਼ਹਿਜ਼ਾਦੇ ਦਾ ਨਾਮ ਦਲੀਪ ਸਿੰਘ (1837-1885 ਈ:) ਰੱਖਿਆ ਸੀ ।

ਸਿੰਘ ਬੇਗ ਹੋਇ ਸੋਨਾ ਸਾਥੀ । ਦਿਲੀਪ ਸਿੰਘ ਗਜ ਪੇਲੇ ਹਾਥੀ ।

ਜਾਂ

ਮਧ ਖਾਲਸਾ ਚਮਕੇ ਦੀਪ । ਦਿਲੀਪ ਸਿੰਘ ਰਾਜਨ ਸਿਰਰੀਪ (ਸਾਖੀ 15)

ਦੀਪ ਸਿੰਘ ਹੋਇ ਅਵਤਰੈਂ, ਕੂੜੈ ਕਰਸੀ ਰਾਲ ।

ਸਿੱਖ ਹਮਾਰੇ ਅਮਰ ਸਦ, ਤਿਨ ਕੀ ਕਰਨੀ ਸਾਲ ।1। (ਸਾਖੀ64)

ਇਕ ਥਾਂ ਰਾਜਾ ਤੇਜ਼ ਸਿੰਘ ਦਾ ਵੀ ਜ਼ਿਕਰ ਹੈ ਜੋ ਕਿ ਉਸਦਾ ਵਜ਼ੀਰੇ-ਆਜ਼ਮ ਸੀ । ਇਹ ਵੀ ਸੰਭਵ ਹੈ ਕਿ ਇਸ ਦ ਭਾਵ ਹੋਰ ਹੋਵੇ :

ਤੁਮ ਮੇਰਾ ਸਭ ਖਾਲਸਾ, ਨਿਪਜਹਿ ਤਹਿੰ ਸੰਜੋਗ ।

ਤੇਜ਼ ਸਿੰਘ ਸਮ ਉਠੇ ਅਰ, ਦਿਲੀਪ ਸਿੰਘ ਮਮ ਲੋਗ ।19। (ਸਾਖੀ 57)

ਇਕ ਦੋ ਥਾਂ ਸੰਮਤ ਪਾ ਕੇ ਵੀ ਦਲੀਪ ਸਿੰਘ ਦਾ ਚਰਚਾ ਕੀਤਾ ਗਿਆ ਹੈ ਜਿਵੇਂ ਕਿ:

ਜਾ ਦਿਲੀਪ ਸਿੰਘ ਹੋਇਗਾ ਵਿਕ੍ਰਮੀ ਵਰਖ 1899 ਵਰਤੈਗਾ । (ਸਾਖੀ 37)

ਇਵੇਂ ਜਿਵੇਂ ਕਾਬਲ ਉਤੇ ਸਿੱਖ ਫ਼ੌਜਾਂ ਦੀ ਚੜ੍ਹਤ ਦਾ ਸਾਲ ਇਸ ਪ੍ਰਕਾਰ ਦਿਤਾ ਹੈ :

ਨੜਿੱਨਵੈ ਹੋਇਗਾ ਤਾਂ ਮੈਂ ਗੰਧ੍ਰਬ ਦੇਸ ਤੋੜਾਂਗਾ । (ਸਾਖੀ 41)

ਪੁਰਾਣੇ ਲੋਕ 'ਸੌ ਸਾਖੀ' ਨੂੰ 'ਦਲੀਪ ਸਿੰਘ ਵਾਲੀ ਸਾਖੀ' ਵੀ ਕਿਹਾ ਕਰਦੇ ਸਨ । ਪਟਿਆਲਾ ਸਟੇਟ ਆਰਕਾਈਵਜ਼ ਲਾਇਬ੍ਰੇਰੀ ਵਿਚ ਪਏ ਖਰੜੇ (ਨੰ:683) ਉਤੇ ਇਹੋ ਨਾਂ ਲਿਖਿਆ ਹੋਇਆ ਹੈ ।

(11) ਦੀਵਾਨ ਮੂਲਰਾਜ ਮੁਲਤਾਨ ਦਾ ਹਾਕਮ ਸੀ, ਜਦੋਂ ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕੀਤਾ ਤਾਂ ਇਹ ਸਿੱਖ ਸਰਦਾਰਾਂ ਦੀ ਪ੍ਰੇਰਨਾ ਨਾਲ ਆਕੀ ਹੋ ਗਿਆ। ਅਪ੍ਰੈਲ 1848 ਤੋਂ ਜਨਵਰੀ 1849 ਈਃ ਤਕ ਲੜਦਾ ਰਿਹਾ, ਅਖ਼ੀਰ ਬੇਚਾਰਾ ਹਥਿਆਰ ਸੁਟਣ ਤੇ ਮਜਬੂਰ ਹੋਇਆ । ਅੰਗਰੇਜ਼ਾਂ ਇਸਨੂੰ ਦੇਸ਼ ਨਿਕਾਲੇ ਦੀ ਸਜ਼ਾ ਦਿਤੀ ਤੇ ਇਹ ਕਲਕੱਤੇ 1851ਈਃ ਵਿਚ ਦੇਹਾਂਤ ਪਾ ਗਿਆ । 57 ਨੰਃ ਸਾਖੀ ਵਿਚ ਸ਼ਾਇਦ ਇਸੇ ਵਲ ਸੰਕੇਤ ਹੈ .

ਏਕ ਸਹਾਈ ਤੂਲ੍ਹਣਾ ਮੂਲਾ ਗੁਰ ਕਾ ਸਿੱਖ

ਭੇਸ ਹਿੰਦੂ ਸਿੱਖ ਗੁਰੂ ਕਾ ਦੇਸਨ ਜੀਤੈ ਪਿਖ ।25।

(12) ਪੁਰਾਣੇ ਗਿਆਨੀ ਦੱਸਦੇ ਸਨ ਕਿ ਇਨ੍ਹਾਂ ਸਤਰਾਂ ਵਿਚ ਰਾਜਾ ਧਿਆਨ ਸਿੰਘ ਦੇ ਪੁੱਤਰ ਰਾਜਾ ਹੀਰਾ ਸਿੰਘ ਦਾ ਜ਼ਿਕਰ ਦ੍ਰਿਸ਼ਟਕੂਟ ਦੇ ਢੰਗ ਨਾਲ ਗੁਪਤ ਕੀਤਾ ਗਿਆ ਹੈਃ

ਜਿਉਂ ਹੀਰਾ ਨੂਤਨ ਮੁਕਤ, ਲਸੈ ਦੀਪ ਕੀ ਕਾਂਤ ।

ਕੂਟ ਅਰਥ ਸਿੱਖਨ ਵਰਜਿ, ਆਪ ਆਪ ਮੈਂ ਸ਼ਾਂਤ ।14। (ਸਾਖੀ 64)

ਹਸ ਕਰਿ ਪ੍ਰਭੁ ਜੀ ਤਬ ਕਹਾ, ਸਾਹਿਬ ਸਿੰਘ ਸੁਨ ਬਾਤ ।

ਸਿੰਘ ਲਸਨ ਹੀਰਾ ਮੁਕਤ, ਕਮੀ ਠਉਰ ਕਾਹੂੰ ਜਾਤ ।(ਸਾਖੀ 8●)

(13) 'ਸੌ ਸਾਖੀ' ਵਿੱਚ ਅਨੇਕ ਥਾਈ ਅੰਗਰੇਜ਼ਾਂ ਦਾ ਚਰਚਾ–ਗੋਰੇ, ਗੁਰਿੰਡ, ਫਿਰੰਗੀ ਜਾ ਮੋਨ ਕਹਿ ਕੇ ਕੀਤਾ ਗਿਆ ਹੈ । ਸਾਨੂੰ ਪਤਾ ਹੈ ਕਿ 18●9 ਈ. ਵਿੱਚ ਅੰਗਰੇਜਾਂ ਨੇ ਲੁਧਿਆਣੇ ਛਾਉਣੀ ਪਾਈ ਤੇ 1849 ਈਃ ਵਿਚ ਲਾਹੌਰ ਉਤੇ ਕਬਜ਼ਾ ਕਰਨ ਵਿੱਚ ਕਾਮਯਾਬ ਹੋ ਗਏ । ਇਸ ਨਾਲ ਪੰਜਾਬੀਆਂ ਨੂੰ ਬਹੁਤ ਕਸ਼ਟ ਹੋਇਆ ਤੇ ਸਿੱਖ ਖਾਸ ਕਰਕੇ ਦੁਖੀ ਹੋਏ । ਅੰਗਰੇਜਾਂ ਨੇ ਡੋਗਰੇ ਗੁਲਾਬ ਸਿੰਘ ਨੂੰ, 75 ਲੱਖ ਨਕਦ ਲੈ ਕੇ ਜੰਮੂ ਰਿਆਸਤ ਦਿੱਤੀ । ਇਸ ਬਾਰੇ ਸਾਖੀਕਾਰ ਕਹਿੰਦਾ ਹੈ ਕਿ ਫਿਰੰਗੀ ਬਾਣੀਏ, ਇਲਾਕਾ ਵੇਚ ਕੇ ਪਾਸੇ ਹੋ ਗਏ ।

...... ਮੇਰੀ ਸੰਗਤਿ ਸਿੱਖ ਦੁਖ ਪਾਵਾ । ਤਬੈ ਫਿਰੰਗੀ ਪ੍ਰਜਾ ਦੁਖਾਵਾ ।25।

ਰਾਜ ਰੀਤਿ ਮਮ ਪੰਕ ਨਿਵਾਰੈ । ਤਾਂ ਦਿਨ ਐਸੀ ਕਲਾ ਸਵਾਰੈ ।....।26।

ਬੇਚ ਦੇਸ ਕਰ ਜਾਂਹਿ ਫਿਰੰਗੀ । ਗਾਜੈਂਗੇ ਤਬ ਮੋਰ ਭੁਜੰਗੀ ।...।27। (ਸਾਖੀ 82)

ਘਰਿ ਘਰਿ ਉਠੇ ਉਦੇ ਗ਼ਜ਼ਬ, ਉੱਨੀ ਸਉ ਕੇ ਸਾਲ ।

ਮਾਰ ਗੁਰਿੰਡੀ ਕਰੈਂਗੇ, ਤਬੈ ਖਾਲਸਾ ਚਾਲ ।2●।

... ... ... ...

ਘਰਿ ਘਰਿ ਉਜਰੇ ਘਰਿ ਘਰਿ ਵਸੈ, ਘਰਿ ਘਰਿ ਰੋਵੈ ਨਾਰਿ।

ਘਰਿ ਘਰਿ ਪੂਜਾ ਘਰਿ ਘਰਿ ਮੰਡਪ, ਘਰਿ ਘਰਿ ਹੋਇ ਮਰਸਾਰ।22।(ਸਾਖੀ 8●)

ਮਾਰ ਕੂਟ ਪੂਰਵ ਤੇ ਆਵੈ ।ਸੈਨ ਪਿਆਦੀ ਈਸੇ ਪਾਵੈ ।

ਫਿਰੈਂ ਫਿਰੰਗੀ ਸਿੰਘਨ ਪੰਥ ।ਧਸੈਂ ਆਇ ਪ੍ਰਜਾ ਸਿਉਂ ਸੰਧ ।

'ਤੀਵੀਆਂ ਸਿੱਖਾਂ ਦੀਆਂ ਸੌਂਪਾਂਗਾ ਈਸੇ ਦੀ ਉਲਾਦ ਨੂੰ' ।(ਸਾਖੀ 23●

ਜਦੋਂ ਫਿਰੰਗੀਆਂ ਦਾ ਜ਼ੋਰ ਵਧ ਗਿਆ ਤਾਂ ਉਹ ਹਾਕਮ ਬਣ ਗਏ ਤੇ ਪੰਜਾਬੀ ਫੌਜੀ ਇਉਂ ਸੋਚਣ ਲਗੇ ਕਿ ਅਸੀਂ ਮੁੜ ਤਾਕਤ ਬਣਾਵਾਂਗੇ ਤੇ ਇਨ੍ਹਾਂ ਦੀਆਂ ਫਿਰੰਗਣਾਂ ਮਹਲੀਂ ਪਾਵਾਂਗੇ:

ਨਾਰਿ ਫਿਰੰਗਣ ਭੋਗੈਂ ਸਿੱਖ ਏਕ ।ਤਾਂ ਦਿਨ ਸਿੰਘ ਗਰਜ ਕੇ ਸੇਕ ।3●।(ਸਾਖੀ 82)

ਪਰ ਦੂਜੇ ਪਾਸੇ ਧਰਮੀ ਵਿਚਾਰਾਂ ਵਾਲੇ ਸਿੱਖ ਇਹ ਸੋਚਦੇ ਸਨ ਕਿ ਐਸਾ ਕਰਨਾ ਤੁਰਕ-ਰੀਤਿ ਹੈ ਤੇ ਇਸ ਨਾਲ ਧਰਮ ਦੀ ਹਾਨੀ ਹੋਵੇਗੀ :

ਨਾਰਿ ਫਿਰੰਗਣ ਸਿੱਖ ਮਮ, ਘਰ ਮੈ ਲੇਵੈਂ ਰਾਖ ।

ਧਰਮ ਮਲੇਛੀ ਵਧੈਂਗੋ, ਤੁਰਕ ਪਠਾਣੀ ਸਾਖ ।5।(ਸਾਖੀ 86)

ਇਸ ਸਾਰੀ ਚਰਚਾ ਰਾਹੀ ਅਸੀਂ ਇਹ ਤਰਕ ਪੇਸ਼ ਕਰ ਰਹੇ ਹਾਂ ਕਿ ਜਿਤਨੇ ਹਵਾਲੇ ਫਿਰੰਗੀਆਂ ਦੇ ਆਉਂਦੇ ਹਨ, ਉਹ ਸਿੱਧ ਕਰਦੇ ਹਨ ਕਿ ਇਹ ਪੋਥੀ ਅੰਗਰੇਜ਼ਾਂ ਦੇ ਪੰਜਾਬ-ਪ੍ਰਵੇਸ਼ ਤੋਂ ਬਾਦ ਹੀ ਵਜੂਦ ਵਿੱਚ ਆਈ ।

(14) ਸਾਖੀ ਨੰਬਰ 72 ਵਿੱਚ 'ਬੋਤਲ' ਸ਼ਬਦ ਆਇਆ ਹੈ ਜੋ ਕਿ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਅੰਗਰੇਜਾਂ ਦੇ ਆਉਣ ਨਾਲ ਹੀ ਬੋਤਲ ਆਈ, ਨਹੀਂ ਤਾਂ ਸਾਡੇ ਤਾਂ ਸ਼ਰਾਬ ਦੇ ਬਰਤਨਾਂ ਲਈ ਸੁਰਾਹੀ, ਜਾਮ, ਪਿਆਲਾ ਆਦਿ ਪਦ ਹੀ ਵਰਤੇ ਜਾਂਦੇ ਸਨ ।

ਇਹ ਜਾਂ ਅਜੇਹੀਆਂ ਗਵਾਹੀਆਂ ਤੋਂ ਸਿਧ ਹੈ ਕਿ 'ਸੌ ਸਾਖੀ' ਦਾ ਰਚਨਾ-ਕਾਲ ਠੀਕ ਉੱਨੀਵੀਂ ਸਦੀ ਹੀ ਹੈ ਕਿਉਂਕਿ ਉਪਰੋਕਤ ਸੰਕੇਤ ਇਸ ਗੱਲ ਦੀ ਤਸੱਲੀ ਲਈ ਕਾਫ਼ੀ ਹਨ ਕਿ ਇਹ ਨਾਮ ਜਾਂ ਹਵਾਲੇ ਐਵੇਂ ਨਹੀਂ ਆ ਗਏ ਹੈ , ਭੂਤ ਦੀਆਂ ਗੱਲਾਂ ਨੂੰ ਭਵਿਖਤ ਵਾਕਾਂ ਵਿਚ ਪ੍ਰੋ ਕੇ ਹੈਰਾਨੀ ਜ਼ਰੂਰ ਪੈਦਾ ਕੀਤੀ ਗਈ ਹੈ, ਪਰ ਅਸਲੀਅਤ ਆਪਣੇ ਆਪ ਉੱਘੜ ਆਉਂਦੀ ਹੈ ।ਉਤੇ ਅਸਾਂ ਦੋ ਤਿੰਨ ਹਵਾਲੇ ਐਸੇ ਵੀ ਦਿਤੇ ਹਨ ਜੋ 184● ਈ: ਤੋਂ ਬਾਦ ਦੇ ਹਨ ।ਹੋ ਸਕਦਾ ਹੈ ਇਹ ਇਸ਼ਾਰੇ ਕਿਸੇ ਹੋਰ ਵਿਅਕਤੀ ਵਲ ਹੋਣ ਤੇ ਸਾਨੂੰ ਉਨ੍ਹਾਂ ਦੀ ਸਹੀ ਪਛਾਣ ਨਾ ਆਈ ਹੋਵੇ ।

'ਸਾਖੀ ਪੋਥੀ' 184● ਈ: ਤੋਂ ਪਹਿਲਾਂ ਲਿਖੀ ਜਾ ਚੁਕੀ ਸੀ, ਇਸਦਾ ਸਬੂਤ 1893, 1894ਤੇ 1895 ਬਿ: ਦੇ ਲਿਖੇ ਖਰੜਿਆਂ ਤੋਂ ਵੀ ਮਿਲਦਾ ਹੈ ਜੋ 1836-

37 ਈ: ਦਾ ਸਮਾਂ ਬਣਦਾ ਹੈ । ਹਾਂ, ਅਜੇਹਾ ਮੰਨਣ ਵਿਚ ਸਾਨੂੰ ਕੋਈ ਇਤਰਾਜ਼ ਨਹੀਂ ਕਿ ਇਸ ਤੋਂ ਬਾਦ ਦੇ ਸਾਲਾਂ ਵਿਚ ਵੀ 'ਸੌ ਸਾਖੀ' ਅੰਦਰ ਕੁਝ ਪਰਿਵਰਤਨ ਹੁੰਦੇ ਰਹੇ ਤੇ ਨਾਮਧਾਰੀ ਲਹਿਰ ਸਮੇਂ ਤਾਂ ਕਈ ਕਿਸਮ ਦੀ ਅਦਲਾ-ਬਦਲੀ ਹੋਈ ।

## 'ਸੌ ਸਾਖੀ' ਦੀ ਹਕੀਕਤ

ਸਾਰੀ ਵਿਚਾਰ ਤੋਂ ਅਸੀਂ ਇਸ ਸਿਟੇ ਉਤੇ ਪਹੁੰਚਦੇ ਹਾਂ ਕਿ 'ਸੌ ਸਾਖੀ' ਗੁਰੂ ਗੋਬਿੰਦ ਸਿੰਘ ਕਿਰਤ ਨਹੀਂ ਤੇ ਨਾ ਹੀ ਇਹ ਹੁਣ ਵਾਲਾ ਰੂਪ ਭਾਈ ਸਾਹਿਬ ਸਿੰਘ ਲਿਖਤ ਹੈ । ਇਹ ਤਾਂ 'ਪੰਜ ਸੌ ਸਾਖੀ' ਨਾਮੀ ਵਡੇ ਗ੍ਰੰਥ ਵਿਚੋਂ 7●-8● ਸਾਖੀਆਂ ਲੈ ਕੇ ਤੇ ਫਿਰ ਇਸ ਵਿਚ 15-2● ਹੋਰ ਭਵਿਖਤ ਵਾਕਾਂ ਵਾਲੀਆਂ ਸਾਖੀਆਂ ਰਲਾ ਕੇ ਇਸ ਦੀ ਗਿਣਤੀ ਸੌ ਕੀਤੀ ਗਈ ਹੈ । 'ਪੰਜ ਸੌ ਸਾਖੀ' ਬਾਰੇ ਅਸੀਂ ਇਹ ਕਹਿ ਸਕਦੇ ਹਾਂ ਕਿ ਇਸ ਦੇ ਬਹੁਤੇ ਪ੍ਰਸੰਗ ਭਾਈ ਰਾਮ ਕੁਇਰ ਜੀ ਨੇ ਸਿੱਖਾਂ ਨੂੰ ਸੁਣਾਏ ਸਨ ਤੇ ਇਹ ਲਿਖਾਰੀ ਨੇ ਵਧੇਰੇ ਵਾਰਤਕ ਵਿਚ ਕਲਮਬੰਦ ਕੀਤੇ ਸਨ । ਲੇਕਿਨ ਮੌਜੂਦਾ 'ਸੌ ਸਾਖੀ' ਦਾ ਜੋ ਰੂਪ ਹੈ, ਉਹ ਮਹਾਰਾਜਾ ਰਣਜੀਤ ਸਿੰਘ ਦੇ ਜ਼ਮਾਨੇ,ਸ਼ਾਇਦ ਮੈਣ ਦੁਆਬ ਦੇ ਕਿਸੇ ਬ੍ਰਾਹਮਣ ਸਿੱਖ ਨੇ, ਜਿਸਦਾ ਨਾਂ ਮਥਰਾ ਦਾਸ ਹੈ-ਭਵਿਖਤ ਵਾਕਾਂ ਦੀ ਛੰਦਾਬੰਦੀ ਰਚ ਕੇ ਬਣਾਇਆ ਹੈ । ਅਸੀਂ ਅਨੁਮਾਨ ਨਾਲ ਕਹਿ ਸਕਦੇ ਹਾਂ ਕਿ 183●-4● ਈ: ਦੇ ਦਰਮਿਆਨ ਇਹ ਨਵਾਂ ਖਰੜਾ ਤਿਆਰ ਕੀਤਾ ਗਿਆ । ਇਸ ਵਿਚ ਚਤੁਰਾਈ ਇਹ ਵਰਤੀ ਗਈ ਕਿ ਅਨੇਕਾਂ ਹੋ ਬੀਤੀਆਂ ਘਟਨਾਵਾਂ ਨੂੰ ਭਵਿਖਤ ਵਾਕ-ਸ਼ੈਲੀ ਵਿਚ ਪਰੋਇਆ ਗਿਆ । ਫ਼ਿਰੰਗੀਆਂ ਦਾ ਚਰਚਾ ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਜਦੋਂ ਉਹ ਸਤਲੁਜ ਤੇ ਜਮਨਾ ਵਿਚਕਾਰ ਫਿਰਦੇ ਤੁਰਦੇ, ਇਤਨੇ ਜਾਣੇ-ਪਛਾਣੇ ਹੋ ਗਏ, ਤਾਂ ਹੀ ਉਨ੍ਹਾਂ ਬਾਰੇ ਕੋਈ ਗੱਲ ਕਹੀ ਜਾ ਸਕਦੀ ਸੀ । ਐਸਾ ਮੰਨਣ ਦੇ ਬਾਵਜੂਦ ਇਸ ਹਕੀਕਤ ਤੋਂ ਅਸੀਂ ਇਨਕਾਰੀ ਨਹੀਂ ਕਿ 'ਸੌ ਸਾਖੀ' ਦੀ ਬਹੁਤ ਸਾਮੱਗਰੀ 'ਪੰਜ ਸੌ ਸਾਖੀ' ਵਿਚੋਂ ਲਈ ਹੋਈ ਹੈ ਤੇ ਪੁਰਾਣੀ ਹੈ, ਪਰ ਇਹ ਵੀ ਮੰਨਣ ਵਾਲੀ ਗੱਲ ਹੈ ਕਿ ਇਸ ਸਾਖੀ ਪੋਥੀ ਦੀ ਪ੍ਰਸਿਧੀ ਉਤਨੀ ਗੁਰੂ ਸਾਹਿਬ ਦੀ ਪ੍ਰਸੰਗਾਵਲੀ ਕਰਕੇ ਨਹੀਂ ਜਿਤਨੀ ਕਿ ਪਿਛੋਂ ਲਿਖੇ ਭਵਿਖਤ ਵਾਕਾਂ ਕਰਕੇ ਹੋਈ ਹੈ । ਤੇ ਇਨ੍ਹਾਂ ਨੇ ਹੀ 'ਸੌ ਸਾਖੀ' ਨੂੰ ਬਹੁਤੀ ਸ਼ੁਹਰਤ ਤੇ ਵਡਿਆਈ ਪ੍ਰਦਾਨ ਕੀਤੀ । ਮਿਸਾਲ ਲਈ, ਜੇ ਇਸ ਦੇ ਦੋ ਭਾਗ ਕਰ ਲਈਏ ਤਾਂ ਪੂਰਬਾਰਧ ਵਾਲੀਆਂ ਪੰਜਾਹ ਸਾਖੀਆਂ ਵਿਚ 15 ਤੇ 17 ਨੰਬਰ ਸਾਖੀ ਪਿਛੋਂ ਘੜ ਕੇ ਪਾਈ ਗਈ ਹੈ ਤੇ ਉਤਰਾਰਧ ਵਾਲੇ ਭਾਗ ਵਿਚ 1●-15 ਸਾਖੀਆਂ ਹੋਰ ਮਿਲਾਈਆਂ ਗਈਆਂ ਹਨ ਤ ਐਸਾ ਮੰਨਣ ਵਿਚ ਵੀ ਕੋਈ ਸੰਕੋਚ ਨਹੀਂ ਕਿ ਇਸ ਤੋਂ ਪਿਛੋਂ ਵੀ ਥੋੜ੍ਹੀ ਬਹੁਤੀ ਅਦਲਾ-ਬਦਲੀ ਹੁੰਦੀ ਰਹੀ ।

ਆਖਰੀ ਸਾਖੀ ਵਿਚ ਤਾਂ ਸਾਫ਼ ਲਿਖਿਆ ਹੈ ਕਿ ਇਹ ਨਾਰਾਇਣ ਦਾਸ ਨੇ ਸੰਮਤ ਇੱਕੀ ਵਿਚ ਸ਼ਾਮਲ ਕੀਤੀ । ਇਹ 1822 ਦੀ ਥਾਂ 1921 ਬਿ: ਵਧੇਰੇ ਠੀਕ ਜਚਦਾ ਹੈ, ਜੋ ਕਿ 1864 ਈਸਵੀ ਮੁਤਾਬਿਕ ਹੈ। ਅੰਦਰਲੇ ਵਾਕਿਆਤ ਇਹ ਦਸਦੇ ਹਨ ਕਿ ਸ਼ਾਇਦ ਇਸ ਆਖਰੀ ਰੂਪ 1864 ਈ. ਵਿੱਚ ਹੀ ਮਿਲਿਆ ਹੋਵੇ । ਇਸ ਸੰਭਾਵਨਾ ਦੇ ਵਿਰੁੱਧ ਜਾਣ ਵਾਲੀ ਸਭ ਤੋਂ ਵੱਡੀ ਤਰਕ 1836-37 ਈ. ਲਿਖਤ ਖਰੜੇ ਹਨ, ਜਿਨ੍ਹਾਂ ਦੇ ਅਸਲੀ ਹੋਣ ਬਾਰੇ ਸੰਦੇਹ ਕੀਤਾ ਜਾ ਸਕਦਾ ਹੈ । ਪਰ ਜੇ ਅਸੀ ਇਨ੍ਹਾਂ ਬਾਰੇ ਸ਼ੱਕ ਨਾ ਵੀ ਕਰੀਏ ਤਾਂ 'ਸੌ ਸਾਖੀ' ਨੂੰ ਮਹਾਰਾਜਾ ਰਣਜੀਤ ਸਿੰਘ ਕਾਲ ਤੋਂ ਕਿਵੇਂ ਵੀ ਪਿਛਾਂਹ ਨਹੀਂ ਲਿਆਂਦਾ ਜਾ ਸਕਦਾ ।

## 'ਸੌ ਸਾਖੀ' ਤੇ ਨਿਹੰਗ ਸਿੰਘ

ਨਿਹੰਗ ਸਿੰਘ ਪਹਿਲਾਂ ਤੋਂ ਹੀ ਧਰਮ-ਯੁੱਧ ਦੀ ਮੋਹਰਲੀ ਕਤਾਰ ਦੇ ਨਿਰਭੈ ਸੰਗ੍ਰਾਮੀਏ ਰਹੇ ਹਨ । ਉਨ੍ਹਾਂ ਸਦਾ ਜਰਵਾਣਿਆਂ ਨੂੰ ਮਾਰ ਮਕਾਉਣ ਤੇ ਦੀਨਾਂ ਅਨਾਥਾਂ ਨੂੰ ਬਚਾਉਣ ਵਿੱਚ ਆਪਣੀ ਸ਼ਕਤੀ ਲਾਈ ਹੈ; 'ਮੋੜੀਂ ਬਾਬਾ ਕੱਛ ਵਾਲਿਆ' ਦਾ ਸੰਬੋਧਲ ਇਨ੍ਹਾਂ ਲਈ ਹੀ ਹੈ । ਇਹੋ ਲੋਕ ਸਨ ਜੋ ਹਮਲਾਵਰ ਕਾਬਲੀ ਪਠਾਣਾਂ ਨਾਲ ਟਾਕਰੇ ਲੈਂਦੇ ਤੇ ਉਨ੍ਹਾਂ ਨੂੰ ਮਾਰ ਖਦੇੜਦੇ ਰਹੇ । ਅਜੇਹੇ ਸਮੇਂ ਵੀ ਆਏ ਜਦੋਂ ਕਿ ਸਾਧਨਾਂ ਦੀ ਘਾਟ ਕਾਰਨ ਇਨ੍ਹਾਂ ਸੰਤ ਸਿਪਾਹੀਆਂ ਨੂੰ ਤਰ੍ਹਾਂ ਤਰ੍ਹਾਂ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ, ਪਰ ਇਹ ਆਪਣੇ ਆਦਰਸ਼ਾਂ 'ਤੇ ਡਟੇ ਰਹੇ ਤੇ ਦੇਸ਼ ਆਜ਼ਾਦ ਕਰਾ ਕੇ ਦਮ ਲਿਆ । ਜਦੋਂ ਇਹ ਦਰਮੇਸ਼ ਬਾਣੀ 'ਸਾਧ ਸਮੂਹ ਪ੍ਰਸੰਨ ਫਿਰੈਂ ਜਗ ਸਤ੍ਰ ਸਭੈ ਅਵਲੋਕ ਚਪੈਂਗੇ' ਪੜ੍ਹਦੇ ਤਾਂ ਇਨ੍ਹਾਂ ਦਾ ਨਿਸ਼ਚਾ ਹੋਰ ਬਲਵਾਨ ਹੋ ਜਾਂਦਾ । ਇਹ ਗੁਰੂ ਸਾਹਿਬ ਦੀਆਂ ਸਾਖੀਆਂ ਦੀ ਪੋਥੀ ਵੀ ਆਪਣੇ ਗਾਤਰੇ ਰੱਖਦੇ ਜੋ ਇਨ੍ਹਾਂ ਨੂੰ ਪ੍ਰੇਰਨਾ ਦਿੰਦੀ । ਜਦ ਇਹ 'ਸੌ ਸਾਖੀ' ਵਿਚੋਂ ਵਾਕ ਲੈਂਦੇ ਤਾਂ ਇਨ੍ਹਾਂ ਦਾ ਹੋਸਲਾ ਦੂਣਾ-ਚਉਣਾ ਹੋ ਜਾਂਦਾ । ਇਸ ਕਰਕੇ ਪੁਰਾਤਨ ਨਿਹੰਗ ਸਿੰਘ ਇਹ ਪੋਥੀ ਆਪਣੇ ਨਾਲ ਰੱਖਦੇ ਸਨ ਤੇ ਇਸ ਨੂੰ ਇਕ ਅਮੁੱਲਾ ਖ਼ਜ਼ਾਨਾਂ ਸਮਝਦੇ ਸਨ । ਇਹ ਜਾਂ ਅਜੇਹੀਆਂ ਸਤਰਾਂ ਉਨ੍ਹਾਂ ਦੇ ਸਾਹਸ ਵਿੱਚ ਵਾਧਾ ਕਰਦੀਆਂ ਸਨ :

ਮੁਗਲ ਪਠਾਣ । ਦਿੱਲੀ ਲਗ ਹਾਣ ।(27)

ਤੁਰਕ ਤਨਿਕ ਭਰ ਟਿਕਨ ਨਾ ਪਾਵੈਂ ।

ਸਿੰਘ ਮ੍ਹਾਰ ਪਸੂਅਨਿ ਸਮ ਖਾਵੈਂ ।(51)

ਆਠਮ ਸਾਲ ਸੁਹਵਣਾ ਗੰਗਾ ਬਰਸ ਪੰਚਾਸ ।

ਗਿਰਿ ਟੂਟੇ ਜਮਨਾ ਮਿਲੈ, ਗਹੈਂ ਭੁਝੰਗੀ ਬਾਸ ।(51)

ਬੇਚ ਦੇਸ ਕਰ ਜਾਂਇ ਫਿਰੰਗੀ ।

ਗਾਜੈਂਗੇ ਤਬ ਮੋਰ ਭੁਜੰਗੀ ।(82)

## 'ਸੌ ਸਾਖੀ' ਤੇ ਨਾਮਧਾਰੀ

'ਸੌ ਸਾਖੀ' ਦਾ ਬਹੁਤ ਪ੍ਰਚਾਰ ਤੇ ਪ੍ਰਸਾਰ ਨਾਮਧਾਰੀ ਲਹਿਰ(157-1772 ਈਸਵੀ) ਸਮੇਂ ਹਇਆ । ਚੂੰਕਿ ਬਾਬਾ ਰਾਮ ਸਿੰਘ ਜਿਥੇ ਸਿੱਖ ਸੰਗਤਾਂ ਨੂੰ ਨਾਮ-ਬਾਣੀ ਲਈ ਪ੍ਰੇਰਦੇ ਸਨ, ਉਥੇ ਰਾਜਸੀ ਜਾਗ੍ਰਤੀ ਲਈ ਵੀ ਸਾਵਧਾਨ ਕਰਦੇ ਸਨ, ਉਹਨਾਂ ਮਾਲਾ ਵੀ ਫੜਾਈ ਤੇ ਸੋਟਾ ਰੱਖਣ ਦੀ ਵੀ ਤਾਕੀਦ ਕੀਤੀ । 'ਸੌ ਸਾਖੀ' ਵਿਚ ਖ਼ਾਲਸਾ ਰਾਜ ਦੀ ਚੜ੍ਹਾਈ ਕਲਾ ਦੇ ਥਾਂ ਥਾਂ ਸੰਕੇਤ ਹਨ ਤੇ ਇਹ ਸੰਕੇਤ ਨਵੇਂ ਇਨਕਲਾਬੀਆਂ ਲਈ ਉਤਸ਼ਾਹ ਪ੍ਰਦਾਨ ਕਰਦੇ ਸਨ, ਇਿਸ ਕਰਕੇ ਨਾਮਧਾਰੀਆਂ ਵਿਚ 'ਸੌ ਸਾਖੀ' ਦਾ ਪ੍ਰਚਾਰ ਬਹੁਤ ਹੋਇਆ । ਇਹ ਕੇਵਲ ਧਰਮ-ਪੋਥੀ ਹੀ ਨਾ ਰਹੀ ਸਗੋਂ ਇਕ ਤਰ੍ਹਾਂ ਭਵਿਖਵਾਚੀ ਰਾਜ-ਪੋਥੀ ਵੀ ਬਣ ਗਈ । ਖ਼ੁਦ ਬਾਬਾ ਰਾਮ ਸਿੰਘ ਵੀ ਉਮਰ ਦੇ ਆਖ਼ਰੀ ਹਿਸੇ ਵਿਚ 'ਸੌ ਸਾਖੀ' ਦੇ ਬਚਨਾਂ ਉਤੇ ਬਹੁਤਾ ਭਰੋਸਾ ਕਰਨ ਲਗ ਪਏ ਸਨ । ਜਦੋਂ 1872 ਈਃ ਵਿਚ ਆਪ ਨੂੰ ਜਲਾਵਤਨ ਕਰਕੇ ਰੰਗੂਨ ਭੇਜ ਦਿਤਾ ਗਿਆ ਤੇ ਬਾਕੀ ਸਰਗਰਮ ਨਾਮਧਾਰੀਆਂ ਦੀ ਫੜੋ-ਫੜੀ ਹੋਈ ਤਾਂ ਅੰਗਰੇਜ਼ਾਂ ਨੇ 'ਸੌ ਸਾਖੀ' ਦੀ ਪੋਥੀ ਜਿਥੋਂ ਕਿਤੋਂ ਮਿਲੀ, ਜ਼ਬਤ ਕਰ ਲਈ ਸਰਕਾਰ ਦੀ ਇਸ ਮਾਰੂ ਨੀਤੀ ਦਾ ਲੋਕਾਂ ਉਤੇ ਮੰਦਾ ਅਸਰ ਹੋਇਆ । ਕਈ ਪੁਰਾਣੇ ਸਰਦਾਰ ਘਰਾਣਿਆਂ ਨੇ ਆਪਣੀਆਂ ਕਿਤਾਬਾਂ ਸਾੜ ਫੂਕ ਦਿਤੀਆਂ ਤੇ ਕਈਆਂ ਇਧਰ-ਉਧਰ ਸੁਟ ਦਿਤੀਆਂ । ਮੈਂ ਬਾਬਾ ਹਾਕਮ ਸਿੰਘ ਦਰਵੇਸ਼ ਬਾਰੇ ਕੁਝ ਹਾਲਤ ਜਾਣਨ ਲਈ, ਜਦ ਕਿਲ੍ਹਾ ਰਾਇਪੁਰ ਗਿਆ ਤਾਂ ਉਥੇ ਪੁਰਾਣੇ ਬਜ਼ੁਰਗਾਂ ਮੈਨੂੰ ਦਸਿਆ ਕਿ ਦਰਵੇਸ਼ ਜੀ ਪਾਸ ਬਹੁਤ ਹੱਥ- ਲਿਖਤ ਹੈ ਗ੍ਰੰਥ ਸਨ । ਜਦੋਂ ਅੰਗਰੇਜ਼ਾਂ ਨੇ 'ਸੌ ਸਾਖੀ' ਦੀ ਭਾਲ ਕਰਨੀ ਸ਼ੁਰੂ ਕੀਤੀ ਤੇ ਇਹਨਾਂ ਦੇ ਪਰਿਵਾਰ ਦੇ ਬੰਦਿਆਂ ਸਾਰੀਆਂ ਪੋਥੀਆਂ ਦਾ ਗੱਡਾ ਭਰ ਕੇ ਰੂੜੀ 'ਤੇ ਜਾ ਸੁਟਿਆ ।

ਸੋ, ਨਾਮਧਾਰੀ ਲਹਿਰ ਸਮੇਂ 'ਸੌ ਸਾਖੀ' ਦੀ ਵਰਤੋਂ ਚੰਗੀ ਮਾਤਰਾ ਵਿਚ ਹੋਈ ਤੇ ਚੰਗੀ ਹੋਈ, ਪਰ ਪਿਛੋਂ ਕੁਝ ਅਖੌਤੀ ਆਲਮਾਂ ਇਸ ਦੀ ਕੁਵਰਤੋਂ ਵੀ ਕੀਤੀ , ਜੋ ਸਿੱਖਾਂ ਤ ਨਾਮਧਾਰੀਆਂ ਵਿਚ ਭਿੰਨ-ਭੇਦ ਵਧਾਉਣ ਦਾ ਕਾਰਣ ਬਣੀ । ਗੁਰਤਾ ਦਾ ਢੁਕਵੰਜ ਤਾਂ ਬਹੁਤ ਲੋਕਾਂ ਰਚਿਆ ਹੋਇਆ ਹੈ, ਪਰ ਨਾਮਧਾਰੀਆਂ ਦੀ ਵੱਡੀ ਭੁੱਲ ਇਹ ਹੈ ਕਿ ਇਹ ਇਸਨੂੰ ਦਸ ਗੁਰੂ-ਪਰੰਪਰਾ ਨਾਲ ਜੋੜ ਕੇ ਦਸਦੇ ਹਨ । 193● ਈਃ ਤੋਂ ਬਾਦ ਕੁਝ ਸਾਜ਼ਸੀ ਲੇਖਕਾਂ ਨੇ ਨਵੀਆਂ ਧਾਰਨਾਵਾਂ ਘੜੀਆਂ

ਤੇ ਉਸਦੀ ਪੁਸ਼ਟੀ ਲਈ 'ਸੌ ਸਾਖੀ' ਦੇ ਹਵਾਲੇ ਵੀ ਗ਼ਲਤ ਮਲਤ ਵਰਤੇ, ਜਿਵੇਂ ਕਿ:

(1) ਗੁਰੂ ਗੋਬਿੰਦ ਸਿੰਘ 1765 ਬਿ: ਨੂੰ ਨਾਂਦੇੜ ਜੋਤੀ ਜੋਤਿ ਨਹੀ ਸਮਾਏ, ਸਗੋਂ ਬਾਬਾ ਅਜਾਪਾਲ ਸਿੰਘ ਦੇ ਰੂਪ ਵਿਚ ਨਾਭੇ ਦੀ ਝਿੜੀ ਵਿਚ ਕਿਤੇ ਗੁਪਤ ਰਹਿੰਦੇ ਰਹੇ ਤੇ ਉਨ੍ਹਾਂ 1869 ਬਿ: ਵਿਚ ਸਰੀਰ ਤਿਆਗਿਆ ।

(2) ਬਾਬਾ ਅਜਾਪਾਲ ਸਿੰਘ ਜੀ ਨੇ ਗੁਰਿਆਈ ਦੀ ਗੱਦੀ ਭਾਈ ਬਾਲਕ ਸਿੰਘ ਹਜਰੋਂ ਵਾਲਿਆਂ ਨੂੰ ਦਿਤੀ ।

(3) ਭਾਈ ਬਾਲਕ ਸਿੰਘ ਜੀ ਨੇ ਅੱਗੋਂ ਗੱਦੀ ਭਾਈ ਰਾਮ ਸਿੰਘ ਜੀ ਨਾਮਧਾਰੀ ਆਗੂ ਨੂੰ ਸੌਂਪੀ ।

ਇਹ ਸਾਰੀਆਂ ਗੱਲਾਂ ਮਨੋ-ਕਲਪਿਤ ਹਨ, ਇਤਿਹਾਸ ਇਹਨਾਂ ਦੀ ਪੁਸ਼ਟੀ ਨਹੀਂ ਕਰਦਾ ਅਤੇ ਨਾ ਹੀ 'ਸੌ ਸਾਖੀ' ਇਹਨਾਂ ਦੀ ਤਸਦੀਕ ਕਰਦੀ ਹੈ ।

(1) 'ਸੌ ਸਾਖੀ' ਵਿਚ ਸ੍ਰੀ ਦਸਮੇਸ਼ ਜੀ ਦਾ ਜੋਤੀ ਜੋਤਿ ਸਮਾਉਣਾ ਸਾਫ਼ ਲਿਖਿਆ ਹੈ । ਸਾਖੀਕਾਰ ਕਹਿੰਦਾ ਹੈ ਕਿ ਸਤਿਗੁਰਾਂ ਦੇਹੀ ਇਉਂ ਤਿਆਗ ਦਿਤੀ ਜਿਵੇਂ ਸੱਪ ਕੁੰਜ ਉਤਾਰ ਦਿੰਦਾ ਹੈ:

ਨੈਕੁ ਮੋਰ ਵਪੁ ਟੇਕ ਟਿਕ, ਧਿਆਨ ਤ੍ਰਿਕੁਟੀ ਸਾਧਿ ।

ਛੋਡ ਦੇ ਨਿਆਰੇ ਭਏ, ਭੋਗੀ ਕਾਂਚ ਉਪਾਧਿ ।6। (ਸਾਖੀ 99)

ਜਦ ਗੁਰੂ ਸਾਹਿਬ ਨੇ ਸਰੀਰ ਤਿਆਗ ਦਿਤਾ ਤਾਂ ਫਿਰ ਬਾਬਾ ਅਜਾਪਲ ਸਿੰਘ ਦੇ ਰੂਪ ਵਿਚ ਰਹਿ ਕੇ ਵਿਚਰਨ ਵਾਲੀ ਗੱਲ ਤਾਂ ਬਿਲਕੁਲ ਨਿਰਮੂਲ ਬਣ ਜਾਂਦੀ ਹੈ ।

(2) ਭਾਈ ਬਾਲਕ ਸਿੰਘ ਪੱਛਮੀ ਪੰਜਾਬ ਦੇ ਰਹਿਣ ਵਾਲੇ ਸਨ ਤੇ ਬਾਬਾ ਅਜਾਪਾਲ ਸਿੰਘ ਪੂਰਬੀ ਪੰਜਾਬ ਵਿਚ ਨਾਭੇ ਰਹੇ, ਇਹਨਾਂ ਦਾ ਕਦੀ ਕਿਤੇ ਮੇਲ ਨਹੀਂ ਹੋਇਆ ਤੇ ਨਾ ਹੀ ਇਸ ਸਵਾਲ ਹੀ ਪੈਦਾ ਨਹੀਂ ਹੁੰਦਾ । ਹਾਂ, ਇਹ ਜ਼ਿਕਰ ਜ਼ਰੂਰ ਮਿਲਦਾ ਹੈ ਕਿ ਬਾਬਾ ਅਜਾਪਾਲ ਸਿੰਘ ਜੀ ਦੇ ਦੇਹਾਂਤ ਬਾਦ ਭਾਈ ਕਾਨ੍ਹ ਸਿੰਘ ਨਾਭਾ ਦੇ ਦਾਦੇ -ਬਾਬਾ ਸਵਰੂਪ ਸਿੰਘ ਜੀ-ਇਸ ਡੇਰੇ ਦੇ ਮਹੰਤ ਥਾਪੇ ਗਏ ਤੇ ਪਿਛੋਂ ਵੀ ਮਹੰਤੀ ਇਸੇ ਖ਼ਾਨਦਾਨ ਪਾਸ ਰਹੀ।

ਭਾਈ ਬਾਲਕ ਸਿੰਘ ਅਟਕ ਲਾਗੇ ਪਿੰਡ ਛੋਈ ਦੇ ਜੰਮ-ਪਲ ਸਨ । ਗਿ: ਗਿਆਨ ਸਿੰਘ ਜੀ ਵਲੋਂ ਆਪ ਦਾ ਜਨਮ-ਸੰਮਤ 1856 ਬਿਕ੍ਰਮੀ ਦਿਤਾ ਸਹੀ ਹੈ ਤੇ ਦੇਹਾਂਤ 1919 ਬਿ: ।

ਅਟਕ ਦਰਿਆਉ ਤਟ ਛੋਈ ਨਾਮ ਗਾਮ ਭਣ,

ਬਾਲਕ ਮ੍ਰਿਗੇਸ਼ ਲੀਓ ਜਨਮ ਜਹਾਨ ਹੈ ।

ਠਾਰਾਂ ਸੈ ਛਿਪੰਜੇ ਹੋੜਾ ਭਗਤ ਅਮੋੜਾ ਰੋੜਾ,

ਕੀਓ ਨ ਭਜਨ ਥੋੜ ਜਾਂਤ ਪਾਯੋ ਮਾਨ ਹੈ । (ਪੰਥ ਪ੍ਰਕਾਸ਼, ਆਇਆਇ 113)

ਪਰੰਤੂ ਨਾਮਧਾਰੀ ਵੀਰਾਂ ਨੇ ਇਹ ਸੰਮਤ 184● ਬਿ: ਕਰ ਦਿਤਾ ਤੇ ਹਵਾਲਾ 'ਸੌ ਸਾਖੀ' ਦਾ ਉਹ ਵਰਤਿਆ ਜਿਸ ਦਾ ਭਾਈ ਬਾਲਕ ਸਿੰਘ ਜੀ ਨਾਲ ਕੋਈ ਸੰਬੰਧ ਹੀ ਨਹੀਂ ਬਣਦਾ :

ਸੋ ਪੂਰਨ ਜਬ ਹੋਇ ਅਠਾਰਾ ।

ਹਮ ਬਪੁ ਆਨਿ ਚਾਲਿਸਾ ਧਾਰਾ ।(ਸਾਖੀ 15)

ਇਹ ਤਬਦੀਲੀ ਇਸ ਲਈ ਕੀਤੀ ਗਈ ਕਿਉਂਕਿ ਬਾਬਾ ਅਜਾਪਾਲ ਸਿੰਘ ਦਾ ਦੇਹਾਂਤ 1869 ਬਿ: (14 ਜੂਨ 1812 ਈ:) ਵਿਚ ਹੋਇਆ ਸੀ । 1856 ਬਿ: ਜਨਮ-ਸੰਮਤ ਮੰਨ ਕੇ ਭਾਈ ਬਾਲਕ ਸਿੰਘ ਦੀ ਉਮਰ ਮਸਾਂ ਉਦੋਂ 1213 ਸਾਲ ਬਣਦੀ ਸੀ, ਇਸ ਕਰਕੇ ਬਿਨਾ ਕਿਸੇ ਇਤਿਹਾਸਕ ਹਵਾਲੇ ਦੇ ਇਹ ਜਨਮ ਸਾਲ 184● ਬਿ: ਕਰ ਲਿਆ ਤੇ 'ਸੌ ਸਾਖੀ' ਦਾ ਉਪਰੋਕਤ ਪ੍ਰਮਾਣ ਵਰਤ ਲਿਆ ਜਿਸ ਦਾ ਕਿ ਇਸ ਨਾਲ ਕੋਈ ਵਾਸਤਾ ਹੀ ਨਹੀਂ । ਨਾਮਧਾਰੀ ਲੇਖਕਾਂ ਨੇ ਕੇਵਲ ਲੜੀ ਜੋੜਨ ਦੇ ਖ਼ਿਆਲ ਨਾਲ ਇਹ ਗੋਂਦ, ਜਦੋਂ ਕਿ ਉਨ੍ਹਾਂ ਦੇ ਪੁਰਾਣੇ ਗ੍ਰੰਥ ਵੀ ਇਸ ਬਾਰੇ ਚੁਪ ਹਨ । ਇਕ ਗੱਲ ਹੋਰ, ਭਾਈ ਬਾਲਕ ਸਿੰਘ ਬਤਰਾ ਗੋਤ ਦੇ ਅਰੋੜੇ ਸਨ, ਜੋ ਛੋਈ ਪਿੰਡ ਵਿਚ ਜਨਮੇ ਤੇ ਵਧੇਰੇ ਹਜਰੋਂ ਨਿਵਾਸ ਕਰਦੇ ਰਹੇ, ਲੇਕਿਨ 'ਸੌ ਸਾਖੀ' ਵਿਚ ਜਿਥੇ ਕਿਤੇ ਗੁਰੂ ਸਾਹਿਬ ਦੇ ਮੁਖੋਂ ਇਹ ਕਹਾਇਆ ਹੈ ਕਿ ਮੈਂ ਗਿਆਰ੍ਹਵੀਂ ਵਾਰ ਦੇਹ ਧਾਰ ਕੇ ਆਵਾਂਗਾ, ਉਥੇ ਸਾਫ਼ ਲਿਖਿਆ ਹੈ ਕਿ ਮੈਂ ਬ੍ਰਾਹਮਣ ਦੇ ਘਰ ਜਨਮ ਲਵਾਂਗਾ ਤੇ ਰਾਮਦਾਸਪੁਰੇ ਅੰਮ੍ਰਿਤਸਰ ਆ ਕੇ ਅਵਤਾਰਾਂਗਾ :

ਇਹ ਬਿਧਿ ਸਿੱਖ ਸਭ ਭਾਖ ਸੁਨਾਈ ।

ਹਮ ਅਵਤਰੈ ਬਿਪ੍ਰ ਗ੍ਰਿਹ ਜਾਈ ।(ਸਾਖੀ 15)

'ਸੌ ਸਾਖੀ' ਦਾ ਬ੍ਰਾਹਮਣ ਲੇਖਕ, ਗੁਰੂ ਸਾਹਿਬ ਦਾ ਬ੍ਰਾਹਮਣ ਦੇ ਘਰ ਅਵਤਾਰ ਲੈਣਾ ਦਸਦਾ ਹੈ ਤੇ ਇਹ ਸੱਜਣ ਇਹ ਸਤਰਾਂ ਪਾਸੇ ਲਾ ਕੇ ਖ਼ੁਸ਼ ਹੁੰਦੇ ਹਨ, ਲੇਕਿਨ ਗੱਲ ਕੋਈ ਵੀ ਨਹੀਂ । 'ਸੌ ਸਾਖੀ' ਵਿਚ ਕਈ ਥਾਂ ਮੁੜ ਅਵਤਾਰ ਧਾਰਨ ਦਾ ਜ਼ਿਕਰ ਹੈ ਤੇ ਗਿਆਰ੍ਹਵਾਂ ਸਰੂਪ ਗੁਰੂ ਗ੍ਰੰਥ ਸਾਹਿਬ ਜਾਂ ਖ਼ਾਲਸੇ ਨੂੰ ਕਿਹਾ ਹੈ :

(1) ਦਸ ਅਵਤਾਰ ਗੁਰ ਏਕ ਸਮ, ਇਉਂ ਜਾਨੈ ਜਿਉਂ ਮੇਰੁ ।

ਏਕਾਦਸ ਗੁਰ ਗ੍ਰੰਥ ਜੀ, ਬਾਣੀ ਸਤਿਗੁਰ ਹੇਰ ।3।(ਸਾਖੀ 78)

(2) ਅਤੇ ਪੁਛਿਆ, ਸਾਹਿਬ ਜੀ! ਗੁਰੂ ਕਾ ਭੀ ਤਬ ਦਰਸ਼ਨ ਹੋਏਗਾ ?

ਬਚਨ ਹੂਆ-ਖਾਲਸੇ ਮੈਂ ਹਉ ਅਵਤਰਾਂਗਾ ।(ਸਾਖਹ 59)

(3) ਹਮ ਭੀ ਅੰਮ੍ਰਿਤਸਰ ਰਾਮਸਰ ਕੀ ਭਾਵਨੀ ਰੱਖਦੇ ਹਾਂ, ਤਹਾਂ ਉਤਰੈਂਗੇ ਗਿਆਰ੍ਹਵੀਂ ਵੇਰ੍ਹ,

ਆਪਣੀ ਖੇਤ੍ਰੀ ਖਾਲਸੇ ਨੂੰ ਸਮਾਲਣ। ਕੋਈ ਨਾ ਜਾਣ ਸਕੇਗਾ ।(ਸਾਖੀ 64)

(4) ਸਹਸ ਅਠੱਤੀ ਕਲੂ ਗਤਿ, ਹਰਿ ਕਲਕੀ ਅਵਤਾਰ।

ਤਾਂ ਦਿਨ ਹਮ ਭੀ ਆਵਸੀ, ਹੁਇ ਅਵਸ ਅਸਵਾਰ ।25।(ਸਾਖੀ 6●)

(5) ਹਮਰੈ ਦੇਖਤਿ ਇਹ ਕਰੈ, ਹੁਕਮ ਖਾਲਸਾ ਆਨ।

ਹਮ ਭੀ ਵਪੁ ਧਾਰੈਂ ਅਵਰਿ, ਕਰੈਂ ਫਿਰੰਗੀ ਹਾਨ ।4।(ਸਾਖੀ 96)

ਸੋ, ਇਹ ਉਤਸ਼ਾਹ-ਜਨਕ ਫ਼ਰਮਾਨ ਹਨ ਕਿ ਖ਼ਾਲਸਾ ਜੀ ! ਚਿੰਤਾ ਨਹੀਂ ਕਰਨਾ, ਮੈਂ ਖ਼ੁਦ ਆਵਾਂਗਾ । ਨਾਮਧਾਰੀ ਵੀਰਾਂ ਨੇ ਇਨ੍ਹਾਂ ਨੂੰ ਭਾਈ ਬਾਲਕ ਸਿੰਘ ਜਾਂ ਬਾਬਾ ਰਾਮ ਸਿੰਘ ਨਾਲ ਲਾਉਣ ਦਾ ਨਿਰਾਰਥਕ ਜਤਨ ਕੀਤਾ ਹੈ ।

'ਗਰੁੰਡਨਾਮਾ' ਇਕ ਹੋਰ ਰਚਨਾ ਹੈ, ਇਸ ਵਿਚ ਗਿਆਰ੍ਹਵਾਂ ਜਾਮਾ ਧਾਰ ਕੇ ਬੀਜਾਪੁਰ (ਕਰਨਾਟਕ) ਆਉਣਾ ਲਿਖਿਆ ਹੈ, ਹਜਰੋਂ ਜਾਂ ਭੈਣੀ ਨਹੀਂ ।

ਜਾਮੈ ਧਾਰੈ ਦਸਮ ਗੁਰ, ਨਵ ਸੱਤ ਕਲਾ ਸੁ ਧਾਰਿ ।

ਗੁਪਤ ਗਯਾਰ੍ਹਵਾਂ ਖੇਲਿਆ, ਕਿਨਹੂੰ ਨ ਪਾਯੋ ਪਾਰਿ ।6।

ਜਾਮਾ ਪਹਿਰ ਗਯਾਰ੍ਹਵਾਂ, ਬੀਜਾਪੁਰ ਕੇ ਮਾਂਹਿ ।

ਸੰਗਤਿ ਮਿਲੀ ਕ੍ਰੋੜ ਦੁਇ, ਦਰਸ ਦਿਖਾਯੋ ਤਾਂਹਿ ।7।

ਭਾਈ ਬਾਲਕ ਸਿੰਘ ਜੀ ਬਾਰੇ ਸਭ ਤੋ ਪੁਰਾਤਨ ਲਿਖਤ, ਹਜਰੋਂ ਨਿਵਾਸੀ ਕਵੀ ਸ਼ੌਂਕਾ ਰਾਮ ਦੀ ਕਿਰਤ 'ਸੀਹਰਫੀ ਭਾਈ ਬਾਲਕ ਸਿੰਘ' ਹੈ । ਜੋ ਕਿ 1869 ਈ: ਵਿਚ ਛਪੀ । ਇਸ ਵਿਚ ਕਵੀ ਨੇ ਆਪ ਦੀ ਭਜਨੀਕ ਬਿਰਤੀ ਦੀ ਚੰਗੀ ਸ਼ਲਾਘਾ ਕੀਤੀ ਹੈ ਲੇਕਿਨ ਥਾਂ ਥਾਂ ਆਪ ਲਈ 'ਭਾਈ' ਪਦ ਹੀ ਵਰਤਿਆ ਹੈ :

ਰੱਬ ਮਿਹਰਵਾਨੀ ਨਾਲ ਤੋੜ ਚਾੜ੍ਹੇ,

ਬੈਂਤ ਜੋੜਿ ਸੁਣਾਵਾਂ ਸ਼ਿਤਾਬ ਲੋਕੋ ।

ਕਰਾਂ ਸਿਫਤ ਭਾਈ ਬਾਲਕ ਸਿੰਘ ਜੀ ਦੀ,

ਹਰਫ ਕੋਈ ਨ ਹੋਵੇ ਖਰਾਬ ਲੋਕੋ ।'

'ਮਿਤੀ ਮੱਘਰੋਂ ਉਨੀਸ ਸੰਗ ਉਨੀ ਸੈ ਉਨੀਸ ਲਗੀ,

ਥਿਤ ਪੂਰਨਮਾਸ਼ੀ ਅਉਰ ਦਿਨ ਮੰਗਲਵਾਰ ਜੀ ।
ਕਹੈ ਸ਼ਉਕਾਰਾਮ ਭਾਈ ਗਏ ਸੁਰਗ ਧਾਮ,
ਸ਼ੁਭ ਹੋਏ ਸਭ ਕਾਮ, ਇਉਂ ਮਨ ਮੈਂ ਬਿਚਾਰ ਜੀ ।9।

ਸ਼ੌਂਕਾ ਰਾਮ ਨੇ ਜਿਥੇ ਭਾਈ ਜੀ ਦੇ ਦੇਹਾਂਤ ਦਾ ਸਾਰਾ ਹਾਲ ਲਿਖਿਆ ਹੈ, ਉਥੇ ਅਜੇਹਾ ਕੋਈ ਜ਼ਿਕਰ ਨਹੀਂ ਕਿ ਉਨ੍ਹਾਂ ਭਾਈ ਰਾਮ ਸਿੰਘ ਨੂੰ ਗੱਦੀ ਦਿਤੀ । ਇਹ ਤਾਂ ਲਿਖਿਆ ਹੈ ਕਿ ਭਾਈ ਜੀ ਦੇ ਦੇਹਾਂਤ ਬਾਦ ਸਸਕਾਰ ਕੀਤਾ ਗਿਆ ਤੇ ਆਪ ਦਾ ਛੋਟਾ ਭਾਈ ਮੰਨਾ ਸਿੰਘ ਫੂਲ ਲੈ ਕੇ ਰਾਵਲਪਿੰਡੀ ਪੁਜਾ ਤੇ ਉਥੋਂ ਵਜ਼ੀਰਾਬਾਦ ਹੀ ਭਾਈ ਰਾਮ ਸਿੰਘ ਕੁਝ ਸੰਗੀ ਸਾਥੀਆਂ ਸਮੇਤ ਆ ਕੇ ਮਿਲੇ ।ਕਵੀ ਲਿਖਦਾ ਹੈ :

ਉਥੇ ਮਿਲਣ ਆਯਾ ਰਾਮ ਸਿੰਘ ਭਾਈ, ਮੰਨੀ ਸਿੰਘ ਨੂੰ ਫਤਿਹ ਬੁਲਾਉਂਦਾ ਈ ।
ਸ਼ਉਕਾਰਾਮ ਹੈ ਸਿਖ ਬਿਅੰਤ ਉਸਦਾ, ਸਭੇ ਆਪਣੇ ਨਾਲਿ ਲਿਆਉਂਦਾ ਈ ।(41)

ਭਾਈ ਰਾਮ ਸਿੰਘ ਚੂੰਕਿ ਬਾਬਾ ਬਾਲਕ ਸਿੰਘ ਜੀ ਦੇ ਸ਼ਰਧਾਲੂ ਸਨ, ਇਸ ਕਰਕੇ ਉਨ੍ਹਾਂ ਕੁਝ ਰੁਪਏ ਦਿਤੇ ਤੇ 15 ਸਾਥੀ ਆਪਣੇ ਨਾਲ ਤੋਰੇ । ਭਾਈ ਮੰਨਾ ਸਿੰਘ ਫੂਲ ਲੈ ਕੇ ਹਰਿਦੁਆਰ ਗਿਆ ਤੇ ਪਿਛੇ ਭਾਈ ਰਾਮ ਸਿੰਘ ਨੇ ਉਨ੍ਹਾਂ ਨਮਿਤ ਪਾਠ ਰਖਾ ਦਿਤਾ :

ਮੰਨਾ ਸਿੰਘ ਕਿਹਾ ਰਾਮ ਸਿੰਘ ਜੀ ਨੂੰ, 'ਗੰਗਾ' ਜਾਵਣੇ ਤੇ ਹੈ ਦਿਲ ਮੇਰਾ ।
ਅਗੇ ਆਪ ਨੂੰ ਅਸੀਂ ਉਡੀਕਦੇ ਸਾਂ, ਹੁਣ ਦੇਖਦੇ ਰਾਸਤਾ ਲੋਕ ਮੇਰਾ ।
ਰਾਮ ਸਿੰਘ ਕਿਹਾ, 'ਸੁਣੋ ਭਾਈ ਸਾਹਬ, ਮੈਨੂੰ ਜਾਣ ਲੇਉ ਆਪਣਾ ਸਿਖ ਚੇਰਾ ।
ਸ਼ੌਂਕਾਰਾਮ ਜੇ ਗ੍ਰੰਥਾਂ ਦਾ ਭੋਗ ਪੈਸੀ, ਤਦ ਕਰਾਂਗਾ ਭਾਈ ਜੀ ਕੂਚ ਡੇਰਾ । (45)

ਇਸ 62 ਛੰਦਾਂ ਦੀ ਰਚਨਾ ਵਿਚ ਨਾ ਤਾਂ ਬਾਲਕ ਸਿੰਘ ਜੀ ਨੂੰ ਕਿਤੇ ਗੁਰੂ ਲਿਖਿਆ ਹੈ ਤੇ ਨਾ ਹੀ ਰਾਮ ਸਿੰਘ ਜੀ ਨੂੰ ਗੁਰਤਾ ਦੇਣ ਦੀ ਗੱਲ । ਸਗੋਂ ਥਾਂ ਥਾਂ ਦੋਹਾਂ ਮਹਾਂਪੁਰਸ਼ਾਂ ਲਈ 'ਭਾਈ' ਪਦ ਦੀ ਹੀ ਵਰਤੋਂ ਕੀਤੀ ਹੈ । ਇਥੇ ਇਹ ਵੀ ਵਰਣਨਯੋਗ ਹੈ ਕਿ ਭਾਈ ਬਾਲਕ ਸਿੰਘ, ਪਿਛੋਂ ਭਾਈ ਮੰਨਾ ਸਿੰਘ, ਤੇ ਭਾਈ ਮੰਨਾ ਸਿੰਘ ਦਾ ਸਪੁੱਤਰ ਭਾਈ ਕਾਨ੍ਹ ਸਿੰਘ, ਉਧਰ ਪ੍ਰਚਾਰ ਦਾ ਕੰਮ ਚਲਾਉਂਦੇ ਰਹੇ ।

## (3) ਬਾਬਾ ਰਾਮ ਸਿੰਘ

(ੳ) ਸੌ ਸਾਖੀ ਦੀ ਇਹ ਸਤਰ ਨਾਮਧਾਰੀ ਮੰਨਤਾ ਦੀ ਜਿੰਦ-ਜਾਨ ਹੈ ਯ

ਰਿਲਪੁਰ ਬੀਚ ਬਾਢੀ ਸੁਤ ਹੋਈ । ਬਲੂਆ ਰਾਜ ਕਰੈਗਾ ਸੋਈ । (ਸਾਖੀ 15)

ਇਹ ਠੀਕ ਹੈ ਕਿ ਬਾਬਾ ਰਾਮ ਸਿੰਘ ਦਾ ਜਨਮ ਭਾਈ ਜੱਸਾ ਸਿੰਘ ਤਰਖਾਣ ਦੇ ਘਰ ਮਾਈ ਸਦਾ ਕੌਰ ਦੀ ਕੁਖੋਂ, ਪਿੰਡ ਅਰਾਈਆਂ ਵਿਚ ਮਾਘ ਸੁਦੀ 5, 1872 ਬਿ: ਨੂੰ ਹੋਇਆ । ਉਦੋਂ ਅਰਾਈਆਂ ਤੇ ਭੈਣੀ ਦੋ ਛੋਟੇ ਛੋਟੇ ਮਾਜਰੇ ਸਨ, ਜਿਨ੍ਹਾਂ ਨੂੰ ਕਈ ਵੇਰ ਇਕੱਠਿਆਂ ਹੀ 'ਭੈਣੀ ਅਰਾਈਆਂ' ਕਹਿ ਦਿਤਾ ਜਾਂਦਾ ਸੀ । ਜਦ ਇਹ ਕੂਕਾ ਲਹਿਰ ਦਾ ਕੇਂਦਰ ਹੋ ਗਿਆ ਤਾਂ ਇਸ ਨੂੰ 'ਭੈਣੀ ਕੂਕਿਆਂ ਦੀ' ਕਿਹਾ ਜਾਣ ਲਗਾ । ਬਾਬਾ ਰਾਮ ਸਿੰਘ ਜੀ ਦੀਆਂ ਚਿਠੀਆਂ ਵਿਚ ਇਸਨੂੰ 'ਭੈਣੀ ਭੂੰਦੜ' ਕਰਕੇ ਲਿਖਿਆ ਹੈ । ਪਰ ਇਹ ਕਿਸੇ ਪਰਾਤਨ ਲਿਖਤੀ ਹਵਾਲੇ ਨਾਲ ਸਿੱਧ ਨਹੀਂ ਕਿ ਇਸ ਪਿੰਡ ਦਾ ਨਾਂ ਕਦੀ ਰਿਲਪੁਰ ਵੀ ਸੀ । ਨਾ ਤਾਂ ਮਾਲ ਦੇ ਕਾਗ਼ਜਾਂ ਤੋਂ ਇਸਦੀ ਪੁਸ਼ਟੀ ਹੁੰਦੀ ਹੈ ਅਤੇ ਨਾ ਹੀ ਕਿਸੇ ਤਵਾਰੀਖੀ ਗ੍ਰੰਥ ਤੋਂ । ਹਾਂ, 'ਸੌ ਸਾਖੀ' ਦੇ ਪੁਰਾਣੇ ਗਿਆਨੀ ਰਿਲਪੁਰ ਦਾ ਅਰਥ ਦਿੱਲੀ ਜਾਂ ਲਾਹੌਰ ਕਰਿਆ ਕਰਦੇ ਸਨ ਤੇ 'ਕਿਲਕਪੁਰੀ' ਨੂੰ ਕਲਕੱਤੇ ਦਾ ਵਾਚਕ ਮੰਨਦੇ ਸਨ ।

ਨਾਲੇ ਰਿਲਾਪੁਰ ਵਿਚ ਪੈਦਾ ਹੋਣ ਵਾਲੇ ਇਸ ਵਿਅਕਤੀ ਦਾ ਖ਼ਾਸ ਗੁਣ ਇਹ ਦਸਿਆ ਗਿਆ ਹੈ ਕਿ ਉਹ ਰਾਜ ਕਰੇਗਾ । ਬਾਬਾ ਰਾਮ ਸਿੰਘ ਜੀ ਨੇ ਰਾਜ ਵਿਦੋਹ ਤਾਂ ਕੀਤਾ ਪਰ ਰਾਜ ਨਹੀਂ ਕੀਤਾ, ਸਗੋਂ ਉਹ ਤਾਂ ਆਖ਼ਰੀ ਉਮਰ ਵਿਚ ਜਲਾਵਤਨ ਹੋ ਕੇ ਬੰਦੀਖ਼ਾਨੇ ਹੀ ਰਹੇ । ਸੋ ਜਾਪਦਾ ਇਹ ਹੈ ਕਿ ਉਪਰੋਕਤ ਸੰਕੇਤ ਸ਼ਾਇਦ ਸਿੱਖ ਮਿਸਲਾਂ ਦੇ ਉਘੇ ਨੇਤਾ ਸ. ਜੱਸਾ ਸਿੰਘ ਰਾਮਗੜ੍ਹੀਆ ਜਾਂ ਕਿਸੇ ਹੋਰ ਵਲ ਹੋਵੇ । ਮੇਰੇ ਮ੍ਰਿਤ-ਗਿਆਨੀ ਭਗਤ ਸਿੰਘ ਲੁਧਿਆਣਾ, ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਹਨ- ਉਨ੍ਹਾਂ ਦਾ ਖ਼ਿਆਲ ਹੈ ਕਿ ਸ਼ਾਇਦ ਇਹ ਇਸ਼ਾਰਾ ਮਾਨਯੋਗ ਗਿਆਨੀ ਜ਼ੈਲ ਸਿੰਘ ਜੀ ਵੱਲ ਹੈ ਜੋ ਕਿ ਭਾਰਤ ਦੇ ਰਾਸ਼ਟਰਪਤੀ ਬਣ ਕੇ ਸੱਚੀ-ਮੁੱਚੀ ਰਿਲਪੁਰ ਅਰਥਾਤ ਦਿੱਲੀ ਵਿਚ ਰਾਜ ਕਰ ਰਹੇ ਹਨ ।

(ਅ) ਕੁਝ ਖਰੜਿਆਂ ਦੀ 51 ਨੰ: ਸਾਖੀ ਵਿਚ ਇਹ ਸਤਰਾਂ ਹਨ :

ਰਾਮ ਸਿੰਘ ਉਠ ਨੀਚਨ ਡਰੈ ।

ਅਵਨੀ ਏਕ ਰਸੌਂਦੀ ਕਰੈ ।

ਇਨ੍ਹਾਂ ਤੁਕਾਂ ਨੂੰ ਵੀ ਨਾਮਧਾਰੀ ਵੀਰਾਂ ਕਾਫ਼ੀ ਵਰਤਿਆ ਹੈ । ਲੇਕਿਨ ਜਦ ਅਸੀਂ ਪੁਰਾਤਨ ਖਰੜ ਵਾਚਦੇ ਹਾਂ ਤਾਂ ਇਸ ਸਮੇਂ ਪ੍ਰਾਪਤ ਸਭ ਤੋਂ ਪ੍ਰਾਚੀਨ ਖਰੜਾ 1893 ਬਿ: ਦਾ ਲਿਖਿਆ ਹੋਇਆ, ਸਿੱਖ ਰੈਫ੍ਰੈਂਸ ਲਾਇਬ੍ਰੇਰੀ , ਅੰਮ੍ਰਿਤਸਰ ਵਿਚ 1595 ਨੰਬਰ ਤੇ ਸੁਰੱਖਿਅਤ ਹੈ । ਇਸ ਵਿਚ ਪਾਠ ਇਉਂ ਹੈ :

ਮਰ ਸਿਉਂ ਉਠ ਨੀਚ ਨ ਡਰ ਹੈ ।

ਅਵਨੀ ਏਕ ਰਸੌਦੀ ਕਰ ਹੈ ।

ਇਕ ਦੋ ਬੇਸੰਮਤ ਪੁਰਾਣੇ ਖਰੜਿਆਂ ਵਿਚ ਵੀ ਇਹੋ ਪਾਠ ਹੈ, ਉਥੇ ਰਾਮ ਸਿੰਘ ਨਾਮ ਉੱਕਾ ਹੀ ਨਹੀਂ, ਇਹ ਤਬਦੀਲੀ ਕਦੋਂ ਤੇ ਕਿਵੇਂ ਹੋਈ, ਇਸਦਾ ਅਨੁਮਾਨ ਲਾਉਣਾ ਔਖਾ ਨਹੀਂ । ਲੇਕਿਨ ਜੋ ਪਾਠ ਮਿਲਦਾ ਵੀ ਹੈ, ਉਸਦੇ ਅਰਥ ਸਪੱਸ਼ਟ ਨਹੀਂ । ਮੇਰੇ ਅਨੁਮਾਨ ਅਨੁਸਾਰ ਪਾਠ ਸ਼ਾਇਦ ਇਸ ਤਰ੍ਹਾਂ ਹੋਵੇਗਾ:

ਮੁਰ ਸਿੱਖ ਊਚ ਨੀਚ ਨ ਡਰਹੈ ।

ਅਵਨੀ ਏਕ ਰਸੌਦੀ ਕਰਹੈ ।

ਅਰਥਾਤ ਮੇਰਾ ਸਿੱਖ ਊਚ–ਨੀਚ ਦੀ ਮੰਨਤਾ ਤੋਂ ਨਹੀਂ ਡਰੇਗਾ, ਸਗੋਂ ਧਰਤੀ ਤੇ ਇਕ ਰਸੋਈ ਬਣਾਵੇਗਾ, ਭਾਵ ਬਿਨਾਂ ਕਿਸੇ ਭਿੰਨ–ਭੇਦ ਦੇ ਸਾਂਝਾ ਲੰਗਰ ਚਲਾਵੇਗਾ। ਕਈ ਨੁਸਖਿਆਂ ਵਿਚ 'ਮ੍ਹਾਰ ਸਿੰਘ' ਪਾਠ ਜੋ ਮਿਲਦਾ ਹੈ , ਉਥੇ 'ਹਮਾਰ ਸਿੰਘ' ਯਾ 'ਮ੍ਹਾਰ ਸਿੰਘ' ਤੋਂ ਭਾਵ ਸਾਡਾ ਸਿੱਖ ਹੀ ਹੋ ਸਕਦਾ ਹੈ ।

(ੲ) ਇਕ ਹੋਰ ਹਵਾਲਾ ਬਾਬਾ ਰਾਮ ਸਿੰਘ ਨਾਲ ਜੋੜਿਆ ਜਾਂਦਾ ਹੈ :

ਮਾਰ ਮਲੇਛਨ ਧਰਮ ਦ੍ਰਿੜ੍ਹ ਬੰਧਾ । ਪੰਚ ਪੰਚਾਸ ਦੇਇ ਰਹਿ ਸੰਧਾ ।(15)

ਇਸਦਾ ਅਰਥ ਨਾਮਧਾਰੀ ਇਹ ਕਰਦੇ ਹਨ ਕਿ ਰਾਮ ਸਿੰਘ ਮਲੇਛਾਂ ਨੂੰ ਮਾਰੇਗਾ ਅਤੇ ਢਾਈ ਸੌ ਸਾਲ ਤਕ ਜ਼ਿੰਦਾ ਰਹੇਗਾ, ਪਰ ਇਹ ਗੱਲ ਠੀਕ ਨਹੀਂ ਕਿਉਂਕਿ ਬਾਬਾ ਰਾਮ ਸਿੰਘ 1885 ਈ: ਵਿਚ ਰੰਗੂਨ ਜੇਲ੍ਹ ਅੰਦਰ ਦੇਹਾਂਤ ਪਾ ਗਏ ਸਨ । ਇਹ ਵੀ ਅਜੀਬ ਗੱਲ ਹੈ ਕਿ ਇਕ ਪਾਸੇ ਨਾਮਧਾਰੀ, ਬਾਬਾ ਜੀ ਦਾ ਢਾਈ ਸੌ ਸਾਲ ਜੀਵਤ ਰਹਿਣਾ ਮੰਨਦੇ ਹਨ ਤੇ ਦੂਜੇ ਪਾਸੇ ਉਨ੍ਹਾਂ ਦੀ ਗੱਦੀ ਉਤੇ ਤੇਰ੍ਹਵਾਂ, ਚੌਦਵਾਂ ਤੇ ਪੰਦਰਵਾਂ ਗੁਰੂ ਬੈਠਾ ਕਹਿੰਦੇ ਹਨ । ਬਾਬਾ ਰਾਮ ਸਿੰਘ ਮਗਰੋਂ ਉਨ੍ਹਾਂ ਦੇ ਛੋਟੇ ਭਾਈ ਬੁਧ ਸਿੰਘ (ਹਰੀ ਸਿੰਘ) ਪ੍ਰਚਾਰ ਦਾ ਕੰਮ ਕਰਦੇ ਰਹੇ । ਗਿ: ਗਿਆਨ ਸਿੰਘ ਅੱਖੀ ਵੇਖ ਕੇ ਲਿਖਦੇ ਹਨ :

ਰਾਮ ਸਿੰਘ ਜੂ ਕੀ ਠੌਰ ਬੁੱਧ ਸਿੰਘ ਭਾਈ ਤਾਂਹਿ ,

ਅਬ ਹੈ ਮਹੰਤ ਕੰਤ ਕੂਕਿਉਂ ਕਾ ਜਾਨੀਏ । (ਪੰਥ ਪ੍ਰਕਾਸ਼, ਅਧਿਆਇ 113)

ਸਾਖੀ ਨੰਬਰ 15 ਵਿਚ ਸਹੀ ਤੁਕ ਇਉਂ ਹੈ :

ਜਾ ਬਿਧਿ ਸਿੰਘ ਗੁਰੂ ਕਾ ਸਿੱਖ ।

ਇਸੇ ਨੂੰ ਨਾਮਧਾਰੀਆਂ 'ਬੁਧ ਸਿੰਘ ਗੁਰੂ ਕਾ ਸਿੱਖ' ਬਣਾ ਲਿਆ ਤੇ ਦੋ ਤੁਕਾਂ ਨਾਲ ਹੋਰ ਜੋੜ ਦਿਤੀਆਂ :

ਏਕ ਸਰੂਪ ਕੇ ਦੋਨੋ ਭੈਯਾ । ਬਡੋ ਤੇਜ ਪ੍ਰਚੰਡ ਕਰੈਯਾ ।

ਇਹ ਤੁਕਾਂ ਕਿਸੇ ਵੀ ਖਰੜੇ ਵਿਚ ਨਹੀਂ । ਸਾਡਾ ਮਤਲਬ ਇਹ ਦੱਸਣਾ ਹੈ ਕਿ ਨਾਮਧਾਰੀ ਵੀਰਾਂ ਨੇ ਆਪਣੇ ਮਨੋਰਥ ਲਈ 'ਸੌ ਸਾਖੀ' ਦੀਆਂ ਕਈ ਤੁਕਾਂ ਭੰਨ-ਤੋੜ ਕੇ ਹੋਰ ਵੀ ਬਦਲੀਆਂ ਜਿਨ੍ਹਾਂ ਨੂੰ ਠੀਕ ਕਹਿਣਾ ਠੀਕ ਨਹੀਂ । ਇਸੇ ਤਰ੍ਹਾਂ ਭਾਈ ਚੰਦਾ ਸਿੰਘ ਨਬੀਨਾ ਨੇ ਇਕ 'ਬਾਰਾਂਮਾਹ' ਲਿਖਿਆ ਸੀ । ਉਸ ਵਿਚ ਇਹ ਤੁਕਾਂ ਹਨ ਪਰ ਨਾਮਧਾਰੀ ਇਨ੍ਹਾਂ ਨੂੰ 'ਸੌ ਸਾਖੀ' ਦੇ ਬਚਨ ਕਹਿ ਕੇ ਪ੍ਰਚਾਰਦੇ ਆਏ ਹਨ :

ਜਬ ਹੀ ਰੂਸ ਪੰਜਾਬੇ ਆਵੈ । ਦੁਨੀਆਂ ਮਰੈ ਅੰਨ ਦ ਹਾਵੈ ।

ਰੁਪਏ ਸੇਰ ਅੰਨ ਵਿਕਾਵੈ । ਮੇਰਾ ਸਿੱਖ ਭੁਖਾ ਨ ਜਾਵੈ ।

ਇਥੇ ਰੂਸ ਦੇ ਹਮਲੇ ਬਾਰੇ ਗੱਲ ਸਪੱਸ਼ਟ ਕਰਨਾ ਜ਼ਰੂਰੀ ਹੈ । 1807 ਈ: ਵਿਚ ਨਿਪੋਲੀਅਨ ਨੇ ਰੂਸ ਦੇ ਜ਼ਾਰ ਨਾਲ ਸੰਧੀਨਾਮਾ ਕੀਤਾ ਕਿ ਅਫ਼ਗਾਨਿਸਤਾਨ ਰਸਤੇ ਹਿੰਦ ਉਤੇ ਹਮਲਾ ਕੀਤਾ ਜਾਵੇ । ਇਸ ਤੋਂ ਭੈ-ਭੀਤ ਹੋ ਕੇ ਅੰਗਰੇਜ਼ਾਂ ਨੇ ਰਣਜੀਤ ਸਿੰਘ ਵਲ ਮੈਟਕਾਫ਼ ਦਾ ਮਿਸ਼ਨ ਭੇਜਿਆ ਪਰ ਜਦ ਇਹ ਖ਼ਤਰਾ ਟਲ ਗਿਆ ਤਾਂ ਅੰਗਰੇਜ਼ ਲੁਧਿਆਣੇ ਛਾਉਣੀ ਪਾ ਬੈਠੇ ਤੇ ਇਹ ਸੰਧੀ 25 ਅਪ੍ਰੈਲ, 1809 ਈ: ਨੂੰ ਜਾ ਕੇ ਹੋਈ । ਨਿਪੋਲੀਅਨ ਦੇ ਹਾਰ ਜਾਣ ਨਾਲ ਸਾਰੀ ਦਸ਼ਾ ਬਦਲ ਗਈ ਪਰ ਫਿਰ ਵੀ ਫ਼ਿਰੰਗੀ ਵਿਰੁੱਧ ਲੜਨ ਸਮੇਂ ਹਿੰਦੀਆਂ ਦੀ ਨਜ਼ਰ ਰੂਸ ਵਲ ਜਾਂਦੀ ਰਹੀ ਹੈ ਤੇ ਬਾਬਾ ਰਾਮ ਸਿੰਘ ਜੀ ਨੇ ਵੀ ਆਪਣਾ ਮਿਸ਼ਨ ਰੂਸ ਭੇਜਿਆ ਸੀ । ਪਰ 'ਸੌ ਸਾਖੀ' ਵਿਚ ਰੂਸ ਦੇ ਆਉਣ ਦੀ ਗੱਲ ਕਿਧਰੇ ਵੀ ਨਹੀਂ ਲਿਖੀ ।

## 'ਸੌ ਸਾਖੀ' ਤੇ ਫ਼ਿਰੰਗੀ

ਜਦੋਂ ਨਾਮਧਾਰੀ ਲਹਿਰ ਰਾਜ-ਵਿਦ੍ਰੋਹ ਦਾ ਰੂਪ ਧਾਰ ਗਈ ਤਾਂ ਅੰਗਰੇਜ਼ ਸਰਕਾਰ ਨੇ ਇਸਦਾ ਪਿਛੋਕੜ ਜਾਣਨ ਦਾ ਜਤਨ ਕੀਤਾ ਤੇ ਲੰਮੀ ਘੋਖ ਪੜਤਾਲ ਬਾਦ ਇਹ ਅਨੁਭਵ ਕੀਤਾ ਕਿ ਇਸ ਬਗ਼ਾਵਤ ਨੂੰ ਉਭਾਰਨ ਵਿਚ 'ਸੌ ਸਾਖੀ' ਦਾ ਵੀ ਕਾਫ਼ੀ ਹੱਥ ਹੈ । ਇਸ ਕਰਕੇ ਸਰਕਾਰ ਨੇ ਸਰ ਅਤਰ ਸਿੰਘ ਭਦੌੜੀਏ ਪਾਸੋਂ ਇਸ ਦਾ ਅੰਗਰੇਜ਼ੀ ਅਨੁਵਾਦ (ਸਾਖੀ ਬੁੱਕ) ਕਰਾਇਆ, ਜੋ 1873 ਈ: ਵਿਚ ਬਨਾਰਸ ਛਪਿਆ । ਇਸਦੇ ਕੁਲ ਪੰਨੇ 205 ਸਨ । 'ਸੌ ਸਾਖੀ' ਵਿਚ ਗੁਰਿੰਡ, ਗੋਰ, ਮੋਨ ਜਾਂ ਫ਼ਿਰੰਗੀ ਕਹਿ ਮੇ ਅੰਗਰੇਜ਼ਾਂ ਦਾ ਚਰਚਾ ਕੀਤਾ ਗਿਆ ਹੈ । ਗੁਰਿੰਡ ਪਦ ਰਵਿਸ਼ਯ ਪੁਰਾਣ ਵਿਚ ਵੀ ਆਇਆ ਹੈ, ਮੋਨ ਦਾ ਭਾਵ ਇਕ ਜਾਤੀ ਜਾਂ ਮੁੰਡਿਤ ਵਿਅਕਤੀ ਹੈ । ਫ਼ਿਰੰਗੀ ਸੰਕੇਤ ਆਮ ਤੌਰ ਤੇ ਹਰ ਪੱਛਮੀ ਲਈ ਵਰਤਿਆ ਜਾਂਦਾ

ਰਿਹਾ ਹੈ ਤੇ ਅੰਗਰੇਜ਼ਾਂ ਲਈ ਖ਼ਾਸ । ਇਹ ਤਾਂ ਮੰਨਣਾ ਪਵੇਗਾ ਕਿ 'ਸੌ ਸਾਖੀ' ਦਾ ਲਿਖਾਰੀ ਫ਼ਿਰੰਗੀ ਸਰਗਰਮੀਆਂ ਤੋਂ ਜਾਣੂ ਸੀ, ਇਸ ਕਰਕੇ ਉਹ ਇਨ੍ਹਾਂ ਦਾ ਚਰਚਾ ਵਧੇਰੇ ਨਿਖੇਧਾਤਮਕ ਰੂਪ ਵਿਚ ਹੀ ਕਰਦਾ ਹੈ ।

ਬੋਲਿਆ: ਰਿਖਈਸ ਤੇ ਈਸਾ ਹੋਗੁ, ਮੂਸੇ ਹੂਏ ਕਾ ਬੀਜ ਮੂਸਾ ਹੋਗੁ । ਇਨ੍ਹਾਂ ਕੋ ਸਬ ਸ਼ਕਤਿ ਦਈ । ਅਤੇ ਮਦ੍ਰ ਦੇਸ਼ ਮਨੂ ਕਾ ਹੈ, ਓਸ ਦੇਸ ਇਨ੍ਹਾਂ ਦੀ ਸੰਤਾਨ ਪਹੁੰਚੈਗੀ, ਪੁਰਖ ਆਰਬਲਾ ਭੋਗੈਂਗੇ, ਫਿਰ ਕਰ ਆਏ ਥੇ ਤਾਂ ਫ਼ਿਰੰਗੀ ਫਰਾਂਸੀਸ ਕਹਾਵੈਂਗੇ ।(14)

ਸ਼ਾਇਦ ਇਹ 18●9 ਈ: ਵਿਚ ਰਣਜੀਤ ਸਿੰਘ ਨਾਲ ਹੋਏ ਸੰਧੀਨਾਮੇ ਦਾ ਜ਼ਿਕਰ ਹੈ ਜਾਂ ਫਿਰ 18●5 ਈ: ਵਿਚ ਮਰਾਠੇ ਸਰਦਾਰ ਹੁਲਕਰ ਪਿਛੇ ਫ਼ਿਰੰਗੀ ਫ਼ੌਜ ਦਾ ਪੰਜਾਬ ਆਉਣਾ ਦੱਸਿਆ ਹੈ :

ਮੋਨ ਫਿਰੰਗੀਅਹੁ ਕੇਰ ਗੁਰਿੰਡ । ਮਿਲੈਂ ਪਰਸਪਰ ਉਭੈ ਨਰਿੰਦ ।.....

ਮਾਰ ਕੂਟ ਪੂਰਬ ਤੇ ਆਵੈ । ਸੈਨ ਪਿਆਦੀ ਈਸੇ ਪਾਵੈ ।

ਪ੍ਰਿਥ੍ਰ ਫਿਰੰਗੀ ਲੁਦਿ ਪੁਰ ਮਧ । ਭੋਗੈਂ ਰਾਜ ਤੇਜ ਭਏ ਤਦ ।

ਫਿਰੈਂ ਫਿਰੰਗੀ ਸਿੰਘਨ ਪੰਥ। ਧਸੈ ਆਇ ਪ੍ਰਜਾ ਸਿਉਂ ਸੰਧ ।(15)

ਬੁੱਢਾ ਦਲ ਦੇ ਸਿੰਘਾਂ ਦਾ ਜਮਨਾ ਪਾਰ ਇਲਾਕਾ ਸੋਧਣ ਦਾ ਜ਼ਿਕਰ ਹੈ ਤੇ ਨਾਲ ਹੀ ਫ਼ਿਰੰਗੀਆਂ ਦੀ ਸਰਗਰਮੀ ਵਲ ਇਸ਼ਾਰਾ ਹੈ:

ਪੂਰਬ ਸਾਧੈ ਈਸੇ ਖਾਦਮ । ਇਤੇ ਸਿੰਘ ਲੂਟਹਿ ਸਬ ਖਾਦਰ ।....

ਮੇਰੀ ਰੀਸ ਕਰਹਿੰਗੇ ਮੋਨ । ਤਾਂ ਹਮ ਸਿੱਖਨ ਭੇਜੈਂ ਭਉਨ । (57)

'ਬੇਚ ਦੇਸ ਕਰ ਜਾਂਹਿ ਫ਼ਿਰੰਗੀ ।' (82)

ਵਰਗੇ ਬਿਆਨਾਂ ਤੋਂ ਪਤਾ ਲਗਦਾ ਹੈ ਕਿ ਸਾਖੀਕਾਰ ਅੰਗਰੇਜ਼ਾਂ ਦੀ ਪੰਜਾਬ-ਮਾਰੂ ਨੀਤੀ ਤੋਂ ਜਾਣੂ ਸੀ।

## 'ਸੌ ਸਾਖੀ' ਤੇ ਡੋਗਰੇ

ਸਿੱਖ ਰਾਜ ਨੂੰ ਤਬਾਹ ਕਰਨ ਵਿਚ ਡੋਗਰਾਗਰਦੀ ਨੇ ਵੱਡਾ ਹਿੱਸਾ ਪਾਇਆ, 'ਸੌ ਸਾਖੀ' ਵਿਚ ਪਹਾੜੀਆਂ ਦੀ ਦਗ਼ੇਬਾਜ਼ੀ ਤੇ ਬੇਇਤਬਾਰੀ ਦਾ ਕਈ ਥਾਂ ਚਰਚਾ ਹੈ । ਗੁਰੂ ਗੋਬਿੰਦ ਸਿੰਘ ਜੀ ਨਾਲ ਇਨ੍ਹਾਂ ਕੇਹਾ ਵਰਤਾਉ ਕੀਤਾ ਤੇ ਫਿਰ ਮੁਸੀਬਤ-ਫਾਥੇ ਸਿੱਖਾਂ ਨੂੰ ਇਹ ਕਿਵੇਂ ਤੰਗ ਕਰਦੇ ਰਹੇ; ਇਸ ਗੱਲ ਦੇ ਕਈ ਥਾਂ ਸੰਕੇਤ ਪ੍ਰਾਪਤ ਹਨ :

ਭਲਾ ਨ ਹੋਇ ਪਹਾੜੀਆ, ਸਮਝ ਬਿਸਾਹੀ ਲੇਇ ।(39)

ਜਾਂ

ਲੋਭੀ ਠਹਿਰੈ ਨਾਹੀ ਮੀਤ । ਸਿੱਖ ਪਹਾੜੀ ਕਰੈ ਨ ਪ੍ਰੀਤਿ ।(61)

ਮੇਰੇ ਘਰ ਚਾਕਰ ਦੁਹਿ ਰੰਗੀ । ਗਿਲਜੇਂ ਮੁਸਲੈ ਡੋਗਰ ਫ਼ਿਰੰਗੀ । (82)

ਜ਼ਾਹਰ ਹੈ ਕਿ ਸਿੱਖ ਰਾਜ ਵਿਚ ਪਠਾਣ , ਮਸਲਮਾਨ, ਡੋਗਰੇ ਆਦਿ ਸਭੇ ਤਰ੍ਹਾਂ ਦੇ ਲੋਕ ਸਨ, ਲੇਕਿਨ ਜਿਤਨੀ ਸ਼ਕਤੀ ਧਿਆਨ ਸਿੰਘ, ਗੁਲਾਬ ਸਿੰਘ ਤੇ ਸੁਚੇਤ ਸਿੰਘ....ਡੋਗਰਾ ਤ੍ਰਿਗੜੀ ਦੇ ਹੱਥ ਸੀ, ਉਤਨੀ ਹੋਰ ਕਿਸੇ ਕੋਲ ਨਹੀਂ ਸੀ । ਸਾਖੀ ਪੋਥੀ ਦੀ ਸੌਵੀਂ ਸਾਖੀ ਐਸੀ ਹੈ ਜਿਸ ਵਿਚ ਡੋਗਰਿਆਂ ਨੂੰ ਗੁਰੂ ਸਾਹਿਬ ਦਾ ਵਰਦਾਨ ਪ੍ਰਾਪਤ ਹੋਣਾ ਵੀ ਦਸਿਆ ਗਿਆ ਹੈ ਜੋ ਕਿ ਕਲਪਿਤ ਹੈ ।

ਇਹ ਤਾਂ ਇਤਿਹਾਸਕ ਵਾਕਿਆ ਹੈ ਕਿ ਰਾਜਾ ਗੁਲਾਬ ਸਿੰਘ ਨੇ ਲਾਹੌਰ ਦਰਬਾਰ ਨਾਲ ਗ਼ੱਦਾਰੀ ਕਰ ਕੇ ਤੇ 75 ਲੱਖ ਰੁਪਈਆ ਭਰ ਕੇ ਅੰਗਰੇਜ਼ਾਂ ਤੋਂ 16 ਮਾਰਚ, 1846 ਈ: ਨੂੰ 'ਮਹਾਰਾਜਾ' ਦਾ ਖ਼ਿਤਾਬ ਲਿਆ ਤੇ ਜੰਮੂ ਰਿਆਸਤ ਬਣਾਈ । ਇਸ ਸਮੇਂ ਲਾਲ ਸਿੰਘ ਵਜ਼ੀਰੇ-ਆਜ਼ਮ ਸੀ, ਉਹ ਵੀ ਬਹੁਤ ਔਖਾ ਹੋਇਆ । ਸੈਨਾਪਤੀ ਤੇਜ ਸਿੰਘ ਵੀ ਅੰਦਰੋਂ ਚਾਹੁੰਦਾ ਸੀ ਕਿ 15 ਲੱਖ ਲੈ ਕੇ ਮੈਨੂੰ ਵੀ ਇਸੇ ਤਰ੍ਹਾਂ ਦੀ ਨਿੱਕੀ ਸਟੇਟ ਦਿਤੀ ਜਾਵੇ ਪਰ ਗੱਲ ਬਣੀ ਨਹੀਂ। ਲਾਲ ਸਿੰਘ ਨੇ ਤਾਂ ਕਸ਼ਮੀਰ ਦੇ ਹਾਕਮ ਸ਼ੇਖ ਇਮਾਮੁਦੀਨ ਨੂੰ ਗੁਪਤ ਲਿਖ ਕੇ ਭੇਜ ਦਿਤਾ ਕਿ ਗੁਲਾਬ ਸਿੰਘ ਨੂੰ ਕਬਜ਼ਾ ਨਾ ਦਿਤਾ ਜਾਵੇ । ਇਸ ਹਾਲਤ ਵਿਚ ਰੈਜ਼ੀਡੰਟ ਹੈਨਹੀ ਲਾਰੰਸ ਫ਼ੌਜ ਲੈ ਕੇ ਖ਼ੁਦ ਜੰਮੂ ਪਹੁੰਚਿਆ ਤੇ 7 ਅਕਤੂਬਰ, 1846 ਈ: ਨੂੰ ਗੁਲਾਬ ਸਿੰਘ ਨੂੰ ਜੰਮੂ ਦਾ ਕਬਜ਼ਾ ਦਿਵਾਇਆ । ਇਸੇ ਟੱਕਰ ਵਿਚ ਕਿਤਨੇ ਹੀ ਸਿੰਘ ਸਿਪਾਹੀਆਂ ਦਾ ਖ਼ੂਨ ਡੁਲ੍ਹਿਆ ਤੇ ਗੁਲਾਬ ਸਿੰਘ (ਦੇਹਾਂਤ 1857 ਈ: ) ਦੀ ਬਹੁਤ ਬਦਨਾਮੀ ਹੋਈ ਕਿ ਇਸ ਨੇ ਪਹਿਲੇ ਸਿੱਖ ਰਾਜ ਨਾਲ ਗ਼ੱਦਾਰੀ ਕੀਤੀ ਤੇ ਹੁਣ ਸਿੱਖਾਂ ਦਾ ਕਤਲਾਮ ਕਰਾਇਆ।

ਸਿਰ ਕਾਟੇ ਦੋ ਸਿੱਖ ਕੇ ਡੁਗਰਨ ਗੁਰੂ ਮੁਖਾਇ ।(1●●)

ਮਾਲੂਮ ਹੁੰਦਾ ਹੈ ਕਿ ਸਿੱਖਾਂ ਦੇ ਮਨਾਂ ਨੂੰ ਸ਼ਾਂਤ ਕਰਨ ਲਈ ਹੀ ਇਹ ਸੌਵੀ ਸਾਖੀ ਘੜੀ ਗਈ ਕਿ ਡੋਗਰਿਆਂ ਦੇ ਵਡੇਰੇ ਰਤਨਦੇਵ ਨੂੰ ਸਤਿਗੁਰਾਂ ਦਾ ਵਰਦਾਨ ਪ੍ਰਾਪਤ ਸੀ । ਪਰ ਇਸ ਗੱਲ ਦਾ ਜਵਾਬ ਸਾਡੇ ਪਾਸ ਨਹੀਂ ਕਿ ਜਿਨ੍ਹਾਂ ਉਤਾਰਿਆਂ ਉਤੇ 1893, 94,95 ਬਿ: ਆਦਿ ਲਿਖਿਆ ਹੈ ਉਹ ਤਾਂ 1836,37,38 ਈ: ਦਾ ਸਮਾਂ ਬਣਦਾ ਹੈ । ਤੇ ਇਹ ਗੁਲਾਬ ਸਿੰਘ ਦਾ ਡੋਗਰਾ ਸਟੇਟ ਬਣਾਉਣਾ 1846 ਈ: ਦੀ ਘਟਨਾ ਹੈ । ਜੇ ਇਹ ਡੋਗਰਿਆਂ ਦੀ ਪਹਿਲਾਂ ਹੀ ਕੀਤੀ ਕਿਸੇ ਸਾਜ਼ਸ਼ ਦਾ ਸਿੱਟਾ ਹੋਵੇ ਤਾਂ ਇਹ ਕੋਈ ਅਨੋਖੀ ਗੱਲ ਨਹੀਂ । 69 ਨੰਬਰ ਸਾਖੀ ਵਿਚ ਜਿਥੇ

ਸਤਲੁਜ ਪਾਸੋਂ ਪੰਜ ਕਰੋੜ 55 ਲੱਖ ਧਨ ਲੈਣ ਦਾ ਜ਼ਿਕਰ ਹੈ, ਉਥੇ ਲਿਖਿਆ ਹੈ ਕਿ ਜਾਂ ਸਿੱਖ, ਰਾਜ-ਲਾਇਕ ਹੋਣਗੇ ਤਾਂ ਧਨ ਲਵਾਂਗੇ :

ਰਜਪੂਤ ਦਾ ਬਾਲਕੁ ਹੈਗਾ, ਉਸਦੀ ਹੱਥੀਂ ਲੇਵਾਂਗੇ ।(69)

ਸੰਭਵ ਹੈ ਇਹ ਇਸ਼ਾਰਾ ਰਾਜਾ ਧਿਆਨ ਸਿੰਘ ਵਲ ਹੋਵੇ ।

## 'ਸੌ ਸਾਖੀ' ਤੇ ਬ੍ਰਾਹਮਣਵਾਦ

ਚੂੰਕਿ ਮੌਜੂਦਾ ਸਰੂਪ ਵਾਲੀ 'ਸੌ ਸਾਖੀ' ਨੂੰ ਤਿਆਰ ਕਰਨ ਵਾਲਾ ਇਕ ਚਤੁਰ ਬ੍ਰਾਹਮਣ ਹੈ, ਇਸ ਕਰਕੇ ਇਸ ਵਿਚ ਬ੍ਰਾਹਮਣਵਾਦ ਦਾ ਅੰਸ਼ ਆਉਣਾ ਕੁਦਰਤੀ ਹੈ । ਜਿਥੇ ਲਿਖਾਰੀ ਨੇ ਖ਼ਾਲਸਈ ਰਹਿਤ-ਬਹਿਤ ਦਾ ਵਿਖਿਆਨ ਕੀਤਾ ਹੈ, ਉਥੇ ਕਿਤੇ ਕਿਤੇ ਬ੍ਰਾਹਮਣੀ ਵਿਧੀ ਵਿਧਾਨ ਦਾ ਵੀ ਭੋਰਾ ਚੋਰਾ ਪਾਇਆ ਹੈ, 'ਬੰਦ ਕੀ ਰੀਤਿ ਕੋ ਤਿਆਗ ਕਰੈ ਨਹਿੰ' ਦੀ ਥਾਂ ਥਾਂ ਤਾਕੀਦ ਹੈ । ਬ੍ਰਾਹਮਣ ਦੀ ਵਡਿਆਈ ਵੀ ਕੀਤੀ ਹੈ ਜਿਵੇਂ ਕਿ ਸਤਿਗੁਰੂ ਪੁਰੋਹਤ 'ਤੇ ਪ੍ਰਸੰਨ ਹੋ ਕੇ ਕਹਿੰਦੇ ਹਨ :

ਤਮ ਸਾਰਸੁਤ, ਖਾਲਸੇ ਕੀ ਜੁਗਤਿ ।

ਰਹੋ ਕਾਹੂੰ ਭੇਸ, ਖਾਲਸੇ ਕੇ ਦਰਵੇਸ਼।(58)

17 ਨੰ: ਸਾਖੀ ਵਿਚ ਦੇਵੀ-ਪੂਜਾ ਦਾ ਪ੍ਰਸੰਗ ਹੈ, ਕੇਸ਼ਵਦਾਸ ਬ੍ਰਾਹਮਣ ਸਾਰਾ ਯੱਗ ਸੰਪੰਨ ਕਰ ਕੇ ਦੇਵੀ ਦਾ ਆਵਾਹਨ ਕਰਦਾ ਹੈ । ਜਦੋਂ ਕੇਸ਼ਵ ਦੌੜ ਜਾਂਦਾ ਹੈ ਤਾਂ ਗੁਰੂ ਸਾਹਿਬ ਉਸਨੂੰ ਵਰਦਾਨ ਦਿੰਦੇ ਹਨ ਕਿ ਇਹ 'ਰਣ ਸਿੰਘ' ਬਣ ਕੇ ਪਾਤਸ਼ਾਹੀ ਕਰੇਗਾ । ਇਸਦਾ ਸਪੱਸ਼ਟ ਭਾਵ ਇਹ ਹੈ ਕਿ ਮਹਾਰਾਜਾ ਰਣਜੀਤ ਸਿੰਘ ਕੇਸ਼ਵਦਾਸ ਦਾ ਅਵਤਾਰ ਸੀ ਤੇ ਸਤਿਗੁਰਾਂ ਦੀ ਉਸ ਉਤੇ ਅਪਾਰ ਕ੍ਰਿਪਾ ਸੀ । ਇਸੇ ਤਰ੍ਹਾਂ ਬਿਸ਼ੰਭਰ ਦਾਸ ਉਜੈਨੀ ਦੀਆਂ ਪਤਨੀਆਂ ਦਾ ਪੁਨਰਜਨਮ ਦੱਸ ਕੇ ਬ੍ਰਾਹਮਣੀ ਮੰਨਤਾ 'ਕਰਮ ਸਿਧਾਂਤ' ਦੀ ਝਾਕੀ ਦਰਸਾਈ ਗਈ ਹੈ । ਜਿਥੇ ਬਿਸ਼ੰਭਰ ਦਾਸ ਨੂੰ ਸੌ ਅਰਦਾਸਾਂ ਦੱਸੀਆਂ ਹਨ, ਉਹ ਵੀ ਬ੍ਰਾਹਮਣੀ ਕਰਮ-ਕਾਂਡ ਵਾਲੇ ਤਰੀਕੇ ਨਾਲ ਬਿਆਨ ਕੀਤੀਆਂ ਹਨ । ਫਿਰ 'ਜਪੁ ਮਹਿਮਾ' ਦਸਦਿਆਂ ਬਾਰ ਬਾਰ ਇਹ ਕਿਹਾ ਗਿਆ ਹੈ ਕਿ ਫਲਾਣੀ ਪਉੜੀ ਪੜ੍ਹਨ ਦਾ ਇਹ ਲਾਭ ਹੈ, ਫਲਾਣੀ ਦਾ ਇਹ । ਹਾਲਾਂਕਿ 'ਜੁਪ' ਸਚਿਆਰ ਹੋਣ ਦੇ ਵਿਸ਼ੇ ਤੇ ਇਕ ਅਨੁਭਵਪੂਰਣ ਵਿਚਾਰ-ਪ੍ਰਬੰਧ ਹੈ, ਜੋ ਮਨੁੱਖ ਨੂੰ ਬੁਨਿਆਦੀ ਗੱਲ ਇਹ ਸਮਝਾਉਂਦਾ ਹੈ ਕਿ ਸਭ ਕਾਸੇ ਦਾ ਕਰਣਹਾਰ ਪਰਮੇਸ਼ਰ ਹੈ, ਇਸ ਲਈ ਹਉਮੈ ਦਾ ਤਿਆਗ ਪਹਿਲੀ ਸ਼ਰਤ ਹੈ ।

ਬ੍ਰਾਹਮਣ ਲਿਖਾਰੀ 38 ਪਉੜੀਆਂ ਦੇ ਫਲਾਂ ਦੀ ਵੱਖ ਵੱਖ ਚਰਚਾ ਕਰ ਕੇ ਉਸਨੂੰ ਮੰਤ੍ਰ ਦੇ ਤਰੀਕੇ ਨਾਲ ਪੇਸ਼ ਕਰਦੇ ਹੈ ਜੋ ਗੁਰਮਤਿ ਨੂੰ ਕਦਾਚਿਤ ਪਰਵਾਨ ਨਹੀਂ ।

ਭਾਈ ਸੰਤੋਖ ਸਿੰਘ ਜੀ ਨੇ ਹਿੰਦੁਸਤਾਨੀ ਬ੍ਰਾਹਮਣ ਨੂੰ ਪਾਲੀ ਜਾਂ ਵਾਗੀ ਦੀ ਉਪਮਾ ਦੇ ਕੇ ਕਿਹਾ ਹੈ ਕਿ ਇਹ ਜਿਧਰ ਚਾਹੇ ਪਸ਼ੂ ਸਮਾਨ ਅਗਿਆਨੀ ਲੋਕਾਂ ਨੂੰ ਸ਼ਾਸਤ੍ਰੀ ਸਲੋਕਾਂ ਦੀ ਹੂੰਗਰ ਮਾਰ ਕੇ ਜਾਂ ਲਾਠੀ ਚਲਾ ਕੇ ਤੋਰ ਲੈਂਦਾ ਹੈ ।

ਸਕਲ ਲੋਕ ਹੈ ਪਸ਼ੂ ਸਮਾਨੇ । ਬਿਪ੍ਰ ਚੁਗਾਵਨਹਾਰ ਮਹਾਨੇ ।
ਪਠਨਿ ਸਲੋਕ ਲਸ਼ਟਿਕਾ ਹਤੋ । ਜਿਤਕੋ ਕਹੈਂ ਚਲਾਵੈਂ ਤਿਤੈ।(55)
ਬਿਪ੍ਰਨ ਅਪਨੇ ਸਿਰ ਮੁੰਡਵਾਏ । ਅਪਰ ਲੋਗ ਮਗ ਇਸੀ ਚਲਾਏ।
ਜਗਤ ਜੂਠ ਕਹੁ ਅੰਗੀਕਾਰਾ । ਸੀਸ ਮੁੰਡਾਵਨ ਪੰਥ ਬਿਥਾਰਾ ।(56)

(ਗੁਰਪ੍ਰਤਾਪ ਸੂਰਯ, ਰੁਤ 5, ਅੰਸੂ 3●)

ਇਸ ਤਰ੍ਹਾਂ 'ਸੌ ਸਾਖੀ' ਵਿਚ ਗੁਰੂਆਂ ਦੇ ਪ੍ਰਸੰਗਾਂ ਤੇ ਸਿਖਿਆਵਾਂ ਨੂੰ ਬ੍ਰਾਹਮਣੀ ਰੰਗ ਢੰਗ ਨਾਲ ਪੇਸ਼ ਕੀਤਾ ਗਿਆ ਹੈ, ਇਸ ਤੋਂ ਇਨਕਾਰ ਕੀਤਾ ਜਾ ਸਕਦਾ । ਕਾਰਣ ਇਹ ਵੀ ਸੀ ਕਿ ਖ਼ਾਲਸੇ ਦੇ ਹੱਥ ਤੇਗ ਸੀ ਤੇ ਬ੍ਰਾਹਮਣ ਤੇ ਹੱਥ ਕਲਮ, ਸਿੱਖਾਂ ਦੀਆਂ ਪੋਥੀਆਂ ਵੀ ਵਧੇਰੇ ਇਹੋ ਲਿਖਦੇ ਸਨ । ਇਸ ਕਰਕੇ ਬ੍ਰਾਹਮਣਵਾਦ ਦੇ ਕੀਟਾਣੂ ਮੱਲੋ-ਮੱਲੀ ਧਸ ਜਾਂਦੇ ਸਨ ਤੇ 'ਸੌ ਸਾਖੀ' ਇਸ ਤੇ ਮੁਕਤ ਨਹੀਂ ।

## 'ਸੌ ਸਾਖੀ' ਵਿਚ ਅਦ੍ਰਿਸ਼ਟ ਕੂਟਾਂ

'ਸੌ ਸਾਖੀ' ਵਿਚ ਜਿਥੇ ਧਾਰਮਿਕ ਸਿਖਿਆ ਤੇ ਇਤਿਹਾਸਕ ਜਾਣਕਾਰੀ ਦੀਆਂ ਕਈ ਨਵੀਆਂ ਗੱਲਾਂ ਹਨ, ਉਥੇ ਕਿਤਾਨਾ ਕੁਝ ਦ੍ਰਿਸ਼ਟਕੂਟ ਅਲੇਕਾਰ ਰਾਹੀ ਗੁੱਝਾ ਬਿਆਨ ਕੀਤਾ ਗਿਆ ਹੈ । ਸੰਸਕ੍ਰਿਤ ਸਾਹਿਤ ਵਿਚ 'ਅਦ੍ਰਿਸ਼ਟ ਕੂਟ' ਇਕ ਅਲੰਕਾਰ ਹੈ ਜਿਥੇ ਕਿ ਗੁਪਤ ਭਾਵ ਛੇਤੀ ਛੇਤੀ ਦ੍ਰਿਸ਼ਟੀਗੋਚਰ ਨਹੀਂ ਹੁੰਦਾ । ਕੋਈ ਗੱਲ ਐਸੇ ਢੰਗ ਨਾਲ ਕਹਿਣਾ, ਜਿਸਦਾ ਛੇਤੀ ਛੇਤੀ ਤੇ ਸਹਿਜ ਸੁਭਾ ਕਿਸੇ ਨੂੰ ਪਤਾ ਨਾ ਲਗ ਸਕੇ, ਉਥੇ ਇਹ ਅਲੰਕਾਰ ਹੁੰਦਾ ਹੈ । ਪੰਜਾਬੀ ਗਿਆਨੀ ਆਮ ਤੌਰ ਤੇ ਇਸ ਨੂੰ 'ਦ੍ਰਿਸ਼ਟਕੁਟ' ਹੀ ਕਹਿੰਦੇ ਹਨ । 'ਸੌ ਸਾਖੀ' ਦੋਹਰੇ ਖ਼ਾਲਸੇ ਦੀ ਚੜ੍ਹਦੀ ਕਲਾ ਦੱਸਣ ਲਈ ਹਨ :

ਖੰ ਜੋਗੀ ਲੰ ਭੋਗ ਮੈਂ, ਸਾਰ ਸੰਗ੍ਰਹਣੇ ਮਾਂਝ ।
ਸੁੰਨ ਧਿਆਨ ਗੁਣ ਗਿਆਨ ਮੈਂ, ਕਰੈ ਖ਼ਾਲਸਾ ਸਾਂਝ ।5। (59)
ਖਾਦਰ ਲਾਦਰ ਸਾਗਰੇ, ਬੀਚ ਕਰੈਂਗੇ ਰਾਜ

ਦਿੱਲੀ ਟਿਕੈ ਨਾ ਰਾਜ ਸਿੱਖ, ਗੁਰ ਨਾਨਕ ਬਖ਼ਸ਼ੀ ਸਾਜ ।7।(59)

ਇਥੇ 'ਖ਼ਾਲਸਾ' ਪਦ ਦੇ ਤਿੰਨੇ ਅੱਖਰ ਲੈ ਕੇ ਉਨ੍ਹਾਂ ਦੀ ਵਿਆਖਿਆ ਆਪਣੇ ਢੰਗ ਨਾਲ ਕੀਤੀ ਹੈ । ਖ਼ਾਲਸਾ ਅਕਾਸ਼ ਵਾਂਙ ਨਿਰਲੇਪ ਜੋਗੀ ਹੋਵੇਗਾ ਤੇ ਭੋਗੀ ਵੀ ਹੋਵੇਗਾ ਅਰਥਾਤ ਰਾਜ ਜੋਗ ਨਿਭਾਵੇਗਾ । ਫਿਰ ਜੁੱਧ ਵਿਚ ਲੋਹਾ ਵੀ ਵਰਤੇਗਾ, ਭਾਵ ਇਹ ਕਿ ਇਹ ਰਾਜ ਜੋਗੀ, ਖ਼ਾਲਸਾ ਸੂਰਬੀਰ ਵੀ ਹੋਵੇਗਾ ।

ਖਾਦਰ-ਮੈਣ ਦੁਆਬ,ਲਾਦਰ-ਮੈਦਾਨੀ ਇਲਾਕਾ, ਸਾਗਰ-ਭਾਵ ਸਿੰਧ ਸਾਗਰ ਤੋਂ ਜਮਨਾ ਤਕ-ਖ਼ਾਲਸਾ ਰਾਜ ਕਰਗਾ ।

ਇਸ ਤਰ੍ਹਾਂ ਦੇ ਅਲੰਕਾਰ ਕਈ ਥਾਂ ਵਰਤੇ ਗਏ ਹਨ । ਜਿਨ੍ਹਾਂ ਨੂੰ ਅੱਜ ਹਰ ਕੋਈ ਆਪਣੀ ਆਪਣੀ ਮਰਜ਼ੀ ਨਾਲ ਅਰਥਾ ਰਿਹਾ ਹੈ । ਇਵੇਂ ਜਿਵੇਂ ਸੰਮਤ ਵੀ ਗੁਪਤ ਢੰਗ ਨਾਲ ਲਿਖੇ ਹਨ , ਕਿਤੇ ਕਲਿਜੁਗ ਸੰਮਤ ਦਾ ਸੰਕੇਤ ਹੈ ਤੇ ਕਿਤੇ ਬਿਕ੍ਰੀਮੀ ਜਾਂ ਹੋਰ ਸੰਮਤ ਦਾ । ਕਲਿਜੁਗ ਸੰਮਤ 3●43 ਸੀ, ਜਦ ਕਿ ਬਿਕ੍ਰਮੀ ਸੰਮਤ ਸ਼ੁਰੂ ਹੋਇਆ । ਬਿਕ੍ਰਮੀ ਸੰਮਤ ਵੀ ਗਤਿ ਤੇ ਵਰਤਮਾਨ ਦੋ ਤਰੀਕਿਆਂ ਨਾਲ ਵਰਤਿਆ ਜਾਂਦਾ ਹੈ । ਜਿਵੇਂ 37 ਨੰ: ਸਾਖੀ ਵਿਚ ਲਿਖਿਆ ਹੈ - ਦਿਲੀਪ ਸਿੰਘ ਹੋਇਗਾ ਬਿਕ੍ਰਮੀ ਵਰਖ 1899 ਵਰਤੇਗਾ । ਇਹ ਗਤਿ ਸੰਮਤ ਹੈ, ਜਿਸਦਾ ਕਿ 1843 ਈਸਵੀ ਬਣਦਾ ਹੈ, ਇਸੇ ਸਾਲ ਦਲੀਪ ਸਿੰਘ ਗੱਦੀ ਬੈਠਾ ਸੀ । ਇਸ ਤੋਂ ਇਲਾਵਾ ਨਗਰਾਂ ਥਾਵਾਂ ਦੇ ਨਾਮ ਵੀ ਅਨੋਖੇ ਲਿਖੇ ਹਨ ਜਿਵੇਂ ਕਿ ਕਿਲਕਪੁਰੀ, ਸੰਭਲਪੁਰ, ਰਿਲਪੁਰ, ਲਊਪੁਰ, ਨਰੰਗਪੁਰ, ਕਾਮਪੁਰ, ਉਨੀਪੁਰ, ਕਲਿਕਾ ਨਗਰ, ਪਾਟਲ ਆਦਿ ।

ਇਸ ਪੋਥੀ ਵਿਚ ਕਈ ਸੁਤੰਤਰ ਰਚਨਾਵਾਂ ਵੀ ਮਿਲਾਈਆਂ ਗਈਆਂ ਹਨ ਤੇ ਉਨ੍ਹਾਂ ਦੇ ਨਾਮ ਆਪਣੇ ਹਨ ,ਜਿਵੇਂ ਕਿ ਮੁਕਤਨਾਮਾ (8), ਰਹਿਤਨਾਮਾ (61), ਕਲਿਵਾਰਤਾ (59,6●), ਭੂਪਨਾਮਾ (82), ਕਲਿਨਾਮਾ (87), ਨੀਤੀਬਚਨ (79), ਅਰਦਾਸਾਂ (75-78), ਜਪੁ ਮਹਿਮਾ (89, 9●) ਆਦਿਕ । ਇਹ ਸਾਰੀ ਸਾਮੱਗਰੀ ਸਾਖੀਆਂ ਨੂੰ ਸ਼ਕਤੀਅਮਾਨ ਤੇ ਸੁਹਜਵਾਨ ਬਣਾਉਣ ਵਾਲੀ ਹੈ । ਇਹ ਮੰਨਣਾ ਔਖਾ ਹੈ ਕਿ ਇਹ ਸਭੇ ਸਾਖੀਕਾਰ ਦੀਆਂ ਆਪਣੀਆਂ ਕਿਰਤਾਂ ਹਨ ।

## ਧਾਰਮਿਕ ਪੱਖ

ਹਰ ਸਾਖੀ ਵਿਚ ਧਰਮ ਤੇ ਸ਼ਿਸ਼ਟਾਚਾਜ ਦੀ ਸਿਖਿਆ ਹੈ । 32 ਨੰ: ਸਾਖੀ ਵਿਚ ਸਿੱਖ ਸ਼ਿਕਾਇਤ ਕਰਦੇ ਹਨ ਕਿ ਮਹਾਰਾਜ! ਤੁਰਕ ਧਿੰਙੋਜ਼ੋਰੀ ਹਿੰਦੁਵਾਣੀਆਂ ਉਧਾਲ ਲਿਜਾਂਦੇ ਹਨ, ਆਗਿਆ ਦਿਓ, ਅਸੀਂ ਵੀ ਤੁਰਕਣੀਆਂ ਉਠਾ ਲਿਆਈਏ । ਸਤਿਗੁਰਾਂ ਕਿਹਾ, "ਸਿੱਖੋ ! ਅਸਾਂ ਬਦਲੇ ਦੀ ਭਾਵਨਾ ਵਿਚ ਪੈ ਕੇ ਜਿੰਨਾਂ-ਭੂਤਾਂ

ਵਾਲਾ ਕੰਮ ਨਹੀਂ ਕਰਨਾ, ਅਸੀਂ ਤਾਂ ਇਸ ਪੰਥ ਨੂੰ ਜ਼ਿੰਦਗੀ ਦੀਆਂ ਉਚੇਰੀਆਂ ਕੀਮਤਾਂ ਸਥਾਪਣ ਲਈ ਤਿਆਰ ਕਰਨਾ ਹੈ ।" ਜ਼ਾਹਰ ਹੈ ਕਿ ਇਨ੍ਹਾਂ ਸਾਖੀਆਂ ਵਿਚ ਦਿਤੀ ਸਿਖਿਆ ਚੰਗੇਰੇ ਤੇ ਉਚੇਰੇ ਮੰਤਵਾਂ ਵਾਲੀ ਹੈ । ਆਮ ਤੌਰ ਤੇ ਕਈ ਵਾਰ ਧਾਰਮਿਕਤਾ, ਕੱਟੜਤਾ ਜਾਂ ਵਹਿਮ-ਭਰਮ ਨਾਲ ਗ੍ਰਸੀ ਜਾਂਦੀ ਹੈ ਲੇਕਿਨ ਸਤਿਗੁਰੂ ਇਸ ਨੂੰ ਅਜੇਹੇ ਔਗੁਣਾਂ ਤੋਂ ਪਵਿੱਤਰ ਰੱਖਣਾ ਚਾਹੁੰਦੇ ਸਨ । ਕਿਤੇ ਰਾਗੀਆਂ ਨੇ ਦੀਵਾਨ ਵਿਚ ਗੋਪੀ ਚੰਦ ਦੀ ਵਾਰ ਗਾਈ ਤਾਂ ਕੁਝ ਸਿੱਖਾਂ ਇਤਰਾਜ਼ ਕੀਤਾ ਕਿ ਇਹ ਬਾਣੀ ਛੱਡ ਕੇ ਕੀ ਪੜ੍ਹਨ ਲਗ ਪਏ ਹਨ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਦੀ ਕਠੋਰਤਾ ਨੂੰ ਵੰਗਾਰਦਿਆਂ ਕਿਹਾ ਕਿ ਰਾਗੀਆਂ ਕੋਈ ਅਪਰਾਧ ਨਹੀਂ ਕੀਤਾ, ਭਾਈ! ਗੋਪੀ ਚੰਦ ਧੰਨ ਸੀ ਜਿਸ ਚੌਦਾਂ ਸੌ ਸੁੰਦਰ ਸਰੂਪ ਰਾਣੀਆਂ ਤਿਆਗ ਕੇ ਵੈਰਾਗ ਦਾ ਮਾਰਗ ਆਪਣਾਇਅ, ਸੋ ਹਰ ਥਾਂ ਤੋਂ ਚੰਗੀ ਸਿਖਿਆ ਗ੍ਰਹਿਣ ਕਰਨ ਦੀ ਜ਼ਰੂਰਤ ਹੈ ।1●।

ਧਰਮ ਵਿਚ ਗੁਰੂ-ਆਗਿਆ ਪਾਲਣਾ ਸਭ ਤੋਂ ਪਹਿਲੀ ਗੱਲ ਹੈ । ਇਕ ਵਾਰ ਕਿਸੇ ਸਿੱਖ ਤੋਂ ਲਿਪਾਈ ਕਰਦਿਆਂ ਗੁਰੂ ਜੀ ਦੇ ਬਸਤ੍ਰਾਂ 'ਤੇ ਛਿੱਟਾ ਪੈ ਜਾਂਦਾ ਹੈ, ਸਤਿਗੁਰੂ ਕਹਿੰਦੇ ਹਨ ਕਿ ਇਸਦੇ ਤਮਾਚਾ ਮਾਰੋ, ਸਾਰੇ ਸਿੱਖ ਚਪੇੜਾਂ ਮਾਰਨ ਬਹਿ ਜਾਂਦੇ ਹਨ । ਅਜੇਹਾ ਕਰਕੇ ਹਰ ਸਿੱਖ ਸਮਝਦਾ ਹੈ ਕਿ ਮੈਂ ਤਾਂ ਗੁਰਾਂ ਦਾ ਹੁਕਮ ਮੰਨਿਆ ਹੈ । ਪਰ ਸਤਿਗੁਰੂ ਮੁਸਕਰਾਉਂਦੇ ਫ਼ੁਰਮਾਉਂਦੇ ਹਨ ਕਿ ਇਸ ਸਿੱਖ ਦਾ ਚਪੇੜਾਂ ਨਾਲ ਮੂੰਹ ਇਸ ਤਰ੍ਹਾਂ ਲਾਲ ਹੋ ਗਿਆ ਜਿਵੇਂ ਕਿ ਕੋਈ ਵਿਆਂਹਦੜ ਗੱਭਰੂ ਹੋਵੇ । ਕੋਈ ਸਿੱਖ ਹੈ ਜੋ ਇਸਨੂੰ ਆਪਣੀ ਲੜਕੀ ਦੇਵੇ ? ਇਹ ਸੁਣ ਕੇ ਦੀਵਾਨ ਵਿਚ ਸੰਨਾਟਾ ਛਾ ਜਾਂਦਾ, ਪਰ ਭਾਈ ਅਜਬ ਸਿੰਘ ਕੰਧਾਰੀ ਆਪਣੀ ਲੜਕੀ ਦਾ ਸਾਕ ਪੇਸ਼ ਕਰ ਕੇ ਸੱਚੇ ਆਗਿਆਕਾਰ ਹੋਣ ਦਾ ਸਬੂਤ ਦਿੰਦਾ ਹੈ ।(16)

ਸਤਿਗੁਰੂ ਭਗਤੀ ਭਾਵਨਾ ਦੇ ਨਾਲ ਸੇਵਾ ਭਾਵਨਾ ਉਤੇ ਵੀ ਜ਼ੋਰ ਦਿੰਦੇ ਹਨ ।(5●) ਨੰ: ਸਾਖੀ ਦਾ ਮਲੂਕ ਜੁਆਨ ਟਹਿਲ-ਵਿਹੂਣਾ ਹੈ । ਗੁਰੂ ਸਾਹਿਬ ਉਸ ਦੇ ਹੱਥੋਂ ਪਾਣੀ ਦਾ ਕਟੋਰਾ ਲੈ ਕੇ ਪੀਣਾ ਪਸੰਦ ਨਹੀਂ ਕਰਦੇ,25 ਨੰ: ਸਾਖੀ ਈਮਾਨਦਾਰੀ ਨਾਲ ਕਿਰਤ ਕਰਨ ਦੀ ਤਾਕੀਦ ਕਰਦੀ ਹੈ ਕਿ ਸੋਨੇ ਵਿਚ ਖੋਟ ਨਾ ਰਲਾਓ । 37 ਨੰ: ਸਾਖੀ ਪੂਜਾ ਦਾ ਧਾਨ ਖਾਣੋਂ ਵਰਜਦੀ ਹੈ । 63 ਨੰ: ਸਾਖੀ ਵਿਚ ਫਿਰ ਇਹ ਗੱਲ ਖੋਲ੍ਹੀ ਹੈ ਕਿ ਕੋਈ ਸਿੱਖ ਰੁਪਏ, ਮੋਹਰ ਦੇ ਲੋਭ ਵਿਚ ਆ ਕੇ ਅਨਿੱਛਤ ਭੋਜਨ ਨਾ ਖਾਵੇ । ਕਾਜ਼ੀ ਸਲਾਰੁੱਦੀਨ ਪੁੱਛਦਾ ਹੈ ਕਿ ਗੁਰੂ ਪੀਰ ਨੂੰ ਮੱਥਾ ਟੇਕਣ ਦਾ ਕੀ ਲਾਭ ਹੈ ਜਦ ਕਿ ਸਭ ਕਰਮਾਂ ਦੀ ਹੀ ਖੇਡ ਹੈ । ਸਤਿਗੁਰਾਂ ਸਮਝਾਇਆ ਕਿ ਜਿਵੇਂ ਮੋਹਰ ਦੇ ਪੁੱਠੇ ਅੱਖਰ ਲਾਉਣ ਸਮੇਂ ਸਿਧੇ ਹੋ ਜਾਂਦੇ ਹਨ, ਤਿਵੇਂ ਰੂਹਾਨੀ ਪੁਰਸ਼ਾਂ ਅੱਗੇ ਸਿਰ ਝੁਕਾਉਣ ਨਾਲ ਮਸਤਕ ਦੇ ਲੇਖ ਬਦਲ ਜਾਂਦੇ

ਹਨ । ਰਤਿਨਾਮੇ (61) ਤੇ ਮੁਕਤਨਾਮੇ (8) ਵਿਚ ਹੋਰ ਵੀ ਥਾਂ ਥਾਂ ਉਪਦੇਸ਼ ਹੈ ਪਰ ਗੁਰੂ ਦੇ ਭਾਉ ਨੂੰ (72) ਸਭ ਤੋਂ ਵਧ ਮਹੱਤਵ ਦਿਤਾ ਗਿਆ ਹੈ । ਇਸੇ ਤਰ੍ਹਾਂ ਦੋ ਤਿੰਨ ਸਾਖੀਆਂ ਵਿਚ ਦਾੜ੍ਹੀ ਕੇਸਾਂ ਦਾ ਮਹੱਤਵ ਦੱਸ ਕੇ ਜਟਾਜੂਟ ਰਹਿਣ ਦੀ ਪ੍ਰੇਰਨਾ ਕੀਤੀ (43) ਤੇ ਇਸ ਨੂੰ ਭਾਰਤੀ ਪਰੰਪਰਾ ਨਾਲ ਜੋੜ ਕੇ ਦਸਿਆ ਹੈ । 92,93,94 ਸਾਖੀਆਂ ਐਸੀਆਂ ਹਨ ਜਿਨ੍ਹਾਂ ਵਿਚ ਤਮਾਕੂ ਦੀ ਨਿਖੇਧੀ ਹੈ । ਜੇ ਗੁਰੂ ਜੀ ਦਾ ਘੋੜਾ ਵੀ ਤਮਾਕੂ ਦੇ ਪੱਤੇ ਦੀ ਬੋ ਆਉਣ ਤੇ ਪੈਰ ਥੰਮ੍ਹ ਲੈਂਦਾ ਹੈ ਤਾਂ ਹਰ ਸਿੱਖ ਦਾ ਕਰਤਵ ਹੈ ਕਿ ਉਹ ਇਸ ਬਿਖਿਆ ਜਾਂ ਜਗਤ ਜੂਠ ਤੋਂ ਆਪਣੇ ਆਪ ਨੂੰ ਬਚਾਵੇ ।

ਸਾਖੀ ਦਾ ਭਾਵ ਇਹ ਹੈ ਕਿ ਕਹਾਣੀ ਦੇ ਢੰਗ ਨਾਲ ਉੱਤਮ ਉਪਦੇਸ਼ ਦਾ ਦਿਲ ਅੰਦਰ ਪ੍ਰਵੇਸ਼ ਕਰਾਇਆ ਜਾਵੇ । 'ਸੌ ਸਾਖੀ' ਦੀਆਂ ਸਾਖੀਆਂ ਰੌਚਿਕਤਾ ਪੂਰਣ ਹੋਣ ਕਾਰਨ ਧਾਰਮਿਕ ਨਿਸਚੇ ਤੇ ਸਦਾਚਾਰ ਨੂੰ ਪਰਿਪੱਕ ਕਰਨ ਵਾਲੀਆਂ ਹਨ ਤੇ ਕਈ ਕੇਵਲ ਬ੍ਰਾਹਮਣੀ ਕਰਮ-ਕਾਂਡ ਦਾ ਚਰਚਾ ਕਰਕੇ ਹੀ ਬਸ ਕਰ ਜਾਂਦੀਆਂ ਹਨ ।

## ਇਤਿਹਾਸਕ ਪੱਖ

ਜਿਥੋਂ ਤਕ ਇਤਿਹਾਸਕ ਪਹਿਲੂ ਦਾ ਸੰਬੰਧ ਹੈ, ਉਹ ਅਜੇ ਅਣਗੌਲਿਆ ਹੀ ਹੈ, ਇਸ ਵਲ ਧਿਆਨ ਦੇਣ ਦੀ ਲੋੜ ਹੈ । ਸ੍ਰੀ ਦਸਮੇਸ਼, ਬੰਦ ਬਹਾਦਰ, ਸਿੱਖ ਮਿਸਲਾਂ ਤੇ ਫ਼ਿਰੰਗੀਆਂ ਦੀਆਂ ਸਰਗਰਮੀਆਂ ਬਾਰੇ ਕਈ ਅਜੇਹੀਆਂ ਇਤਿਹਾਸਕ ਗੱਲਾਂ ਮਿਲਦੀਆਂ ਹਨ ਜੋ ਹੋਰ ਥਾਂ ਨਹੀਂ । ਮਿਸਾਲ ਲਈ, ਬੁੱਢਾ ਦਲ ਦੀਆਂ ਜਮਨਾ ਪਾਰ ਜਿੱਤਾਂ ਦਾ ਚਰਚਾ ਸਾਡੇ ਇਤਿਹਾਸ ਵਿਚ ਘੱਟ ਹੀ ਮਿਲਦਾ ਹੈ । 'ਦੀ ਸਿੱਖਜ਼ ਇਨ ਦੀ ਅਪਰ ਦੁਆਬ' ਸਿਰਲੇਖ ਹੇਠ ਵਿਲੀਅਮ ਸਾਹਿਬ ਨੇ 1875 ਈ: ਦੇ 'ਕਲਕੱਤਾ ਰੀਵੀਊ' ਵਿਚ ਤਿੰਨ ਲੇਖ ਲਿਖੇ ਸਨ, ਇਨ੍ਹਾਂ ਵਿਚ ਸਿੱਖਾਂ ਦੇ 17 ਹਮਲਿਆ ਦਾ ਹਾਲ ਹੈ । ਇਨ੍ਹਾਂ ਵਿਚ ਲਖਨੌਤੀ ਦੇ ਕਿਲ੍ਹੇ ਨੂੰ ਫ਼ਤਹਿ ਕਰਨ ਦਾ ਵੀ ਚਰਚਾ ਹੈ । ਇਹ ਥਾਂ ਕਰਨਾਲ ਤੋਂ ਅੱਗੇ ਜਮਨਾ ਦੇ ਖੱਬੇ ਕੰਢੇ ਇਕ ਤੁਰਕ-ਮਾਨ ਬਸਤੀ ਸੀ ਜਿਥੇ ਤਕੜਾ ਕਿਲ੍ਹਾ ਵੀ ਸੀ, ਇਵੇਂ ਗੰਗੋਹ ਸ਼ਹਿਰ । ਬੁੱਢਾ ਦਲ ਨੇ ਇਨ੍ਹਾਂ ਨੂੰ 1775 ਈ: ਵਿਚ ਸੋਧਿਆ ਸੀ । ਸਾਖੀਕਾਰ ਕਹਿੰਦਾ ਹੈ :

ਲਖਨੌਤੀ ਕੈ ਗੰਗ ਪੁਰਿ, ਭਏ ਜੁਧ ਸਭ ਸੁਧ ।
ਦਿਲੀਪਤਿ ਕੀ ਫ਼ੌਜ ਚੜ੍ਹ ਮਾਰੇ ਤੁਰਕਨ ਬਿਧ੍ਰ । 6।(64)

ਭਾਈ ਵੀਰ ਸਿੰਘ ਜੀ ਨੇ ਲਖਨੌਤੀ ਨੂੰ ਕਿਲ੍ਹਾ ਅਨੰਦਪੁਰ ਲਾਗੇ ਵਸਦੇ ਕਿਸੇ ਪਿੰਡ ਲਖਨੋ ਤਾਰਾਪੁਰ ਨਾਲ ਜੋੜਿਆ, ਜੋ ਠੀਕ । ਇਹ ਅਸਾਂ ਇਕ ਮਿਸਾਲ ਦਿਤੀ ਹੈ । ਇਸੇ ਤਰ੍ਹਾਂ ਹੋਰ ਵੀ ਕਈ ਗੁੰਝਲਾਂ, ਸਾਖੀਆਂ ਨੂੰ ਵਿਚਾਰਨ 'ਤੇ ਖੁੱਲ੍ਹ ਸਕਦੀਆਂ ਹਨ ।

ਜਿਨ੍ਹਾਂ ਸਿੱਖ ਸਰਦਾਰਾਂ ਨੇ ਮਿਸਲਾਂ ਤੋਂ ਪਹਿਲਾਂ ਕਈ ਤਰ੍ਹਾਂ ਦੀਆਂ ਘਾਲਾਂ ਘਾਲੀਆਂ, ਸਾਖੀਕਾਰ ਉਨ੍ਹਾਂ ਦਸ ਸਿੰਘਾਂ ਦੇ ਨਾਂ ਇਸ ਪ੍ਰਕਾਰ ਦਿੰਦਾ ਹੈ :

ਹਮ ਦੇਖਤ ਖਾਲਸਾ ਉਠਾ। ਤੁਰਕ ਤੇਜ ਦੂਰ ਸਗਲਾ ਮੁਠਾ ।
ਨੰਦ ਸਿੰਘ ਗਰਜਾ ਸਿੰਘ ਆਦੀ । ਪੰਥ ਲਾਜ ਸਬਹਨ ਮਿਲਿ ਸਾਜੀ ।12।
ਦੇਵਾ ਸਿੰਘ ਅਤਰ ਸਿੰਘ ਸੂਰਾ । ਮਦਨ ਸਿੰਘ ਰਾਮ ਸਿੰਘ ਪੂਰਾ ।
ਕਪੂਰ ਸਿੰਘ ਤੇ ਗੁਰਬਖ਼ਸ਼ ਸਿੰਘ । ਚੋਲ੍ਹਾ ਸਿੰਘ ਹੈ ਸੱਜਣ ਸਿੰਘ । 13।

ਇਸੇ ਤਰ੍ਹਾਂ

ਦਿਲਵਾਲੀ ਸਿਖ ਗੁਰ ਮਹਲ ਕਾ ਰਾਖਾ ।
ਇਹੀ ਭੇਤ ਗੁਹਝਾ ਕਾਹੂੰ ਨਹੀਂ ਲਾਖਾ ।

ਇਹ ਕੌਣ ਸੀ, ਇਸ ਦਾ ਪਤਾ ਲਾਉਣਾ ਵੀ ਇਤਿਹਾਸਕਾਰਾਂ ਦਾ ਕੰਮ ਹੈ ਕਿ ਕਿਵੇਂ ਗੁਰੂ ਜੀ ਦੇ ਦੋ ਮਹਿਲਾਂ ਨੂੰ ਉਹ ਬਚਾ ਕੇ ਦਿੱਲੀ ਲੈ ਗਿਆ । ਦਲ ਖ਼ਾਲਸਾ ਦੀਆਂ ਸਰਗਰਮੀਆਂ ਅਤੇ ਫ਼ਿਰੰਗੀਆਂ ਦੀਆਂ ਕੁਟਿਲ ਚਾਲਾਂ ਬਾਰੇ ਕਈ ਸੰਕੇਤ ਆਏ ਹਨ, ਜਿਨ੍ਹਾਂ ਨੂੰ ਗਹੁ ਨਾਲ ਵਾਚਣ ਦੀ ਲੋੜ ਹੈ । ਸਾਡੇ ਪਾਸ ਇਤਨੀ ਥਾਂ ਨਹੀਂ ਕਿ ਅਸੀਂ ਇਸ ਲੰਮੀ ਚਰਚਾ ਵਿਚ ਪੈ ਸਕੀਏ ।

ਇਹ ਵੀ ਯਾਦ ਰੱਖਣਾ ਜ਼ਰੂਰੀ ਹੈ ਕਿ 'ਸੌ ਸਾਖੀ' ਨਿਰੋਲ ਇਤਿਹਾਸਕ ਪੋਥੀ ਨਹੀਂ, ਇਸ ਵਿਚ ਪੁਰਾਣਕ ਰੰਗ ਵੀ ਹੈ । ਇਸ ਕਰਕੇ ਕਈ ਅਣਇਤਿਹਾਸਕ ਗੱਲਾਂ ਆ ਗਈਆਂ ਹਨ, ਜਿਵੇਂ ਰਿਖਿ, ਈਸ ਤੋਂ ਈਸਾ, ਗੋਭਿ ਤੋਂ ਗੋਬਿੰਦ ਸਿੰਘ ਤੇ ਸਿੰਘ ਕੀ ਖਾਲ ਤੇ ਖ਼ਾਲਸਾ (15) ਉਪਜਿਆ ਦਸਿਆ ਹੈ। ਔਰੰਗੇ ਦੀ ਬੇਗਮ ਨੂੰ ਚੰਬੇ ਦੀ ਰਾਜਕੁਮਾਰੀ ਤੇ ਫਿਰ ਡੱਲੇ ਬੈਰਾੜ ਦੇ ਮਹਿਲੀਂ ਵਸਦਾ ਬਿਆਨ ਕੀਤਾ ਹੈ । ਮੁਇਨਦੀਨ ਚਿਸ਼ਤੀ ਅਜਮੇਰੀ (ਦੇਹਾਂਤ 1235 ਈ:) ਨਾਲ ਤਮਾਕੂ ਨੂੰ ਜਾ ਜੜਿਆ ਹੈ ਜਦੋਂ ਕਿ ਤਮਾਕੂ ਜਹਾਂਗੀਰ ਸਮੇਂ ਹਿੰਦ ਵਿਚ ਆਇਆ। ਅਜੇਹੀਆਂ ਗੱਲਾਂ ਨੂੰ ਨਜ਼ਰਅੰਦਾਜ਼ ਕਰਨ ਦੀ ਲੋੜ ਹੈ ਕਿਉਂਕਿ ਉਹ ਸਮਾਂ ਕਾਫ਼ੀ ਅੰਧਕਾਰਮਈ ਸੀ ।

## ਸਾਹਿਤਕ ਪੱਖ

'ਸੌ ਸਾਖੀ' ਹਿੰਦੀ ਪੰਜਾਬੀ ਜ਼ਬਾਨ ਦਾ ਮਿਲਗੋਭਾ ਹੈ । ਬਹੁਤੀਆਂ ਸਾਖੀਆਂ ਪੰਜਾਬੀ ਗੱਦ ਵਿਚ ਹਨ ਤੇ ਹਿੰਦੀ ਵਾਲੀਆਂ ਛੰਦਾਬੰਦੀ ਵਿਚ । ਪੰਜਾਬੀ ਵਾਰਤਕ ਇਤਨੀ ਵਿਆਕਰਣ ਤੇ ਸਾਹਿਤਕ ਸ਼ਰਤਾਂ ਨੂੰ ਪੂਰੀਆਂ ਨਹੀਂ ਕਰਦੀ, ਫਿਰ ਵੀ ਕਈ ਸਾਖੀਆਂ ਸੰਵਾਦ ਦੇ ਪੱਖ ਤੋਂ ਬੜੀਆਂ ਰੋਚਕ ਤੇ ਪ੍ਰਭਾਵਸ਼ਾਲੀ ਹਨ । ਹਿੰਦੀ ਰਚਨਾ ਵਧੇਰੇ ਚੁਸਤ ਬੰਦਸ਼ ਵਿਚ ਹੈ । ਪਰ ਰੋਚਿਕਤਾ ਦਾ ਵੱਡਾ ਕਾਰਣ ਇਹ ਹੈ ਕਿ ਸਾਰੀ ਪੋਥੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ  ਉਤਮ ਪੁਰਸ਼ ਵਿਚ ਬੋਲਦੇ ਹਨ–ਮੈਂ ਐਸਾ ਕਰਾਂਗਾ, ਐਸਾ ਕਰਾਂਗਾ ਜਾਂ ਮੇਰਾ ਖ਼ਾਲਸਾ ਅਜੇਹਾ ਕਰੇਗਾ । ਇਹ ਸ਼ੈਲੀ ਇਸ ਰਚਨਾ ਨੂੰ ਇਕ ਵਿਸ਼ੇਸ਼ ਗੌਰਵ ਤੇ ਸ਼ਕਤੀ ਪ੍ਰਦਾਨ ਕਰਦੀ ਹੈ ਤੇ ਪਾਠਕ ਮਹਿਸੂਸ ਕਰਦਾ ਹੈ ਕਿ ਉਹ ਸਿੱਧਾ ਦਸਮੇਸ਼ ਗੁਰੂ ਨਾਲ ਗੱਲ ਕਰ ਰਿਹਾ ਹੈ । ਦੂਜੀ ਗੱਲ, ਇਸਦੇ ਭਵਿਖਤ ਵਾਕ ਮਨ ਦੇ ਸਾਹਸ ਨੂੰ ਵਧਾਉਣ ਵਾਲੇ ਹਨ, ਭਾਵੇਂ ਇਹ ਭੂਤ ਨੂੰ ਭਵਿਖਤ ਬਣਾ ਕੇ ਪੇਸ਼ ਕਰਦੇ ਹਨ; ਪਰ ਪਾਠਕ ਨੂੰ ਇਹ ਤੱਸਲੀ ਬੱਝਦੀ ਹੈ ਕਿ ਐਸਾ ਹੋ ਕੇ ਰਹੇਗਾ ਤੇ ਇਸ ਨਾਲ ਉਸਨੂੰ ਵੀ ਕੁਝ ਹਾਸਲ ਹੋਵੇਗਾ । ਇਹ ਸਾਰੀ ਗੱਲ ਖ਼ਾਲਸਾ ਪੰਥ ਦੇ ਉਤਸ਼ਾਹ ਨੂੰ ਉਭਾਰਨ ਵਾਲੀ ਹੈ, ਇਸੇ ਕਰਕੇ ਸ਼ਰਧਾਲੂ ਸਿੱਖ ਇਸ ਤੋਂ ਕੁਝ ਵਧੇਰੇ ਹੀ ਸੰਤੁਸ਼ਟਤਾ ਪਾਉਂਦਾ ਦੇਖਿਆ ਗਿਆ ਹੈ । ਸੋ ਇਹ ਲੋਕਪ੍ਰਿਯਤਾ ਇਸਦੀ ਕਲਾਤਮਕਤਾ 'ਤੇ ਨਿਰਭਰ ਨਹੀਂ ਕਰਦੀ, ਸਗੋਂ ਇਸਦੇ ਵਿਸ਼ਾ-ਵਸਤੂ ਦੇ ਮਹੱਤਵ ਕਾਰਣ ਹੈ ਜੋ ਕਦੀ ਕਦੀ ਸੂਰਜ ਵਾਂਙ ਲਿਸ਼ਕੋਰ ਕੇ ਅੱਖਾਂ ਚੁੰਧਿਆਉਂਦਾ ਹੈ ।

## 'ਸੌ ਸਾਖੀ' ਤੇ ਸਿੱਖ ਰਾਜ

ਜੈਸਾ ਕਿ ਅਸਾਂ ਪਹਿਲੇ ਵੀ ਕਿਹਾ ਹੈ ਕਿ 'ਸੌ ਸਾਖੀ' ਦੀ ਪ੍ਰਸਿੱਧੀ ਦਾ ਅਸਲ ਕਾਰਣ ਸਿੱਖ ਰਾਜ ਹੋਣ ਦੀ ਚਰਚਾ ਹੈ । ਮੀਰੀ ਪੀਰੀ ਦੇ ਵਾਲੀ ਗੁਰੂ ਦੇ ਸਿੱਖਾਂ ਵਲੋਂ ਰਾਜ ਦਾ ਸੁਪਨਾ ਲਿਆ ਜਾਣਾ ਕੋਈ ੈ.ਰ-ਕੁਦਰਤੀ ਘਟਨਾ ਨਹੀ, ਕਿਉ੧ਕਿ ਗੁਰਬਾਣੀ ਨੇ ਇਨ੍ਹਾਂ ਨੂੰ ਰਾਜ ਯੋਗ ਦਾ ਸਬਕ ਪੜ੍ਹਾਇਆ ਹੈ ਤਾਂਕਿ ਉਹ ਸੁਤੰਤ੍ਰ ਸ੍ਵੈਮਾਣ ਵਾਲਾ ਨਿਰਭੈ ਜੀਵਨ ਬਸਰ ਸਕਣ । ਐਸਾ ਆਦਰ-ਕ ਮਨੋਰਥ ਹੋਣ ਕਰਕੇ ਸਿੱਖ, ਬਾਣੀ ਤੇ ਹੋਰ ਇਤਿਹਾਸਕ ਗ੍ਰੰਥਾਂ ਵਿਚੋ੧ ਵੀ ਰਾਜ-ਭਾਗ ਹਾਸਲ ਕਰਨ ਦਾ ਵਰਦਾਨ ਲੱਭਦੇ ਆਏ ਹਨ । 'ਆਵਨਿ ਅਠੱਤਰ ਜਾਣ ਸਤਾਨਵੇ੧ ਹੋਰ ਭੀ ਉਠਸੀ ਮਰਦ ਕਾ ਚੇਲਾ' ਦਾ ਅਰਥ-ਭਾਵ  ਭਾਵੇ੧ ਮੁ.ਲ ਰਾਜ ਆਉਣ ਜਾਣ ਬਾਰੇ ਹੈ ਪਰ ਆਸਵੰਦ ਪ੍ਰੇਮੀ 'ਮਰਦ ਕਾ ਚੇਲਾ' ਉਠਣ ਦਾ ਭਾਵ ਕਿਸੇ ਕਲਾਧਾਰੀ ਪੁਰਖ ਦਾ ਪਰਗਟ ਹੋਣਾ ਦਸਦੇ ਆਏ ਹਨ । ਇਵੇ੧ ਜਿਵੇ੧ ਗੁਰੂ ਗੋਬਿੰਦ ਸਿੰਘ ਜੀ ਦੇ ਅਕਾਲ ਉਸਤਤਿ ਵਿਚਲੇ ਸਵਈਏ ਸੁਨਹਿਰੀ ਭਵਿਖ ਦੀ ਝਲਕ ਦਰਸਾਉ੧ਦੇ ਲਗਦੇ ਹਨ :

ਦਾਨਵ ਦੇਵ ਫਨਿੰਦ ਨਿਸਾਚਰ, ਭੂਤ ਭਵਿਖ ਭਵਾਨ ਜਪੈ੧ਗੇ ।
ਜੀਵ ਜਿਤੇ ਜਲ ਮੈਂ ਥਲ ਮੈਂ, ਪਲ ਹੀ ਪਲ ਮੈਂ ਸਭ ਥਾਪ ਥਪੈਂਗੇ ।
ਪੁੰਨ ਪ੍ਰਤਾਪਨ ਬਾਢ ਜੈਤ ਧਨ, ਪਾਪਨ ਕੇ ਬਹੁ ਪੁੰਜ ਖਪੈ੧ਗੇ ।
ਸਾਧ ਸਮੂਹ ਪ੍ਰਸੰਨ ਫਿਰੈ ਜਗ, ਸਤ੍ਰ ਸਭੈ ਅਵਲੋਕ ਚਪੈ੧ਗੇ ।

ਜਿਥੇ 'ਬਚਿਤ੍ਰ ਨਾਟਕ' ਵਿਚ ਦਸਮੇ- ਗੁਰੂ ਜੀ ਨੇ ਨਿਹਕਲੰਕ ਅਵਤਾਰ ਦੀ ਕਥਾ ਦੱਸੀ ਹੈ, ਉਥੇ ਕਲਕੀ ਅਵਤਾਰ ਦਾ ਹਰਿਮੰਦਰ ਆਉਣਾ ਲਿਖਿਆ ਹੈ, ਸਿੱਖ ਹਰਿਮੰਦਰ ਦਾ ਭਾਵ (ਆਪਣੀ ਮਨ ਦੀ ਮੌਜ ਵਿਚ ) ਦਰਬਾਰ ਸਾਹਿਬ ਅੰਮ੍ਰਿਤਸਰ ਲੈਂਦੇ ਹਨ, ਭਾਵੇਂ ਐਸਾ ਨਹੀਂ । ਇਹ ਸਵਈਏ ਇਉਂ ਚਲਦੇ ਹਨ :

ਪਾਪ ਸੰਬੂਹ ਬਿਨਾਸਨ ਕਉ, ਕਲਿਕੀ ਅਵਤਾਰ ਕਹਾਂਵਹਿੰਗੇ ।
ਤੁਰਕੱਛ ਤੁਰੰਗ ਸਪੱਛ ਬਡੇ, ਕਰਿ ਕਾਦਿ ਕ੍ਰਿਪਾਨ ਕੰਪਾਵਹਿੰਗੇ
ਨਿਕਸੇ ਜਿਮ ਕੇਹਰ ਪਰਬਤ ਤੇ , ਤਸ ਸੋਭ ਦਿਵਾਲਯ ਪਾਵਹਿੰਗੇ ।
ਭਲ ਭਾਗ ਭਯਾ ਇਹ ਸੰਭਲ ਕੇ, ਹਰਿ ਜੂ ਹਰਿਮੰਦਰ ਆਵਹਿੰਗੇ ।

ਜਦ ਗੁਰੂ ਗੋਬਿੰਦ ਸਿੰਘ ਦੱਖਣ ਵਲ ਜਾ ਕੇ ਪਰਲੋਕ ਪਿਆਨਾ ਕਰ ਗਏ ਤਾਂ ਸਿੱਖਾਂ ਵਿਚ ਬੜੀ ਉਦਾਸੀ ਛਾਈ, ਲੇਕਿਨ ਸਿਦਕੀ ਸਿੱਖ ਇਹ ਭਰੋਸਾ ਰਖਦੇ ਸਨ ਕਿ ਸਤਿਗੁਰੂ ਛੇਤੀ ਪੰਜਾਬ ਆਉਣਗੇ ਤੇ ਬਰਬਾਦ ਅਨੰਦਪੁਰ ਨੂੰ ਮੁੜ ਵਾਸਉਣਗੇ । ਇਹ ਗੱਲ ਅਠਾਰ੍ਹਵੀ੧ ਸਦੀ ਦੇ ਮੁੱਢ ਵਿਚ ਸਿੱਖ ਮਨਾਂ ਅੰਦਰ ਘਰ ਕਰ ਗਈ ਸੀ । ਇਸੇ ਕਰਕੇ ਦਿੱਲੀ ਨਿਵਾਸੀ ਭਾਈ ਸੈਣਾ ਸਿੰਘ ਨੇ 'ਸ੍ਰੀ ਗੁਰਸ਼ੋਭਾ' ਦੇ ਉਨ੍ਹੀਵੇਂ ਅਧਿਆਇ ਵਿਚ 12 ਵਿਸ਼ੇਸ਼ ਛੰਦ ਲਿਖੇ ਹਨ ਤੇ ਉਸਦਾ ਸਿਰਲੇਖ ਹੀ 'ਆਗਮ ਪ੍ਰਗਾਸ਼ ਸ਼ੋਭਾ ਲਿਖਿਆ ਹੈ ।

ਸਬ ਸਾਧੁ ਉਬਾਰਨ ਕੇ ਹਿਤ ਕੌਂ, ਜਗ ਜੀਵਨ ਜੋਤਿ ਜਗਾਵਹਿੰਗੇ
ਤੁਰਕੀ ਅਸੁ ਅਛੱ ਸਪੱਛ ਬਡੋ, ਤਿਹਂ ਊਪਰਿ ਆਪਿ ਸੁਹਾਵਹਿੰਗੇ ।.........
ਪ੍ਰਿਥਵੀਪਤਿ ਭੂਪਤਿ ਸ਼ਾਹ ਸਬੈ, ਤਿਹ ਦੇਖਿ ਮਹਾਂ ਡਰ ਪਾਵਹਿੰਗੇ।
ਤਜਿ ਦੇਸ ਸੁਰੇਸ ਨਰੇਸ਼ ਬਡੇ, ਡਰਕੈ ਸਬਹੀ ਭਜ ਜਾਵਹਿੰਗੇ ।
ਚਿਤਵੈ ਮਨ ਮੈਂ ਕਛੁ ਔਰ ਉਪਾਇ, ਬਿਨ ਹਰਿ ਕਯੋਂ ਗਤਿ ਪਾਂਵਹਿੰਗੇ ।
ਭਲ ਭਾਗ ਭਯਾ ਤੁਮ ਤਾਂਹਿ ਕਹੋ, ਗੜ੍ਹ ਆਨੰਦ ਫੇਰ ਬਸਾਵਹਿੰਗੇ ।

ਇਸ ਮਨੌਤ ਦਾ ਇਤਨਾ ਪ੍ਰਭਾਵ ਪਿਆ ਕਿ ਸਿੱਖਾਂ ਦਿਆਂ ਰਹਿਤਨਾਮਿਆਂ ਵਿਚ ਵੀ ਸਿੱਖ ਰਾਜ ਦਾ ਚਰਚਾ ਕਈ ਥਾਂ ਆਇਆ ਹੈ ਜਿਵੇਂ ਕਿ:

ਸੁਨਹੁ ਨੰਦ ਲਾਲ ਇਹ ਸਾਜ । ਪ੍ਰਗਟ ਕਰਾਊਂ ਅਪਨੋ ਰਾਜ ।

ਚਾਰ ਬਰਨ ਇਕ ਬਰਨ ਕਰਾਂਊਂ । ਵਾਹਿਗੁਰੂ ਕਾ ਜਾਪ ਜਪਾਊਂ।
ਝੂਲਣ ਨੇਜੇ ਹਸਤੀ ਸਾਜੇ । ਦੁਆਰ ਦੁਆਰ ਪਰਿ ਨਉਬਿਤ ਵਾਜੇ ।
ਸਵੇ ਲਾਖ ਜਬ ਧੁਖੈ ਪਲੀਤਾ । ਤਬਿ ਖਾਲਸਾ ਉਦੈ ਅਸਤ ਲੌ ਜੀਤਾ ।

(ਤਨਖਾਹਨਾਮਾ, ਭਾਈ ਨੰਦ ਲਾਲ )

ਸਿੱਖ ਇਤਿਹਾਸਕ ਗ੍ਰੰਥਾਂ ਵਿਚ ਅਜੇਹੀਆਂ ਕਈ ਟੂਕਾਂ ਮਿਲ ਜਾਂਦੀਆਂ ਹਨ ਜਿਨ੍ਹਾਂ ਵਿਚ ਥਾਂ ਥਾਂ ਸਿੱਖ ਰਾਜ ਦਾ ਸੰਕਲਪ ਮੂਰਤੀਮਾਨ ਕੀਤਾ ਗਿਆ ਹੈ । ਕੁਝ ਅਜੇਹੀਆਂ ਗੱਲਾਂ ਹੀ 'ਸੌ ਸਾਖੀ' ਦੀਆਂ ਕਈ ਸਾਖੀਆਂ ਵਿਚ ਆਈਆਂ ਹਨ, ਜੋ ਕੋਈ ਵਚਿਤ੍ਰ ਗੱਲ ਨਹੀਂ ਇਹ ਉਸ ਸਮੇਂ ਦੇ ਸੰਗ੍ਰਾਮੀਏ ਸਿੰਘਾਂ ਦੀ ਮਨਾਸਿਕ ਭਾਵਨਾ ਦਾ ਭਾਗ ਸਨ ਤੇ ਕੁਝ ਚਤੁਰ ਲਿਖਾਰੀਆਂ ਇਨ੍ਹਾਂ ਨੂੰ ਜ਼ਰਾ ਹੋਰ ਰੰਗ ਭਰ ਕੇ ਪੇਸ਼ ਕੀਤਾ ਹੈ, ਖਾਸ ਕਰਕੇ ਮਹਾਰਾਜਾ ਰਣਜੀਤ ਸਿੰਘ ਸਮੇਂ ਦੀ ਰਾਜਸੀ ਚੜ੍ਹਤ ਦੇਖ ਕੇ ।

ਸ਼ਾਇਦ 'ਸੌ ਸਾਖੀ' ਪੰਜਾਬ ਦੀ ਪਹਿਲੀ ਕਿਤਾਬ ਹੀ ਹੈ ਜਿਸ ਵਿਚ ਅੰਗਰੇਜ਼ਾਂ ਦਾ ਵਿਰੋਧ ਮਿਲਦਾ ਹੈ । ਇਸ ਕਰਕੇ ਜਦੋਂ ਉਨ੍ਹੀਵੀਂ ਸਦੀ ਦੇ ਮੱਧ ਪਿਛੋਂ ਰਾਜਸੀ ਜਾਗ੍ਰਤੀ ਪੈਦਾ ਹੋਈ ਤਾਂ ਇਹ ਵਿਰੋਧ ਵਾਲੀਆਂ ਗੱਲਾਂ ਸਿੱਖ ਪਾਠਕਾਂ ਨੂੰ ਵਧੇਰੇ ਉਭਾਰਨ ਲਗੀਆਂ ਤੇ ਉਹ ਮੁੜ ਇਸ ਤੋਂ ਰਾਜ ਭਾਗ ਦੀ ਪ੍ਰੇਰਨਾ ਲੈਣ ਲਗੇ । ਹੁਣ ਵੀ 'ਸੌ ਸਾਖੀ' ਦਾ ਪਾਠ ਸ਼ਰਧਾਲੂ ਮਨਾਂ ਵਿਚ ਇਹ ਚੰਗਿਆਈ ਭੜਕਾਉ੧ਦਾ ਹੈ, ਪਰ ਵੀਹਵੀਂ ਵਿਚ ਗਰਕਦੇ ਚੰਗੇ ਯੁਗ ਵਿਚ ਰਹਿੰਦੇ, ਹੁਣ ਅਸੀ ਭਵਿੱਖਬਾਣੀਆਂ ਦੇ ਭਰਮਾਂ ਵਹਿਮਾਂ ਵਿਚ ਗਰਕਦੇ ਚੰਗੇ ਨਹੀਂ ਲਗਦੇ । ਲੋਕਤੰਤ੍ਰੀ ਵਾਤਾਵਰਣ ਵਿਚ ਹੁਣ ਵਧੇਰੇ ਯਥਾਰਥਕ ਅਤੇ ਬਲਵੰਤ, ਬੁਧੀਵੰਤ ਤੇ ਘਾਲਵੰਤ ਹੋਣ ਦੀ ਲੋੜ ਹੈ ।

## 'ਸੌ ਸਾਖੀ' ਦੇ ਖਰੜੇ ਅਤੇ ਸੁਧਾਈ

ਛਾਪੇ ਤੋਂ ਪਹਿਲਾਂ ਇਹ ਹਾਲਤ ਸੀ, ਜੋ ਪੋਥੀ ਵਧੇਰੇ ਪੜ੍ਹੀ ਜਾਂ ਲਿਖੀ ਗਈ ਉਸ ਵਿਚ ਉਤਨੀਆਂ ਹੀ ਵੱਧ ਭੁੱਲਾਂ ਹੁੰਦੀਆਂ ਗਈਆਂ, ਸੌ ਸਾਖੀ ਨਾਲ ਵੀ ਅਜੇਹਾ ਵਰਤਾਰਾ ਹੀ ਹੋਇਆ । ਇਸਦੀ ਸੋਧ ਸੁਧਾਈ ਲਈ ਜ਼ਰੂਰੀ ਹੈ ਕਿ ਪੁਰਾਣੇ ਖਰੜੇ ਨੂੰ ਵਾਚਿਆ ਜਾਵੇ ਤੇ ਅਸਲ ਪਾਠ ਲੱਭਣ ਦਾ ਜਤਨ ਕੀਤਾ ਜਾਵੇ । ਸ਼ੁੱਧ ਪਾਠ ਦੀ ਇਹ ਕਸਵੱਟੀ ਨਹੀਂ ਕਿ ਇਹ ਬਹੁਤਿਆਂ ਵਿਚ ਹੈ ਤਾਂ ਠੀਕ ਹੈ, ਅਸਲ ਕਸੌਟੀ ਇਹ ਹੈ ਕਿ ਅਤਿ ਪ੍ਰਾਚੀਨ ਖਰੜੇ ਵਿਚ ਇਹ ਪਾਠ ਕਿਵੇਂ ਹੈ, ਫਿਰ ਦੂਜਿਆਂ ਨਾਲ ਇਸਦਾ ਮਿਲਾਨ ਵੀ ਕੀਤਾ ਜਾ ਸਕਦਾ ਹੈ । ਜਦ ਪ੍ਰੈਸ ਆ ਗਿਆ ਤਾਂ

ਤੀਬਰ ਮੰਗ ਕਾਰਣ ਸੌ ਸਾਖੀ ਛਾਪੇ ਵਿਚ ਆ ਗਈ । ਦੀਵਾਨ ਬੂਟਾ ਸਿੰਘ, ਜੋ ਰਾਣੀ ਜਿੰਦਾ ਦੇ ਨਿਕਟਵਰਤੀ ਸੇਵਕਾਂ ਵਿਚੋ ਸੀ, ਉਸਨੇ 1892 ਈ: ਵਿਚ ਮਤਬਾ ਆਫਤਾਬ ਪੰਜਾਬ ਲਾਹੌਰ ਵਲੋਂ ਇਸਨੂੰ ਛਾਪਿਆ । ਕੈਕਸਟਨ ਪ੍ਰੈਸੱ ਨੇ ਵੀ ਪ੍ਰਕਾਸ਼ਤ ਕੀਤਾ । ਫਿਰ ਭਾਈ ਦਯਾ ਸਿੰਘ ਚੇਲੇ ਕੀ ਤੇ ਮੱਘਰ ਸਿੰਘ ਖਿਹਾਲੇ ਵਾਲੇ ਨੇ ਮਿਲ ਕੇ 1947 ਬਿ: ਦੇ ਕਿਸੇ ਖਰੜੇ ਦੇ ਅਧਾਰ ਤੇ ਵੀਹਵੀਂ ਸਦੀ ਦੇ ਮੁੱਢ ਵਿਚ ਇਸਨੂੰ ਵੀਰ ਹਿੰਦ ਪ੍ਰੈਸੱ ਤੋਂ ਛਪਾਇਆ । ਚੂੰਕਿ ਅੰਗਰੇਜ਼ ਇਸਨੂੰ ਕੈਰੀ ਅੱਖ ਨਾਲ ਦੇਖਦਾ ਸੀ ਇਸ ਕਰਕੇ ਇਨ੍ਹਾਂ ਕਈ ਪਾਠ ਵੀ ਬਦਲੇ ਜਿਵੇਂ ਫਿਰੰਗੀ ਨੂੰ ਉਰੰਗੀ ਜਾਂ ਕਿਤੇ ਕਿਤੇ ਪਠੰਗੀ ਕਰ ਦਿਤਾ । ਇਵੇਂ ਜਿਵੇਂ 'ਕਰੇ ਫਿਰੰਗੀ ਹਾਨ' ਨੂੰ 'ਕਰੇ ਮਲੇਛੀ ਹਾਨ', ਛਾਪ ਦਿਤਾ ਪਰ ਫਿਰ ਵੀ ਸਰਕਾਰ ਨੇ ਇਸ ਨੂੰ ਜ਼ਬਤ ਕਰ ਲਿਆ । ਇਸ ਤੋਂ ਪਿਛੋਂ ਅਨੇਕਾਂ ਪ੍ਰਕਾਸ਼ਕਾਂ ਇਸ ਨੂੰ ਛਾਪਿਆ । ਬਾਰ ਵਿਚ ਹੁਣ ਵੀ ਛਪੀ ਪੋਥੀ ਮਿਲਦੀ ਹੈ ਪਰ ਬੇ-ਸ਼ੁਮਾਰ ਗ਼ਲਤੀਆਂ ਨਾਲ ਭਰੀ ਹੋਈ । ਕਈ ਸਾਖੀਆਂ ਅਗੇ ਪਿਛੇ ਹਨ, ਕਈ ਵੱਧ ਘੱਟ । ਪ੍ਰਕਾਸ਼ਕਾਂ ਜਿਵੇਂ ਚਾਹਿਆ ਇਸਨੂੰ ਛਾਪ ਕੇ ਵੇਚਿਆ ਵੱਟਿਆ ਤੇ ਚਾਹਵਾਨਾਂ ਦੀ ਤੀਬਰ ਤਾਂਘ ਦਾ ਨਜਾਇਜ਼ ਫਾਇਦਾ ਉਠਾਇਆ । ਇਨ੍ਹਾਂ ਸਾਰੇ ਛਾਪਣ ਵਾਲਿਆਂ ਵਿਚੋਂ ਸ: ਪ੍ਰਤਾਪ ਸਿੰਘ ਮਹਿਤਾ (ਰੋਹਤਕ) ਦਾ ਕੀਤਾ ਕੰਮ ਕਦਰਯੋਗ ਹੈ ਜਿਨ੍ਹਾਂ ਦੋ ਭਾਗਾਂ ਵਿਚ, 'ਸੌ ਸਾਖੀ ਸਟੀਕ' ਛਾਪੀ, ਪਹਿਲਾ ਭਾਗ ਜਨਵਰੀ 1958 ਈ: ਵਿਚ ਤੇ ਦੂਜਾ ਭਾਗ 196● ਈ: ਵਿਚ ਪ੍ਰਕਾਸ਼ਤ ਹੋਇਆ । ਆਪ ਨੇ 2● ਕੁ ਹੱਥ-ਲਿਖਤ ਪੋਥੀਆਂ ਵੀ ਦੇਖੀਆਂ ਜੋ ਉਸ ਸਮੇਂ ਆਮ ਨਿਹੰਗ ਸਿੰਘਾਂ ਜਾਂ ਨਾਮਧਾਰੀ ਸਿੰਘਾਂ ਪਾਸ ਪ੍ਰਾਪਤ ਸਨ । ਫਿਰ ਵੀ ਅਨੇਕਾਂ ਪਾਠ ਅਸ਼ੁਧ ਰਹਿ ਗਏ । ਉਨ੍ਹਾਂ ਜੋ ਅਰਥ ਕੀਤੇ, ਉਹ ਬਹੁਤੇ ਮਨਮਰਜ਼ੀ ਤੇ ਖ਼ਾਸ ਸੰਪ੍ਰਦਾਈ ਪ੍ਰਭਾਵ ਵਾਲੇ ਸਨ । ਮਿਸਾਲ ਲਈ 'ਸੌ ਸਾਖੀ' ਵਿਚ ਆਮ ਬਿਕ੍ਰਮੀ ਸੰਮਤ ਵਰਤਿਆ ਗਿਆ, ਪਰ ਮਹਿਤਾ ਸਾਹਿਬ- 'ਸੁੰਨ ਲਲਾ, ਤ੍ਰਿਯ ਪੰਜਵੇਂ, ਊਨ ਸਸਾ ਪੰਚਾ'-ਦਾ ਅਰਥ 1849 ਈਸਵੀ ਕਰਦੇ ਹਨ । ਇਸੇ ਤਰ੍ਹਾਂ ਭਵਿਖਤ ਵਾਕਾਂ ਦੇ ਅਰਥ ਕਈ ਥਾਂ ਉਹ ਖਿਚ-ਖਿਚਾ ਕੇ ਵਰਤਮਾਨ ਸਮੇਂ ਤਕ ਲੈ ਆਏ ਹਨ । ਜਿਵੇਂ 17 ਨੰ: ਸਾਖੀ ਦੇ ਅਰਥ ਕਰਦੇ ਲਿਖਦੇ ਹਨ :

'ਪ੍ਰੋ: ਕੇਸੋਦਾਸ ਦਾ ਤੀਸਰਾ ਜਨਮ ਪ੍ਰੰ: ਜਵਾਹਰ ਲਾਲ ਜੀ ਹਨ । ਸਤਿਗੁਰੂ ਰਾਮ ਸਿੰਘ ਜੀ ਦੇ ਆਗਮਨ ਤਕ ਆਪ ਦਿੱਲੀ ਹੀ ਰਹੇਂਗੇ, ਉਪੰਰਤ ਜਦ ਲਾਹੌਰ ਦੁਬਾਰਾ ਵਸਾਇਆ ਜਾਵੇਗਾ ਤਦ ਆਪ ਉਸ ਰਾਜਧਾਨੀ ਦੇ ਗਵਰਨਰ (ਲਾਟ) ਬਨਾਏ ਜਾਏਂਗੇ ।'

(ਸੌ ਸਾਖੀ ਸਟੀਕ, ਭਾਗ ਪਹਿਲਾ, ਪੰ: 131)

ਇਹ ਅਸਾਂ ਇਕ ਮਿਸਾਲ ਦਿਤੀ ਹੈ। ਕਈ ਥਾਂ ਹੋਰ ਵੀ ਉਨ੍ਹਾਂ ਸਾਰੇ ਪ੍ਰਸੰਗ ਵਰਤਮਾਨ ਨਾਲ ਜੋੜਨ ਦਾ ਸ਼ੌਕ ਦਿਖਾਇਆ ਹੈ ਜੋ ਠੀਕ ਨਹੀ।

ਇਸ ਪੋਥੀ ਦਾ ਅਸਲ ਨਾਮ [ਸ੍ਰੀ ਗੁਰ ਰਤਨ ਮਾਲ] ਦਾ ਸਹੀ ਪਾਠ ਲੱਭਣ ਲਈ ਹੇਠ-ਲਿਖੇ ਖਰੜਿਆਂ ਨੂੰ ਵਾਚਿਆ ਅਤੇ ਇਨ੍ਹਾਂ ਤੋਂ ਯੋਗ ਸਹਾਇਤਾ ਲਈ ਹੈ। ਵੇਰਵਾ ਇਸ ਪ੍ਰਕਾਰ ਹੈ :

੧ ਸਿੱਖ ਰੈਫ੍ਰੈਂਸ ਲਾਇਬ੍ਰੇਰੀ ਅੰਮ੍ਰਿਤਸਰ-ਖਰੜਾ ਨੰ: ੧੫੯੫

ਕੁਲ ਪੱਤਰੇ ੧੨੭ ਸੰਮਤ ੧੮੯੩ ਬਿ:

੨ ਸਿੱਖ ਰੈਫੈਂਸ ਲਾਇਬ੍ਰੇਰੀ ਅੰਮ੍ਰਿਤਸਰ- ਖਰੜਾ ਨੰ: ੫੦੩੯

ਇਸ ਪੋਥੀ ਵਿਚ ਪ੍ਰੇਮ ਅੰਬੋਧਿ, ਪਰਚੀਆਂ ਸੇਵਾਦਾਸ, ਗੁਰ ਰਤਨ ਮਾਲ ਤੇ ਪ੍ਰਾਣਸੰਗਲੀ ਦਾ ਕੁਝ ਪਾਠ ਹੈ। ੧੯੦੭ ਬਿ: ਦੀ ਨਕਲ ਹੈ।

੩ ਸਿੱਖ ਇਤਿਹਾਸ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ।

ਕੁਲ ਪੱਤਰੇ ੨੦੩-ਖਰੜਾ ਨੰ: ੧੪੫੫

੧੯੪ ਪੱਤਰੇ ਤੇ ਸੌ ਸਾਖੀ ਸਮਾਪਤ,

ਅੱਗੇ ਉਗ੍ਰਦੰਤੀ ਦੇ ਕੁਝ ਭਗਵਤੀ ਛੰਦ ਹਨ।

[੧੮੯੪ ਲਿਖੀ ਸਜਾਪੁਰ ਕੱਤਕ ਸੁਦੀ ੧੧ ਬੁਧਵਾਰ।]

੪ ਸਟੇਟ ਆਰਕਾਈਵਜ਼ ਲਾਇਬ੍ਰਰੀ ਪਟਿਆਲਾ।

ਕੁਲ ਪੱਤਰੇ ੧੫੦ ਸੁੰਦਰ ਲਿਖਤ- ਖਰੜਾ ਨੰ: ੬੮੩

[ਸੰਬਤ ੧੮੯੪ ਲਿਖੀ

ਰਾਜਸਥਾਨ ਨਗਰ ਪਟਯਾਲੇ ਫਗਣ ਸੁਦੀ ੧੫ ਸਨਿਸ਼ਚਰਵਾਰ ਨੂੰ ਸੁਭੰ।]

੫ ਸੈਂਟਰਲ ਪਬਲਿਕ ਲਾਇਬ੍ਰੇਰੀ ਪਟਿਆਲਾ-ਖਰੜਾ ਨੰ: ੫੫੫

ਕੁਲ ਪੱਤਰੇ ੧੬੮, 'ਸੰਬਤ ੧੮੯੫ ਭਾਦੋਂ ਦੁਦੀ ੯।'

੬ ਭਾਸ਼ਾ ਵਿਭਾਗ ਲਾਇਬ੍ਰਰੀ ਪਟਿਆਲਾ-ਖਰੜਾ ਨੰ: ੩੫੨

ਪੱਤਰੇ ੨੫੫, ਛੋਟਾ ਸਾਇਜ਼, ਸ੍ਰੀ ਅੰਮ੍ਰਿਤਸਰ ਰਾਮਦਾਸਪੁਰ, ਜੇਠ ਸੁਦੀ ਪੂਰਨਮਾਸ਼ੀ। ਬੇਸੰਮਤ

੭ ਮੇਰੀ ਲਾਇਬ੍ਰੇਰੀ ਦਾ ਖਰੜਾ-ਕੁਲ ਪੱਤਰੇ ੩੦੭, ਖੁਸ਼ਨਵੀਸ ਦੀ ਲਿਖਤ, ਉਂਜ ਬੇਸੰਮਤ

੮ ਮੇਰੀ ਲਾਇਬ੍ਰੇਰੀ ਦਾ ਖਰੜਾ-ਕੁਲ ਪੱਤਰੇ ੨੭੬, ਬੇਸੰਮਤ

ਲਿਖਾਈ ਸਾਧਾਰਣ ਪਰ ਇਹ ਕਿਸੇ ਪ੍ਰਮਾਣਿਕ ਖਰੜੇ ਦਾ ਉਤਾਰਾ ਹੈ।

੯ ਡੇਹਰਾਦੂਨ ਭਾਈ ਵੀਰ ਸਿੰਘ ਜੀ ਦੀ ਲਾਇਬ੍ਰੇਰੀ ਵਿਚ ੩੦ ਨੰ: ਤੇ ਇਕ ਖਰੜਾ ਹੈ ਜੋ ਕਿ ੧੯੦੫ ਬਿ: ਲਿਖਤ ਹੈ ਤੇ ਆਮ ਲਿਖਤੀ ਪੋਥੀਆਂ ਵਰਗਾ ਹੀ ਹੈ ।ਇਸਦੇ ਪੱਤਰੇ ੧੨੭ ਹਨ। ਅੰਤ ਦੋਹਰਾ ਹੈ :

ਪੁਸਤਕ ਸਾਖੀਯਨ ਕੀ ਲਿਖੀ, ਸੁਧਹਾ ਸਰੋਵਰ ਤੀਰ
ਸੰਮਤ ਸਰ ਨਭ ਨਿਧਿ ਸੀਸ, ਆਸ਼ਵਨ ਵਦਿ ਸ੍ਰਤਿ ਬੀਰ।

੧੦ ਤਿੰਨ ਚਾਰ ਬਜ਼ਾਰ ਦੀਆਂ ਛਪੀਆਂ [ਸੌ ਸਾਖੀਆਂ] ਵੀ ਵਾਚੀਆਂ ਗਈਆਂ ਹਨ ਜੋ ਕਿਤੇ ਕਿਤੇ ਸਹਾਇਕ ਸਿਧ ਹੋਈਆਂ ਹਨ

ਉਪਰੋਕਤ ਖਰੜਿਆਂ ਵਿਚੋਂ ਸਭ ਤੋਂ ਪ੍ਰਾਚੀਨ ਖਰੜਾ ੧੮੯੩ ਬਿ: ਦਾ ਲਿਖਿਆ,ਸਿੱਖ ਰੈਫੈਂਸ ਲਾਇਬ੍ਰੇਰੀ ਵਾਲਾ ਹੈ। ਪਟਿਆਲਾ ਸਟੇਟ ਆਰਕਾਈਵਜ਼ ਵਾਲਾ ਨੁਸਖ਼ਾ ੧੮੯੪ ਬਿ: ਦਾ ਤੇ ਚੰਗਾ ਖ਼ੁਸ਼ਖਤ ਲਿਖਿਆ ਹੋਇਆ ਹੈ ਖ਼ਾਲਸਾ ਕਾਲਜ ਅੰਮ੍ਰਿਤਸਰ ਵਾਲਾ ਖਰੜਾ ਵੀ ਪੁਰਾਤਨ ਤੇ ਕਾਫੀ ਸ਼ੁੱਧ ਹੈ, ਭਾਵੇਂ ਕੀਟਾਣੂਆਂ ਦੁਆਰਾ ਖੰਡਿਤ ਹੈ।

ਇਨ੍ਹਾਂ ਵਿਚੋਂ ਬਹੁਤਿਆਂ ਖਰੜਿਆਂ ਉਤੇ [ਰਾਮਦਾਸਪੁਰ ਅੰਮ੍ਰਿਤਸਰ ਭਾਦ੍ਰੋ ਸੁਦੀ ਪੰਚਮੀ] ਆਮ ਲਿਖਿਆ ਹੋਇਆ ਹੈ ਤੇ ਮੇਰੇ ਵਾਲੇ ਖਰੜਿਆਂ ਉਤੇ ਵੀ। ਪਤਾ ਨਹੀਂ ਇਸਦਾ ਕੀ ਭਾਵ ਹੈ।

ਇਹ ਸਚਾਈ ਹੈ ਕਿ ਇਹ ਹੱਥ-ਲਿਖਤ ਖਰੜੇ ਕੋਠੀਬੰਦ ਕੈਦੀ ਵਾਂਙ ਹਨ, ਇਨ੍ਹਾਂ ਨੂੰ ਇਧਰ ਉਧਰ ਨਹੀਂ ਲਿਆਂਦਾ ਜਾ ਸਕਦਾ। ਸੋ, ਤੁਲਨਾਤਮਕ ਮਿਲਾਨ ਇਕ ਬਿਖਮ ਜੇਹੀ ਕਾਰ ਹੈ! ਸੋਧਕ, ਇਹ ਵਿਧੀ ਵਰਤ ਸਕਦਾ ਹੈ ਕਿ ਪਾਠ ਜ਼ਬਾਨੀ ਯਾਦ ਰਖ ਕੇ ਇਨ੍ਹਾਂ ਮੇਲਦਾ ਜਾਵੇ ਤੇ ਜਿਥੇ ਕਿਤੇ ਬਹੁਤਾ ਫਰਕ ਜਾਪੇ ਉਸ ਨੂੰ ਵਿਚਾਰ-ਗੋਚਰੇ ਕਰੇ।ਅਸਾਂ ਜਤਨ ਕੀਤਾ ਹੈ ਕਿ ਥਾਂ ਥਾਂ ਤੇ ਪੜਤਾਲ ਕੇ ਸੁਧਾਈ ਕੀਤੀ ਜਾਵੇ, ਲੇਕਿਨ ਫਿਰ ਵੀ ਕੁਝ ਪਾਠ ਅਸ਼ੁੱਧ ਜਾਪਦੇ ਹਨ।

ਸਾਡਾ ਜਤਨ ਹੈ ਕਿ ਇਸ ਬਹੁ-ਚਰਚਿਤ, ਵਿਵਾਦਗ੍ਰਸਤ ਤੇ ਅਸ਼ੁੱਧੀਆਂ ਦਾ ਸ਼ਿਕਾਰ ਪੋਥੀ ਦਾ ਸਹੀ ਰੂਪ ਲੱਭਿਆ ਜਾਵੇ ਤੇ ਇਸ ਤੋਂ ਸਹੀ ਪ੍ਰੇਰਨਾ ਲੀਤੀ ਜਾਵੇ ਜੈਸਾ ਕਿ ਪੁਰਾਤਨ ਸਿੰਘ ਲਿਆ ਕਰਦੇ ਸਨ। ਇਸ ਮਨੋਰਥ ਵਿਚ ਕਿੰਨੀ ਕੁ ਸਫਲਤਾ ਮਿਲੀ ਹੈ, ਇਹ ਪਾਠਕ ਹੀ ਦੱਸ ਸਕਣਗੇ।

ਅਖ਼ੀਰ ਮੈਂ ਇਹ ਜ਼ਰੂਰ ਅਰਜ਼ ਕਰਨੀ ਚਾਹਾਂਗਾ ਕਿ ਜਦ ਕਦੀ ਕੋਈ ਸੰਕਟ ਆਵੇ ਤਾਂ ਏਸ ਮਨੋਰਥ ਲਈ [ਸੌ ਸਾਖੀ] ਦੀ ਫੋਲਾਫਾਲੀ ਕਰਨ ਦੀ ਲੋੜ ਨਹੀਂ, ਜਿਵੇਂ ਕਿ ਕੁਝ ਲੋਕ ਕਰਦੇ ਆ ਰਹੇ ਹਨ।੧੯੪੭ ਈ: ਵਿਚ ਪੰਜਾਬ ਨੂੰ, ਦੇਸ਼ ਵੰਡ ਨੇ ਖੰਡ ਖੰਡ ਕੀਤਾ ਤੇ ੧੯੮੪ ਈ: ਵਿਚ ਹੰਕਾਰੀ ਹਿੰਦਵੈਣ ਨੇ ਹੱਲਾ ਬੋਲਿਆ, ਜਿਸ ਕਾਰਣ ਸਿੱਖਾਂ ਦੀ ਭਾਰੀ ਹਾਨੀ ਹੋਈ। ਕੁਝ ਅੰਧਵਿਸ਼ਵਾਸੀ ਸਮਝਦੇ ਹਨ ਕਿ ਇਹ ਸਭ ਕੁਝ [ਸੌ ਸਾਖੀ] ਵਿਚ ਲਿਖਿਆ ਹੋਇਆ ਹੈ। ਸਿੱਖੀ ਦਾ ਦਾਰੋਮਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਾਰ ਹੈ ਜੋ ਦੁਖ ਸੁਖ ਨੂੰ ਇਕ ਸਾਰ ਮੰਨ ਕੇ ਤਿਆਰ ਬਰ ਤਿਆਰ ਰਹਿਣ ਦਾ ਉਪਦੇਸ਼ ਦਿੰਦਾ ਹੈ ਅਤੇ ਸੰਤ ਉਬਾਰਨ ਤੇ ਦੁਸ਼ਟ ਸੰਘਾਰਨ ਦੀ ਤਾਕੀਦ ਵੀ ਕਰਦਾ ਹੈ। ਸੋ, ਸੱਚੇ ਸਿੱਖ ਨੂੰ ਇਸੇ ਤੇ ਪਹਿਰਾ ਦੇਣਾ ਚਾਹੀਦਾ ਹੈ।

ਅੰਤ ਵਿਚ ਮੈਂ ਸਮੂੰਹ ਨਿਹੰਗ ਸਿੰਘਾਂ ਤੇ ਪੁਰਾਤਨ ਪੁਸਤਕਾਲਿਆਂ ਦੇ ਪ੍ਰਬੰਧਕਾਂ ਦਾ ਧੰਨਵਾਦੀ ਹਾਂ, ਜਿਨ੍ਹਾਂ ਇਸ ਖੋਜ ਸਮੇਂ ਲੋੜੀਂਦਾ ਸਹਿਯੋਗ ਦਿਤਾ।

ਕਲਮ ਮੰਦਿਰ, ਲੋਯਰ ਮਾਲ

ਪਟਿਆਲਾ **ਪਿਆਰਾ ਸਿੰਘ ਪਦਮ**

# ਸੌ ਸਾਖੀ

## (ਸ੍ਰੀ ਗੁਰ ਰਤਨ ਮਾਲ)

# ੧

੧ੴ ਸਤਿਨਾਮੁ ਸਾਖੀ ਚਲੀ ਪਟਣਵਾਲ ਸ੍ਰੀ ਗੁਰੂ ਜਨਮ ਤੀਰਥ ਪਾਤਸ਼ਾਹੀ ੧੦, ਬੁਢੇ ਸਾਹਿਬ, ਰਾਮ ਕੌਰ ਜੀ ਕੇ ਹਜ਼ੂਰ ਵਾਕ ।

ਯਥਾ ਮਤਿ ਗੁਰੂ ਵਾਕ ਲਿਖਯਤੇ । ਸ੍ਰੀ ਗੁਰੂ ਸਾਹਿਬ ਜੀ ਲਿਖਾਇ ਦਿਤੀ।
ਸੰਬਤ ਵਿਕ੍ਰਮ ਭੂਪਤੀ ਸਤਾਰਾਂ ਸਤਿ ਨਵ ਏਕ ।
ਮਾਹਿ ਵਿਸਾਖੀ ਵਾਰ ਗੁਰੁ, ਮਲਕੀ ਦੁਤੀਯਾ ਭੇਕ ।੧।
ਸਾਹਿਬ ਦਾਸ ਸੰਗਤ ਮਾਹਿ ਸਿਖਨ ਕਰਯੋ ਬਿਬੇਕ ।
ਇਹੁ ਲਿਖਾਰੀ ਗੁਰੂ ਹਿਤ ਸਾਖੀ ਲਿਖੈ ਅਨੇਕ ।੨।
ਭੁਲ ਚੂਕ ਕਹਨੇ ਸਮੇ ਲਿਖਤ ਮਾਂਝ ਜੋ ਹੋਤਿ ।
ਸੋਧੋ ਵਸੇ ਜੁ ਨਿਕਟਿ ਗੁਰੁ ਬਿਨ ਦੇਖੇ ਦੁਖੇ ਗੋਤਿ ।੩।
ਗੁਰ ਹਾਸੀ ਗੁਰਬਖ਼ਸ਼ ਸਿੰਘ ਖੂਬ ਕਰੀ ਤੁਮ ਆਜ ।
ਚਾਰ ਚਾਰ ਫੁਨਿ ਚਾਰਿ ਚਾਰਿ ਪਾਂਚ ਪਾਂਚ ਤੁਮ ਕਾਜ ।੪
ਚਾਰ ਬੇਦ ਅਰ ਅਰਥ ਚਾਰ, ਚਾਰ ਜੁਗਨ ਕੀ ਰੀਤੀ ।
ਚਾਰ ਸੰਤਾਨੀ ਪਾਂਚ ਪਦ, ਪਾਂਚ ਵਰਨ ਪਦ ਮੀਤ ।੫।
ਜਾਟ ਜੂਟ ਜਟਤਲੇ ਕੋ ਉਪਰ ਘਮੰਡੂ ਖੂਬ ।
ਦੀਯੋ ਭਵਾਨੀ ਓਢਣਾ ਸਭ ਸਿਖਨ ਕੋ ਝੂਬ ।੬।
ਕਿਉਂ ਕਰ ਥੋ ਗੁਰ ਜੀ ਕਹਿਆ ਨਾਮ ਇਸਨਾਨ ਪ੍ਰਭਾਤਿ ।
ਪ੍ਰਾਤ ਖਾਇ ਕਰ ਨ੍ਹਾਇ ਕੈ ਕਰੀ ਬਾਜ਼ ਕੀ ਦਾਤਿ ।੭।
ਏਕ ਬੇਰ ਸਭਿ ਖਾਲਸੇ ਕੀਨੀਂ, ਬਾਤ ਹਜ਼ੂਰ ।
ਮੁਗ਼ਲ ਪਠਾਣਾਂ ਤੇਜ ਬਡ, ਹੁਕਮੁ ਕਰੋ ਹਮ ਸੂਰ ।੮।

ਤਾਂ ਬਚਨ ਹੂਆ-ਏਕ ਬੇਰ ਜਮ ਨੇ ਨੇਮੁ ਬਾਂਧਿਆ ਮੈਂ ਹਿੰਸਾ ਨ ਕਰੌਂਗਾ, ਪਰਜਾ ਵਧ ਗਈ, ਤਾਂ ਕਾਲ ਕਾ ਭੈ ਦੂਰਿ ਹੋਇ ਗਇਆ, ਖਲਕ ਜਹਾਨਿ ਬੀਚ ਬੜੀ ਭੀੜ ਹੁਈ, ਦੇਵ ਕਰਮ....ਜੱਗ, ਦਾਨ,ਨਾਮੁ ਭੂਲਿ ਗਇਆ,ਭ੍ਰਿਸਟਿ ਹੋਇ ਦੇਵਤਿਆਂ ਗੀ ਰੀਸ ਕਰਨ ਲਗੇ, ਤਾਂ ਸੁਰ ਬ੍ਰਹਮਾ ਪਾਸ ਜਾਇ ਪੁਕਾਰੇ, ਜੀ ਸਬ ਸ੍ਰਿਸਟਿ ਕੇ ਕਰਤਾ ! ਹਮ ਦਿਗਪਾਲ ਤੇਰੀ ਆਗਿਆ ਮਾਨ ਕਰਿ ਅਪਨੇ ਅਪਨੇ ਕਾਜ ਕਉ ਲਗੇ ਆਏ ਆਹੇ, ਤੇਰੀ ਰਹਮਤਿ ਹੁਈ ਸੇਵਾ ਕੀ ਬਖਸ਼ ਤਾਂ ਲੋਗਹਿ ਅਸਾਂਨੂੰ ਮਾਨ ਕੇ ਬਲਿ ਦੇਣੇ ਲਗੇ, ਮੰਨਨੇ ਲਗੇ, ਸੋ ਭੀ ਦੂਰਿ ਹੂਆ । ਜਮ ਨੇ ਤਪੁ ਅਰੰਭਿਆ, ਲੋਗ ਮਰਣੇ ਤੇ ਰਹਿ ਗਏ । ਦੇਵਾਂ ਕਾ ਭੈ ਜਾਂਦਾ ਰਹਿਆ ਤਾਂ ਬ੍ਰਹਮਾ ਬੋਲਿਆ,'ਨੇਤਿ ਐਸੀ ਹੈ, ਕਰਤੀ

ਅਕਰਤੀ ਹੈ, ਕਰੇਗਾ ਉਹੁ ਸੋਈ, ਤੁਮ ਜਾਵਹੁ ਆਪਣਿਆਂ ਥਾਵਾਂ ਨੂੰ । ਤਾਂ ਬ੍ਰਹਮਾ ਕੇ ਬਚਨ ਤੇ ਸੁਰ ਗਏ,ਪਰਣਾਮ ਕਰਕੇ ਤਾਂ ਜਮੁ ਕਾ ਨੇਮੁ ਪੂਰਾ ਹੂਆ । ਸ੍ਰਿਸਟਿ ਦੇਖੀ ਵਧ ਗਈ, ਭਾਰੀ ਨਾਉਂ ਕੀ ਵਾਂਗੂ ਡੋਲਤੀ ਡਗਮਗ ਡੰਸੁਣੀ ਆਈ ਆਹੀ, ਡੇਖੀ ਕ੍ਰੋਧ ਕਰ ਰੁਦਰ ਕਾ ਧਿਆਨ ਕਰ ਲਗੇ ਭਸਮ ਹੋਣੇ, ਤਾਂ ਅਗਨਿ ਮਾਂਝ, ਕਈ ਜਲੇ , ਜਲ ਡੁਬਾਵੈ, ਪਵਨ ਡਿਗਾਇ ਮਾਰੇ, ਦੁਰਭਿਛ ਪੜਾ, ਲੋਗ ਜੁ ਬਚੇ ਸੋ ਭਾਗੇ । ਜਾਂਦੇ ਜਾਂਦੇ ਦੂਰਿ ਜਲਾਲ ਗੰਧ੍ਰਬ ਕਾ ਸ਼ਹਿਰ ਕੰਧਾਰ ਮਾਂਝ ਗਏ । ਉਨਾਂ ਕੀ ਸੰਤਾਨ ਉਹਾਂ ਵਧੀ । ਪਾਂਡਵਾਂ ਕੇ ਰਾਜ ਮਹਾਂਭਾਰਥ ਬੀਚ ਮਰੇ, ਕਿਛੁ ਨੇਤ ਕੇ ਮਾਰੇ ਥੋੜੇ ਰਹਿ ਗਏ, ਚਾਰੋਂ ਬਰਣ ਭੇਦ ਮਿਟਾਇਕੈ ਆਪਸ ਮੈਂ ਸਾਕ ਕਰਨੇ ਲਗੇ, ਏਕਮੇਕ ਹੋ ਗਏ । ਉਸ ਥਾਂਇ ਕਾ ਰਾਜਾ ਮਮਨਿ ਸ਼ਰਫ ਥਾ, ਏਕ ਦਿਨ ਬਾਗ ਮਹਿ ਗਿਆ, ਰਾਜਾ ਨੇ ਉਨ੍ਹਾਂ ਲੋਗਾਂ ਕੀਆਂ ਲੁਗਾਈਆਂ ਭਰਮਾਈਆਂ , ਘਰਿ ਮੈਂ ਲੇ ਗਇਆ,ਜਿਨ੍ਹਾਂ ਤਕਰਾਰ ਕੀਤਾ ਹਮ ਮਰਾਂਗੀਆਂ, ਉਨ੍ਹਾਂ ਨੀ ਸਿਰਦਾਰੀ ਦਾ ਲੋਭ ਦਿਤਾ ਤੇ ਸੰਤਾਨ ਉਪਾਈ, ਬਿਦਿਆਧਰ ਪਾਠਕ ਕੀ ਬੇਟੀ ਤੇ ਪੋਟਲ ਖਾਨ, ਮੁਦਗਲੀ, ਬ੍ਰਾਹਮਣੀ ਤੇ ਮੁਗ਼ਲ ਬੇਗ, ਸੇਖਰਾਂ ਕੇ ਸਿਖਾਵਤਿ ਕੀ ਬੇਟੀ ਤੇ ਸ਼ੇਖ ਸੰਮਨ, ਸਜਾਤੀ ਪਾਸ ਤੇ ਬੇਟਾ ਜਨਮਿਆਂ । ਪੁਛਿਆ ਤੇਰਾ ਗੋਤ ? ਬੋਲੀ ਮੈਂ ਬੇਟੀ ਸੱਜਾਦਰਾਇ ਕੀ ਹੋਂ ।ਸੁਣਿ ਕਰਿ ਸ਼ਰਮਿੰਦਾ ਹੋਇ ਗਇਆ । ਕਿਉਂ ਜੋ ਉਸ ਰਾਜਾ ਕੀ ਬੇਟੀ ਸੁਣਿ ਕਰਿ ਪਛੁਤਾਇਆ, ਹਿਦਾਇਤ ਸ਼ਰਫ ਸਾਈਂ ਲੋਕ ਕੀ, ਬੰਦਗੀ ਜਾਇ ਕਰਨੇ ਲਗਾ । ਜਾਂ ਬਹੁਤੁ ਦਿਨ ਬੀਤੇ, ਬੋਲਿਆ-ਐਸਾ ਪਹਰਾ ਆਵੈਗਾ ।ਸੱਯਦ ਏਸਕੇ ਪੋਤੇ ਤੇਰੀ ਸੰਤਾਨ ਕੋ ਰਖਨਗੇ, ਏਹ ਸੱਯਦ ਹੂਏ, ਤੂੰ ਭੀ ਨੇਤ ਮਾਨ, ਚਾਲਿਸਾ ਕਰੁ,ਅਪੁਛ ਪਾਪ ਜਾਂਦਾ ਰਹੇਗਾ । ਭਾਈ ਸਿਖੋ ! ਨੱਸਕੇ ਜਮ ਤੇ ਗਏ ਸੋ ਅਰਜਨ ਭੀਮ ਪਾਂਡਵਾਂ ਨੇ ਮਾਰੇ, ਉਸ ਅੰਸ ਕੋ ਕਾਲ ਕੋਪਿਆ, ਤਾਂ ਹੁਕਮੁ ਹੂਆ :

ਅਕਾਲ ਪੁਰਖ ਤੇ ਹੋਤ ਹੈਂ ਕੇਤਕ ਬ੍ਰਹਿਮ ਮਹੇਸ਼ ।
ਤੈਸੇ ਸੇਵਕ ਸਾਥ ਹਮ ਮਾਰੋਂ ਚਾਰੋ ਸ਼ੇਖ ।

ਤਾਂ ਪੁਛਿਆ ਸਿਖਾਂ, ਜੀ ਸਚੇ ਪਾਤਿਸ਼ਾਹ ! ਕੋਈ ਰਹੇਗਾ ਬੀ ਕਿ ਨਾ ? ਤਾਂ ਬਚਨ ਹੋਇਆ, ਉਨ੍ਹਾਂ ਕਾ ਅੰਸੁ ਦੇਖੁ ਕਰਿ ਬਹੁਤੁ ਧਰਮ ਛੋਡਿ ਮਿਲਿ ਰਹੈਂਗੇ, ਉਨ੍ਹਾਂ ਪਰ ਹੁਕਮੁ ਨਹੀਂ । ਉਸ ਅੰਸ ਕੇ ਸਭ ਮਰਹਿੰਗੇ, ਖ਼ਾਲਸਾ ਜੀ ਸਭ ਮਾਰਹਿੰਗੇ ਪਰ ਸੋ ਚੜ ਕਰਿ ਕਮਾਨ ਲੈ ਕਰ ਗੁਰੂ ਜੀ ਚਲੇ, ਬਾਹਿ ਕਮਾਨ ਖਿੰਚੀ, ਸ਼ਬਦ ਗਗਨ ਤੇ ਹੂਆ । ਗੁਰੂ ਜੀ ਰਖੁ ਲੈਣਾ ।' ਬਨਾਂ ਤੇ ਪਰਬਤਾਂ ਤੈ ਇਹ ਅਵਾਜ਼ ਸੁਣੀ, ਚੜ੍ਹ ਕਰਿ ਨੀਲੇ ਘੋੜੇ ਉਪਰਿ ਦੂਰ ਗਏ। ਸ਼ਿਕਾਰ ਕੇ ਪਰਚਣੇ, ਅਤੇ ਬਹਾਦਰੀ ਦਿਖਾਵਨੇ ਕੇ ਹੰਕਾਰੀ ।ਗੁਰੂ ਜੀ ਨੀਲਾ ਵਗਾਇਆ ਪੂਰਬ ਨੂੰ, ਸਿਖ ਥੋੜੇ ਸ਼ਸਤਰਾਂ ਵਾਲੇ, ਪਹਾੜੀਏ ਆਇ ਪਹੁੰਚੇ, ਸਿਖ ਲਗੇ ਜੁਧੁ ਕਰਨੇ, ਲੜਾਈ ਬਹੁਤੁ ਕਰੀ, ਪੀਛੇ ਦੇਖਿਆ ਗੁਰੂ ਜੀ ਛੋਡਿ ਕਰਿ ਭਾਣਾ ਕਰ ਗਏ, ਗੁਰੂ ਕੇ ਪੀਛੇ ਸਿਖ ਭਾਗੇ, ਸੋ ਰਾਜਿਆਂ ਨੇ ਬਹੁਤੇ ਸਿਖ ਮਾਰੇ, ਤਾਂ

ਸਿਖ ਦੌੜ ਕੇ ਜਾਇ ਪੁਕਾਰੇ, 'ਸੱਚੇ ਪਾਤਸ਼ਾਹ ! ਰਖੁ ਲੇਵੋ, ਤੇਰਾ ਬਿਰਦੁ ਹੈ । ਬਨ, ਬਿਨਾ ਸ਼ੇਰ ਭਲਾ ਨਹੀਂ ਸ਼ੋਭਤਾ ।' ਤਾਂ ਬਚਨ ਹੋਇਆ :

ਸਿਦਕ ਪੁਕਾਰੇ ਖ਼ਾਲਸਾ ਗੁਰ ਕੀ ਬਾਣੀ ਪਾਠ ।
ਆਪੇ ਬਨ ਆਪੇ ਸਿੰਘ, ਬਿਰਦ ਬਿਹਾਰੀ ਰਾਠ ।

ਤਾਂ ਪਿਛੌਂ ਤੀਰ ਪੰਜ ਚਲਾਏ, ਤਾਂ ਚਉਫੇਰੇ ਤੇ ਫ਼ੌਜਾਂ ਹੀ ਦੀਸੈ, ਲਗਾ ਜੁਧੁ ਹੋਣੇ, ਤਾਂ ਗੁਰੂ ਜੀ ਕਰੌਂਦੇ ਕੇ ਬੂਟੇ ਪਾਸ ਖੜੇ ਦੇਖੈ ਤਮਾਸ਼ਾ, ਖ਼ਾਲਸਾ ਜੀ ਨੇ ਗੁਰੂ ਜੀ ਕੇ ਬਲ ਪਾਇਕੇ ਮਾਰ ਭਜਾਇ ਦਿਤੇ, ਤਾਂ ਮੈਂ ਕੰਬਿਆ, ਤਾਂ ਹਸਿ ਕਰਿ ਬੋਲੇ । ਕ੍ਰਿਸ਼ਨ ਊਧਾਉ ਨੂੰ ਰਖਕੇ ਆਪ ਚਲੇ ਗਏ ਥੇ । ਗੁਰੂ ਕੇ, ਭਾਈ ਗੁਰਬਖਸ਼ ਸਿੰਘ ਨੂੰ ਭੀ ਰਖ ਕੇ ਪਰਲੋਕ ਸਿਧਾਰਨਗੇ, ਨਾ ਡਰੁ, ਨਾ ਡਰੁ ਤਾਂ ਮੈਂ ਰੋਇ ਦਿਤਾ ।ਬਚਨ ਹੋਇਆ, [ਚਲਾ ਇਕੋ ਖ਼ਾਲਸਾ ਬੀ ਆਂਵਦਾ ਹੈ । ਇਤਨੀ ਬੇਰ ਖਾਲਸਾ ਆਇਆ, ਅਕਾਸ਼ੀ ਫ਼ੌਜਾਂ ਸਭ ਚਲੀਆਂ ਗਈਆਂ, ਗੁਰੂ ਜੀ ਫਿਰ ਕਰਿ ਕਿਰਪਾ ਦੀ ਨਜ਼ਰ ਦਿਤੀ । ਬਚਨ ਹੂਆ ਪਹਾੜੀਏ ਹਿੰਦੂ ਤਾਂ ਖਾਲਸੇ ਨੇ ਬੇਨਤੀ ਕੀਤੀ -ਪਹਾੜੀਏ ਬਨਚਰ, ਸਾਡਾ ਖਾਜਾ, ਗੁਰੂ ਜੀ ਹੱਸ ਬੋਲੇ ਤੀਨ ਬੇਰ । ਖਾਲਸਾ ਜੀ ਰਾਜ ਕਾ ਅਭਿਮਾਨ ਕਰਦੇ ਹੈਨ ।ਨੇਤਿ ਭਾਣਾ ਨਹੀਂ ਮੰਨਦੇ ।

ਭਲੀ ਨਿਬਾਹੀ ਪੁਰਖੁ ਨੈ ਤੀਜਾ ਲੋਗ ।
ਜਿਨਿ ਸਿਰਜੀ ਗੋਈ ਤਿਸੈ, ਮਿਟੈ ਤੁਮਾਰਾ ਰੋਗ ।

ਖਾਲਸਾ ਤਾਂ ਖ਼ੁਸ਼ੀ ਹੂਆ, ਮਹਾਂ ਸਿੰਘ ਨੇ ਜੁਧ ਕੀ ਬਾਤ ਸਭ ਸੁਣਾਇ ਦਿਤੀ ਪਹਿਲੀ ਸਾਖੀ ਪੂਰੀ ਹੋਈ । ਬੋਲਹੁ ਭਾਈ ਵਾਹਿਗੁਰੂ ਜੀ ।੧।

## ੨

ਦੂਜੀ ਸਾਖੀ ਗੁਰੂ ਜੀ ਕੇ ਹਜ਼ੂਰ, ਪਰਮਾਨੰਦ ਵਜ਼ੀਰ ਮਿਲਾ ਸੀ ਤਾਂ ਪਰਮ ਸਨੇਹ ਕਰ ਗੁਰੂ ਜੀ ਕੇ ਹਜ਼ੂਰ ਦੀਵਾਨ ਵਿਚ । ਸਭ ਦੀਵਾਨ ਪੂਰਨ ਥਾ, ਤਾਂ ਅਪਨੇ ਅਪਨੇ ਪੰਥ ਕੀ ਕਥਾ ਚਲੀ, ਮਦਨ ਦਾਸ ਬੈਰਾਗੀ ਬੇਨਤੀ ਕਰੀ ਜੀ ਪਾਤਸ਼ਾਹ ! ਕੜਾਹੇ ਕਾ ਕੜਾਹ ਪ੍ਰਸਾਦ, ਮੋਹਨ ਭੋਗ ਹਨੂੰਮਾਨ, ਦੇਵੀ ਕਾ ਪਰਸਾਦਿ ਬਾਬੇ ਨਾਨਕ ਕਿਉਂ ਲੀਤਾ, ਬੁੱਢੇ ਆਹੇ ਤਾਂ ਪਿਆਰਾ ਲਗਾ ਆਹਾ । ਬਚਨ ਹੂਆ ਏਕ ਬੇਰ ਸਾਈਂਦਾਸ ਬੈਰਾਗੀ ਪੁਛਿਆ ਸੀ, ਤਾਂ ਗੁਰ ਬਾਬੇ ਸਾਹਿਬ ਜੀ ਕਹਿਆ, [ਇਕ ਬੇਰ ਹਮ ਉਤਰਾਖੰਡ ਗਏ ਆਹੇ, ਪਹਿਲੀ ਉਦਾਸੀ ਥੀ, ਤਾਂ ਜਾਂਦੇ ਜਾਂਦੇ ਹਿਮਨੂਰ ਪਰਬਤ ਪਰ ਗਏ, ਤਹਾਂ ਸਿਧ, ਨਾਥ ਆਇ ਬੈਠੇ, 'ਆਦੇਸ ਸਾਧੋ ! ਆਦੇਸ ।' ਤਾਂ ਗੁਰੂ ਜੀ ਬੋਲੇ, 'ਕਰਤਾਰ' ਸਤਿ ਕਰਤਾਰ ਸਿਧੋ !' ਤਾਂ ਸਭ ਪੁਕਾਰੇ- ਨਾਨਕ ਤਪਾ ਭੰਡਾਰਾ ਦੇਵੋ ਸਿਧਾਂ ਕੋ, ਭੰਡਾਰੇ ਕਾ ਪ੍ਰਸਾਦ ਖਵਾਵੋ, ਤਾਂ ਗੁਰੂ ਜੀ ਮਰਦਾਨੇ ਨੂੰ ਭਾਈ ਬਾਲੇ ਨੂੰ ਬੈਠਾਇਕੇ ਚਲੇ ਬਨ ਕੋ,

ਸਿਧਾਂ ਨੂੰ ਨਿਉਂਤਾ ਭੰਡਾਰੇ ਕਾ ਕਹਿ ਕਰ ਬੈਠੋ, ਕਰਤਾਰ ਦੇਵੈਗਾ। ਦੂਰ ਨਦੀ ਗੰਗਾ ਕੇ ਤਟ ਚਲੇ ਜਾਤੇ ਥੇ, ਆਗੇ ਇਕ ਸਿਧ ਆਇਆ ਰੇਤਾ ਦੇ ਗਿਆ, ਏਕ ਸਿਧ ਕਾ ਰੂਪ ਦ੍ਰੋਹਣਿ ਜਲ ਦੇ ਗਇਆ,ਏਕ ਮਹਾਂ ਸਿਧਿ ਬਿਭੂਤ ਦੇ ਗਿਆ ਬਹੁਤੇ ਫਲ ਦਾਖ, ਮਿਰਚ, ਚਰੌਂਜੀ ਲੈ ਮਿਲੇ। ਫੇਰਿ ਅੰਤਰ ਧਿਆਨ ਹੋ ਗਏ ਆਹੇ, ਤਾਂ ਬਾਬਾ ਮੁੜਿ ਕਰਿ ਆਏ, ਬਾਲੇ ਨੂੰ ਕਰਕੇ ਪੜਦਾ ਸਿਲ ਕਾ ਬੈਠਾਇ ਦਿਤਾ, ਜਾਂ ਬਾਬਾ ਜੀ ਗਏ ਤਾਂ ਸਿਧਾਂ ਬੀਚਾਰਿਆ ਸੀ, ਕੰਦ ਮੂਲ ਲੈਣੇ ਤਪਾ ਗਇਆ ਹੈਗਾ, ਅਸੀ ਬੀ ਬ੍ਰਿਪ ਹੋਇ ਬੈਠੀਐ, ਸਭ ਸਿਧ ਬ੍ਰਿਧ ਬੁੱਢੇ ਜਿਨ੍ਹਾਂ ਕੇ ਦਾਂਤ ਬੀ ਨਹੀਂ ਐਸੇ ਹੋਇ ਬੈਠੇ, ਤਾਂ ਬੋਲੇ ਗੁਰੂ ਜੀ 'ਸਿਧੇ ! ਲੇਵੋ,' ਲਗੇ ਦੇਵਣ, ਤਾਂ ਸਿਧ ਸੰਬੂਹਿ ਹੋ ਬੈਠੇ ਤਾਂ ਗੁਰੂ ਜੀ ਰਿਧਿ ਵਧਾਈ, ਸਭਨਾ ਨੂੰ ਪੂਰਾ ਕਰ ਦਿਤਾ। ਪਿਛੋਂ ਸਿਧ ਬੋਲੇ, 'ਤਪਾ ਜੀ ! ਧੰਨ ਹੋ ਧੰਨਿ ਹੋ, ਏਹ ਪ੍ਰਸਾਦਿ ਤੁਮ ਭੀ ਅਚਵੋ, ਤੁਹਾਨੂੰ ਭੀ ਖਾਇਆ ਚਾਹੀਦੇ।' ਤਾਂ ਗੁਰੂ ਜੀ ਖਾਇਕੈ ਬੋਲੇ,

ਏਹ ਹਮਾਰਾ ਸਿਧ ਜੀ, ਪਾਵਨ ਕਣ ਪ੍ਰਸਾਦਿ।
ਤਪੁ ਜਪੁ ਬਰਤ ਸਭ ਬ੍ਰਿਧ ਹੋਇ ਹੋਵੈ ਮਨਿ ਅਹਿਲਾਦਿ।
ਤਬ ਸਿਧ ਬੋਲੇ, ਤਪਾ ਜੀ ਵਾਹਿ ਵਾਹਿ।
ਖੰਡ ਦਈ ਥੀ ਬਿਸ਼ਨੁ ਜੀ ਮੈਦਾ ਦੀਆ ਮਹਾਂਦੇਵ।
ਜਲ ਘੀਉ ਬਹਮਾ ਦੀਆ ਫਲ ਦੀਨਾ ਰਿਖਿ ਦੇਵ।
ਕਪੜਾ ਪੜਦਾ ਪੱਤਰਕਾ ਦੀਆ ਭਵਾਨੀ ਹਾਰਿ।
ਜਿਨਿ ਕੇ ਰੱਖਕ ਆਪ ਈਸ ਹਮਰੀ ਝੂਠੀ ਰਾਰਿ।
ਕਰੋ ਖਿਕਾ ਸਭ ਦੇਵ ਭੋਗ ਤੁਮਰਾ ਮਹਾਂ ਪ੍ਰਸਾਦਿ।
ਕਲਿ ਮਹਿ ਦੇਵੈ ਪ੍ਰੀਤ ਖਾਇ ਪੁੰਨ ਪਾਪ ਨਹਿ ਖਾਦਿ।

ਪੀਛੈ ਬਚਨ ਕੀਤਾ 'ਸਿਧੋ ! ਸੌਫ਼ ਵਾਲਾ ਕੜਾਹੁ ਤਾਂ ਹਨੂਮਾਨ ਨੌਂ, ਖੋਪੇ ਵਾਲਾ ਦੇਵੀ ਦਾ, ਮਿਰਚ ਮੇਵਾ ਚਰੌਂਜੀ ਵਾਲਾ। ਗੁਰੂ ਜੀ ਨੂੰ ਭੋਗ ਲਗੈਗਾ ਤ੍ਰਿਭਾਵਲੀ ਕਾ, ਘਟ ਗੁਰੂ ਜੀ ਨੂੰ ਨਾ ਪਹੁੰਚੈਗਾ। ਤਾਂ ਸਿਧ ਅੰਤਰ ਧਿਆਨ ਹੋਇ ਗਏ। ਸਾਖੀ ਪੂਰੀ ਹੋਈ ਦੂਜੀ। ਬੋਲਹੁ ਭਾਈ ਜੀ ਵਾਹਿਗੁਰੂ।੨।

## ੩

ਸਾਖੀ ਤੀਸਰੀ ਚਲੀ, ਏਕ ਬੇਰ ਗੁਰੂ ਜੀ ਬੈਠੇ ਥੇ। ਦਰਸ਼ਨ ਨੂੰ ਸੰਗਤਿ ਬਹੁਤ ਏਕਠੀ ਆਣ ਭਈ ਥੀ, ਸੋ ਗੁਰੂ ਜੀ ਦਰਸ਼ਨ ਕੀ ਮਹਿਮਾ ਕਰਤੇ ਥੇ, ਤਹਾਂ ਦਰਸ਼ਨ ਦੀਆ। ਗੁਰੂ ਜੀ, ਸ਼ਾਲ ਸਾਥ ਪੁਸ਼ਾਕੀ ਪਹਿਰੇ, ਸੁੰਦਰ ਰੂਪ ਮਾਨੋਂ ਕੁਬੇਰ ਰਾਜਾ ਬੈਠਾ ਹੈ, ਤਬ ਗੁਰੂ ਜੀ ਕਾ ਬਚਨ ਹੋਇਆ, [ਸਿਖ ਸਿਖਣੀਆਂ ਕੋਈ ਜਾਣ ਨਹੀਂ ਦੇਣਾ ,

ਬਚਨ ਤੇ ਸਭ ਸੰਗਤ ਰੋਕ ਰਖੀ, ਤਾਂ ਸਭ ਸਿਖਾਂ ਕੀ ਭਾਵਨਾ ਉਦਾਸ ਹੁਈ, ਤਿੰਨ ਦਿਨ ਹੋਰ, ਸੰਗਤਿ ਰੋਕ ਰਖੀ, ਤਾਂ ਸੰਗਤ ਕਾਹਲੀ ਹੁਈ। ਏਕ ਸਿਖ ਥੇ ਮਾਲਕ ਕੇ, ਗੁਰੂ ਜੀ ਕੇ ਹਜ਼ੂਰ ਕੀਰਤਨ ਹੋਂਦਾ ਸੀ। ਕੋਈ ਕਹਿ ਨਹਿ ਸਕੇ ਉਸ ਸਮੇਂ ਸਿਖਾਂ ਨੂੰ ਘਰ ਕਾ ਕਾਮ ਬਹੁਤ ਥਾ, ਸੋ ਏਕ ਬਯੋਂਤ ਕੀਤਾ, ਗੁਰੂ ਜੀ ਕੇ ਰੋਕ ਤੇ ਛੂਟਣੇ ਕਾ, ਪ੍ਰਪੰਚ ਰਚਿਆ।

ਏਕ ਮੁਰਦੇ ਕੀ ਤਰ੍ਹਾਂ ਸਿਖ ਪਾਇਆ ਸੀੜ੍ਹੀ ਮਾਂਝ। ਕੀਰਤਨ ਕਰਤੇ ਜਾਵੈ, ਸ਼ਬਦ ਪੜ੍ਹਦੇ ਜਾਵੈਂ। [ਸਿਵਕ ਕੀ ਓੜਕ ਨਿਬਹੀ ਪ੍ਰੀਤੀ।] ਏਹ ਤੁਕ ਪੜ੍ਹਦੇ ਜਾਵੈਂ, ਗੁਰੂ ਜੀ ਜਹਾਂ ਬੈਠੇ, ਊਹਾਂ ਤੇ ਪਾਸ ਹੋਇ ਕਰ ਨਿਕਸੇ, ਤਾਂ ਪੁਛਣਾ ਕੀਤਾ, ਇਹ ਸ਼ੋਰ, ਸੰਗਤਿ ਵਿਚ ਰੋਵਣਾਂ ਕਿਉਂ ਹੋਂਦਾ ਹੈ, ਤਾਂ ਸਿਖ ਜਾਇਕੇ, ਪੁਛਿਆ , ਫੇਰ ਮੁੜਿ ਕਰਿ ਕਹਿਆ,ਜੀ ਸਚੇ ਪਾਤਿਸ਼ਾਹ ! ਸਿਖ ਹੁਕਮ ਸਤਿ ਹੋਇ ਗਇਆ ਹੈ।ਤਾਂ ਬਚਨ ਹੋਆ, ਈਹਾ ਲੈ ਆਵੋ, ਤਾਂ ਬਚਨ ਮੰਨ ਗੇ ਸਿਖ ਬੁਲਾਇ ਲੈ ਆਇ, ਊਹਾਂ ਗੁਰੂ ਜੀ ਕੇ ਨਜ਼ਰ ਸਾਮ੍ਹਣਾ , ਉਤਾਰ ਕੇ ਮ੍ਰਿਤਕ ਨੋ ਸ਼ਬਦ ਕੀ ਤੁਕ ਗਾਂਵਣੇ ਲਗੇ, ਪ੍ਰੇਮ ਸਾਥਿ ਅੰਝੂ ਚਲੇ ਜਾਵਹਿੰ, ਰੋਵਣਾ ਸਭ ਸਿਖ ਸਿਖਣੀਆਂ ਕਾ ਬੰਦ ਹੂਆ ਤਾਂ ਘੜੀਆਂ ਚਾਰ ਬੀਤੀਆਂ ਆਹੀਆਂ, ਤਾਂ ਗੁਰੂ ਜੀ ਅਰਦਾਸੀਏ ਸਿਖ ਨੋ ਬਚਨ ਕੀਤਾ, 'ਭਾਈ ਸਿਖੀ ਦੂਰ ਹੈ, ਕੀਰਤਨ , ਕਿਆ ਕਰੈਗਾ ਪ੍ਰੇਮ ਕਾ ਰੋਵਣਾ।'

## ਸਵੈਯਾ

ਰੋਵਤ ਰੀਝ ਪਰੈ ਗੁਰਦੇਵ ਦੋ ਮੂਏ ਕੋ ਰੋਵਤ ਗ੍ਰਾਮ ਕੀ ਨਾਰੀ।
ਕੀਰਤਨ ਤੇ ਜੌ ਰੀਝ ਪਰੈ ਤਾ ਕੀਰ ਕਪੋਤ ਪਕਾਰ ਉਚਾਰੀ।

ਨ੍ਹਾਵੈ ਦਾਦਰ, ਮੋਨ ਸੋ ਬ੍ਰਿਛ ਹੈ ਬਾਨਰ ਜੰਗਲ ਬਾਸ ਬਨਾਰੀ।ਪ੍ਰੀਤ ਪ੍ਰਤੀਤਿ ਕੀ ਲੇਸ ਬਿਨਾ ਸਿਖ ਪੰਡਤ ਗਾਇਕ ਜਾਵਤ ਹਾਰੀ।

ਤਾਂ ਫਿਰ ਅਰਦਾਸੀਏ ਬੇਨਤੀ ਕਰੀ, 'ਜੀ ਸਚੇ ਪਾਤਿਸ਼ਾਹ ! ਗੁਰੂ ਕੇ ਦਰਸ਼ਨ ਕਰਿ ਸਿਖਾਂ ਕਾ ਉਧਾਰ ਹੋਂਦਾ ਹੈ, ਗੁਰਦੇਵ ਕਾ ਦਰਸਨਿ ਕੀਰਤਨ ਏਹੁ ਸਿਖ ਕਰਤੇ ਹੈ। ਸਿਖ ਸੰਗਤ ਸਭਿ ਉਧਰੈਂਗੇ, ਤਾਂ ਬਚਨ ਹੋਇਆ :

ਮਨਮੁਖ ਹਾਰਿ ਗੁਰਮੁਖਿ ਜਗ ਜੀਤਾ।

## ਸਵੈਯਾ

ਸੂਰਜ ਦਰਸ਼ਨ ਲੋਗ ਕਰੈਂ ਸਭ ਪਾਪ ਨ ਜਾਵਤ ਦੋਜ਼ਕ ਜਾਵੈ।
ਪਾਨੀ ਸੁ ਦੇਵ ਨਹੀ ਜਗ ਭੀਤਰ ਭੇਟਤ ਤੀਰਥ ਪ੍ਰੇਤ ਬੁਲਾਵੈ।
ਇੰਦ ਕੇ ਤਾਰਾ ਕੇ ਪਵਨ ਸੁਰੇਸ਼ਰ ਦਰਸ਼ਨ ਤੇ ਨਹਿ ਛੂਟਨ ਪਾਵੈ।
ਲੋਕ ਲਕੀਰ ਕੀ ਲਾਜ ਭਰੈਂ ਜਨ ਹੋਇ ਪ੍ਰਤੀਤ ਤਾਂ ਨਾਉ ਤਰਾਵੈ।੨।

ਤਾਂ ਗੁਰੂ ਜੀ ਕਹਿਆ ਜੋ ਤੈਂ ਦੇਖਣਾ ਹੈ, ਚੁਪਲਾ ਹੀ ਆਗਿ ਕਾ ਲੂਠਾ ਲਦੀ ਬਲਦੀ ਏਸ ਮ੍ਰਿਤਕ ਕੀ ਅਰਥੀ ਹੇਠ ਦੇਹ, ਤਾਂ ਬਚਨ ਮਾਨ ਕੇ ਅਰਦਾਸੀਆ ਗਇਆ, ਤਿਵਹੀ ਕਰੀ, ਅਗਨਿ ਕੀ ਮੁਹਾਠੀ ਹੇਠ ਦਿਤੀ, ਕੱਖ ਬਲਾਏ,ਤਾਂ ਸੇਕ ਸਾਥ ਜਲਣੇ ਲਗਾ, ਅਰਥੀ ਵਾਲਾ ਸਿਖ ਦੁਸ਼ਾਲਾ ਖੱਰਣ ਫਾੜਕੇ ਨੱਠਾ। ਸੰਗਤਿ ਕੇ ਲੋਕ ਬਿਸਮ ਹੋਇ ਗਏ ਜੋ ਇਹ ਭਾਣਾ ਕਿਆ ਵਰਤਿਆ। ਤਾਂ ਉਹ ਕੀਰਤਨੀਏ, ਮ੍ਰਿਤਕ ਘਰਿ ਵਾਲੇ ਸ਼ਰਮਿੰਦੇ ਹੋ ਗਏ, ਅੱਖੀਆਂ ਵਿਚਿ ਲਾਜ ਆਈ, ਤਾਂ ਬਚਨ ਹੋਇਆ, [ਭਾਈ ਇਹ ਸਿਖ ਸ਼ਬਦ ਤੁਹਾਡੇ ਪ੍ਰੇਮ ਕਰਕੇ ਸੁਣਦੇ ਹੀ ਸੁਰਗ ਗਇਆ,] ਤਾਂ ਸਿਖਾਂ ਮੱਥਾ ਟੇਕਿਆ ਅਤੇ ਬੋਲੇ, ਜੀ ਪਾਤਸ਼ਾਹ । ਤੁਮਾਰੀ ਤੁਮ ਜਾਣੋ । ਸੁਣੋ ਸਿਖੋ ! ਗੁਰੂ ਜੀ ਕੇ ਹਜ਼ੂਰ , ਜੋ ਤਸਾਂ ਕਾ ਕਾਪਟ ਚਲ ਜਾਂਦਾ, ਪੂਰਾ ਕਰਿ ਜਾਂਦੇ, ਤੁਸੀਂ ਤਾਂ ਘਰਿ ਜਾਇ ਚਰਚਾ ਕਰਦੇ, [ ਜੁ ਜੈਸੇ ਸਭ ਲੋਗ ਤੈਸੇ ਗੁਰੂ ਜੀ,] ਤਾਂ ਤੁਹਾਡਾ ਸਿਦਕ ਜਾਂਦਾ ਰਹਿੰਦਾ ਸਿਖੀ ਕਾ । ਸਿਖ ਕੀ ਵਲ ਦੇਖ ਕਰਿ ਬਚਨ ਹੋਇਆ ।

ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥
ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥

ਤਾਂ ਸੰਗਤਿ ਨੂੰ ਬਚਨ ਕੀਤਾ ਖੁਸ਼ੀ ਕਰੀ, ਜਾਣੇ ਕਾ ਹੁਕਮ ਕੀਆ । ਸਾਖੀ ਪੂਰੀ ਹੋਈ। ਬੋਲਹੁ ਭਾਈ ਜੀ ਵਾਹਿਗੁਰੂ ।੩।

## ੪

ਏਕ ਬੇਰ ਗੁਰੂ ਜੀ ਬੈਠੇ ਥੇ, ਸੰਗਤ ਦਰਸ਼ਨ ਕਰਤੇ ਕਰਤੇ ਤ੍ਰਿਪਤਿ ਨ ਹੋਵੈ, ਏਕ ਸਿਖ ਸਿਖਣੀ ਆਗੇ ਆਇਕੈ ਮੱਥਾ ਟੇਕਿਆ ਅਤੇ ਬੇਨਤੀ ਕਰੀ , ਜੀ ਸਚੇ ਪਾਤਸ਼ਾਹੁ ! ਤੁਹਾਡਾ ਦਿਤਾ ਇਕ ਬੇਟਾ ਸੀ, ਸੋ ਤਿਆਗ ਬੈਠਾ ਹੈ, ਭਲੇ ਸਿਖ ਦੀ ਬੇਟੀ ਪਿਛੇ ਲਗੀ ਸੀ, ਜੋ ਨਿਰਮੋਹੀ ਹੋਇਕੈ ਬੋਲਦਾ ਹੈ, ਸਾਨੂੰ ਵੱਡਾ ਦੁਖ ਹੈ ਅਸੀਂ ਸਮਝਾਵਨੇ ਹਾਂ, ਤਾਂ ਕਹਿੰਦਾ ਹੈ ਮੈਂ ਕਿਸੇ ਦੇਸ ਪਰਦੇਸ ਜਾਇਕੈ ਫਕੀਰ ਹੋਇ ਜਾਵਾਂਗਾ । ਤਾਂ ਬਚਨ ਕੀਤਾ , [ਬੁਲਾਵੋ], ਤਾਂ ਸਿਖ ਜਾਇਕੈ ਬੇਟੇ ਨੂੰ ਬੁਲਾਇ ਲਿਆਇਆ, ਤਾਂ ਸਿਖ ਦਾ ਬੇਟਾ ਹਥਿ ਜੋੜ ਕੇ ਗੁਰੂ ਜੀ ਕੇ ਹਜ਼ੂਰ ਖਲੋਇ ਦਰਸ਼ਨ ਕਰਨੈ ਲਾਗਾ, ਤਾਂ ਗੁਰੂ ਜੀ ਬੋਲੇ,[ਭਾਈ ! ਤੇਰੇ ਮਾਇ ਬਾਪੁ ਕਹਿੰਦੇ ਹੈਨਿ, ਅਸਾਡਾ ਬੇਟਾ ਜਗ ਤੇ ਨਿਆਰਾ ਹੋਇ ਗਇਆ , ਅਸੀਂ ਪੁਛਦੇ ਹਾਂ , ਤੈਨੂੰ ਬਰਾਗ ਕਿਉਂ ਕਰਿ ਹੋਇਆ ਹੈ, ਅਤੇ ਤੂੰ ਸਿਖ ਕਿਸ ਦਾ ਹੈ ਅਤੇ ਤੇਰਾ ਨਾਉਂ ਕਿਆ ਹੈ, ਅਤੇ ਤੇਰਾ ਪਰਚਾ ਕਿਆ ਹੈ, ਸਚੁ ਕਹੁ, ਉਮਰ ਤੇਰੀ ਅਠਾਰਾਂ ਬਰਸਾਂ ਦੀ ਜਾਣੀ ਜਾਂਦੀ ਹੈ,ਜਿਨ੍ਹਾਂ ਭੋਗ ਭੋਗੇ ਹੈਂ ਤੇ ਬੁਢੇ ਹੋ ਗਏ ਹੈਨਿ , ਉਨ੍ਹਾਂ ਨੂੰ ਬੈਰਾਗ ਤਾਂ ਹੁੰਦਾ ਨਹੀਂ , ਤੇਰੇ ਬਡੇ ਭਾਗ ਹੈਨਿ, ਤੇਰੇ ਦਰਸ਼ਨਿ ਨੂੰ ਚਾਹ ਕੇ ਮੰਗਵਾਇਆ ਹੈ ।]

ਤਾਂ ਸੁਣਿਕੇ ਬੋਲਿਆ , ਸਿਖ ਕਾ ਲੌਂਡਾ ਹਥਿ ਜੋੜਿਕੈ, ਗੁਰੂ ਜੀ, ਸਚੇ ਪਾਤਸ਼ਾਹ ! ਕਿਉਂ ਹਸਦੇ ਹੋ, ਭਵਜਲ ਕੇ ਜੀਵ ਹਾਂ ਹਮ , ਤੁਹਾਡੇ ਦਰਸਨਿ ਕਰਿ ਪਾਰ ਉਤਰੈਂਗੇ,

ਅਜਾਣਾਂ ਕਿ ਜਾਣਾ, ਜਾਣ ਬੁਝਕੇ ਪੁਛਦੇ ਹੋ, ਨਾਉ ਨੰਦ ਸਿੰਘ ਮੇਰਾ ਹੈ, ਸਿਖ ਗੁਰੂ ਕਾ ਹੌਂ, ਬੈਰਾਗ ਗੁਰੂ ਕੀ ਬਾਣੀ ਵਿਚੋਂ ਪ੍ਰਗਟਿਆ ਹੈ ।

ਕਿਆ ਬੁੱਢਾ ਕਿਆ ਬਾਲ
ਗੁਰ ਸਰਣਾਈ ਜਾਇਗਾ ਮੁਕਤਿ ਹੋਇ ਤਤਕਾਲ ।

ਨਾਂਉ ਚੜ੍ਹਨ ਕੀ ਭਾਂਤ ਹੈ ਸੱਚੇ ਪਾਤਸ਼ਾਹ ! ਮਾਇ ਬਾਪ ਨੇ ਪੜ੍ਹਾਯਾ ਬਾਣੀ ਗੁਰੂ ਕੀ , ਤਾਂ ਮੈਂ ਪੜ੍ਹਿਆ, ਬਾਣੀ ਕੰਠ ਕੀਤੀ, ਪ੍ਰੇਮ ਲਗਾ ਪੜ੍ਹਨ ਕਾ, ਤਾਂ ਮੈਂ [ਅੰਨਦ ਜੀ] ਕੀ ਤੁਕ ਬਿਚਾਰਿ ਕੈ ਮਨ ਵਿਚ ਧਰ ਰਖੀ ।

ਏਹੁ ਕੁਟੰਬੁ ਤੂੰ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੈ ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉਂ ਚਿਤੁ ਲਾਈਐ ॥

(ਰਾਮਕਲੀ ਮਹਲਾ ੩)

ਇਸਨੂੰ ਦਿਨ ਰਾਤਿ ਮੈਂ ਚਿਤਿ ਰਖਣ ਲਗਾ ਤਾਂ ਐਸਾ ਹੋਇਆ , ਮੇਰਾ ਮਨਿ ਉਦਾਸ ਹੋਇ ਗਇਆ , ਜਗਤ ਤੁਛ ਭਾਸਣੇ ਲਾਗਾ, ਜੈਸੇ ਧੂੰਏ ਕਾ ਬੱਦਲ ਹੋਇ ਜਾਂਦਾ ਹੈ, ਤਾਂ ਮੈਨੂੰ ਜਾਣੈਂ ਜੋ ਕਿਛ ਕਸਰ ਹੋ ਗਈ ਹੈ, ਮੈਨੂੰ ਖਾਣਾ ਪੀਣਾ , ਹੱਸਣਾ ਬੋਲਣਾ ਬਿਸਰ ਗਈ ਸਭ ਬਾਤ, ਸਰਨਿ ਤੁਮਾਰੀ ਹਾਂ, ਤੁਹਾਡੇ ਸ਼ਬਦ ਕਾ ਗੁਣ ਏਹੁ ਹੋਇਆ ਹੈ। ਤਬ ਸੁਣਿਕੈ ਸਿਖ ਤੇ ਗੁਰੂ ਜੀ ਬੋਲੇ, [ਭਾਈ ਸਿਖੋ ! ਤੁਸੀ ਭਰਮ ਨਾ ਕਰੋ । ਤੁਹਾਡੇ ਬੇਟੇ ਨੂੰ ਭੂਤ ਪ੍ਰੇਤ ਰੋਗ ਕੋਈ ਨਹੀਂ ,ਇਸਦੇ ਭਾਗ ਜਾਗੇ ਹੈਨਿ ,ਤੁਸੀਂ ਏਸਦੇ ਖਹੜੈ ਮਤ ਪਰੋ, ਤੁਹਾਨੂੰ ਹੋਰ ਬੇਟਾ ਬਖਸ਼ਿਆ , ਆਪੇ ਹੀ ਗੁਰੂ ਕੇ ਸਮਝਾਇ ਲੇਵੈਂਗੇ, ਐਸੇ ਹੀ ਨੂੰ ਛਡਿ ਕਰਿ ਘਰਿ ਜਾਵੋ, ਏਸ ਦੀ ਸਿਖਣੀ ਬੀ ਰਾਜ਼ੀ ਰਹੈਗੀ, ਆਪੇ ਹੀ ਕੁਟੰਬੀ ਹੀ ਰਹੈਗਾ।] ਸਿੱਖ ਸਿਖਣੀ ਖੁਸ਼ੀ ਹੋ ਕਰਿ ਮੱਥਾ ਟੇਕ ਕਰ ਘਰ ਨੂੰ ਗਏ, ਉਹੁ ਸਿਖ ਦਾ ਪੁੱਤ ਨਿਤ ਗੁਰੂ ਕੇ ਹਜ਼ੂਰ ਬੈਠਾ ਰਹੇ, ਹਥੁ ਜੋੜਿਕੈ । ਸਾਖੀ ਪੂਰੀ ਹੋਈ ਚੌਥੀ । ਬੋਲਹੁ ਭਾਈ ਜੀ ਵਾਹਿਗੁਰੂ ।੪।

## ੫

ਤਾਂ ਏਕ ਬੇਰ ਉਸ ਸਿਖ ਕੇ ਬੇਟੇ ਨੰਦ ਸਿੰਘ ਨੂੰ ਬੁਲਾਇਕੈ ਬੋਲੇ, 'ਭਾਈ ਨੀਂਗਰਾ ! ਗੁਰੂ ਜੀ ਕੀ ਭੇਟ ਤੈਨੂੰ ਕਰਦੇ ਹੈਨਿ, ਤੂੰ ਪ੍ਰੀਤ ਕਰਕੇ ਸੁਣਿ । ਆਗੈ ਤੇਰੀ ਇਛਾ ਹੋਵੇ ਸੋ ਕਰੀ ।' ਪਹਿਲੀ ਸਾਖੀ ਨਿਬ੍ਰਿਤੀ ਕੀ । ਏਕ ਤਪਸੀ ਬਨ ਮੇਂ ਰਹਿਤਾ ਥਾ, ਤਪੁ ਕਰਤਾ ਥਾ, ਸੰਤੋਖੋ ਕਾ ਪ੍ਰਣ ਥਾ, ਕੁਟੀਆ ਅੰਦਰਿ ਬੈਠਾ ਰਹੈ, ਪਾਸ ਹੀ ਨਗਰ ਥਾ, ਨਗਰ ਲੋਕ ਕੋਈ ਨਰ ਨਾਰੀ ਜੁ ਦੇ ਆਵੈ, ਥੋੜਾ ਅਥਵਾ ਬਹੁਤਾ ਸੁਆਦ ਵਾ ਕੁਸੁਆਦ, ਦਾਣਾ ਆਟਾ ਦੁਧ ਦਹੀਂ ਸਾਗ ਜੋ ਦੇ ਆਵੈ ਸੋ ਦਈ ਕਾ ਦੀਆ ਜਾਨਿ ਕੈ ਭੁਗਤੇ । ਜੋਗ ਪ੍ਰਾਣ ਅਪਾਨ ਕਾ ਸਾਧੈ, ਤਾਂ ਮਧਿ ਅਨਾਹਦਿ ਦ੍ਵਾਦਸ ਭੇਦ ਕਾ ਸਮਝਕੈ ਏਕਚਿਤ ਹੋ ਗਇਆ, ਤਪਸੀ ਕਾ ਨਾਉਂ ਸਬ ਨਰ ਨਾਰੀ ਜੁਵਾਲਾ ਕਹੈਂ ਇਕ ਬਾਰ ਸਾਤਿ ਦਿਨ

ਬੀਤ, ਸੋ ਤਪਸੀ ਨੂੰ ਅਹਾਰ ਨਾ ਪਹੁੰਚਿਆ, ਸੁਣਿ ਨੀਂਗਰ ! ਤਾਂ ਤਪਸੀ ਨੇ ਬਿਚਾਰਿਆ ਜੋ ਮੇਰੇ ਉਪਰਿ ਕਰਤਾਰ ਕੋਪਿਆ ਹੋਗਾ , ਜੋ ਹਾਥ ਪਾਉਂ ਦੀਏ ਹੈਨਿ , ਸੋ ਉਦਮੁ ਨਹੀ ਕਰਦਾ ,ਆਪਣੇ ਉਦਰ ਪ੍ਰਮਾਣ ਕਰਿਆ ਚਾਹੀਦਾ ਹੈ ।ਤਾਂ ਤੇ ਅਬ ਏਹੁ ਕਰੀਏ, ਜੋ ਸ਼ਹਰ ਬੀਚ ਫਿਰ ਕੇ ਦਰਸਨਿ ਭਿਛਿਆ ਕਰੀਏ, ਦੇਵਤੇ ਭੀ ਬੈਠੇ ਕੋ ਦੇਂਦੇ ਦੁਖੀ ਹੋਣਗੇ, ਐਸੇ ਬਿਚਾਰਿ ਕੈ ਚਲਣੇ ਕੀ ਤਿਆਰੀ ਕਰੀ, ਛਟੀ, ਕਿੰਥਾ, ਤੂੰਬਾ, ਕੁਸਾ ਆਸਨਿ ਮਾਲਾ ਲੇ ਲੀਆ, ਜੋ ਗ੍ਰਹਸਤੀ ਕੇ ਘਰਿ ਬਾਣੇ ਬਿਨਾ ਜਾਣਾ ਨਹੀਂ, ਪਛਾਣ ਪੜਤੀ ਨਾ ਹੀ, ਗ੍ਰਹਸਤੀ ਨੂੰ , ਨਿਰਾਦਰੀ ਕਾ ਦੋਖੁ ਨਾਹੀ । ਸਾਧ ਨੋ ਬਡਾ ਪਾਪ ਹੋਂਦਾ ਹੈ, ਦੋਇ ਵੇਲੇ ਭਿਛਿਆ ਨਹੀਂ ਕਰਨੀ, ਬਾਣਾ ਨੀ ਬਦਲਣਾ, ਯਥਾਸ਼ਕਤਿ ਦੂਧ ਭਿਛਿਆ ਲੈਣੀ, ਜੈਸੀ ਕੈਸੀ ਦੇਵੈ ਸੁ ਲੈਣੀ, ਚਿਰ ਨਹੀਂ ਠਹਰਨਾ, ਅਤੇ ਪੱਕੀ ਨਹੀਂ ਲੈਣੀ ਜਾਇਕੈ , ਬਾਲਕ ਤੀਵੀਂ ਕਾ ਹੁਥ ਲਗ ਜਾਂਦਾ ਹੈ। ਜਿਹੜੀ ਪੱਕੀ ਜਿਸੈ ਕਿਸੇ ਦੀ ਖਾਇ ਲੈਂਦੇ ਹੈਨਿ, ਸੋ ਸਿਖ ਸਾਧ ਨਹੀਂ ।

## ਦੋਹਰਾ

ਜਾਂਕੀ ਰਹਤਿ ਨ ਜਾਣੀਏ ਗੁਰੂ ਮੰਤ੍ਰ ਨਹਿ ਰੀਤਿ ।
ਤਾਂਕਾ ਭੋਜਨ ਖਾਇ ਕੈ ਬਿਛੁੜੈ ਹਰਿ ਕੀ ਪ੍ਰੀਤਿ ।
ਭਾਈ ਨੀਗਂਰਾ !
ਐਸੀ ਭਾਂਤਿ ਬਿਚਾਰਿਕੈ ਤਪਸੀ ਗਇਆ ਬਾਜ਼ਾਰ ।
ਨਗਰ ਬੀਚ ਇਕ ਸ਼ਾਹ ਘਰਿ, ਬਡੋ ਜੱਗ ਕਾ ਸਾਰ ।

ਲੋਗੋਂ ਕੀ ਭੀੜ ਹੋਇ ਰਹੀ। ਸਭਨਾਂ ਨੂੰ ਪਕੜ ਕੈ ਬਿਠਾਇ ਬਿਠਾਇਕੈ ਜਿਵਾਵੈ, ਤਪਸੀ ਭੀ ਜਾਇਕੈ ਖੜਾ ਹੋਇ ਰਹਿਆ, ਏਸਨੂੰ ਕਿਸੇ ਭੀ ਨਾਂਹਿ ਪੁਛਿਆ ਨਾਹਿ ਬੈਠਾਇਆ, ਨਾ ਭੋਜਨ ਦੀਆ, ਅਪਣਾ ਪ੍ਰਣ ਕਰਿ ਕਿਨਾਰੇ ਖਲਾ ਹੋਇ ਰਹਿਆ । ਜਾਂ ਰਾਤ ਹੋ ਗਈ ਤਾਂ ਲੋਗ ਸਭ ਚਲੇ ਗਏ, ਤਪਸੀ ਆਪਣੀ ਕੁਟੀਆ ਅੰਦਰ ਜਾਇ ਬੈਠੇ, ਜਾਂ ਅੱਧੀ ਰਾਤ ਹੂਈ ਤਾਂ ਦੇਵਤਾ ਕੇ ਦੂਤ ਦੋਇ ਮਸਾਲਾਂ ਜਲਦੀਆਂ ਹਾਥ ਮੇਂ ਤਪਸੀ ਨੂੰ ਆਇਕੈ ਬੁਲਾਇਆ। ਏ ਤਪਸੀ ! ਉਠਿ ਹਮ ਦੇਵਤਾ ਕੇ ਭੇਜੇ ਆਏ ਹੈ, ਜੋ ਮਹਾਰਾਜ ਕੀ ਆਗਿਆ ਏਹੁ ਹੈ, ਜੋ ਉਸ ਨਗਰ ਵਾਲੇ ਸ਼ਾਹ ਕਾ ਘਰਿ ਜਲਾਇ ਆਵੋ । ਜੋ ਮੇਰਾ ਤਪਸੀ ਬਡਾ ਸਾਧੁ ਭਖਾ ਰੀਤਾ ਹੀ ਮੁੜਿ ਆਇਆ ਹੈ, ਬਾਣੇ ਕਾ ਭੀ ਆਦਰ ਨਹੀਂ ਕੀਆ, ਉਹੁ ਸ਼ਾਹਿ ਬਡਾ ਪਾਪੀ ਹੈ, ਤਾਂ ਤੇ ਤੇਰੀ ਸਹਾਇਤਾ ਕਰੈਂਗੇ , ਆਗੇ ਹੋ ਚਲੁ, ਘਰਿ ਦਿਖਾਇ । ਤਾਂ ਤਪਸੀ ਉਠਿ ਕਰਿ ਨਾਲਿ ਹੋਇ ਲੀਆ ਕਹਣੇ ਲਾਗਾ-ਮੇਰੇ ਕੋ ਭੀ ਏਕ ਮਸਾਲ ਦੇਵੋ । ਤਾਂ ਉਨ੍ਹਾਂ ਇਕ ਮਸਾਲ ਦਈ ਤਾਂ ਓਨਾਂ ਨੂੰ ਹੀ ਜਲਾਵਣੇ ਲਾਗਾ, ਤਾਂ ਉਹੁ ਭਾਗੇ ਤਾਂ ਤਪਸੀ ਬੋਲਿਆ, ਉਹ ਸ਼ਾਹ ਦਾਤਾ ਸਭ ਕਾ, ਮੇਰੇ ਸਾਥ ਵੈਰ ਥਾ, ਐਸੀ ਅਨੀਤ ਹੈ, ਜਾਂ ਅੰਤਰਜਾਮੀ ਵਿਸ਼ਨੁ ਪ੍ਰੇਰਦਾ ਤਾਂ ਦੇਂਦੇ , ਉਸ ਦੇ ਕਿਆ ਵਸ ਹੈ, ਸਭ ਜਗਤ ਕਾ ਕਰਤਾ ਹੋਇ ਕੈ ਕਰਦਾ ਕਰਾਂਵਦਾ ਆਪ ਜਗਨਨਾਥ ਹੈ,

ਹਮ ਸਭ ਵਿਸ਼ਨੁ ਕੀ ਮਾਇਆ ਅਧੀਨ ਹਾਂ, ਹਮਾਰੀ ਬੰਦਨਾ ਹੈ, ਐਸੀ ਫੇਰ ਨਹੀ ਕਰਨੀ ਤਾਂ ਗੁਰੂ ਜੀ ਕਹਿਆ, ਨੀਂਗਰਾ! ਇਹ ਤੁਕ ਕਹੀ ਹੈ, ਸਮਝ ਗੁਰਮੁਖਾ!

ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ ॥

ਸੁਨਿ ਭਾਈ ! ਤੂੰ ਤਪਸੀ ਤਿਆਗੀ ਹੋਣਾ ਹੈ ਤਾਂ ਐਸਾ ਹੀ ਹੋਈਐ । ਜੋ ਕਿਸੇ ਕਾ ਅਵਗੁਣ ਨਾ ਚਿਤਵੀਂ । ਸੁਨਿ ਕਰਿ ਉਹਬ ਦੇਵਦੂਤ ਮੱਥਾ ਟੇਕ ਕੈ ਵਿਦਿਆ ਹੋਏ, ਮਹਾਰਾਜ ਅੱਗੋਂ ਕਹਿਆ, ਜੁ ਉਹ ਤਪਸੀ ਸੱਚੇ ਪਰਚੇ ਵਿਚਿ ਪਰਚਿਆ ਹੈ, ਤਾਂ ਮਹਾਰਾਜ ਕੀ ਆਗਿਆ ਪਾਇਕੈ, ਬਿਵਾਨ ਭੇਜ ਕਰ ਚੜ੍ਹਾਇ ਕਰ ਅਪਨੇ ਲੋਕ ਕਉ ਮੰਗਵਾਇ ਲੀਤਾ । ਸਾਖੀ ਪੂਰੀ ਹੋਈ ਪੰਜਾਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੫।

## ੬

"ਨਕਿ ਨਥ ਖਸਮ ਹਥਿ ਕਿਰਤੁ ਧਕੇ ਦੇ ॥
ਜਹਾਂ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥"
ਭਾਣਾ ਮੰਨੇ ਹੁਕਮੁ ਰਜ਼ਾਇ।
ਆਪੇ ਪਟੀ ਕਲਮ ਆਪਿ ਲਿਖਣਹਾਰਾ ਆਪਿ ।
ਦੂਜਾ ਹੋਇ ਤਾਂ ਆਖੀਐ ਸਭਿ ਘਟਿ ਰਹਿਆ ਬਿਆਪਿ ।

ਸੁਨਿ ਭਾਈ ਸਿਖਾ ! ਗੁਰੂ ਜੀ ਫੇਰ ਬਚਨ ਕਹਿਆ, ਜੋ ਗ੍ਰਿਹਸਤੀ ਹੋਈਐ ਤਾਂ ਐਸਾ ਹੋਈਐ । ਏਕ ਬਨ ਮੈਂ ਬ੍ਰਿਛ ਗਾੜ੍ਹੀ ਛਾਇਆ ਵਾਲਾ ਖੜਾ ਸੀ, ਉਸ ਊਪਰਿ ਕੱਪਤ ਕਪੋਤਣੀ ਬਾਲ ਬੱਚੇ ਵਾਲੇ ਆਲ੍ਹਣਾ ਬੰਨ੍ਹ ਕਰਿ ਰਹਿਤੇ ਥੇ, ਏਕ ਬੇਰ ਝੜੀ ਲਗੀ, ਸੀ ਏਕ ਪੁਰਖ ਜਾਲੀ ਹਾਥ ਜਾਨਵਰ ਮਾਰਨੇ ਵਾਲਾ ਆਇਆ । ਬਨ ਜੰਗਲ ਭੌਂਦਾ ਭੌਂਦਾ ਖਾਲੀ ਹੀ ਮਾਰਿਆ, ਆਂਧੀ ਮੇਂਹ ਕਾ ਸੀਤ ਕਰਿਕੈ ਕੰਬਦਾ ਕੰਬਦਾ ਉਸ ਬ੍ਰਿਛ ਤਲੇ ਆਇ ਬੈਠਾ, ਰਾਤਿ ਪੈ ਗਈ, ਰਾਹਿ ਭੁਲ ਗਇਆ, ਬੋਲ ਨਿਕਸੇ ਨਹੀਂ, ਭੁਖਾ, ਉਦਾਸ, ਭੈ ਕਾ ਮਾਰਿਆ ਸੁੰਨਿ ਹੋਇ ਬੈਠਾ , ਤਾਂ ਕਪੋਤ ਕੁਟੰਬੀ ਕਪੋਤੀ ਨੂੰ ਕਹਿਣ ਲਗਾ, ਸੁਨਿ ਅਰਧਣੀ ! ਹਮ ਗ੍ਰਿਹਸਤੀ ਜਾਨਵਰ , ਏਹ ਮਾਨੁਖ ਅਭਿਆਗਤਿ ਹਮਾਰੇ ਘਰਿ ਆਇ ਬੈਠਾ ਹੈ, ਗ੍ਰਿਹਸਤੀ ਦਾ ਧਰਮ ਹੈ ਆਏ ਕੀ ਖਾਣ ਪੀਣ ਬਿਸਰਾਮ ਕੀ ਖ਼ਬਰ ਲੈਣੀ, ਸੋ ਹਮ ਪੰਛੀ ਹਾਂ, ਹਮਾਰੇ ਹਾਥ ਤਾਂ ਹੈ ਨਹੀ, ਬਿਧਾਤਾ ਨੈ ਚੁੰਚ ਦਈ ਹੈ, ਤਾਂ ਸੁਨਿ ਸੁਖੁਦਾਇਨੀ! ਇਹ ਦੀ ਖ਼ਬਰ ਖਾਣ ਕੀ ਕਰਿਆ ਚਾਹੀਏ।

ਉਦਮ ਤੇ ਲੱਛਮੀ ਮਿਲੇ ਜਿਉ ਪੱਖੇ ਮਹਿ ਪਉਣ ।
ਜਿਉਂ ਫੇਰੇ ਉਦਮੁ ਕੀਏ ਬੈਠੇ ਦਾਤਾ ਕਉਣ ।

ਇਤਨੀ ਕਹਿ ਕਰਿ ਉਡਿਆ, ਸੋ ਏਕ ਗਉਂ ਥਾਂ, ਤਹਾਂ ਅੱਯਾਲੀ ਬੱਕਰੀ ਭੇਡ ਕੀ ਠਉੜਿ ਆਗਿ ਧੁਖਾਈ ਥੀ । ਤਹਾਂ ਜਾਇ ਕੈ ਇਕ ਲੱਕੜੀ ਕੀ ਮੇਝਣਾ ਅੱਗ ਵਾਲੀ ਲੇ

ਕਰ ਉਡਿਆ ਆਪਣੇ ਆਲ੍ਹਣੇ ਪਾਸ ਤੇ ਉਹ ਪਾਰਧੀ੨ ਕੀ ਅਗਾੜੀ ਸੁਟ ਦਿੱਤੀ ਆਹੀ, ਅਤੇ ਸੁੱਕੇ ਕੱਖ ਆਲ੍ਹਣੇ ਦੇ ਅੰਦਰਿ ਤੇ ਭੀ ਦਿੱਤੇ ਸੁਟਿਕੇ । ਦੇਖ ਕਰਿ ਓਹੁ ਮਾਹਣੂੜ ਖੁਸ਼ੀ ਹੋਇ, ਅੱਗ ਬਾਲੀ, ਸੀਤ ਦੂਰ ਕੀਤਾ । ਲੱਕੜੀਆਂ ਉਹਾਂ ਬਹੁਤੀ ਥਾਂ । ਚੁਣਿ ਘਤੀ, ਭਾਂਬੜ ਮਚਾਇਆ ਪਰ ਭੂਖਾ ਥਾਂ ਤਾਂ ਕਪੋਤ ਕਹਿੰਦਾ ਹੈ, "ਐ ਘਰ ਕੀ ਸਰਦਾਰ! ਬਾਲ ਬੱਚੇ ਨੂੰ ਪਾਲ ਰਹੀ । ਮੈ ਇਸ ਮਾਹਣੂ ਦੇ ਥੋੜੇ ਆਹਾਰ ਨੂੰ ਆਪਣਾ ਸਰੀਰ ਦੇਂਦਾ ਹੋਂ," ਤਾਂ ਨਾਰੀ ਬੋਲੀ 'ਇਹ ਧਰਮ ਮਰਨੇ ਕਾ ਮੇਰਾ ਹੈ, ਤੂੰ ਮਰਦ ਹੈ, ਮੈਥੋਂ ਪੀਛੈ ਕਛੁ ਨਹੀਂ ਹੋਨੇ ਕਾ'

ਨਾਰੀ ਨਰਕ ਸਰੀਰ ਹੈ ਬਿਨਾਂ ਪੁਰਖੁ ਕਿਹਿ ਕਾਮ ।
ਸਤਿ ਗਤਿ ਦਾਤਾ ਪੁਰਖੁ ਹੈ ਅਵਰੁ ਨ ਦਾਤਾ ਰਾਮ ।
ਤਾਂ ਪੁਰਖੁ ਕਹਿਆ
ਨਾਰੀ ਬਿਨ ਗ੍ਰਿਹ ਇਉਂ ਬਨਾ ਜੈਸੀ ਰੋਹੀ ਦੁਆਰ ।
ਪੁਰਖੁ ਬਾਹਰਿ ਕਾ ਸੂਰ੧ ਹੈ ਅੰਦਰ ਘਰਿ ਕੈ ਖੁਆਰ ।

ਸੁਣ ਨੀਂਗਰਾ ! ਤਾਂ ਇਤਨੀ ਕਹਿਕੇ, ਅੱਗ ਬਲਦੀ ਇਕ ਕਪੋਤੀ ਗਿੜੀ ਗਿੜਦੀ ਹੀ ਭੁਜ ਗਈ, ਉਹ ਮਾਸਾ-ਅਹਾਰੀ ਥਾ, ਬਣਾਇਕੈ ਖਾਇ ਗਾਇਆ, ਤਾਂ ਕਬੂਤਰ ਵਿਚਾਰਿਆ, ਇਹ ਮਾਨੁੱਖ ਤੀਨ ਸੇਰ ਕੇ ਖਾਣ ਵਾਲਾ ਭੁੱਖਾ ਹੀ ਰਹਿਆ ।

ਆਧਾ ਖਾਣਾ ਦੇਂਇ ਨਰ ਭੂਖਾ ਰਹੇ ਜੁ ਅਹਾਰ ।
ਦਾਤਾ ਐਸਾ ਨਰਕੁ ਜਾਇ ਕਹਯੋ ਵੇਦ ਮੰਝਾਰ ।

ਤਾਂ ਇਤਨੇ ਮੈਂ ਮੋਹ ਕੋ ਤਿਆਗ ਕਰਿ ਅਗਨਿ ਮਾਂਝ ਗਿੜ ਪੜਾ । ਉਸ ਪਾਰਧੀ ਨੂੰ ਹੋਸ਼ ਆਇ ਗਈ, ਦਇਆ ਆਇ ਗਈ, ਕਰੁਣਾ ਆਈ , ਧੰਨਿ ਏਹੁ ਪੰਛੀ ਭਗਤਿ ਵਾਲੇ, ਸਰੀਰ , ਮੇਰੀ ਪਾਲਣਾ ਵਾਸਤੇ ਮਰੇ । ਮੈਂ ਪਾਪੀ ਨੂੰ ਬਡਾ ਪਾਪੁ ਹੂਆ । ਹੁਣਿ ਸਰੀਰ ਭਾਵੈਂ ਜਾਵੇ । ਮੈਂ ਭੀ ਮਾਨੁਖ ਦੇਹ ਹਾਂ, ਤਪੁ ਕਰੂੰਗਾ । ਅਤੇ ਕਹਿ ਕਰਿ ਪ੍ਰੇਮ ਉਮਗਿਆ , ਰਦਨ ਕਰਨੇ ਲਾਗਾ । ਇਤਨੇ ਮੈਂ ਮਹਾਰਾਜ ਕੀ ਆਗਿਆ ਪਾਇਕੈ ਬਿਬਾਨ ਲੈਕਰਿ ਬੈਕੁੰਠ ਕੇ ਗੁਣ ਆਏ । ਮਹਾਰਾਜ ਕਹਿਆ-[ਮੇਰੇ ਲੋਕ ਨੂੰ ਸਭਿ ਕੁਟੰਬੁ ਪੰਛੀਆਂ ਦਾ ਅਤੇ ਪਾਰਧੀ੨ ਨੂੰ ਭੀ ਲੈ ਆਵੋ ।] ਸਭਨਾਂ ਨੂੰ ਚੜ੍ਹਾਇ ਕਰਿ ਲੈ ਗਏ, ਸੁਖੁ ਭੋਗਣੇ ਲਾਗਾ ।

ਭਾਈ ਲੜਕੇ ! ਏਹ ਦੋਇ ਰਸਤੇ ਹੈਨਿ । ਤੁਝਿ ਨੂੰ ਪੁਛਦੇ ਹੈਗੇ ਹਾਂ , ਕੇਹੜਾ ਪਸੰਦ ਆਇਆ ? ਨਹੀਂ ਤਾਂ ਖੁਆਰ ਹੋਣੇ ਕੇ ਭੇਖ ਬਹੁਤੇਰੇ ਸਾਧ ਭੀ, ਗ੍ਰਿਹਸਤੀ ਭੀ। ਭਾਈ ਗੁਰੂ ਕੇ ਦੀਵਾਨ ਵਿਚਿ ਸੁਚ ਕਹੁ, ਕਿਆ ਤੂੰ ਮੰਨੇਗਾ, ਕਬੀਰ ਕਾ ਕਰਿ ਦਿਖਾਇਆ, ਅਰੁ ਜੋਗ ਭੀ ਕਰਿ ਦਿਖਾਇਆ ।

ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ ॥

ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ

ਸੁਣਿ ਕਰਿ ਸਿਖ ਬੋਲਿਆ, ਗੁਰੂ ਜੀ ਬਚਨ ਮਾਨਿਆ ਆਪ ਕਾ, ਮੈਂ ਸਿਖ ਹਾਂ ਤੁਸਾਡਾ, ਗ੍ਰਿਹਸਥ ਹੀ ਮੇਰੇ ਪਾਸੋਂ ਬਣਿ ਆਵੈਗਾ। ਪਰ ਮੇਰਾ ਮਨਿ ਵਿਰਕਤ ਹੈਗਾ , ਸਿਥਲ ਹੈ, ਅੰਗੁ ਕੁਛ ਬਨਿ ਆਵੈਗੀ ਸੋ ਸਿਖਾਂ ਦੀ ਟਹਲ ਕਰਾਂਗਾ। ਗੁਰੂ ਜੀ ਹਸਿ ਬੋਲੈ, ਗੁਰੂ ਕੇ ਹਜ਼ੂਰ ਕੀ ਟਹਲ ਕਰਿਆ ਕਰਿ , ਤੇਰਾ ਭਾਰ ਗੁਰੂ ਕੇ ਲੈਣਗੇ, ਭਾਈ ਪਿਛਲੇ ਜਨਮ ਨੂੰ ਸਾਡੇ ਘੋੜੇ ਕੀ ਟਹਿਲ ਪਰੁ ਥਾ। ਅਸਾਂ ਏਕ ਬੇਰ ਰਾਤਿ ਨੂੰ ਕਹਿਆ , ਘੋੜੇ ਕੀ ਖਬਰ ਲੇਵਣੀ , ਤੇਰਾ ਨਾਉਂ ਮੰਡੂ ਥਾ, ਤੈਂ ਝੂਠੋ ਹੀ ਕਹਿਆ,[ਹਾਂ ਜੀ ਦਾਣਾ ਘਾਹਿ ਬਹੁਤੁ ਪਾਇ ਦਿਤਾ ।] ਤਾਂ ਗੁਰੂ ਕਾ ਬਚਨ ਨਿਕਲ ਗਇਆ ,[ਜਾਹਿ ਦਰਿਦ੍ਰੀਆ ! ਤੈਥੋਂ ਘਰਿ ਕਿਉਂ ਕਰ ਨਿਭੇਗਾ ਬੈਰਾਗ।' ਸੋ, ਐਸੀ ਸੁਣਿ ਕਰਿ ਤੂੰ ਬੋਲ ਕਰਿ ਰੋਇ ਕੈ ਕਹਿਆ, ' ਗੁਰੂ ਕਿਆਂ, ਗਰੀਬ ਮਾਰਿਆ, ਹਮਰੈ ਮਨਿ ਦਯਾ ਆਈ, ਤਾਂ ਕਹਿਆ ਹਮ ਤੇਰੀ ਸਹਾਇਤਾ ਕਰੈਂਗੇ। ਉਸ ਦੇਹ ਵਿੱਚ ਅਸੀਂ ਕਰਤਾਰ ਦੀ ਨੇਤ ਕਰ ਕਲਿਜੁਗ ਪਿਛਲੇ ਵਿੱਚ ਦੇਹ ਕਰ ਧਰਤ ਕੇ ਰਖਣ ਵਾਸਤੇ ਉਤਰੇ ਥੇ, ਤਾਂ ਗੁਰੂ ਪਦਵੀ ਤਪੁ ਕਰਿ ਪਾਈ ਥੀ, ਸੋ ਰਹੋ, ਤੇਰੇ ਕੁਟੰਬੁ ਦੀ ਭਲੀ ਗੁਰੂ ਨਿਬਾਹੈਗਾ, ਤਾਂ ਗ੍ਰਿਹਸਤੀ ਹੋਇਕੈ ਸਿੱਖ ਟਹਲ ਕਰਨੇ ਲਾਗਾ। ਸਾਖੀ ਪੂਰੀ ਹੋਈ ਛੇਵੀਂ। ਬੋਲਹੁ ਭਾਈ ਜੀ ਵਾਹਿਗੁਰੂ।੬।

## ੭

ਏਕ ਵੇਰ ਬਰਖਾ ਰੁਤਿ ਥੀ, ਭਾਦਰੋਂ ਮਹੀਨਾ ਥਾ, ਅਨੰਦਪੁਰ ਕੇ ਬੀਚ ਗੁਰੂ ਜੀ ਕਾ ਮੰਦਰ ਥਾ, ਗੁਰੂ ਜੀ ਮੰਦਰ ਉਪਰਿ ਰਾਤ ਨੋ ਸੈਨ ਵਾਸਤੇ ਚੜ੍ਹੇ ਥੇ। ਏਕ ਸਿੱਖ ਥਾ ਲਾਹੌਰਾ ਸਿੰਘ ਗੁਰੂ ਜੀ ਕਾ ਬੁਲਾਵਾ ਥਾ, ਏਕ ਮਹਾਜਨ ਸਿੱਖ ਥਾ ਕਰਜ਼ ਲੈਣ ਵਾਲਾ, ਮਾਲਾ ਸਿੰਘ ਘਰਿ ਤੇ ਗਰੀਬੁ ਹੋਇਆ ਗਇਆ ਥਾ, ਸੁਭਾਵ ਕਾ ਭੀ ਲੱਜਾਵਾਨ ਥਾ, ਉਸਕੇ ਰੁਪਯੇ ਲਾਹੌਰਾ ਸਿੰਘ ਦੇਣੇ ਥੇ, ਨਿਤ ਮੰਗਣ ਜਾਵੈ, ਉਹ ਖਾਤਰ ਮੇ ਨਾ ਰਖੇ। ਆਲਾ ਟੋਲਾ ਕਰਿ ਛਡੈ। ਇਕ ਰਾਤਿ ਤੰਗ ਹੋਇਕੈ ਸਿਖਣੀ ਦੇ ਕਹਿਆ ਲਾਹੌਰਾ ਸਿੰਘ ਦੇ ਘਰਿ ਗਯਾ। ਜਾਇ ਕੇ ਬਹੁਤ ਗੱਲਾ ਦਾ ਝਗੜਾ ਕੀਤਾ, ਤਾਂ ਕਰਜ਼ੀ ਬੋਲਿਆ, ਹੱਕ ਕੇ ਉਸਕੇ ਦਖਾਵਣ ਨੂੰ:

ਸਿਖ ਸਿਖ ਦਾ ਖਾਇ ਕਰ ਚਿੰਤਾ ਕਰਿ ਹੈ ਦੂਰਿ।

ਇਕ ਤੁਕ ਬੋਲੀ, ਫਿਰ ਬੋਲਿਆ:

ਖਾਣਾ ਪੀਣਾ ਹਸਣਾ, ਗੁਰੂ ਦੀਆਂ ਭੁਗਤਾਇ।

ਫੇਰ ਦੂਜੀ ਬੋਲਿਆ :

ਜੈਸਾ ਜਿਸ ਕਾ ਲੇਖੁ ਹੈ ਤੈਸੀ ਬਿਧਿ ਬਨਿ ਆਇ ।

ਸੁਨਿ ਕਰਿ ਲਹਿਣੀ ਕਹਿਆ, ਤੂੰ ਜ਼ੋਰ ਨਾ ਕਰ:

ਦਰਗਹਿ ਹੋਣ ਸਜ਼ਾਇਆਂ ਝੂਠੇ ਅਮਲ ਜਿਨਾਂਹ ।

ਜਮੂਆ ਮੰਗੈ ਮਾਰੀਏ ਰੋਇ ਰੋਇ ਪਛੋਤਾਇ ।

ਤਾਂ ਕਰਜ਼ੀ ਬੋਲਿਆ,

ਲੇਖਾ ਕੋਇ ਨਾ ਪੁਛਸੀ ਜਾਂ ਗੁਰ ਬਖਸ਼ੰਦਾ ।

ਪਹਿਲਾ ਉਤਰ:

ਖਾਵੈ ਖਾਇ ਨਾ ਦ੍ਰੋਹ ਕਰੁ ਰਹੀਏ ਬੰਧ ਹਜੂਰ ।

ਦੂਜਾ ਉਤਰ :

ਜੈਸਾ ਕਰਮ ਕਰਤਾ ਕਰੇ, ਤੈਸਾ ਗੁਰੂ ਭੁਗਤਇ ।

ਤੀਜਾ ਉਤਰ :

ਹਕੁ ਪਰਾਇਆ ਨਾਨਕਾ ਉਸੁ ਸੂਅਰੁ ਉਸੁ ਗਾਇ ॥

ਗੁਰੁ ਪੀਰੁ ਹਾਮਾ ਤਾਂ ਭਰੇ ਜਾ ਮੁਰਦਾਰੁ ਨਾ ਖਾਇ ॥

ਸੁਨਿ ਕਰਿ ਸਿੱਖ ਦਬ ਗਇਆ, ਸਵੇਰੇ ਉਠਕੈ ਸਿਖ ਨੂੰ ਰੁਪਏ ਕਰਜ਼ ਦੇ ਕਰ, ਫੇਰ ਗੁਰੂ ਦੇ ਹਜ਼ੂਰ ਗਇਆ, ਮੱਥਾ ਟੇਕ ਕਰ ਬੋਲਿਆ :

ਗੁਰ ਤੇ ਵਿਛੁੜਿਆ ਸਿਖ ਲੋਭੀ ਕਾਮ ਕਹੁ ।

ਬਖਸ਼ੈ ਗਰ ਬਖਸ਼ਿੰਦ ਮੇਲੇ ਲੇ ਛਾਡ ਰਹੁ ।

ਤਾਂ ਗੁਰੂ ਜੀ ਹੱਸ ਕੇ ਬੋਲੇ,

ਗੁਰੂ ਕੀ ਇਹ ਆਗਿਆ ਸਹੀ, ਬੇਦ ਧਰਮ ਕੀ ਰੀਤਿ ।

ਸਾਖੀ ਹੋ ਹੋਇ ਸਪਤਮੀਂ, ਅੱਠਵੀਂ ਸਿਖੀ ਚੀਤ ।

ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੭।

## ੮

ਸੁਨਿ ਗੁਰਸਿਖਾ ! ਮੁਕਤਨਾਮਾ ਸਭ ਸਿਖਾਂ ਉਪਦੇਸ ।

ਜੋ ਨਾ ਕਰਹੈ ਗੁਰ ਉਕਤਿ, ਬੇਮੁਖ ਝੂਠਾ ਭੇਸ ।੧।
ਕਰਜ਼ ਨਾ ਲੇਵੈ ਕਿਸੀ ਕਾ ਲੇਇ ਤ ਦੇਵੈ ਭਾਵ ।
ਖੁਸ਼ੀ ਕਰੈ ਘਰਿ ਸਿਖਣੀ ਭਲਾ ਦਿਖਾਵੈ ਚਾਵ ।੨।
ਝੂਠ ਨਾ ਬੋਲੈ ਨਾ ਸੁਣੈ ਝੂਠ ਨਾ ਕਰਹੈ ਪ੍ਰੀਤਿ ।
ਸਚੁ ਕਮਾਵੈ ਸਚੁ ਸੰਗਤੀਂ ਸਚੀ ਪਾਲਹਿ ਰੀਤਿ ।੩।
ਸਚੁ ਵਾਪਾਰੀ ਸਚੁ ਸੂਰਮਾ ਸਚਾ ਪੰਡਿਤ ਸ਼ੁਧ ।
ਸਚੀ ਖੇਤੀ ਸਚ ਕਸਬ ਸਚੋ ਰੰਗ ਪ੍ਰਬੁਧ ।੪।
ਸਿਖ ਹੋਇ ਜੂਠਾ ਨਹਿ ਖਾਵੈ । ਸਿੱਖ ਹੋਇ ਧਨ ਤੇ ਛੁਟਕਾਵੈ ।
ਸਿਖ ਪ੍ਰਸਾਦਿ ਵੰਡ ਕਰ ਖਾਇ । ਨਾਂਗੋ ਕੇਸ ਭੋਗ ਨ ਸੁਪਤਾਇ ।੫।
ਖਾਵੈ ਗੁਰ ਕਾ ਨਾਮ ਜਪਿ ਜਪੁ ਪੜ੍ਹ ਲੈ ਪ੍ਰਸਾਦਿ ।
ਨਗਨ ਨ ਦੇਖੈ ਨਾਇਕਾ ਨਾਰੀ ਰੂਪ ਨਾ ਯਾਦਿ ।੬।
ਧਨ ਪਰ ਘਰ ਕੋ ਛੁਵੈ ਨਹਿ ਨੀਚ ਜਾਤਿ ਤੇ ਦੂਰ ।
ਕੁਸਿਆ[੧] ਮਾਸ ਨ ਖਾਈਏ ਪਾਲਿਆ ਖਾਇ ਨ ਸੂਰ ।੭।
ਮਦ ਕੋ ਛੋਡੈ ਉਚ ਰਹਿਤ ਚੀਤੇ ਪੀਛੈ ਅੰਭ ।੨
ਮਲ ਤਿਆਗੇ ਤੇ ਮ੍ਰਿਤਕਾ ਕਰ ਪਦ ਪਾਣੀ ਹੰਭ ।੮।
ਸੀਤ ਨ੍ਹਾਇ ਯਾਮੜ  ਰਹੇ ਰਾਤਿ ਅੰਨ ਖਾਇ ਕਰ ਵੰਡ ।
ਕਹੈ ਗੁਰੂ ਗੋਬਿੰਦ ਸਿੰਘ ਜਮੂਆ ਕਰੇ ਨ ਦੰਡ ।੯।
ਪਰਜਾ ਤੇ ਨਿਆਰੋ ਮਿਲੈ ਰਹਿਤ ਬਿਹਾਰੈ ਮਾਂਝ ।
ਜਗਤ-ਜੂਠ੪ ਕੋ ਛਾਡੀਏ ਪਹਰੇ ਰੰਗ ਨ ਰਾਂਝ ।੧੦।
ਸਰੁਮਾ ਅੰਜਨ ਦਿਨ ਤਜੈ ਨਗਨ ਨ ਸੋਵੈ ਅੰਗ ।
ਨਾਮ ਸਿਮਰ ਕਰਿ ਆਰਤਾ ਗੁਰੂ ਮਿਟਾਵੈ ਕੰਗ ।੧੧।
ਗੁਰ ਕੀ ਪਾਹੁਲ ਸਿਖ ਲੈ ਰਹਿਤ ਕਮਾਵੈ ਗ੍ਰੰਥ ।
ਜੋ ਬੜਾ ਸੋ ਸੇਵਿਆ ਔਰ ਨ ਭਰਮੈ ਪੰਥ ।੧੨।
ਗੁਰੂ ਸਿਖ ਕਾ ਪਾਈਏ ਕੰਨਿਆ ਘਰਿ ਸਿਖ ਸੋਧ।
ਅਨਰਿਣ ਹਿਤ ਕਰਿ ਬੇਦ ਬਿਧਿ ਹੋਵੈ ਚਿਤਿ ਪ੍ਰਬੋਧ ।੧੩।
ਪੁਤ੍ਰ ਕੁਸੰਗੀ ਨਾ ਹੋਵੈ ਕੁਸੰਗੀ ਹੋਇ ਨ ਨਾਰਿ ।
ਗੁਰੂ ਮੰਤ੍ਰ ਪੜ੍ਹਤਾ ਰਹੈ ਘਰਿ ਕੀ ਨਿਤ ਉਠ ਕਾਰ ।੧੪।
ਸਿਖ ਨ ਪੂਜਾ ਖਾਇ ਰਿੰਚ ਨਿਤ ਕੜਾਹ ਲੇਇ ।
ਗੁਰੂ ਭੁਗਤ ਹੀ ਖਾਈਐ ਜੋ ਅਰਦਾਸੀ ਦੇਇ ।੧੫।

ਪ੍ਰਸਾਦਿ ਅਰਦਾਸੀ ਬਾਂਟਿ ਦੇਇ ਸਭ ਕੋ ਸਮਤਾ ਬਾਂਟਿ ।
ਜੋ ਪ੍ਰਸਾਦਿ  ਮੈਂ ਈਰਖਾ ਕਰਤਾ ਤੋੜੇ ਸਾਂਟਿ ।੧੬।
ਲੋਭ ਕਰੈ ਪ੍ਰਸਾਦਿ ਮੈਂ ਜਮ ਕੀ ਖਾਵੈ ਮਾਰਿ ।
ਸੋ ਪ੍ਰਸਾਦਿ ਗਾਲੈ ਤਿਸੀ ਰੋਗ ਦੋਖ ਧਨ ਖੁਆਰ ।੧੭।
ਖਾਇ ਭੁਗਤ ਜਾਂ ਸਮੈਂ ਸਿਖ ਉਠੈ ਨਾ ਛੋਡੈ ਥਾਂਇ ।
ਜੋ ਛੋਡੈ ਫਿਰ ਖਾਇ ਨਹਿ ਸੁਖੀ ਧਨੀ ਗੁਰ ਪਾਹਿ ।੧੮।
ਤੁਰਕ ਤੁਰਕਣੀ ਤੇ ਬਚੈ ਤੁਰਕ ਨ ਕਰਹੈ ਸਿਖ ।
ਚਾਰ ਬਰਣ ਗੁਰ ਭਾਇ ਜੋ ਖਾਇ ਖਵਾਵੈ ਭਿਖ ।੧੯।
ਭੇਖਨ ਕੀ ਬਾਣੀ ਤਜੈ ਤਜੈ ਸੀਤਲਾ ਭੋਗ ।
ਕਲਮਾ ਕਾ ਅੰਨ ਦੂਰ ਧਰਿ ਤੁਰਕਨ ਜਾਣੈ ਰੋਗਿ ।੨੦।
ਠਗੂਆ ਬਿਪ੍ਰ ਸਿਖਿ ਭੇਖ ਖੰਡਨ ਨਾਰੀ ਹੋਇ ।
ਮੁਸੈ ਭੁਲਾਵੈ ਗਰਬ ਬਿਨ ਬਿਸ੍ਵਾ ਸਿਖ ਨ ਕੋਇ ।੨੧।
ਕਰੇ ਕੜਾਹ ਤ੍ਰਿਭਾਵਲੀ ਸੁਚਿ ਪਵਿਤ੍ਰ ਤਨ ਥਾਂਇ ।
ਗੁਰ ਪ੍ਰਸਾਦਿ ਅਰਦਾਸ ਕਰ ਨਾਂਗਾ ਭੋਗ ਨ ਆਹਿ ।੨੨।
ਜਿਤ ਕਾਰਜ ਗੁਰ ਭਾਵ ਹਿਤ ਹੋਇ ਭਾਵਨੀ ਪੂਰ ।
ਈਹਾਂ ਸਿਦਕ ਸਾਬਤ ਭਇਆ ਆਗੈ ਸੁਖ ਭਰਪੂਰ ।੨੩।
ਆਧਾ ਨਾਮ ਜੁ ਲੇਇ ਸਿਖ ਸੋ ਤਨਖਾਹੀ ਮੂੜ੍ਹ।
ਜਮਪੁਰਿ ਵਾਸਾ ਪਾਇਗੋ ਕਰੈ ਮਲੇਛੀ ਹੂੜ੍ਹ।੨੪।
ਬਿਨਾਂ ਅੰਨਦ ਬਿਵਾਹ ਤੇ ਭੁਗਤੇ ਪਰ ਕੀ ਜੋਇ ।
ਸੁਣ ਸਿਖਾ ਗੁਰ ਕਹਿ ਥਕੇ ਮੇਰਾ ਸਿਖ ਨ ਸੋਇ ।੨੫।
ਸਾਂਝ ਸਵੇਰੇ ਸੋਇ ਨਹਿ ਜੂਠ ਅਸੁਚ ਰਹਿ ਦੂਰਿ ।
ਗੁਰੂ ਨਿਕਟਿ ਸੋ ਸਿਖ ਹੈ ਦੇਵਨ ਰਹੈ ਹਜ਼ੂਰ ।੨੬।
ਗੁਰ ਸਿਖ ਖੁਲ੍ਹੇ ਕੇਸ ਨਹਿ ਖਾਵੈ ਜੂੜਾ ਕੇਸ।
ਦਸਵੰਧ ਗੁਰੂ ਕਾ ਦੇਇਕੈ ਖਾਇ ਕਮਾਈ ਸੇਸ਼੧।੨੭।
ਦਾਤਨ ਕਰਹਿ ਪ੍ਰਾਤ ਉਠ ਇਸਨਾਨ ਕਰੇ ਗੁਰਵਾਕ ।
ਪੜ੍ਹਿ ਬਾਣੀ ਮੱਥਾ ਟਿਕੈ ਗੁਰਸਿਖਨ ਸੌਂ ਸਾਕ ।੨੮
ਦੋਇ ਗੋਤ੍ਰ ਕੰਨਿਆ ਤਜੈ ਨਾਨਕ ਦਾਦਕ ਮਾਨ ।
ਸੋਈ ਗੁਰਮੁਖਿ ਸੰਤਤੀ ਸਤਿਗੁਰ ਦੇਵੈ ਦਾਨ ।੨੯

ਸਵੈਯਾ

ਮੂਏ ਹੀ ਸਿਖ ਕੋ ਬਾਂਧਵ ਕੋ ਰੋਵਹਿ ਨਾਹਿ ਕੜਾਹਿ ਕਰਾਵੈ
ਆਨੰਦ ਪੜਿ ਸਭ ਸ਼ੋਕ ਤਜੈ ਸਿਖ ਪੀਟੇ ਨਾਹਿ ਨ ਸ਼ਬਦ ਪੜ੍ਹਾਵੈ।
ਸੰਤ ਸੰਬੂਹਨ ਬਿਪ੍ਰਨ ਸਿਖਨ ਦੇਇ ਖਵਾਇ ਸੁ ਭੇਟਿ ਚਢਾਵੈ।
ਬੇਦ ਕੀ ਰੀਤ ਕੋ ਤਿਆਗ ਕਰੈ, ਨਹਿ ਕ੍ਰਿਯਾ ਕੋ ਮਾਨੈ ਸੋ ਸਿਖ ਸਦਾਵੈ
।੩੦।

ਸਵੈਯਾ

ਗੁਰ ਕੀ ਛਾਪ ਸਿਰ ਕੇਸਕੀ ਪਾਹੁਲ ਦੇਇ ਉਤਾਰ ਸੋ ਬੇਮੁਖ ਜਾਨੋ ।
ਬੇਟੇ ਕੋ ਬੰਧ ਕੋ ਛਾਪ ਮੁੰਡਾਵਿਤ ਜਮ ਦੁਖ ਭੋਗਕੈ ਪ੍ਰੇਤ ਪਛਾਨੋ ।
ਸਾਕ ਤਜੈ ਤਿਹ ਖਾਨ ਤਜੈ ਜੋ ਪਾਲਹਿ ਤਾਂਹਿ ਸੁ ਪਾਪੀ ਹੀ ਮਾਨੋ ।
ਗੋਬਿੰਦ ਸਿੰਘ ਨਿਸੰਗ ਕਹੈ ਇਹ ਬੇਮੁਖ ਤਿਆਗ ਕਿਉਂ ਪਾਪਨ ਸਾਨੋ
।੩੧।

ਦੋਹਰਾ

ਤੁਰਕ ਪਾਰਸੀ ਜੋ ਪੜ੍ਹੈ ਜੀਵਤ ਲਏ ਨ ਸੁਖ ।
ਤੁਰਕ ਮੀਤ ਬੇਸਾਹ ਕਰਿ ਗੁਰ ਤੇ ਸਦ ਬੇਮੁਖ ।੩੨।
ਵਿਵਾਹਿਨ ਮੈਂ ਸੁਤ ਜਨਮ ਮੈਂ ਮਰਨ ਤਨਖਾਹਿ ਬਖਸ਼ਾਇ ।
ਸੋ ਸਿਖ ਗੁਰ ਕਾ ਜਾਨੀਐ ਮੋਨੇ ਅੰਨ ਨ ਖਾਇ ।੩੩।
ਸਿਲਾ ਨ ਪੂਜੇ ਪਾਹੁਲੀ ਸਿਲਾ ਨ ਪਾਣੀ ਪੀਉ ।
ਬਰਨ ਆਸ੍ਰਮ ਕੀ ਰੀਤਿ ਤੇ ਬਚੇ ਸਿਖਨ ਕੀ ਸੀਉ ।੩੪।
ਬਹੁਤਾ ਕਰਮ ਸੰਸਾਰ ਕਾ ਪਿਤਾ ਪਿਤਾਮਾ ਦੇਵ ।
ਗੁਰੂ ਰਖਿਆ ਨੋ ਮਾਨੀਏ ਸੋ ਸਿਖ ਮੇਰੇ ਸੇਵ ।੩੫।
ਜੋ ਗੁਰ ਕੇ ਘਰਿ ਜਾਇਆ ਵਡਾ ਕਹੈ ਜਿਹ ਬੇਦ ।
ਤਪ ਜਪ ਦਾਨੀ ਭੂਮ ਵਿਪ੍ਰ ਦੇਇ ਨ ਇਨ ਕੋ ਖੇਦ ।੩੬।
ਰੋਵੈ ਬੇਦੀ ਭੇਦ ਬਿਨ ਰੋਵੈ ਪਾਪੀ ਲੋਗ ।
ਬੇਮੁਖ ਗੁਰ ਫਿਟਕਾਰਿਆ ਰੋਂਵੈ ਦੀਰਘ ਰੋਗ ।੩੭।
ਮੇਰੇ ਘਰ ਜੋ ਆਇਆ ਗੁਰ ਸ਼ਬਦਨ ਸਿਓਂ ਹੇਤ ।
ਗੁਰ ਸਿਖਿਆ ਸੁਣਿ ਧਾਰਈ ਰਹਿਣੀ ਰਹੈ ਸੁਚੇਤ ।੩੮।
ਮੈਂ ਬਖਸ਼ੋਂਗਾ ਪਾਰ ਕਰ ਉਸ ਪਦ ਦਾਤਾ ਆਪ ।
ਸ਼ੰਕਰ ਦੱਤ ਰਾਮਾਨੁਜ ਗੋਰਖ ਮੁਹੰਮਦ ਨਾ ਥਾਪ ।੩੯।
ਬਰਖਾ ਬਰਸੈ ਧਰਨਿ ਪਰ ਖੇਤੀ ਖੂਬ ਬਨਾਇ ।

ਗੁਰ ਸਨਮੁਖ ਸਭ ਧਰਮ ਫਲ ਦੀਨੇ ਗੁਰ ਫੁਰਮਾਇ ।੪੦।

ਮੁਕਤਨਾਮਾ ਪੜ੍ਹੈ ਜਨ ਤੀਰਥ ਮੁਕਤਸਰ ਨ੍ਹਾਇ ।
ਬੇਰੈ ਕਰਮ ਤੇ ਛੂਟਿ ਕਰਿ ਗੁਰ ਘਰਿ ਮਰਿ ਕਰਿ ਜਾਇ ।੪੧।
ਬੈਨ ਬਤਾਲੀ ਫਲ ਸੁਣੈ ਸੁਣਿ ਸਿਖ ਦੀਨੋ ਤੋਇ ।
ਦੂਗਣੀ ਛੋਡਤ ਜੂਨ ਕੋ ਜਿਉਂ ਸਮੀਰ ਖਸ਼ਬੋਇ । ੪੨।

ਤਾਂ ਗੁਰੂ ਜੀ ਕਹਿਆ, ਨਿਹਾਲ ਭਾਈ ਨੀਂਗਰਾ ! ਬਿਗਸ । ਰਹਿਤ ਸਿਖ ਕੀ ਰਹਿਣੀ, ਸੰਸਾਰੀਆਂ ਕੀ ਸੁਣਿਨੀ ਮੰਨਣੀ ਨਾਹੀਂ । ਸਾਖੀ ਅੱਠਵੀਂ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੮।

## ੯

ਏਕ ਬੇਰ ਗੁਰੂ ਜੀ ਪ੍ਰਭਾਤਿ ਉਠ ਕੇ ਬੈਠੇ । ਤਾਂ ਇਕ ਸਿਖ ਨੰਗਾ ਦਮ ਚੜ੍ਹਿਆ ਹੋਇਆ ਆਇਆ ਭਾਗਤਾ ਹੀ ਸਾਂ ਜਾਂਦਾ । ਗੁਰੂ ਜੀ ਬੋਲੇ ਸਿਖਾ ! ਸੁਖ ਹੈ ? ਮੱਥਾ ਟੇਕ ਕੇ ਸਿਖ ਬੋਲਿਆ ਜੀ ਸਚੇ ਪਾਤਸ਼ਾਹ ! ਮੈਂ ਵਣਜਾਰਾ ਸਿਖ ਹਾਂ, ਅਚਰਜ ਦੇਖ ਆਇਆ ਹਾਂ, ਏਕ ਮੋਮਨੀ ਨੇ ਸਿਖਣੀ ਵਸ ਕਰਿ ਛਡੀ ਹੈ, ਐਸਾ ਮੰਤਰ ਪੜ੍ਹਿਆ ਹੈ, ਜੁ ਉਸੇ ਦੀ ਬਾਤ ਬੋਲਦੀ ਹੈ, ਕਹਿੰਦੀ ਹੈ- ਮੈਂ ਸਿਖਣੀ ਨਹੀਂ ਰਹਿੰਦੀ । ਅਸੀਂ ਸੁਖਾਂ ਸੁਖ ਰਹੇ ਹਾਂ, ਗੁਰੂ ਜੀ ਬੋਲੇ-ਪੀਰੀ ਮੁਰੀਦੀ ਸਿਖ ਹੋਗੁ , ਸ਼ੀਹਣੀ ਖਾਂਦਾ ਹੋਗੁ, ਤਾਂ ਸਿਖ ਬੇਨਤੀ ਕਰੀ, ਗੁਰੂ ਬਖਸ਼ੀਏ ਮੇਰੀ ਭਾਣਜੀ ਹੈ, ਤੇ ਗੁਰੂ ਜੀ ਮੇਰੀ ਭੈਣ ਤੇ ਮੈਂ ਆਦਿ ਸਿਦਕੀ ਹਾਂ ਅਤੇ ਨਾਨਕ ਦਾਦਕ ਸਿਖ ਹਾਂ। ਤੇ ਬਚਨ ਹੋਇਆ ਮੁਕਤਸਰ ਇਸਨਾਨ ਕਰਵਾਵੋ, ਕੁਰਹਿਤ ਦੂਰ ਹੋਵੇਗੀ , ਮੁਕਤਨਾਮਾ ਸੁਣਾਵੋ, ਚਾਲੀ ਪਾਠ ਜਪੁਜੀ ਸੁਣਾਵੋ,ਵਾਹਿਗੁਰੂ ਜੀ ਸਹਾਇ, ਆਠਿ ਅਖਰ ਲਿਖਕੇ ਨਿਚੰਦੇ ਆਇਤਵਾਰ ਗਲ ਮੈਂ ਅਥਵਾ ਸਿਰ ਬੰਨ੍ਹੋ ਸੁਰਤਿ ਟਿਕਾਣੈ ਆਵੈਗੀ, ਭੂਤ ਕਾ ਸਾਇਆ ਨਿਕਸ ਜਾਵੈਗਾ,ਸਿਖੀ ਸਾਬਤ ਰਖਣੀ । ਭਾਈ ! ਰਹਿਣੀ ਹੀ ਭਲੀ ਭੇਟ ਕੇ, ਧਨ ਕੇ ਲੋਭੀ ਨਹੀਂ , ਜੋ ਧਨ ਕੇ ਲੋਭ ਤੇ ਕੁਰਹਿਤੀ ਕੋ ਬਖਸ਼ੈਗਾ, ਸੋ ਸਿਖ ਮੇਰਾ ਚੋਰ ਹੈ; ਓਸਕੀ ਸਿਖੀ ਗੁਰੂ ਕੇ ਹਜ਼ੂਰ ਨਾ ਪਵੇਗੀ । ਮੱਥਾ ਟੇਕ ਕੇ ਸਿਖ ਤਾਂ ਘਰ ਨੋ ਗਿਆ, ਗੁਰੂ ਬਚਨ ਤੇ ਜਿਉਂ ਕੀਤਾ ਤਿਵੈਂ ਬਣ ਗਈ ।

ਏਕ ਬੇਰ ਗੁਰੂ ਜੀ ਓਸਦੇ ਘਰ ਗਏ ਥੇ ਜੁੰਮਣ ਖੇੜੇ, ਤਾਂ ਸਿਖਣੀ ਆਣਿ ਮੱਥਾ ਟੇਕਿਆ, ਬੋਲੇ ਕੇ ਸੁਣਾਇਆ । ਗੁਰੂ ਜੀ ਮੈਂ ਮੁਸਲਮਾਨ ਵਸ ਕਰ ਛਡੀ ਸਾਂ, ਪਛੁਤਾਵਨੀ ਹਾਂ, ਬਚਨ ਕੀਤਾ ਸਿਖਣੀਏ , ਅੰਗ ਸੰਗ ਬਿਨ ਪਾਪ ਨਹੀਂ ਲਗਤਾ ਚਾਰ ਮੰਮਿਆਂ ਦਾ ਵਿਸਾਹ ਨਾ ਕਰੀਏ-ਮੁਸਲਮਾਨ ੧, ਮਤ੍ਰੇਈ ੨, ਮਖੀ ੩, ਮਨ ੪,।ਪੁਛਣ ਲਗੇ ਸਿਖਣੀਏ ! ਸਿਦਕ ਆਪਣਾ ਹਥ ਟਹਿਲ ਕਰਣੀ ਅਤੇ ਪ੍ਰਤੀਤ ਕਰਣੀ । ਮੇਰੀ

ਓਟ ਆਸਰਾ ਗੁਰੂ ਜੀ ਤੁਸੀਂ ਹੋ ਬਖਸ਼ ਲੈਣਾ , ਸਣੇ ਸਿਖ ਸਿਖਣੀ ਟਹਿਲ ਬਹੁਤ ਕੀਤੀ ਅਤੇ ਭੇਟ ਦੇਇਕੈ ਮੱਥਾ ਟੇਕਿਆ , ਗੁਰੂ ਜੀ ਖੁਸ਼ੀ ਕੀਤੀ, ਅਤੇ ਬਚਨ ਕੀਤਾ ਸਿਖਣੀਏ ! ਤੇਰਾ ਬੇਟਾ ਹੋਵੇਗਾ , ਅਤੇ ਸੱਤਵੇਂ ਜਨਮ ਗੁਰੂ ਕਾ ਸਿਖ, ਸੰਗਤ ਸਿੰਘ ਕੀ ਮਹਿਲ ਬਸਕੈ ਉਧਰੈਂਗੀ । ਸਾਖੀ ਨਾਵੀਂ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੯।

## ੧੦

ਏਕ ਬੇਰ ਗੁਰੂ ਜੀ ਕੇ ਹਜ਼ੂਰ ਰਾਗੀਆਂ ਨੇ ਕੀਰਤਨ ਕੀਤਾ ਅਤੇ ਵੈਰਾਗ ਕਰਿ ਗੋਪੀ ਚੰਦ ਕੀ ਵਾਰ ਗਾਵੀ ਪ੍ਰੀਤਿ ਕਰ, ਖਾਲਸਾ ਖੁਸ਼ੀ ਹੋਇਆ। ਸਵੇਰੇ ਕਾ ਸਮਾ ਥਾ, ਸ਼ਬਦ , ਸਾਜ਼,ਕੰਠ, ਪ੍ਰੇਮ ਏਕ ਹੋ ਗਏ । ਏਕ ਰਾਗੀ ਸਿਖ ਥਾ, ਗੁਰੂ ਜੀ ਕੀ ਬਾਣੀ ਬਿਨਾ ਪ੍ਰਤੀਤ ਨਹੀਂ ਥਾ ਕਰਦਾ। ਸੋ ਉਠ ਕੇ ਭਲਕੇ ਦਿਵਾਨ ਵਿਚ ਆਇਕੈ ਬੋਲਿਆ, 'ਗੁਰੂ ਜੀ ! ਮੇਰੀ ਪੁਕਾਰ ਹੈ, ਗੁਰੂ ਕੇ ਸਿਖ ਰਾਗੀ ਬਿਸਿਦਕੀ ਹੋਇ ਗਏ ਹੈਨ। ਗੁਰੂ ਕੀ ਬਾਣੀ ਛੋਡਕੈ ਗੋਪੀਚੰਦ ਦਾ ਝੇੜਾ ਅਰੰਭ ਬੈਠੇ । ਅੰਮ੍ਰਿਤ ਵੇਲੇ, ਗੁਰੂ ਕੇ ਸ਼ਬਦ ਬਾਝਹੋਂ ਹੋਰ ਕੱਚੀ ਬਾਣੀ। ਇਨ੍ਹਾਂ ਸਿਖਾਂ ਜਾਣ ਬੁਝ ਕੇ ਬਾਣੀ ਛੱਡ ਕੇ ਕੀਰਤਨ ਵੇਲੇ ਹੋਰ ਕਿਉਂ ਪੜ੍ਹਿਆ।' ਤਾਂ ਬਚਨ ਹੋਇਆ , 'ਭਾਈ ਸਾਈਂ ਲੋਕਾ ! ਸਿਖਾਂ ਵਿਚ ਅਤੇ ਗੁਰੂ ਵਿਚ ਭੇਦ ਹੈ ਨਹੀਂ । ਸਿਖ ਸੇਵਰ ਭਗਤ ਸਭ ਨਾਮ ਬੈਰਾਗ ਸਾਸਿ ਸਾਸਿ ਸਮਾਲਦੇ ਹੈਨ ਕਰਤਾਰ ਨੂੰ ਅਤੇ ਸਿਖਾ ! ਸਿਖੀ ਦੂਰ ਹੈ ।ਧੰਨ ਗੋਪੀ ਚੰਦ ਜਿਨ ਚੌਦਾਂ ਸੈ ਰਾਣੀ ਅਤੇ ਰਾਜ ਕਾ ਮੋਹ ਤਿਨਕੇ ਕੀ ਨਿਆਈਂ ਤੋੜ ਸਟਿਆ। ਤਪ ਕਰ ਸਿਧ ਹੂਆ, ਗੋਰਖਨਾਥ ਕੀ ਚਰਨੀਂ ਲਗ ਉਧਰਿਆ।

ਤੁਸੀਂ ਸਭ ਸਿਖ ਗੁਰੂ ਕੇ ਹਜ਼ੂਰ ਬੈਠਦ ਹੋ, ਅਤੇ ਮਨ ਘਰਿ ਕੀਆਂ ਕਾਣੀਆਂ , ਕੁਸ਼ੋਹਣੀਆਂ, ਕੁਰਹਿਤਣੀਆਂ ਸਿਖਣੀਆਂ ਵਿਚ ਹੈਗਾ, ਕਛੁ ਗੁਰੂ ਕੇ ਘਰੋਂ ਹਥੁ ਲਗੇ ਤਾਂ ਘਰਿ ਜਾਈਏ ਲੈਕਰ। ਤੁਸੀ ਕਿਕੁਰ ਗੋਪੀਚੰਦ ਕੀ ਰੀਸ ਕਰਦੇ ਹੋ, ਗੁਰੂ ਸਭ ਕਾ ਸਾਂਝਾ ਹੈਗਾ, ਵੈਰਾਗ ਵਾਲਿਆਂ ਦਾ । ਜਿਸ ਬਾਣੀ ਨਾਲ ਵੈਰਾਗ ਤੇ ਸ਼ਾਂਤਿ ਅਤੇ ਗਿਆਨ ਪ੍ਰਾਪਤਿ ਹੋਵੈ ਸੋ ਬਾਣੀ ਗੁਰੂ ਕੀ ਬਾਣੀ ਸਮਾਨ ਹੈ । ਵੇਦ ਕਾ ਵਾਕ ਭੀ ਤਿਆਗਣਾ। ਦੇਵਤਾ ਕੀ ਬਾਣੀ ਬੀ ਬੇਅਰਥ ਛੋਡੀਐ। ਸਾਰ ਵਾਲਾ ਵਾਕ, ਬਾਲਕ ਕਾ ਭੀ ਮੰਨਣਾ। ਸਾਖੀ ਦਸਵੀਂ ਪੂਰੀ ਹੋਈ। ਬੋਲਹੁ ਭਾਈ ਜੀ ਵਾਹਿਗੁਰੂ ।੧੦।

## ੧੧

ਏਕ ਬੇਰ ਗੁਰੂ ਜੀ ਕੇ ਅਗਾੜੀ ਦੀਵਾਨ ਬੀਚ ਸਿਖ ਸ਼ਬਦ ਕੀ ਭਾਵਨਾ ਵਾਲਾ ਬੋਲਿਆ, ਗੁਰੂ ਜੀ ਸਚੇ ਪਾਤਸਾਹਿ ! ਮੇਰੀ ਫਰਿਆਦ ਹੈ ਜੀ , ਰਾਗੀਆਂ ਸਿਖਾਂ ਕੀ, ਜੀ ਪਾਤਸ਼ਾਹ !ਪ੍ਰਭਾਤਿ ਮੈਂ ਸੁਖਮਨੀ ਪੜ੍ਹਦਾ ਸਾਂ। ਇਕ ਅਸ਼ਟਪਦੀ ਰਹਿੰਦੀ ਸੀ, ਮੈਂ ਕਹਿ ਰਹਿਆ ਭੋਗ ਪਾਇ ਲੇਵਾਂ, ਤਾਂ ਤੁਸੀ ਪਿਛੋਂ ਕੀਰਤਨ ਕਰਨਾ । ਮੇਰੇ ਕਹਿੰਦਿਆ ਹਜ਼ੂਰ ਫਰਿਆਦ ਕਰਕੈ ਤਨਖਾਹੀਆ ਕਰਾਂਗਾ। ਸੱਚੇ ਪਾਤਸ਼ਾਹ ! ਮੇਰਾ ਨਿਆਇ ਕਰਨਾ । ਤਾਂ ਗੁਰੂ ਜੀ ਹੱਸ ਬੋਲੇ, ਭਾਈ ਸਿਖਾ ! ਤਿਨ੍ਹਾਂ ਰਾਗੀਆਂ ਨੂੰ ਤਨਖਾਇ ਨਹੀਂ।

ਹਰਿ ਜਸ ਸੁਨਤੇ ਬਾਤ ਚਲਾਵੈ ।
ਵਹਿ ਤਨਖਾਹੀਆ ਵਡਾ ਕਹਾਵੈ ।

ਭਾਈ ਸਿਖਾ ! ਤੂੰ ਚੀਬਨਾ ਛਕਾਵੰਦਾ ਸੈਂ ਅਤੇ ਰਾਗੀ ਲਗੇ ਪ੍ਰਸਾਦਿ ਛਕਾਵਣੇ, ਇਨ੍ਹਾਂ ਨੂੰ ਗੁਰੂ ਕੀ ਖੁਸ਼ੀ ਹੋਈ।

ਕਲਿਜੁਗ ਕੀਰਤਨ ਨਾਮ ਅਧਾਰ

ਭਾਈ ! ਜੇ ਕੋਈ ਗੁਰ ਕੀ ਭਾਵਨੀ ਕਰਕੈ ਸ਼ਬਦ ਕੀਰਤਨ ਪੜ੍ਹੇਗਾ , ਸੋ ਸੰਸਾਰ ਤੇ ਮੁਕਤ ਹੋਵੈਗਾ। ਗੁਰੂ ਨਾਲ ਬਣਿ ਆਵੈਗੀ, ਬੰਧਨ ਤੂਟੈਂਗੀ ਗੁਰੂ ਪ੍ਰਸਾਦਿ।

ਸੰਗਤ ਸਭ ਨਿਸਚੈ ਤਰੈ ਗੁਰੂ ਕੀ ਸਰਣੀ ਆਇ।
ਈਹਾਂ ਭੁਗਤ ਆਗੈ ਮੁਕਤਿ ਮਾਰਗ ਬੇਦ ਬਤਾਇ।
ਸਾਖੀ ਪੂਰੀ ਹੋਈ ਯਾਰਵੀਂ। ਬੋਲਹੁ ਭਾਈ ਜੀ ਵਾਹਿਗੁਰੂ ।੧੧।

## ੧੨

ਏਕ ਦਿਨ ਇਕ ਸਿਖ 'ਓਅੰਕਾਰ' ਪੜਦਾ ਸੀ, ਉਨ ਤੁਕ ਪੜ੍ਹੀ :
ਕਰਤੇ ਕੀ ਮਿਤਿ ਕਰਤਾ ਜਾਣੈ ਕੇ ਜਾਣੈ ਗੁਰ ਸੂਰਾ।

ਗੁਰੂ ਕੇ ਸੁਣਿ ਕਰ ਬੋਲੇ, ਏਸ ਸਿਖ ਨੂੰ ਮਾਰੋ ਲਾਠੀ ਤੇ ਪਕੜਿ ਲਿਆਵਹੁ, ਤਾਂ ਪਕੜਿ ਆਣਿਆ, ਤਾਂ ਗੁਰੂ ਜੀ ਬੋਲੇ ਦੂਰ ਬੈਠਾਇ ਛੱਡੋ। ਤਾਂ ਸਿਖਾਂ ਅਰਦਾਸ ਕੀਤੀ, 'ਜੀ ਸੱਚੇ ਪਾਤਸ਼ਾਹ ! ਏਸ ਸਿਖ ਨੂੰ ਗੁਰੂ ਜੀ ਕਿਉਂ ਮਰਵਾਇਆ ? ਗੁਰੂ ਜੀ ਕਹਿਆ ਹੈ ਮੇਰੀ ਬਾਣੀ ਦੀ ਇਕ ਤੁਕ ਬੀ ਪੜ੍ਹੈਗਾ ਸੋ ਉਧਰੈਗਾ । ਏਸ ਸਿਖ 'ਓਅੰਕਾਰ'ਪੜ੍ਹਿਆ, ਅਤੇ ਮਾਰ ਖਾਈ, ਤਾਂ ਉਧਾਰ ਕੈਸਾ ਹੋਵੇਗਾ।' ਤਾਂ ਹੱਸ ਬੋਲੇ

'ਭਾਈ ! ਬਾਣੀ ਖੋਜ ਕੇ ਨਹੀਂ ਪੜ੍ਹੀ ਬੁਲਾਵੋ ਸਿਖ ਨੂੰ ।' ਬੁਲਾਇਆ ਤਾਂ ਗੁਰੂ ਜੀ ਕਹਿਆ ਸਿਖਾ ! ਪੜ੍ਹ । ਤਾਂ ਤੁਕ ਤਿਵੈਂ ਪੜ੍ਹੀ । ਤਾਂ ਬਚਨ ਹੋਇਆ ਤੁਕ ਇਉਂ ਪੜ੍ਹ :

ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰ ਸੂਰਾ ।

ਭਾਈ ਇਸ ਕਾ ਅਰਥ, ਕਰਤੇ ਕੀ ਵਡਿਆਈ ਕਰਤਾ ਹੀ ਜਾਣਦਾ ਹੈ ਅਥਵਾ ਗੁਰੂ ਬੀ ਸੂਰ ਸੁਚੇਤ ਹੋਵੈ ਤਾਂ ਜਾਣਦਾ ਹੈ ।ਹੋਰ ਜੀਅ ਸੰਸਾਰੀ ਸੁਣਿ ਸੁਣਿ ਕੇ ਜਾਣਦੇ ਹੈਨ, ਨਹੀਂ ਤਾਂ ਅੰਧੇਰ ਹੋਇ ਜਾਂਦਾ , ਜਾਂ ਗੁਰੂ ਕੇ ਨਾ ਜਾਣਦੇ । ਏਨ ਸਿਖ ਨੇ ਅੱਖਰ ਨੂੰ ਇਕ ਲਗ ਪੜ੍ਹੀ । ਉਸ ਕਾ ਅਰਥ ਕਰਤੇ ਕੀ ਵਡਿਆਈ ਕਰਤਾ ਹੀ ਜਾਣੈ , ਗੁਰੂ ਸੂਰੇ ਕਿਆ ਜਾਣਹਿ, ਏਹ ਅਨਰਥ ਹੋਇਆ, ਤਾਂ ਗੁਰੂ ਕੀ ਸ਼ਰਣੀ ਕਿਉਂ ਜਾਣਾ ਹੈ । ਭਾਈ ਸਿਚੋ ! ਜੋ ਸ਼ੁਧ ਬਾਣੀ ਪੜ੍ਹੈਗਾ ਸੋ ਨਿਹਾਲ ਹੋਵੇਗਾ, ਜੋ ਕੁਸੁਧ ਹੋਵੈ ਤਾਂ ਫੇਰ ਸੁਧ ਕਰਿ ਨਹੀਂ ਪੜ੍ਹਦਾ ,ਵਿਗੜੀ ਵਸਤੁ ਤਾਂ ਘਰ ਕੀ ਸਵਾਰ ਲੈਂਦਾ ਹੈ, ਅਤੇ ਬਾਣੀ ਸੁਧ ਕਰਿ ਨਹੀਂ ਪੜ੍ਹਦਾ । ਤਾਂ ਭਾਵਨਾ ਬਿਹੀਨ ਹੋਇ ਕਹਿੰਦੇ ਹੈਨ;ਤੁਕ ਪੜ੍ਹੀ ਅਕਾਲ ਉਸਤਤਿ ਕੀ ।

ਭਾਵਨਾ ਬਿਹੀਨ ਜਕ ਜਾਰੇ ਈ ਮਰਤ ਹੈ ।

ਭਾਈ ! ਸਿਖੀ ਪੰਜ ਤਰ੍ਹਾਂ ਦੀ ਹੈ । ਏਕ ਧੰਧੇ ਦੀ ਸਿਖੀ ਅਤੇ ਦੂਜੀ ਦੇਖਾ ਦੇਖੀ ਸਿਖੀ । ਤੀਜੀ ਹਿਰਸੀ ਸਿਖੀ । ਚੌਥੀ ਸਿਦਕੀ ਸਿਖੀ । ਪੰਜਵੀਂ ਭਾਵ ਦੀ ਸਿਖੀ ,ਇਕ ਸਿਖ ਹੋਇਆ ਕੋਈ, ਉਸਦੇ ਘਰ ਪਦਾਰਥ ਬਹੁਤ ਹੋ ਗਇਆ । ਧਨ , ਪੁਤ੍ਰ, ਦੁਧ ਅਤੇ ਆਦਰ । ਦੇਖਕੈ ਚਾਹ ਵਾਲਾ ਹੋਰ ਭੀ ਲੋਭ ਕਰਿ ਪਦਾਰਥਾਂ ਦੇ ਸਿਖ ਹੋਇਆ, ਪਦਾਰਥ ਦੀ ਲੋੜ ਰਹੀ । ਗੁਰੂ ਨਾਲ ਸ਼ਬਦੀ ਪਰਚਾ ਨ ਲਗਾ । ਤੀਜੀ ਹਿਰਸੀ ਬਹੁਤ ਜੋ ਕਹਨ ਸੋ ਕਰਨਾ, ਆਪਣੀ ਸੋਝੀ ਤੇ ਰਹਿਤ ਨ ਸਿਖੀ, ਨ ਸੰਗਤਿ ਵਿਚ ਬੈਠਾ, ਪਾਹੁਲ ਗੁਰੂ ਕੀ ਦਾ ਭੇਦੁ ਨ ਜਾਣਿਆ।

ਸਤਿਗੁਰ ਪੂਰਨ ਜਿਹ ਲਹਾ ਤਿਨਕੀ ਪੂਰਨ ਆਸ ।
ਨਾਨਕ ਜਪੀਏ ਨਾਮ ਨਿਤ ਸਿਮਰੋ ਸਾਸਿ ਗਿਰਾਸਿ ।
ਸਾਖੀ ਪੂਰੀ ਹੋਈ ਬਾਰ੍ਹਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੧੨।

## ੧੩

ਤਾਂ ਪੀਛੈ ਪੁਛਿਆ ਸੰਗਤਿ ਗੁਰੂ ਕੀ, ਜੀ ਸਚੇ ਪਾਤਸ਼ਾਹ ! ਪਾਹੁਲ ਕਾ ਭੇਦ ਗੁਣ ਕਹੀਏ । ਗੁਰੂ ਜੀ ਬੋਲ ਕੇ ਬਖਿਆਤ ਸੁਣਇਆ , ਭਾਈ ਇਕ ਜੰਤ੍ਰ ਹੈ ੧ । ਦੂਜਾ ਮੰਤ੍ਰ ੨ । ਤੀਜਾ ਤੰਤ੍ਰ ੩ । ਮੰਤ੍ਰ-ਸਤਿਨਾਮ । ਜੰਤ੍ਰ-ਵਾਹਿਗੁਰੂ ਅੱਖਰੋਂ ਕਾ ਜੋੜ । ਤੰਤ੍ਰ-ਜਲ,ਮਿਸਟਾਨ ਲੋਹ ਸ਼ਸਤ੍ਰ । ਜਲ ਵਰੁਣ ਦੀਆ ਸੀ, ਮਿਸਟਾਨ ਇੰਦ੍ਰ ਨੈ ਦੀਆ, ਲੋਹਾ ਜਮ ਨੈ ਦੀਆ ਤਾਂ ਸ਼ਾਂਤਿ ਕੀ ਅਵਧਿ ਹੋਵੈ, ਸਿਖ ਨੂੰ ਭੋਗਣ ਚਾਹਿ ਮਿਸਟਾਨ ਤੈ, ਸ਼ਸਤ੍ਰ ਕੀਤਾ ਜੁਧ ਮਾਂਝ ਤੇਜ ਸੂਰਮਾਂ ਹੋਵੇਗਾ ।ਚਰਨਾਂ ਕੀ ਪਾਹੁਲ ਤੇ ਸੇਵਾ ਕੀ ਪ੍ਰੀਤ

ਹੋਂਦੀ ਸੀ । ਜੋ ਗੁਰੂ ਕੀ ਇਛਿਆ ਜੁੱਧ ਕੀ ਸੀ, ਤਥ ਖੰਡਾ ਧਾਰ ਪਾਹੁਲ ਛਾਪ, ਦੇਵੀ ਕਾ ਧਿਆਨ, ਪ੍ਰੇਮ ਕੇ ਨਿਰਬਾਣ । ਸ੍ਵੈਯੇ ੧੦ ।ਅੰਨਦ ਜੀ ਸ਼ਾਂਤ ਹੋਇਗਾ ।

ਜਪੁ ਪਉੜੀ ਮੋਖ ਕੇ ਹੇਤੁ ।

ਚਾਰ ਪਦਾਰਥ ਪਾਹੁਲ ਤੇ ਹੋਵੈਂਗੇ ।

ਪਹਿਲਾਂ ਦੋਨਾਂ ਬਿਨਾਂ, ਤ੍ਰੀਆ ਕੇਸ ।

ਸੁਣੋ ਭਾਈ ਸਿਖੋ ! ਮਾਤਾ ਹਮਾਰ ਗੁਜਰੀ ਬੀ ਪੁਛਿਆ ਸੀ, ਸੋ ਕਹਿਆ ਸੀ । ਤਾਂ ਸਿਖਾਂ ਪੁਛਿਆ ਗੁਰੂ ਜੀ ਦੇਵੀ ਸ਼ਕਤਿ , ਅਥਵਾ ਗੁਰੂ ਕੀ ਸ਼ਕਤਿ, ਬਚਨ ਹੋਇਆ ਪ੍ਰਸਾਦਿ ਖੁਸ਼ੀ ਹੀ ਬਣਦੀ ਹੈ । ਗੁਹਜ ਕਹਿਣਾ ਬਣਦਾ ਨਾਹੀ , ਪਰ ਗੁਰੂ ਨੋ ਸ਼ਰਧਾਵਾਨ ਸਿਖ ਪੁਛੇ ਤਾਂ ਕਹਿਣਾ ਬਣਦਾ ਸੱਚ । ਸੁਣੋ ਭਾਈ ਸੰਗਤੋ ! ਗੁਰੂ ਕੇ ਘਰਿ ਵਿਚ ਏਕਤਾ ਹੈ, ਭੂਲ ਕਰਿ ਭੇਦ ਭਰਮ ਨਹੀਂ ਕਰਨਾ, ਗੁਰੂ ਕਿਆਂ ਨੇ ਏਕ ਜਾਮਾ ਪਹਿਰਿਆ ਸੀ , ਤਾਂ ਉਸ ਵੇਲੇ ਤਪ ਕਰਨੇ ਵਾਸਤੇ । ਬਿੰਧਯਾਚਲ ਅਰੁਣ ਕੇ ਮਾਂਝ ਥੇ, ਉਸ ਮਨੂੰਤਰ ਵਿਚ ਬਿੰਧਯਾਚਲ ਉਮਾਂ ਊਹਾਂ ਤਪ ਕਰ ਗਈ ਥੀ, ਬ੍ਰਹਮਾ ਕੇ ਕਹੇ ਦੇਵਤੇ ਉਸਤਤਿ ਕਰਕੇ ਲੈ ਗਏ ਥੇ, ਦੈਂਤ ਦਾਨਵ ਅਜਿਤ ਤ੍ਰਿਲੋਕੀ ਕਾ ਰਾਜ ਲੈ ਲੀਆ ਥਾ । ਬਹੁਤ ਬਰਸ ਜੁਧ ਭਵਾਨੀ ਕਰਦੀ ਥੱਕ ਰਹੀ, ਰਕਤਬੀਜ ਕੇ ਮਾਰਨੇ ਕਾ ਜਤਨ ਕੀਆ ਪਰ ਅਸੁਰ ਰਕਤ ਤੇ ਵਧਤੇ ਜਾਵੈਂ । ਨਾਵੈਂ ਅੰਕ ਉਪਰ ਸਉ ਬਿੰਦੀ ਕੀ ਗਿਣਤੀ ਕਰੀ, ਰਿਖੀਸ਼ਵਰਾਂ ਨੇ, ਇਤਨੇ ਰਕਤ ਤੇ ਜਨਮੇ ਮਾਰੇ । ਤਬ ਰਕਤ ਕਾ ਪਾਣੀ ਮਾਨ ਪ੍ਰਲੈ ਹੂਈ ਥੀ, ਸ੍ਰਿਸਟ ਸੁੰਨ ਹੂਈ , ਜੈਸੇ ਪੱਥਰ ਜਲ ਮੈਂ ਰਹਿੰਦਾ ਹੈਨ ।ਤਾਂ ਦੇਵੀ ਦੇ ਗਣ ਭਾਗ ਗਏ, ਕਈ ਆਨ ਲੜੇ । ਤਾਂ ਦੇਵੀ ਅੰਤਰ ਧਿਆਨ ਹੋਇਕੈ, ਬਿੰਧਯਾਚਲ ਪਰ ਮੂਰਤਿ ਹੋਇ ਗਈ ਅਸੁਰ ਲਗੇ ਤਪਣ, ਤਬ ਊਹਾਂ ਤਪਸੀ ਪਾਸ ਜਾਇਕੇ 'ਸੁਬੇਲ ਦੈਂਤ' ਲਗਾ ਕਹਿਣ , ਹਾਇ ਹਾਇ ਨਾਰੀ ਕੌਣ ਲੇ ਗਇਆ । ਤਾਂ ਤਪਸੀ ਬੋਲਿਆ,'ਅਰੇ! ਬਕਬਾਦ ਨਾ ਕਰੋ, ਸ਼ਕਤਿ ਸਦਾ ਹੀ ਪੂਰਨ ਹੈ ।' ਸੁਣ ਕਰਿ ਮਤਵਾਲੇ ਉਝੜ ਮਨਮੁਖ ਮਾਰਿ ਮਾਰਿ ਕਰਿ ਤਪਸੀ ਸੁਮੰਡ ਨੋ ਮਾਰਨ ਦੌੜੇ, ਤਾਂ ਤਪਸੀ ਵਿਚਾਰਿਆ, ਮੇਰੇ ਚੇਲੇ ਦਾ ਧਰਮੁ ਨਹੀਂ ਜੁਧ ਦਾ । ਹਮ ਬ੍ਰਾਹਮਣ ਬ੍ਰਹਮ-ਪ੍ਰਾਇਣ ਹਾਂ । ਤਾਂ ਮ੍ਰਿਗ ਸ਼ੇਰ ਕੀ ਛਾਲਾ ਥੀ, ਹੰਕਾਰੀ ਅਤੇ ਤੇਜ ਪੁੰਜ ਪੁਰਖ ਨਿਕਾਸ ਕੈ ਜੁਧ ਕੀਤਾ, ਦਸ ਲਖ ਪੰਜ ਹਜ਼ਾਰ ਬਰਸ । ਤਾਂ ਦੇਵੀ ਉਠੀ ਮੂਰਤ ਤੇ ਕੁਹ ਕਰ ਅਸੁਰ ਖਪਾਏ ।

ਉਸ ਪੁਰਖ ਨੂੰ ਕਹਿਆ, ਹੈ ਤਪਸੀ ਕੇ ਤਪੁ ! ਤੁਧ ਮੇਰੀ ਸਹਾਇਤਾ ਕਰੀ ਹੈ । ਮੈਂ ਭੀ ਏਕ ਬੇਰ ਤੁਮਰੀ ਬੁਲਾਈ ਆਵਾਂਗੀ, ਮਾਂਗ ਵਰ , ਪ੍ਰਸੰਨ ਹੂਈ ਹਾਂ, ਤੇਰਾ ਬਪੁ੧ ਏਹੀ ਰਹੁ, 'ਦੁਸਟ ਦਮਨ' ਤੇਰਾ ਨਾਮ ਹੂਆ । ਏਹ ਸੰਗਤਿ ਤੇਰੀ ਹੂਈ, ਤੂੰ ਮੇਰਾ ਹੀ ਸਰੂਪ ਰੱਖੀ । ਤਾਂ ਪਰਖ ਬੋਲਿਆ-ਨਾਮ ਸਿੰਘ, ਕੇਸ ਖਲ੍ਹੇ ਕਟਿ ਤਾਗੇ ਬਿਨਾ, ਸ਼ਸਤ ਕਾ ਤੇਜ਼ ਅਰ ਜ਼ੋਰ ,ਅਰ ਬਚਨ ਪਦਵੀ ਮੋਖ ਮਿਲੈ ਅਸੁਰ ਜੁੱਧ । ਤਾਂ ਦੇਵੀ ਬੋਲੀ, ਚੌਥੇ

ਜੁਗ ਕਾ ਪਹਿਲਾ ਪਹਿਰਾ ਹੋਵੇਗੀ ਤਬ ਰੁਦ੍ਰ ਸ਼ੰਕਰ ਨਾਮ ਹੋਵੈਗਾ, ਬਿਸ਼ਨੁ ਭਾਨਜਾ ਹੋਇ ਉਤਰੇਗਾ, ਤਾਂ ਮੈਂ ਭੀ ਤੁਮਾਰੀ ਬੁਲਾਈ ਤੁਮਰੇ ਬੀਚ ਸ਼ਬਦ ਪ੍ਰਕਾਸ਼ ਕਰਿ ਆਵਾਂਗੀ । ਏਕ ਮੇਰੇ ਵਸਤ੍ਰ ਪ੍ਰਵਿਰਤ ਆਂਖ ਅੰਜਨ, ਕੁਟੰਬ ਕਾ ਮੋਹ ਨਹੀਂ ਕਰਣਾ । ਐਸੇ ਕਹਿ ਕੇ ਪ੍ਰੇਮ ਕਰਕੇ ਲਗੀ ਟਾਪਣੇ , ਖੁਸ਼ੀ ਹੂਈ, ਏਕ ਚੂੜੀ ਏਕ ਪਰਾਂਦਾ , ਏਕ ਕਰਦ ਦਈ ਤਾਂ ਬੋਲੀ ਸਿੰਘ ਕੀ ਖਾਲ ਤੇ ਖਾਲਸਾ । ਤੇਜ਼ ਸਿੰਘ ਕਾ ਅਗਾੜੀ, ਪਿਛੈ ਪਛਤਾਵਾ ਉਨਮਾਦ ਵਸਤੁ ਕਾ ਇਹ ਤੇਰੇ ਪੰਥ ਕੀ ਦੇਵਾਂਗੀ ਕਸ਼ਟ ਦੇਹ ਕਾ, ਕਹਿ ਕਰ ਗਈ । ਉਹ ਤਪਸੀ ਪਿਤਾ ਪਾਸ ਆਇਆ, ਤਾਂ ਤਪਸੀ ਕਹਿਆ ਪੁਤ੍ਰ ! ਮੈਂ ਤੇਰਾ ਪਿਤਾ ਹੀ ਰਹਾਂਗਾ । ਬਾਲਕ ਹੁੰਦੇ ਕਾ ਤੇਰਾ ਜੁਧ ਨਾ ਦੇਖਾਂਗਾ । ਦੇਵੀ ਕਾ ਬਰ ਜੁ ਤੈਂ ਪਾਇਆ ਹੈ, ਮੇਰੀ ਰੱਖਿਆ ਕਰਿ ਲਈ, ਜਾਓ ਤਪ ਕਰੋ ਗੁਦਾਵਰੀ ਕੇ ਤਟਿ ਪਰਿ।

ਗੋਭਿ ਕੀ ਨਿਆਈਂ ਮੇਰੇ ਤੇ ਉਪਜਾ ਹੈ ਤੇਰਾ ਮੈਂ ਨਾਉ ਗੋਬਿੰਦ ਰਖਿਆ ਸਿੰਘ ਕੀ ਪਦਵੀ ਦੇਵੀ ਦੇ ਛੋਡੀ ਹੈ, ਤਾਂ ਪ੍ਰਨਾਮ ਡੰਡੋਤ੨ ਕਰਿ ਕੈ ਪੁਰਖ ਗਇਆ,ਨਦੀ ਪਰ ਤਪ ਅਰੰਭਿਆ, ਸਮਾਧਿ ਲਗਾਈ, ਐਸੀ ਮਾਇਆ ਭਈ, ਸਮਾਧਿ ਹੀ ਰਹੀ । ਭੀਤਰ ਤੇ ਕਲਾ ਸੁਪਨੇ ਤਰ੍ਹਾਂ ਨਿਕਸਿ ਜਨਮੀ, ਭਾਗਣ ਮਾਤਾ ਤੇਗ ਬਹਾਦਰ ਘੋਰ ਸਮਾਧੀ ਉਹ ਤਪਸੀ ਹੂਆ । ਮਾਤਾ ਪਿਤਾ ਹੂਏ,ਬਾਲਕ ਹੀ ਥੇ ਤਾਂ ਪਿਤਾ ਤਿਆਗ ਦੇਹ ਸੁਰ ਪੁਰਿ ਗਏ । ਉਹ ਪੁਰਖ ਦੁਸ਼ਟ ਦਮਨ ਮੈਂ ਗੋਬਿੰਦ ਸਿੰਘ ਹੂਆ ਹੌਂ । ਗੁਣ ਸਭ ਤਪਸੀ ਕੇ ਹੂਏ ਥੇ, ਸੋ ਖਾਲਸਾ ਸੰਗਤ ਹੂਈ । ਦੇਵੀ ਕੀ ਸ਼ਕਤਿ ਵਰ ਕੀ ਥਾ, ਸੋ ਗੁਰੂ ਕੀ ਸ਼ਕਤਿ ਤਪ ਕੀ ਥੀ । ਸੋ ਬਿਧਿ ਪਿਛਲੀ ਐਸੀ ਹੀ ਥੀ , ਭਾਈ ਬੁੱਢਾ ਬੋਲਿਆ, ਭਾਈ ਲਿਖਾਰੀਆ ! ਲਿਖ ਇਹ ਵਾਕ ਗੁਰੂ ਕਾ, ਸੁਣਕੇ ਕਹਿਆ ਹੈ । ਅਗੰਮ ਗੁਰੂ ਕੀ ਅਕਥ ਕਹਾਣੀ । ਏਹੋ ਕਹਿ ਗੁਰੂ ਜੀ ਉਠ ਚਲੇ । ਮਹਿਲ ਊਪਰਿ ਚੜ੍ਹੇ । ਤਾਂ ਮੈਂ ਪਿਛਾੜੀ ਗਇਆ, ਤਾਂ ਖ਼ੁਸ਼ੀ ਹੋ ਬੋਲੇ-ਬੁਢਿਅ ! ਬੁੱਢਾ ਹੋਵੀਂ !ਤੇਰਾ ਘਰ ਪਾਰ, ਸਾਡਾ ਉਰਾਰ । ਸਾਡਾ ਘਰ ਪਾਰ, ਤੇਰਾ ਉਰਾਰ ।' ਤੀਨ ਬੇਰ ਕਹਿਆ ਤੇ ਦੇਖਿਆ ।ਢਾਲ ਕਟਾਰੀ , ਕਰਦ ਬਖਸ਼ੀ । ਸਾਖੀ ਪੂਰੀ ਹੋਈ ਤੇਰ੍ਹਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੧੩।

## ੧੪

ਏਕ ਬੇਰ ਗੁਰੂ ਜੀ ਦਰਿਆਉ ਕੇ ਕਿਨਾਰੇ ਬੈਠੇ ਥੇ । ਸਿਖ ਭੀ ਥੇ, ਗੁਰੂ ਜੀ ਬੋਲੋ ਨਾਹੀਂ । ਏਕ ਚਵਰੀਦਾਰ ਹੁਸ਼ਨਾਕ ਸਿੰਘ ਥਾ ਨੇੜੇ । ਭਾਣਾ ਕੀ ਵਰਤਿਆ , ਸੰਗਤ ਨੂੰ ਪੱਥਰ ਚਲਾਏ ਅਤੇ ਕਹਿਣ ਲਗੇ :

ਨਾ ਸੋਇਆ ਨ ਜਾਗਿਆ ਨਾ ਕਿਛ ਕਰੀ ਪੁਕਾਰ ।
ਬੁਢੇ ਨਰ ਨਾਰੀ ਯੁਵਤਿ ਦਾਬੈ ਅਸੁਰ ਕਵਾਰ ।

ਤਾਂ ਸੰਗਤ ਤੋ ਭਾਗ ਗਈ ਥੀ ਚੌਰੀਦਾਰ ਨ ਡਰਿਆ, ਤੀਨ ਪਹਿਰ ਇਸੀ ਤਰ੍ਹਾਂ ਹੂਈ। ਸੰਧਿਆ ਸਮੈ ਹੋਸ਼ ਕਰ ਸੰਮਲ ਬੋਲੇ ਤਾਂ ਸਿਰੰਦੀ ਹੁਸ਼ਨਾਕ ਸਿੰਘ ਬੇਨਤੀ ਕਰੀ, ਜੀ ਬਚਨ ਕਰੀਐ, ਏਹ ਕਿਸ ਤਰ੍ਹਾਂ ਭਾਣਾ ਹੈ।

ਤਨ ਮਨ ਧਨ ਅਰਪਹੁ ਤਿਸੈ ਗੁਰੂ ਮਿਲਾਵੈ ਮੋਹ।

ਸੋ ਤੌਂ ਗੁਰੂ ਪਾਇਆ ਪਰ ਜੀ ਹਮ ਵਣਜਾਰੇ ਹਾਂ। ਕਛੁ ਤਕ ਕਾ ਅਰਥ ਜ਼ਾਹਿਰ ਹੋਵੇ। ਬਚਨ ਹੋਇਆ ਭਾਈ ਸੰਗਤ ਦੀ ਭਾਵਨਾਂ ਦੂਰ ਹੋ ਗਈ ਹੈ। ਬੇਮੁਖ ਸੰਗਤ ਸਿਖਾਂ ਦੇ ਘਰਿ ਫਿਰ ਜਨਮੈਗੀ। ਤਾਂ ਦੁਖ ਪਹੁੰਚਗਾ ਤਾਂ ਜਾਨਣਗੇ, ਗੁਰੂ ਸਤਿ ਕਹਿਆ ਥਾ। ਭਾਈ ਦੇਵੀ ਕਾ ਜੁਧ ਹੂਆ ਥਾ ਭਾਗ ਕੇ ਅਸੁਰਾਂ ਜਇ ਕਹਿਆ ਥਾ। ਭਾਰਗਵ ਮੋਢੀ ਥਾ, ਗੁਰੂ ਅਸੁਕੋਂ ਕਾ। ਉਨ ਕਹਿਆ ਡਰੋਂ ਨਹੀਂ। ਤਪ ਕਰ ਰਾਜ ਦਿਖਾਵਾਂਗਾ ਤਾਂ ਤਪ ਕੇਤਿਆਂ ਜੁਗ ਕਰਦਿਆਂ ਦੁਆਪਰ ਜੁਗ ਬੀਤਿਆ ਤਾਂ ਅਸੁਰ ਤੁਰਜ ਸੰਗਿਆ ਹੂਏ ਲਗੇ ਧਰਮ ਕਰਮ-ਜਗ ਆਦਿਕ। ਤਾਂ ਦੇਵਤਿਆਂ ਕਾ ਧਰਮ ਭੀ ਖੁਸ ਗਇਆ-ਤਪ ਜਗਾਦਿਕ। ਤਾਂ ਦੇਵਤੇ ਬ੍ਰਹਮਾ ਪਾਸ ਜਾਇਕੈ ਵਿਸ਼ਨੁ ਕੋ ਪੁਕਾਰੇ- 'ਰਖ ਲੇਵਹੁ ਅਸੁਰ ਕਾ ਸ਼ੁਭ ਕਰਮ ਛੁਡਾਵੋ'।

ਤਾਂ ਵਿਸ਼ਨੁ ਨੇ ਦੇਵਤੇ ਵਿਦਾ ਕੀਤੇ। ਖਾਤਰ ਕਰੀ ਤਾਂ ਪੀਛੇ ਬੋਧ ਅਵਤਾਰ ਹੋਇਆ ਪਵਿਤ੍ਰ ਮੂਰਤਿ ਵੇਦ ਤੇ ਬਾਹਿਰਾ, ਭੇਖ, ਬੇਦ, ਜਗ ਕਰਮ ਨਿੰਦਤ ਕਰਤੇ ਜਾਇਕੇ ਦਰਸ਼ਨ ਦੀਆ। ਬਚਨ ਰਮਣੀਕ ਮੋਹਣੀ ਬਸ ਕਰ ਲੀਆ। ਸਭ ਧਰਮ ਛੁਡਾਇ ਦਿਖਾਇਆ। ਧਰਮ ਕਾ ਜ਼ੋਰ ਹੋਇਆ, ਤਾਂ ਦੇਵਤੇ ਦੇਖ ਕਰ ਲਗੇ ਮਾਰਨ, ਭਾਗਕੈ ਬ੍ਰਾਹਮਣ ਗੁਰੂ ਤ੍ਰੀਆ ਦੇਸ ਜਾਇ ਛਪਿਆ, ਉਨ੍ਹਾਂ ਨੂੰ ਪੁਰਖ ਦੁਰਲਭ ਥਾ। ਤਾਂ ਦੋਇ ਰਾਣੀਆਂ ਥੀ ਭੋਗ ਗਰਭ ਦੀਆ। ਤਾਂ ਪੀਛੈ ਚਲਿਆ ਉਨ੍ਹਾਂ ਪੁਛਿਆ ਕੈਸੇ ਪਲੇਂਗੇ ? ਬਾਲਕੋਂ ਕਾ ਨਾਉਂ ਅਤੇ ਦੇਸ ਆਪਣਾ ਦਿਖਾਈਏ। ਬੋਲਿਆ-ਰਿਖਈਸ ਤੇ ਈਸਾ ਹੋਗੁ, ਮੂਸੇ ਹੁਏਹ ਕਾ ਬੀਜ ਮੂਸਾ ਹੋਗੁ। ਇਨ੍ਹਾਂ ਕੋ ਸਬ ਸ਼ਕਤਿ ਦਈ। ਅਤੇ ਮਦ੍ਰ ਦੇਸ ਮਨੂ ਕਾ ਹੈ, ਓਸ ਦੇਸ ਇਨ੍ਹਾਂ ਦੀ ਸੰਤਾਨ ਪਹੁੰਚੈਗੀ, ਪੁਰਖ ਆਰਬਲਾ ਭੋਗੈਂਗੇ , ਫਿਰ ਕਰ ਆਏ ਥੇ, ਤਾਂ-ਫਿਰੰਗੀ ਫਰਾਂਸੀਸ ਕਹਾਵੈਂਗੇ। ਸਾਖੀ ਪੂਰੀ ਹੋਈ ਚੌਧਵੀ। ਬੋਲਹੁ ਭਾਈ ਜੀ ਵਾਹਿਗੁਰੂ।੧੪।

## ੧੫

ਕਲਿਜੁਗ ਬੀਤੇ ਪੰਜ ਹਜ਼ਾਰ। ਤਾ ਲਗਿ ਸੰਖਿਆ ਕਹੀ ਸਵਾਰ
ਬੇਦ ਕਹਾ ਸਿਖਨ ਸਮਝਾਂਊ। ਮੇਰਾ ਪੰਥ ਖਿਰਨ ਨਹਿ ਜਾਊਂ।
ਅਰਦਾਸੀ ਸੁਨ ਬਾਤਿ ਬਿਸ਼ਾਲ। ਪਾਟਲ ਨਗਰ ਜੀਤੇ ਭੁਨਸਾਰ।[੧]
ਮੋਨ ਫਿਰੰਗੀਅਹੁ ਕੇਰ ਗੁਰਿੰਡ[੨]। ਮਿਲੈਂ ਪਰਸਪਰ ਉਭੈ ਨਰਿੰਦ।[੩]

ਮੇਰੋ ਸਬਲ ਨਿਬਲ ਭਏ ਤੇਈ। ਮੇਰੋ ਨਿਬਲ ਸਬਲ ਤੇ ਹੋਈ।
ਕਿਛੁ ਸ਼ਾਸਤ੍ਰ ਜੋ ਤਿਸ ਕਹਿ ਦੀਨੋ। ਤਾਂ ਮੈਂ ਅਨੁਭਵ ਮਮ ਇਹ ਚੀਨੋ।
ਜਾਂ ਲਗ ਰਹਹਿ ਖਾਲਸਾ ਨਿਆਰਾ। ਤਾਂ ਲਗ ਤੇਜ ਦੀਯੋ ਮੈਂ ਸਾਰਾ।
ਮੋਹਿ ਪਾਸ ਨਾਰੀ ਸੁਤ ਬੰਧੀਏ। ਗਾਇਨ ਹਾਂਕਤ ਗੁਯਕੁਲ ਧੀਏ।
ਧੀਅ ਭੈਣ ਕਾ ਪੈਸਾ ਖਾਇ। ਬੈਠ ਦੁਲੀਚੈ ਨਿਆਉਂ ਕਮਾਇ।
ਵਾਚੈ ਵੇਦ ਬਾਣੀ ਗੁਰੂ ਛੋਡੇ। ਬਿਪ੍ਰ ਧਰਮ ਕਰਿ ਜੀਵੈ ਮੋਂਡੇ।
ਨਾਰਿ ਮਲਛੀ ਘਰਿ ਮੈ ਆਨੇ। ਵੇਸਿਆ ਰਮਨ ਨ ਕਬਹੂੰ ਖਿਸਾਨੈ।
ਢੂੰਡੈ ਪੀਰ, ਗੁਰੂ ਰਹੈ ਦੂਰ। ਨਾਰੀ ਨਿਆਇ ਕਰੇ ਭਰਪੂਰ।
ਸੁਨ ਗੁਰਸਿਖ ਪੰਜ ਸੌ ਦੂਣ। ਸਿਖ ਸ਼ਹੀਦਨ ਮੇਰੋ ਤੂਣ।
ਸਭੀ ਸਿਖਣੀ ਭ੍ਰਿਤਨ ਚਾਹੈ। ਭੂਪਤ ਨਾਰੀ ਮੁਨਕੁਨ ਰਾਹੈ।
ਰੰਗਾ ਰਹੈਗੀ ਬਰਸ ਉਣਾਹਠ। ਤਬ ਹਉਂ ਕੁਪ ਦਿਖਲਾਊਂ ਆਠ।
ਸਿਖ ਸ਼ਹੀਦ ਭੂਮ ਧਰ ਜਨਮਾ। ਕਿਲਕ ਪੁਰੀ ਲਗ ਰਾਜਨ ਭਰਮਾ।
ਐਸੀ ਬਾਤ ਤਬੈ ਬਨਿ ਆਈ। ਜਗ ਕੇ ਭੀਤਰ ਤੇਜ਼ ਜਲਾਈ।
ਸਿੰਘ ਬੇਗ ਹੋਇ ਸੈਨਾ ਸਾਥੀ। ਦਿਲੀਪ ਸਿੰਘ ਗਜ ਪੇਲੈ ਹਾਥੀ।
ਪ੍ਰਿਥਮੈ ਫਿਰੰਗੀ ਲੁਦਿ ਪੁਰ ਮਧ। ਭੋਗੈਂ ਰਾਜ ਤੇਜ ਭਏ ਤਦ।
ਚਿੰਤਾ ਬਧੀ ਸਗਲ ਕੇ ਬੀਚ।ਸਭੀ ਪੁਕਾਰੈ ਸਤਿਗੁਰ ਮੀਚ।
ਖੂਬ ਨਾਰਿ, ਧਨ ਉਡ ਉਡ ਲੇਇ। ਤਬੈ ਖਾਲਸਾ ਬਹੁ ਦੁਖ ਹਇ।
ਮਧ ਖਾਲਸਾ ਚਮਕੇ ਦੀਪ। ਦਿਲੀਪ ਸਿੰਘ ਰਾਜਨ ਸਿਰਰੀਪ।
ਪ੍ਰਿਥਮੈ ਭਾਖੂੰ ਭਵਿਖਤ ਪਰਬ। ਜੈਸੇ ਕਹਿਯੋ ਬਿਆਸ ਰਿਖਿ ਸਰਬ।
ਅਕਬਰ ਬ੍ਰਹਮਚਾਰੀ ਵਪੁ ਧਾਰਾ। ਧਰਮ ਆਪਣਾ ਖੂਬ ਸਵਾਰਾ।
ਜਹਾਂਗੀਰ ਸੁਤ ਸ਼ਾਹਜਹਾਨ। ਤਾਂ ਘਰਿ ਮੋਨ[੪] ਆਇ ਰਹੈਂ ਗੁਲਾਮ।
ਵਾਂ ਕਾ ਤੇਜ ਪਸਰ ਹੋਇ ਦਿਨ ਦਿਨ। ਸਬਹੀ ਜਾਣੈ ਜਗਤ ਜਨ ਮਨ ਮਨ
।
ਤਬੈ ਨੌਰਗਾ ਬੰਚਕ[੫] ਤਿਆਗੀ।ਮੀਰਾਂ ਸ਼ਾਹਿ ਕੀ ਸੇਵਾ ਜਾਗੀ।
ਸਾਧਨ ਵਸਤ ਹੀਏ ਮੈਂ ਜਾਨੀ। ਤਊ ਨ ਛੂਟੀ ਬਾਤ ਪੁਰਾਨੀ।
ਭਾਈ ਮਾਰ , ਰਾਜ ਨਹਿ ਛੋਰਾ। ਦਾਰਾ[੬] ਕਾਟਿ ਛਤ ਪਦ ਤੋਰਾ।
ਮਦ ਭਰ ਰਾਜ ਕਰਤਿ ਇਹ ਸ਼ਾਹੂ। ਹਮ ਸੋ ਵੈਰ ਵਧਿਯੋ ਸਹਜਾਹੂ।
ਕਰੇਗਾ ਜ਼ੋਰ ਖਾਲਸਾ ਬਰਮ। ਹਿਦੂੰਆਨ ਮਾਰ ਮੁਸਲੀ ਚਹੈ ਧਰਮ।
ਦਿਵਸ ਬੰਦਗੀ ਮੱਕੇ ਜਾਹੈ। ਮਾਂਗੇ ਇਹ ਮੁਹਿ ਨੂਰ ਸਲਾਹੈ।
ਹੂਈ ਅਵਾਜ਼ ਰਾਤ ਕੋ ਐਸੀ। ਸਬ ਸਿਰ ਬਲੀ ਏਕ ਦਿਨ ਢੈਸੀ।
ਉਠਤ ਸਵੇਰ ਖਾਬ ਭਈ ਸਾਚੀ। ਹਿੰਦੂ ਕਰੋ ਮਲੇਛੀ ਤਾਚੀ।
ਏਕ ਕਰੂੰ ਦੂਜਾ ਨਹੀਂ ਰਹੈ। ਐਸੋ ਹੁਕਮ ਸੈਨਾਪਤਿ ਕਹੈ।
ਭੂਮਿ ਮਾਹਿ ਜਹਿੰ ਫੇਰ ਢੰਢੋਰਾ। ਕਰਾਮਾਤ ਕਾ ਲੀਨ ਨਿਹੋਰਾ।

ਕਰੈਗੋ ਜੁਧ ਹਮ ਸੋ ਨਿਤ ਭਾਰੀ । ਹਰਿ ਕੀ ਕਰਨੀ ਨਾਹਿ ਵਿਚਾਰੀ
।

ਸਬ ਰਾਜਨ ਸੌਂ ਹੇਤ ਬਨਾਈ । ਹਮ ਪਰ ਜ਼ੋਰ ਕਰੈ ਨਰ ਸਾਂਈ ।
ਗੁਰਪ੍ਰਸਾਦਿ ਮਜ਼ਬ ਜਹਿੰ ਧਾਰਾ । ਮਾਰੈਂਗੇ ਸਭ ਜੁੱਧ ਮਝਾਰਾ ।
ਤੁਰਕ ਜੀਵ ਤੇਜ ਬਿਨ ਜੀਵੈ । ਕਿਰਤ ਕਮਾਏ ਰਾਜ ਨਹ ਥੀਵੈ ।
ਛੋਡ ਕਲੇਵਰ ਬਰਖ ਤਿਤਾਲੀ । ਝਾੜ ਝਾੜ ਕੇ ਸਿੰਘ ਸਿੰਘਾਲੀ ।
ਮਾਰਤ ਕੂਟਤ ਮਰੈ ਮਰਾਵੈਂ । ਸੀਸ ਅੰਤ ਗਨਤੀ ਨਹੀਂ ਆਵੈਂ ।
ਭੀਮ ਸਿੰਘ ਮਾਰੈਗਾ ਨਗਰਾ । ਲੂਟੈ ਗਾਉਂ ਪੁਰਿ ਸਗਰੋ ਬਗਰਾ ।
ਸੋ ਪੂਰਨ ਜਬ ਹੋਇ ਆਠਾਰਾ । ਹਮ ਬਪੁ ਆਨ ਚਾਲੀਸਾ ਧਾਰਾ ॥
ਜਵਨ ਕੰਧਾਰੀ ਆਵਹਿ ਜਾਂਹਿ । ਯਾ ਬਿਧਿ ਦੇਸ ਉਜਰ ਸਭ ਗਾਂਇ ।
ਤਬ ਉੱਨੀ ਸੈ ਬਰਸ ਉਨੀਸ । ਨਗਰ ਬੀਚ ਭੂਪਤਿ ਰੰਗ ਤੀਸ ।
ਮਾਰ ਕੂਟ ਪੂਰਬ ਤੇ ਆਵੈ । ਸੈਨ ਪਿਆਦੀ ਈਸੇ ਪਾਵੈ ।
ਮਿਲੈ ਖਾਲਸਾ ਆਪਨ ਫੂਟ । ਨਰ ਨਾਰੀ ਘਰ ਸਗਰੇ ਟੂਟ ।
ਸ਼ਸਤ੍ਰਨ ਛੋਡ ਬਿਪ੍ਰਨ ਕੀ ਰੀਸ ।ਯਾ ਬਿਧ ਬਨੈ ਗਏ ਤੇਤੀਸ ।
ਸੱਤ ਬਰਸ ਕਾਹਲ ਮਮ ਪੰਥ । ਮਰੈ ਲੁਗਾਈ ਧਰਮ ਵਿਪੰਥ ।
ਤਬ ਇਹ ਬਿਧਿ ਐਸੀ ਬਣ ਆਵੈ । ਸਿੰਘ ਭੂਪਤਿ ਕੇ ਰਹਿਨ ਨ ਪਾਵੈ।
ਵਣਜਾਰਾ ਮੇਰਾ ਇਕ ਸਿੱਖ । ਧਰਮ ਹੇਤ ਫਿਰਤਾ ਵਿਸਮਿਖ ।
ਕਲਿਕ ਨਗਰ ਫੂਟਿ ਹੋਇਅ ਆਈ । ਗ੍ਰਿਹਿ ਗ੍ਰਿਹਿ ਭੀਤਰ ਕਲ੍ਹਾ ਜਗਾਈ ।
ਦ੍ਵਾਦਸ ਬਰਸ ਕਿਛੁ ਜਾਨਾ ਨਾਹੀ ।
ਦਿਲੀਪ ਸਿੰਘ ਜਨਮਤਿ ਭਇਆ ਸ਼ਾਹੀ ।
ਗੁਪਤਿ ਪੱਖ ਮੈਂ ਭੀ ਤਬ ਕਰੋਂ । ਏਕ ਬੀਸ ਬਰਖਨ ਲਗ ਲਰੌਂ ।
ਫਿਰੈਂ ਫਿਰੰਗੀ ਸਿੰਘਨ ਪੰਥ । ਧਸੈ ਆਇ ਪ੍ਰਜਾ ਸਿਉਂ ਸੰਧ ।
ਸਬੈ ਨੀਤੀ ਕਰਤੇ ਸਤਿ ਸਾਤਿ । ਬਰਸ ਬੀਸ ਜਾਪੈ ਦਸ ਸਾਤ ।
ਏਕ ਮਲੇਛੀ ਬੰਦਨ ਨਾਮਾ । ਪ੍ਰਜਾ ਬਰਨ ਮੇਟੇ ਸੁਖ ਧਾਮਾ ।
ਗਊ ਸਿੰਘ ਕਾ ਬਨੈ ਜਿਉਂ ਸੰਗ । ਸਹਿਜ ਬਰਖ ਬੀਤੇ ਨਿਹਸੰਗ ।
ਰਿਲਪੁਰ ਬੀਚ ਬਾਢੀ ਸੁਤ ਹੋਈ । ਬਲੂਆ ਰਾਜ ਕਰੈਗਾ ਸੋਈ ।
ਦੇਸ ਪੰਜਾਬ ਸੂਦ ਜੋ ਹੋਇਆ । ਤਿਨ ਇਹ ਪੰਥ ਮਰਨ ਕਰਿ ਕੋਇਆ ।
ਹਿੰਦਵੀ ਉਤ੍ਰ ਦੱਛਨ ਪੂਰਬ । ਦਿੱਲੀ ਸ਼ਾਹ ਪੁਰ ਸਕਲਾ ਮੂਰਬ ।
ਕਛੁਕੁ ਕਹੀ ਬਹੁਤੀ ਰਹਿ ਗਈ । ਕਥਾ ਕਰਤਾਰ ਬਿਸਤਰੀ ਰਹੀ ।
ਮੁਲਕ ਕਸ਼ਮੀਰ ਦੁਖ ਦੇਇ ਜਬੈ । ਬ੍ਰਿਪ ਬਿਸ਼ਨ ਜਸੁ ਸੁਤ ਹੋਇ ਤਬੈ ।
ਕਲਿਕੀ ਰੂਪ ਰਹੀ ਅਵਤਾਰਾ । ਸੰਭਲ ਮੰਦਰ ਬੀਚ ਉਜਾਰਾ ।
ਕਲ ਬੀਤਾ ਹਾਇਨ ਸਤੁ ਦਾਹੁ । ਕਲਕੀ ਉਪਜ ਸਵਾਰੇ ਰਾਹੁ ।
ਜਾ ਬਿਧਿ ਸਿੰਘ ਗੁਰੂ ਕਾ ਸਿੱਖ । ਬਿਪ੍ਰ ਸਾਰਸੁਤ ਹੋਵੈ ਰਿਖਿ ।

ਮਾਨੈ ਗੁਰ ਕੌ ਕਰੇ ਪ੍ਰਸਾਦਿ । ਬਸੈ ਸ਼ੀਰਨੀ ਖਾਵੈ ਬਾਦ।
ਦੁਇ ਦਸ ਬਾਲ ਬਰਖ ਵਪੁ ਧਾਰਾ । ਨਾਰੀ ਤ੍ਰਿਕਟਾ ਵਿਆਹੀ ਬਾਰਾ ।
ਮਾਰ ਮਲੇਛਨ ਧਰਮ ਦ੍ਰਿੜ ਬੰਧਾ । ਪੰਚ ਪੰਚਾਸ ਦੇਇ ਰਹਿ ਸੰਧਾ ।
ਨਾਰੀ ਲੇਵਨ ਬਿਪ੍ਰ ਕੀ ਧਾਵੈ । ਤਬੈ ਬਾਲ ਬਹੁ ਤੇਜ਼ ਦਿਖਾਵੈ ।
ਪਰਸੁਰਾਮ ਸਮ ਇਹ ਅਵਤਾਰਾ । ਬਿਪ੍ਰ ਤੇਜ਼ ਧਾਰਿ ਕਾਰਜ ਸਾਰਾ ।
ਬਿਸਨੁ ਸ਼ਰਮਾ ਤਪ ਕੀਨ ਅਰੰਭ । ਜਾਂਤੇ ਬਾਦ ਭਯੋ ਪ੍ਰਚੰਡ ।
ਇਹ ਬਿਧਿ ਸਿਖ ਸਭ ਭਾਖ ਸੁਨਾਈ । ਹਮ ਅਵਤਰੈ ਬਿਪ੍ਰ ਗ੍ਰਿਹ ਜਾਈ ।
ਤਾਂ ਲਗ ਸ਼ਹੀਦ ਬੈਤਾਲੀ ਪੰਕਤਿ । ਸੇਵ ਕਰੈ ਮੁਹਿ ਭਾਰੀ ਸੰਗਤਿ ।
ਰਾਵਨ ਭ੍ਰਾਤ ਕੀ ਭੂਜਾ ਲੇਵੈ । ਬਿਪ੍ਰ ਸਿਖ ਕੀ ਖਬਰ ਨਾ ਸੇਵੈ ।
ਗੁਪਤ ਭਵਿਖਤ ਕਥਾ ਕਹਾਈ । ਪੜ੍ਹਤ ਸੁਨਤ ਮਮ ਪਾਰ ਪਰਾਈ ।
ਸਾਖੀ ਪੂਰੀ ਹੋਈ ਪੰਦ੍ਰਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੧੫।

## ੧੬

ਏਕ ਬੇਰ ਗੁਰੂ ਜੀ ਪੁਸ਼ਾਕੀ ਪਹਿਰ ਕੈ ਸਪੈਦ ਹੋਇ ਕੇ ਬੈਠੇ ਥੇ । ਏਕ ਸਿਖ ਕੰਧ ਲਿੰਬਦਾ ਸੀ । ਮੈਲਾ ਛੀਂਟਾ ਗੁਰੂ ਕੈ ਬਾਗੇ ਪਰ ਪੜ । ਬਚਨ ਹੂਆ ਸੰਗਤ ਨੂੰ , ਲੇਪਨੀ ਸਿੰਘ ਨੂੰ ਏਕ ਤਮਾਚਾ ਮਾਰੋ । ਤਾਂ ਸੁਣਿ ਕਰਿ ਸਬਿ ਸੰਗਤ ਦੌੜ ਪਈ । ਤਮਾਚੇ ਧਾਇ ਮਾਰੇ,ਸਿਖ ਬਿਸੁਧ ਹੋਇ ਗਇਆ । ਤਾਂ ਗੁਰੂ ਜੀ ਦੇਖਿਆ, ਜੋ ਗੁਨਾਹ ਥੋੜਾ ਤੇ ਮਾਰ ਬਾਹਲੀ । ਤਾਂ ਵਿਚਾਰ ਕਰ ਬੋਲੇ, ਸਿਖ ਸੰਗਤਿ ਗੁਰੂ ਕੀ ਆਗਿਆਕਾਰੀ, ਭਾਈ ਸਿਖੋ ਗੁਰੂ ਜੀ ਕੀ ਇਹ ਤੋ ਸਿਖ ਥਾ, ਤੁਸਾਂ ਸਿਖ ਦੇ ਕੇਸਾਂ ਪਰਿ ਧੱਪਾ ਮਾਰਿਆ । ਬੁਰਾ ਕੀਤਾ, ਇਹ ਗੁਰੂ ਕਾ ਬਾਣਾ ਹੈ, ਜੋ ਕੋਈ ਗੁਰੂ ਕਾ ਸਿਖ ਹੋਵੈਗਾ, ਸੋ ਤੋ ਗੁਰੂ ਗਾ ਵੈਰੀ ਨਾ ਜਾਨਣਾ, ਬਡਾ ਗੁਨਾਹੁ ਅਨਰਥ ਕੀਤਾ, ਅਤੇ ਜੋ ਤੁਸੀ ਕਹੋ, ਗੁਰੂ ਕਾ ਬਚਨ ਮੰਨਿਆ ਹੈ ਤਾਂ ਗੁਰੂ ਕਿਆਂ ਏਕ ਤਮਾਚਾ ਕਹਿਆ ਸੀ । ਏਕ ਨੇ ਮਾਰਨਾ ਸੀ ਦੇਹ ਪਰ, ਦੂਸਰੇ ਹਟਿ ਜਾਣਾ ਸੀ, ਜੋ ਬਚਨ ਪੂਰਾ ਹੋਇ ਗਯਾ ਹੈ ।

ਇਹ ਭੀ ਸਿਖ ਭਾਈ ਹੈ, ਐਸੀ ਹੀ ਨੇਤ ਹੋ ਗਈ ਹੈ । ਤਾਂ ਤੇ ਇਸ ਸਿਖ ਨੂੰ ਬੇਟੀ ਦੇਵੋ । ਸੁਣਿ ਕਰਿ ਚੁਪ ਹੋ ਗਈ ਸੰਗਤ, ਤਾਂ ਬਚਨ ਹੂਆ, ਗੁਰੂ ਕਾ ਬਚਨ ਸਬ ਮੰਨਿਏ ਤਾਂ ਸਿਖ ਹੋਈਦਾ ਹੈ । ਭਾਈ ਸਿਖੀ ਦੂਰ ਹੈ, ਤੁਸੀ ਸਿਖ ਕਹਾਂਮਦੇ ਹੋ । ਬਾਣਾ ਗੁਰੂ ਕੇ ਸਿਖਾਂ ਦਾਹੈ । ਤਾਂ ਸਿਖ ਕੰਧਾਰੀ ਅਜਬ ਸਿੰਘ ਨੇ ਬੇਟੀ ਲਿਆਇ ਖੜੀ ਕੀਤੀ । ਤਾਂ ਬਚਨ ਕੀਤਾ, 'ਨਿਹਾਲ ਸਿਖਾ ! ਸਿਖੀ ਗੁਰੂ ਕੇ ਹਜ਼ੂਰ ਕਰ ਦਿਤੀ ਆਹੀ । ਤੁਹਾਡੀ ਰੱਖੀ ਸਿਖੀ ਗੁਰੂ ਕਿਆ ਨੇ ।' ਤਾਂ ਉਹੁ ਸਿਖ ਲੇਪਨੀ ਬੋਲਿਆ, ਮੇਰੀ ਇਹ ਸਿਖ-ਪੁਤ੍ਰੀ ਭੈਣ ਹੈਗੀ । ਉਹੁ ਕੰਨਿਆ ਬੋਲੀ, 'ਗੁਰੂ ਕਾ ਬਚਨ । ਬਾਪ ਨੇ ਦਿਤੀ ਮੈਂ ਤਾਂ

ਹਜ਼ੂਰ ਹੀ ਰਹਾਂਗੀ ।' ਗੁਰੂ ਜੀ ਬੋਲੇ, ਕੰਨਿਆ ਤੇ ਕਨੈਤ ਹੂਏ ਥੇ, ਰਾਜੇ ਬੱਲਬਸੈਨ ਕੇ ਰਾਜ ਮੈਂ । ਰਾਜਾ ਕੈ ਰਾਜ ਮੈਂ ਲਕੋ ਕੰਨਿਆ ਦੇਣ ਨਹੀਂ , ਮੋਲ ਬਿਨਾਂ । ਧਨ ਥੋੜਾ ਹੋਇ ਗਇਆ ਸੀ । ਨੰਦਰਾਜ ਮਹਾਰਾਜ ਅਖਾਇਕੈ ਧਨ ਖਿੰਚ ਕਰਿ ਦਬਾਇ ਦਿਤਾ ਸੀ, ਪਰਜਾ ਸਬ ਘਟਿ ਗਈ ਥੀ, ਬੱਲਭਸੈਨ ਨੇ ਪ੍ਰਜਾ ਨੂੰ ਕਹਿਆ, ਕੰਨਿਆ ਹੀ ਲੈ ਕਰਿ ਰਖ ਲੇਵੋ ਤਾਂ ਸਬ ਕੂਦ ਪੜੈ ਤਾਂ ਸਗਰੀ ਗਰਭ ਗਤਿ ਹੂਈ ਤਾਂ ਸਭ ਪੁਕਾਰੇ । ਉਨ੍ਹਾਂ ਦੇ ਗਰਭ ਜਨਮੈ ਸੋ ਕਨੈਤ ਹੂਏ । ਫੇਰਿ ਰਾਜੇ ਦੇ ਛੋਡੀਆਂ ਸੋ । ਦੋ ਦੋ, ਏਕ ਏਕ ਨੇ , ਤ੍ਰੈ ਤ੍ਰੈ ਭਾਈਆਂ ਨੇ ਘਰ ਮੈਂ ਰਖੀਆਂ, ਪਿਛਲੀ ਮਿਰਜਾਦ ਤੇ ਨਵੀ ਮਿਰਜਾਦ ਹੋਈ। ਕਿਆ ਕਹਣੀ ਭਾਈ ਕਾਨ੍ਹ ਸਿੰਘ ! ਤੂੰ ਭੀ ਏਸ ਸਿਖ ਦੀ ਕੰਨਿਆ ਲੇ ਲੇਹਿ, ਬੇਟੇ ਪਾਂਚ ਹੋਇੰਗੇ ।ਤਾਂ ਮਲਵਈ ਸਿਖ ਕੰਨਿਆ ਨੂੰ ਅੰਨਦ ਪੜ੍ਹਾਇ ਘਰਿ ਲੈ ਗਇਆ ਪੰਜ ਖੇੜੇ ਕੀ ਸੰਗਤਿ ਹੂਈ । ਭਾਈ ਬੁੱਢਾ ਜੀ ਕਹਿਆ , ਇਹ ਸਾਖੀ ਸੁਜਾਨ ਸਿੰਘ ਲਾਹੌਰੀ ਨੈ ਸੁਣਾਈ ਥੀ, ਮੈਂ ਨਹੀਂ ਦੇਖੀ । ਅਜੇ ਬੀ ਉਸਦਾ ਬੇਟਾ ਬੈਸਾਖਾ ਸਿੰਘ ਜਾਣਦਾ ਹੈ । ਸਾਖੀ ਪੂਰੀ ਹੋਈ ਸੋਲ੍ਹਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੧੬।

## ੧੭

ਏਕ ਬਾਰ ਮਾਤਾ ਜੀ ਕਹਿਆ, ਮੇਰਾ ਮਨ ਥੜਾ ਹੈ, ਤੇਰੇ ਮੋਹ ਕਰ ਬੇਟਾ । ਮੈਂ ਸੁਖ ਨਹੀਂ ਦੇਖਿਆ, ਪਹਿਲੇ ਪਰਲੋਕ ਸਿਧਾਰੇ ਆਪ ਤੁਮ੍ਹਾਰੇ ਪਿਤਾ, ਆਜ ਹਉਂ ਏਕਾਂਤਿ ਆਇ ਬੈਠੀ ਹਾਂ ਬੇਟਾ ਜੀ ! ਗੁਰੂਆਂ ਦੇ ਗੁਰੂ ਤੁਸੀਂ ਮੇਰੇ ਜਨਮੇ, ਸਮਰਥਾ ਵਾਲੇ, ਦੇਖਾਂ ਮੇਰੀ ਕਿਆ ਗਤਿ । ਮੋਹ ਛੁਟਦਾ ਨਹੀਂ ਤੁਸੀ ਬੋਲਦੇ ਨਹੀਂ , ਸ਼ਰੀਕ ਕਹਿੰਦੇ ਹਨ, ਕਲਜੁਗਿ ਦੇਵੀ ਨੂੰ ਸਾਧਿਆ, ਏਸੇ ਵਾਸਤੇ ਸੁੰਨ-ਸਮਾਧਿ ਹੋ ਗਈ ।ਕੋਈ ਕਹਿੰਦਾ ਕੰਮ ਦਾ ਅਰੰਭ ਪੂਰਾ ਨਾ ਹੋਇਆ , ਬ੍ਰਾਹਮਣ ਸਾਧ ਕੈ ਖਿਸਕ ਗਿਆ ,ਕਲਜੁਗ ਤੇ ਡਰਿਆ, ਤਾਂ ਹੁਣ ਤੁਸੀਂ ਮੁਝੇ ਕ੍ਰਿਪਾ ਕਰ ਕਹਿ ਦੇਵੋ ।'ਗੁਰਦੇਵ ਮਾਤਾ ਗੁਰਦੇਵ ਪਿਤਾ,'ਏਹ ਬਾਤ ਮਾਨਕੋ । ਤਾਂ ਸੁਣ ਕੇ ਚੁਪਾਤੇ ਉਠੋ ਮਾਤਾ ਨੂੰ ਕਿਨਾਰੇ ਸਿਲ ਪਰਿ ਲੈ ਕੇ ਜਾਇ ਬੈਠੇ-'ਦੇਵਤਾ ਕੀ ਬਾਤ ਕਹਿਣੀ ਭਲੀ ਨਹੀਂ; ਪਰ ਕਹਿਣਾ ਬਣਿਆ ਤੁਮ੍ਹਾਰੇ ਹਠ ਤੇ ।

ਜਬ ਉਠੇ ਹਮ ਪਉਂਠੇ[੧] ਖੋਜੇ ਸਭਿ ਇਸਥਾਨ
ਜਗਯੋਚਿਤ ਪੂਜੈਂ ਕਿਸੈ ਤੁਰਤ ਹੋਇ, ਪਥ ਮਾਨ
ਤਬੈ ਬੁਲਾਵਾ ਕੇਸੋ ਦਾਸ । ਕਾਂਸ਼ੀ ਵਾਸੀ ਸਾਰਸੁਤਿ ਭਾਸ ।
ਪਾਂਧਾ ਕੱਸ਼ਪ ਦੇਵ ਕਾ ਤੰਤ੍ਰ । ਜਪਤਾ ਰਹਤ ਦੇਵਿ ਕਾ ਮੰਤ੍ਰ ।
ਧੂੜੀਏ ਆਇ ਕਪਾਲੀ ਮੋਚਨ । ਗਏ ਵਸੈ ਤਹਾਂ ਰੈਨ ਦਿਨ ਸੋਹਨ ।

ਫੌਜ ਤੋਰਕੀ ਢੂੰਢਤ ਧਾਈ। ਸਬ ਕੇ ਆਪ ਗਬਿੰਦ ਸਹਾਈ।
ਨਾਰਾਇਨ ਪੁਰ ਢਿਗ ਪਹੁੰਚ ਜੰਗਲ। ਲਿਵ ਲਾਗੀ ਸਭ ਛੋਡੀ ਸੰਭਾਲ।
ਮਨੂ ਮਾਜਰਾ ਅੰਬ ਬਗਈਆ। ਊਪਰਿ ਨਹਿਰ ਅਹਿਨਸਿ ਬਸ ਰਹੀਆ।
ਮਥਰਾ ਮਿਸਰ ਮਿਲੈ ਜਿਉਂ ਸਿਖ। ਦੇਖੈ ਹਮ ਗੁਰੂ ਢਿਗ ਹੀ ਲਿਖ।
ਲਿਖੈ ਮਨੂ ਕੀ ਕਵਿਤ ਕਹਾਨੀ। ਤਾਂ ਦਿਨ ਹਮ ਪਦ ਭੇਟੇ ਜਾਨੀ।
ਸਤਿਗੁਰੂ ਸਿਰ ਪਰਿ ਫੇਰਾ ਪਾਨ। ਗੁਰ ਨਾਨਕ ਕੇ ਤੁਮ ਹੀ ਕਾਨ।
ਮਨੂ ਮਾਜਰਾ ਤੇ ਚਲਿ ਆਏ। ਧਨੁਖੀ ਖੇਤ ਲੰਘਤੇ ਭਾਏ।
ਨਿਕਟਿ ਗਾਂਉ ਬਿਪ੍ਰਨ ਕਾ ਥੋਰਾ। ਕੰਨਿਆ ਥੀ ਤਿਨ ਗੁਰੂ ਨਿਹੋਰਾ।
ਤਿਹ ਘਰਿ ਵਸੈ ਕੂਪ ਪਰਤੀਤ। ਘੋੜਾ ਕਮੈਂਤੀ ਰਹੈ ਗੁਰੂ ਨਿਹੋਰਾ।
ਘੋੜਾ ਸੇਵਤਿ ਕੰਨਿਆ ਤਾਰੀ। ਸਿਖ ਸੱਤ ਥੇ ਮੋਹਰ ਸਿੰਘ ਆਰੀ।
ਨੰਦ ਸਿੰਘ, ਸਾਹਿਬ ਸਿੰਘ ਜੱਟ। ਬੁਧ ਸਿੰਘ ਨਾਈ, ਸੱਦਾ ਸਿੰਘ ਭੱਟ।
ਮਥਰਾ ਬਾਮ੍ਹਣ ਮਹਿਤਾ ਝੀਵਰ। ਮਲਵਾ ਰਸੋਈਆ ਮੰਨੂੰ ਕੁੰਵਰ।
ਸੱਤਵੈਂ ਦਿਨ ਤਹਾਂ ਮਤਾ ਪਕਾਇਆ। ਧੰਨਾ ਬ੍ਰਾਹਮਣ ਕੇਸਵ ਭਰ ਆਇਆ।
ਤੁਰਕ ਤੁਰਤ ਮਾਰੋ ਬਿਧਿ ਐਸੀ। ਨੈਨੂੰ ਪੁਤ੍ਰੀ੧ ਸੇਵਹਿ ਬੈਸੀ।
ਡੇਰਾ ਫਿਰ ਕੈ ਗਿਰ ਪਰ ਚੜੇ। ਗੁਫਾ ਉਭੈ ਛੋਟੀ ਸੀ ਵੜੇ।
ਪੁਖ ਗੁਰੂ ਨੰਦਾ ਥਿਤ ਅੰਤ।ਹੋਈ ਅਰਾਧਨ ਧਰਾ ਨਮੰਤ।
ਪਾਂਚ ਪਹਿਰ ਕਾ ਹੋਮ ਅਰੰਭਾ। ਸਬਿ ਕਉ ਸੌਂਪ ਦੀਆ ਗੁਰ ਧੰਧਾ।
ਬਾਰਹ ਪਹਿਰ ਅਰੰਭਾ ਏਕ। ਤਾਂ ਮੈਂ ਦੇਵੀ ਮੂਰਤਿ ਟੇਕ।
ਲਗੈ ਰੈਨ ਦਿਨ ਅੰਤਰ ਭੂਲਾ। ਦੇਵ ਕਾਮ ਸਭ ਅੰਗਨ ਝੂਲਾ।
ਉਣ ਉਣ ਮੁਣ ਮੁਣ ਗੁਣ ਗੁਣ ਰੁਣ ਰੁਣ।
ਸੋਲਾਂ ਆਂਕ ਜਾਪ ਕੀਯੋ ਧੁਣ ਝੁਣ।
ਕੇਸਵ ਕਹਿਆ ਗੁਰੂ ਦਯੋ ਭੇਟ। ਮੇਰੇ ਹੋਇਗਾ ਤੁਮਹਾ ਓਟ।
ਹਮ ਛਤ੍ਰੀ ਤੁਮ ਸਾਰਸੁਤਈਆ। ਹਮ ਸੁਤ ਤੁਮਰੇ ਤੁਮਹਿ ਜਨਈਆ।
ਕਹਿਯੋ ਬਿਪ੍ਰ ਤੁਮ ਹਮਰੇ ਅੰਗ। ਜਾਨਤ ਹੋਂ ਤੁਮ ਧਰ ਕੇ ਸੰਗ।
ਦੇਵਿ ਅਰਾਧਨ ਉਦਮ ਧਾਰਾ। ਧੰਨੁ ਧੰਨੁ ਗੁਰੂ ਤੂੰ ਬੰਸ ਨਿਸਤਾਰਾ।
ਮੇਰਾ ਕਹਿਣਾ ਤੁਮਰਾ ਹੇਤ। ਰੈਨ ਦਿਨਾ ਨਿਤ ਪੜ੍ਹੋ ਸੁਚੇਤ।
ਸ਼ੁੱਧ ਕਾਇ ਬ੍ਰਹਿਮਚਰਯ ਰਹਿਣਾ। ਮੋਨ ਹੋਇ ਨ ਸੁਣੈ ਨ ਕਹਣਾ।
ਯਾ ਬਿਧਿ ਮਾਤਾ ਰੁਚਿ ਉਪਜਾਈ। ਗੁਰੂ ਕ੍ਰਿਪਾ ਨਿਤ ਹੁਈ ਸਵਾਈ।
ਅਰਪੀ ਦੇਹ ਗੇਹ ਕੀ ਬਾਤਾ। ਅਲਪ ਅਹਾਰ ਘ੍ਰਿਤ ਤਿਲ ਸਾਤਾ।
ਪਾਂਚ ਮਾਸ ਤੇ ਨੈਨ ਉਘਾਰਾ। ਸੁਪਨ ਸੁਹਾਇ ਆਯੋ ਇਕ ਬਾਰਾ।
ਜਾਂ ਜਗਿ ਨਹਿ ਆਊਂ ਦਿਵ ਦੇਹਾ। ਨਾਰਿ ਮਾਨੁਖੀ ਤੇ ਜਬਿ ਦੇਹਾ।

ਤਬ ਜਾਗ੍ਰਿਤ ਸੁਪਨ ਏਕ ਮਮ ਭਇਆ । ਬੀਤੇ ਮਾਸ ਨਵਮ ਦਸ ਅਹਿਆ ।
ਏਕਾਦਸਿ ਥਿਤ ਨਵਮੀ ਮਾਈ । ਰਵਿ ਦਿਨ ਦਿਨ ਰਹਿਆ ਪਹਿਰਾਈ ।
ਬੋਲੇ ਮਿਸਰ ਆਈ ਸੁਰ ਦੇਵਾ । ਮਾਂਗੀ ਭੇਟ ਦੇਹੁ ਸੁਖ ਸੇਵਾ ।
ਸੁਪਨ ਭਇਆ ਮੁਹਿ ਜਾਗ੍ਰਤ ਮਾਂਝ । ਲੇ ਆਊਂ ਭੇਟਾ ਦਿਵ ਰਾਂਝ ।
ਕਾਲੀ ਆਵੈ ਅਥਵਾ ਪ੍ਰਾਤਿ । ਕਰੀਉ ਨ ਭੀਤ ਚਿਤ ਰਖਿ ਸ਼ਾਂਤ ।
ਚਲੇ ਮਿਸਰ ਕਛੁ ਮਨ ਭਇਆ ਥੋਰਾ । ਜਾਂ ਬਿਧਿ ਮਮ ਢਿਗ ਕਹੀ ਨਿਹੋਰਾ ।
ਜਾਮ ਏਕ ਦਿਨ ਘੜੀਆਂ ਚਾਰ । ਜਗਮਗ ਪਰਬਤ ਝਮਕੇ ਪਹਾਰ ।
ਕਿਆ ਦਾਮਨਿ ਕਿਆ ਸੂਰਜ ਇੰਦ । ਦਮਕਿਯੋ ਗਗਨ ਮੂਰਤਿ ਭੁਇ ਸੰਗ ।
ਮੀਚ ਨੈਨ ਉਠ ਹੂਆ ਠਾਂਢਾ । ਨਿਰਖੀ ਏਕ ਬਾਰ ਮੁਖ ਰਾਂਡਾ ।
'ਤੁਮਹੀ ਤੁਮਹੀ' ਬਚਨ ਪ੍ਰਕਾਸ਼ । ਧਰਮ ਸਾਚ ਭਯੋ ਆਜ ਨਿਕਾਸਾ ।
ਮਗਨ ਹੂਆ ਜਗ ਗਯੋ ਭੁਲਾਈ । ਬੇਟਾ ਨਿਕਸਾ ਭੇਟ ਕਹਾਈ ।
ਬਲੀ ਹਸਤ ਮੀਚ ਗਰਜਾਨੀ । ਪੰਥ ਸਕੇਸ ਦੀਆਂ ਉਰ ਮਾਨੀ ।
ਪੀਛੈ ਉਸਤਤਿ ਕਰੀਯੋ ਦਾਸਾ । ਜਬਿ ਧਿਆਵੈ ਤੂੰ ਆਉਂ ਉਲਾਸਾ ।
ਚੁਖ ਮਿਚੈ ਮੀਚ ਹੋਏ ਜਾਊਂ । ਪੀਛੈ ਪੰਥ ਬੀਜੁ ਨਿਕਸਾਊਂ ।
ਚਾਲੀ ਬਰਸ ਪੀਛੈ ਵਰਤਾਈ । ਰਹੈ ਰਾਜ ਤੁਰਕਨ ਕੋ ਖਾਈ ।
ਤੁਮਰੀ ਚਾਹਿ ਪੂਰਨ ਅਬ ਭਈ । ਮੇਰੋ ਕਹਿਯੋ ਸਾਚ ਦ੍ਰਿੜ੍ਹ ਸਹੀ ।
ਸ਼ਸਤ੍ਰ ਛੁਰੀ ਲੇਹਿ ਇਹ ਮੇਰਾ । ਜਲ ਮਿਠ ਫੇਰ ਵਪੁ ਮਾਥਤ ਵੇਰਾ ।
ਸੂਰ ਹੋਇ ਗਾ ਸਿਦਕ ਤੁਮਾਰਾ । ਦੀਜੈ ਮਮ ਕੋ ਭੇਟ ਉਪਹਾਰਾ ।
ਛੁਰੀ ਪਕਰ ਬਪੁ ਰਕਤਿ ਨਿਕਾਰਾ । ਬੂੰਦ ਲੇਇ ਅਪਰੂਪ ਸਵਾਰਾ ।
ਲੰਕੜ ਬੋਲਾ ਭੇਟਾ ਲੋਹੂ । ਕਛਨੀ ਭਛਨੀ ਛੁਹੁ ਮਮ ਹੋਹੂ ।
ਤੁਮਰੀ ਸਹਾਇ ਜੁਧ ਮੈਂ ਆਉਂ । ਪੰਥ ਲਾਜ ਕੋ ਪਤਿਤ ਨ ਪਾਉਂ ।
ਗਏ ਦੇਵ ਗਣ ਮਨ ਮੋ ਉਲਟੀ । ਜਗਤ ਰੀਤੀ ਸਭ ਤਾਂ ਦਿਨ ਛੁਟਕੀ ।
ਕਛੁਕ ਅੰਤਰਾ ਮਾਤ ਮੋ ਰਾਖਾ । ਨਹਿ ਪੂਛੋ ਦੇਵੀ ਇਹ ਭਾਖਾ :
ਮਾਤਾ ਸ਼ਾਂਤ ਭਈ ਤਿਹ ਬੇਰਾ । ਪੀਛੈ ਫਿਰੀ ਘਰਿ ਧਨਹਿ, ਨਿਬੇਰਾ ।
ਗੁਰ ਮਾਇਆ ਨਹਿ ਜਾਤਿ ਲਖਾਨਾ । ਤਿਆਰੀ ਮਾਇਆ ਹੁਇ ਮਸਤਾਨਾ ।
ਕਹਿ ਘਰਿ ਕੇ ਸੰਗੇ ਜਨ ਸਗਰੇ । ਰਾਜਨਿ ਸੰਗ ਵੈਰ ਭਯੋ ਤਗਰੇ ।
ਰਾਜਾ ਸਭਿ ਮਿਲ ਧੂਮ ਮਚਾਈ । ਲਰੈ ਸਿਖ ਗੁਰ ਮਸਤਕ ਨਿਯਾਈ ।
ਆਇਆ ਭੋਰਵਾ ਦਿਨ ਦਿਜ ਕੇਸਵ । ਹਾਥਿ ਜੋੜ ਬੋਲੇ ਸਬ ਸੇਸ਼ਵ ।
ਦੇਵ ਕ੍ਰਿਪਾ ਮਮ ਤੁਮ ਪ੍ਰਸਾਦਾ । ਦੀਯੋ ਮੰਤ੍ਰ ਕੁਲ ਗੁਰ ਮੁਹਿ ਆਦਾ ।
ਸਵਾ ਲਾਖ ਦੇਊਂਗੇ ਧਨਾ । ਇਹ ਕਹਿ ਮੇਲਿਯੋ ਅੰਗਨ ਘਨਾ ।
ਜਹਾਂ ਤਹਾਂ ਤੁਮ ਐਸੀ ਬਨੀ । ਸਬ ਹੀ ਤੁਮਰੇ ਰੱਛਕ ਗੁਨੀ ।

ਪ੍ਰਿਥਮ ਰੋਇ ਪੁਨ ਬਿਪ੍ਰ ਭਾਖਾ। ਮਹਿ ਅਭਿਲਾਖ ਸਾਚੁ ਤੁਹਿ ਆਖਾ।
ਤਬੈ ਬਿਪ੍ਰ ਗੁਰ ਸੌਂ ਜਿਉਂ ਗਿਨਾ। ਗਇਆ ਕਹੂੰ ਫਿਰ ਗਿਨਾ ਨ ਸੁਨਾ।
ਏਕ ਦਿਨਾ ਪੂਛੀ ਕਹੁ ਨਾਮ । ਥਾ ਸੋਢੀ ਗੁਰ ਪਦ ਬਿਸਰਾਮ।
ਬਿਪ੍ਰ ਕਹਾਂ ਇਹ ਗਯੋ ਪਲਾਈ ? ਬੋਲੇ ਗੁਰੂ,'ਇਨ ਦੇਹੀ ਪਾਹੀ।
ਹਮਰੋ ਸਿਖ ਹੋਇ ਅਵਤਰੈ। ਰਣ ਸਿੰਘ ਨਾਮ ਭੂਮਿ ਪਰ ਧਰੈ।'
ਬਹੁਤ ਨਿਸੰਗ ਭਿਰੈਗਾ ਜਬਹੀ। ਕਰੈ ਰਾਜ ਹੰਕਾਰੀ ਤਬਹੀ
ਤੀਸਰ ਜਨਮ ਲਹੌਰ ਮੈਂ ਜਾਵੈ।ਤਬ ਉਧਰੈਗਾ ਮਮ ਢਿਗ ਆਵੈ।
ਸਾਖੀ ਪੂਰੀ ਹੋਈ ਸਤਾਰਵੀਂ। ਬੋਲਹੁ ਭਾਈ ਜੀ ਵਾਹਿਗੁਰੂ।੧੭।

## ੧੮

ਏਕ ਬੇਰ ਸਿਖਾਂ ਫਰਿਆਦ ਕਰੀ , ਲਾਂਗਰੀ ਪ੍ਰਸਾਦ ਕਾ ਤਕਰਾਰੀ ਹੈ। ਹੱਸ ਕੇ ਬੋਲ, ਲਾਂਗਰੀ ਲੋਭੀ ਹੈ ਗੁਰ ਧਨ ਖਾਇਆ ਹੈ, ਮਸੰਦ ਹੈਗਾ ਜਨਮ ਪਿਛਲੇ ਕਾ, ਭੂਖਾ ਹੈ, ਜਾਓ ਤੇਗ ਗੁਰੂ ਕੀ, ਦੇਗ ਵਾਹਿਗੁਰੂ ਜੀ ਕੀ। ਸ੍ਵਾਦ ਬਹੁਤ ਦੇਗ ਮੈਂ ਹੋਵੈਗਾ। ਪਾਹੁਲੀਆ ਪ੍ਰਸਾਦ ਦੇਗ ਦਾਨ ਤੇ ਖਾਵੈਗਾ , ਸੋ ਸਿਖ ਨਹੀਂ। ਭਾਈ ਰਹਿਤ ਕਰ ਪ੍ਰਸਾਦਿ, ਸਿਖੋ ! ਆਪ ਹੀ ਕਰ ਲੇਵੋ। ਜੋ ਛਕਾਵੈਗਾ ਸੋ ਨਿਹਾਲ ਹੋਵੈਗਾ। ਗੁਰੂ ਕਾ ਪੰਥ ਸਭਨਾਂ ਆਸ਼੍ਰਮਾਂ ਤੇ ਤਿਆਰੀ, ਅਰਦਾਸ ਕਰਿ ਵਰਤਾਵਣਾ, 'ਤਵ ਪ੍ਰਸਾਦਿ' ਤਵ ਕਹਿ ਛਕਣਾ ਅਤੇ ਚੁਲੀ ਪੜ੍ਹਨੀ। ਘੋੜੇ ਸ਼ਸਤ੍ਰ ਦੀ ਨਿਤ ਖਬਰ। ਪਰ ਤੁਰਕ ਸਿਉਂ ਵੈਰ , ਪਹਾੜੀ , ਸੁਨਿਆਰਾ, ਮਿਤ੍ਰਾਈ ਨਹੀ , ਖਰਚ ਗੁਰੂ ਦੇਵੈਗਾ , ਛਤ੍ਰੀ ਸੰਨਿਆਸ ਤੁਮਾਰਾ , ਖਾਲਸਾ ਜੀ ਅਧੀਨ ਸ਼ਬਦ ਕੇ, ਸੇਵਾ ਸਿਖਾਂ ਦੀ। ਜੋ ਸਿਖ ਪ੍ਰਸਾਦਿ ਛਕਦਾ ਉਠਾਇ ਲੈਵੇ ਅਤੇ ਖਾਇਕੇ ਲੋਭ ਕਰੇ ਅਤੇ ਸਿਖ ਦੇ ਘਰਿ ਮੰਦ ਨਜ਼ਰ ਦੇਖੈ, ਸੋ ਕ੍ਰੋੜੀਂ ਨਰਕ ਭੁਗਤੈਗਾ, ਹੁਮਾਰਾ ਨਹੀਂ। ਪ੍ਰਸਾਦ ਕੀ ਫਲ ਪਾਵੈਗਾ। ਸਿਖ ਨੇ ਵਿਵਾਹੈਗਾ ਸੋ ਨਿਸਤਰੈਗਾ। ਸਾਖੀ ਪੂਰੀ ਹੋਈ ਅਠਾਰ੍ਹਵੀਂ। ਬੋਲਹੁ ਭਾਈ ਜੀ ਵਾਹਿਗੁਰੂ।੧੮।

## ੧੯

ਏਕ ਬੇਰ ਗੁਰੂ ਜੀ ਨੂੰ ਸਿਖਾਂ ਨੇ ਤੇ ਘਰ ਕੇ ਸਨਬੰਧੀਆਂ ਕਹਿਆ, ਪਹਾੜੀਏ ਸੁਲਾਹ ਕਰਦੇ ਹੈਨ, ਤਾਂ ਬਚਨ ਹੋਇਆ ਤੁਸੀਂ ਸਭ ਕਹਿੰਦੇ ਹੋ, ਇਨ੍ਹਾਂ ਦਾ ਵਿਸਾਹਿ

ਨਹੀਂ । ਭਲਾ ਦੇਖੋ, ਤਾਂ ਕਹਿਆ-ਪੰਮਿਆ । ਗੁਰੂ ਕਾ ਖਜ਼ਾਨਾ ਮਾਲਵੇ ਜਾਣ ਦੇਵੋ, ਘੇਰਾ ਚੁਫੇਰੇ ਥਾਂ । ਬੈਲ ਭਰ ਕੇ ਨਿਕਾਸੇ । ਉਨ੍ਹਾਂ ਰਾਜਿਆਂ ਸੌਂਹ ਕਰੀ ਥੀ ਧਰਮ ਕੀ ਸੁਲਾਹ । ਹਰ ਤੁਮ ਛਤ੍ਰੀ ਹਾਂ, ਦੇਖਾ ਜੋ ਮਾਲ ਪਾਂਚ ਹਜ਼ਾਰ ਲਾਦਾ, ਭ੍ਰਮੇ ਮਾਇਆ ਨੂੰ ਦੇਖ ਕਰ, ਤਬ ਲੈ ਭਾਗੇ । ਲਦ ਵਣਜਾਰੇ ਉਨ੍ਹਾਂ ਕੇ ਹੀ ਲੀਏ ਥੇ, ਲੇ ਕਰਿ ਦੇਖਣ ਲਗੇ, ਗੋਣਾ ਮੈਂ ਪੱਥਰ ਮਾਟੀ ਭਰੇ ਥੇ । ਗੁਰੂ ਕਿਆਂ ਕਹਿ ਛੋਡਿਆ ਸੀ ਪਹਿਲੋ, ਅੰਤਰ ਕੀ ਜਾਨਤੇ ਥੇ, ਤਾਂ ਪਹਾੜੀਏ ਖਿਸਾਣੇ ਹੂਏ, ਤਾਂ ਬਚਨ ਹੋਇਆ, ਵੈਰੀ ਕਾ ਵਿਸਾਹੁ ਨਹੀਂ, ਖ਼ਾਲਸਾ ਵੈਰ ਕਾ ਬਦਲਾ ਕਰੈਗਾ, ਸੁਖ ਇਹ ਨਾ ਭੋਗੈਂਗੇ । ਦਗਾ ਬੁਰਾ ਸਿਖੋ ! ਮਾਰ ਲੈਣਾ, ਪਰ ਦਗਾ ਨਹੀਂ ਕਰਨਾ । ਗੁਰੂ ਪਰ ਸਿਦਕ ਘਰ ਕੋ ਲੋਗੋਂ ਕੋ ਹੂਆ । ਗੁਰੂ ਕਾ ਕਹਿਆ ਸਚੁ ਜਾਣਾ । ਪਰ ਸੰਤੋਖ ਨਾ ਹੂਆ । ਸਾਖੀ ਪੂਰੀ ਹੋਈ ਉਨੀਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੧੯।

## ੨੦

ਏਕ ਬੇਰ ਤੁਰਕ ਆਏ ਲੜਨੇ । ਰਾਜਿਆਂ ਚੜ੍ਹਾਏ, ਬਡਾ ਜੁੱਧ ਹੂਆ ਚਮਕੌਰ ਮਾਹਿ, ਤਾਂ ਇਕ ਮੁਗਲ ਪਾਟ ਕੇ ਪਾਂਚ ਹਜ਼ਾਰੀ ਸੈਦਾ ਬੇਗ, ਗੁਰੂ ਕਾ ਹਿਮਾਇਤੀ ਉਠ ਖੜਾ ਹੂਆ, ਲੜਿਆ ਅਤੇ ਖਾਲਸੇ ਸਾਥ ਮਿਲਾ । ਜਿਤੁ ਜਿਤਾਇ ਹਜ਼ੂਰ ਗਇਆ ਗੁਰੂ ਕੇ, ਤਾਂ ਮੱਥਾ ਟੇਕਿਆ , ਤਾਂ ਆਗੇ ਤੇ ਬਚਨ ਕੀਤਾ ।

ਉਮਰ ਬਰ ਕਰਾਰ । ਮਿਲੇ ਖ਼ੂਬ ਈ ਤਕਰਾਰ ।

ਤਾਂ ਗੁਰੂ ਜੀ ਕਹਿਆ - ਤੁਮ ਬੇਗ ਸਮਝੇ, ਕੰਧਾਰੀ ਹੋ । ਪਹਿਲੇ ਗੁਰੂ ਨਾਨਕ ਭੇਟਿਆ ਸੀ ਬਾਗ ਮੈਂ, ਸੇਵਾ ਕਰੀ ਸੀ । ਤਾਂ ਹਮ ਕਹਿ ਚਲੇ ਥੇ, ਬੋਲਾਵੇਂਗੇ, ਤੁਮਾਰਾ ਸ਼ਸਤ੍ਰ ਦੇਖੈਂਗੇ । ਪਹਿਲਾ ਤੁਸਾਂ ਸ਼ਬਦ ਕਾ ਪਰਚਾ ਕੀਆ ਥਾ, ਪੀਛੇ ਕਹਿਆ ਤੁਬਕ ਕਮਾਇਲ ਕਰਾਮਾਤ । ਚੂੰ ਖ਼ੈਰ ਖਿਲਸਜਵਨਾਤ । ਇਤੀ ਸੁਣੀ, ਮਗ਼ਲ ਢਹਿ ਪਇਆ ਪੈਰੀਂ, ਪੀਰ ਪੀਰ ਮੁਝੇ ਰੱਖਣਾ ਪਾਇਆ, ਏਹ ਸਭ ਸਾਚ ਹੀ ਥੀ । ਅਬ ਰਖ ਲੇਵੋਂ, ਤਾਂ ਉਹ ਡੇਰਾ ਲੁਟਾਇ ਹਜ਼ੂਰ ਪਾਸ ਹੀ ਰਹਿਆ । ਸ਼ਸਤ੍ਰ ਗੁਰੂ ਜੀ ਬਖਸ਼ੇ, ਰਾਜਾ ਹਰੀਚੰਦ ਮਾਰਿਆ ਥਾ ਭਲੱਥੇ ਸਾਥ, ਦੋਵੈਂ ਬਡੇ ਜੋਧੇ ਸੇ, ਪੀਛੈ ਤੈ ਗੁਰੂ ਜੀ ਨੇ ਹਾਥ ਸਿਰ ਪਰ ਰਾਖਾ ਤਾਂ ਲੜਾਈ ਬੀਚ ਮਾਰਾ ਦੀਨਾ ਬੇਗ ਨੇ ਸੈਫ ਸੰਗਿ । ਗੁਰ ਲੋਕ ਜਾਇ ਬਸਾ । ਬਡਾ ਕੰਤੁਹਲ ਹੂਆ । ਦੇਵ ਲੋਕ ਬਸਾ ਗੁਰਪ੍ਰਸਾਦਿ । ਸਾਖੀ ਪੂਰੀ ਹੋਈ ਬੀਸਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੨੦।

## ੨੧

ਏਕ ਬੇਰ ਗੁਰੂ ਜੀ ਲੜਾਈ ਕਰਕੇ ਫੌਜ ਭਜਾਈ। ਰਾਜੇ ਜ਼ੋਰ ਕਰਿ ਲੜੈ ਹੰਡੂਰੀ, ਕਹਿਲੂਰੀ, ਚੰਬੇਲ, ਘਤੇਪੁਰੀਆ ਵਜ਼ੀਰ ਸਿੰਘ, ਨਾਹਣੀਆ ਦੇਵਸਰਣ,

ਰਾਜਾ ਸਿਪਾਹ, ਸਬ ਹਾਜ਼ਰ ਦਸ।
ਖਾਲਸਾ ਕੀ ਦਲ ਆਠ ਸੈ।
ਤੇਗ, ਤਰਵਾਰ, ਸੈਲਾ, ਤੁਪਕ, ਬਰਛੀ, ਸਿਪਰ, ਕਮਾਨ।
ਹੂਆ ਜੁਧ ਰਣ ਮਾਂਡ ਕੈ ਮਰ ਕਟੀ ਪਿਆਦੀ ਹਾਨ।
ਜੁਧ ਜਾਗਾ। ਤਬੈ ਸੀਸ ਬਾਗਾ।
ਛੁਟੀ ਤਰਵਾਰ। ਕਟੇ ਬੁਰਿਆਰ।
ਗਿਰੇ ਰਣ ਸੂਰ। ਰਾਜ ਸੁਤ ਕੂਰ।
ਜੀਤਾ ਦ੍ਰਿੜ੍ਹ ਜੰਗ। ਖਾਲਸਾ ਨਿਸੰਗ।
ਬੈਠਾ ਗੁਰ ਦੂਰ। ਦੇਖ ਰਣ ਪੂਰ।
ਲੋਹੂ ਨਦ ਲਾਲ। ਘੋੜੇ ਗਜ ਸਾਲ।
ਆਖਰ ਜਿਉਂ ਹੋ। ਖਾਲਸਾ ਖਲੇ ਹੋ।
ਹਾਰੇ ਡੂਗਰਾਨ। ਖਾਲਸੇ ਦਿਖਾਨ।
ਘੋੜੇ ਨੀਲੇ ਪ੍ਰਚਾਇ। ਪੀਛੇ ਮੁੜੋ ਬਿਸਮਾਇ।
ਸੁਣੀ ਰਣ ਮਾਰਿ। ਹਟੇ ਸੂਰ ਅਨੁਹਾਰ।
ਖਾਲਸਾ ਸਭ ਹਟਕਾ। ਵੈਰੀ ਆਨ ਸਟਕਾ।
ਪੁਕਾਰੇ ਸਬ ਸਿੰਘ। ਦੁੜਾਏ ਕਿਕਾਨ ਭਾਖੈ ਮ੍ਰਿਗਿੰਦ।

ਤਬ ਨੌਰੰਗ ਸਿੰਘ ਦੌੜ ਕੇ ਘੋੜੇ ਕੋ ਕਹਿਆ ਮੁਹ ਤੇ, ਨੀਲਿਆ ! ਖੜਾ ਰਹੁ, ਆਣ ਗੁਰੂ ਕੀ ਮਤਿ ਜਾਇਗਾਂ। ਤਾਂ ਘੋੜਾ ਥੰਭ ਗਿਆ, ਗੁਰੂ ਜੀ ਬਹੁਤ ਕਮਾਂਚੀ ਅਤੇ ਅੱਡੀਆਂ ਮਾਰ ਰਹੇ, ਪਰ ਆਗੇ ਲੀਕ ਕਰੀ ਥੀ। ਸੋ ਨਾ ਲੰਘਤਾ ਹੂਆ ਤਾਂ ਉਤਰ ਬੈਠੇ ਤੇ ਪੀਛੇ ਬੋਲੇ - ਤੂੰ ਮਸੰਦ ਥਾਂ, ਸਿੱਖਾਂ ਦਾ ਖਾਂਦਾ ਰਹਿਆ, ਗੁਰੂ ਕੀ ਭੇਟ, ਹਮ ਜਾਣਿਆ ਹੈਗਾ ਤਾਂ ਘੋੜਾ ਫੁਰਕਾ, ਤਾਂ ਗੁਰੂ ਜੀ ਬੋਲ ਕਹਿਆ, 'ਗੁਰੂ ਖਾਲਸਾ ਖਾਸਲਾ ਗੁਰੂ'। ਖਾਲਸਾ ਜੀ ਮਾਰੋ ਫੌਜਾਂ ਨੂੰ, ਤਾਂ ਖਾਲਸਾ ਮੁੜਿ ਕਰ ਲੜਲੇ ਲਗਾ, ਗੁਰੂ ਜੀ ਬੈਠ ਕਰ ਸਾਤ ਤੀਰ ਚਲਾਏ, ਤਬ ਧੁੰਕਾਰ ਪੜੀ, ਉਮਡੀ ਗੁਰੂ ਕੀ ਫੌਜ, ਜੀਤ ਕੇ ਜੰਗ ਆਏ, ਗੁਰੂ ਉਠਕੇ ਖੁਸ਼ੀ ਹੋ ਚਲੇ ਆਹੇ। ਸਭ ਸੁਖ ਹੂਆ। ਸਾਖੀ ਪੂਰੀ ਹੋਈ ਇਕੀਸਵੀਂ। ਬੋਲਹੁ ਭਾਈ ਜੀ ਵਾਹਿਗੁਰੂ।੨੧।

ਏਕ ਬੇਰ ਰਾਗੀਆਂ ਨੇ ਕੀਰਤਨ ਪ੍ਰੇਮ ਸਾਥ ਪੜ੍ਹਾ। ਅਤੇ ਧੁਨਕ ਵਾਜਾ, ਸੁਰ, ਤਾਲ ਸ਼ਬਦ ਏਕ ਕਰਿ ਖਾਲਸਾ ਸੁਣਿਕੇ ਖੁਸ਼ੀ ਹੋ ਕਰ ਕਹਿਆ, ਵਾਹਿ ਵਾਹਿ ਭਲਾ ਸ਼ਬਦ ਪੜ੍ਹਿਆ,ਨਿਹਾਲ ਕਰ ਦੀਆ ਰਾਗੀਆਂ ਨੈ, ਤਾਂ ਗੁਰੂ ਜੀ ਕਹਿਆ 'ਭਾਈ ਕਹੀ ਲੁਪਾਈ।' ਤਾਂ ਸਿਖਾਂ ਪੁਛਿਆ ਸਚੇ ਪਾਤਸ਼ਾਹਿ ! ਜ਼ਾਹਿਰ ਕਰੋ , ਤੁਸੀਂ ਕੀ ਕਹਿਅ? ਤਾਂ ਗੁਰੂ ਜੀ ਬੋਲੇ, ਏਕ ਗਾਂਉਂ ਕਾ ਚੌਧਰੀ ਸੀ, ਉਹ ਹਰਟ ਜੋੜ ਕੇ ਪਾਣੀ ਸਿੰਚਦਾ ਸੀ ਖੇਤ੍ਰ ਮਾਹਿ। ਕਿਆਰੇ ਪਰ ਕਹੀ ਧਰੀ ਸੀ ਕੋਈ ਲੈ ਗਇਆ। ਤਾਂ ਚੌਧਰੀ ਕਹਿਆ, ਮੇਰੀ ਕੱਸੀ ਜਾਂਦੀ ਰਹੀ ਤਾਂ ਹੋਰਾਂ ਦੀ ਕਿਆ ਚਲੀ, ਭਿਰਾਈ ਸੱਦਕੇ ਡੌਂਡੀ ਫੇਰੀ,ਢੋਲ ਬਜਾਇਆ, ਸਬ ਸੁਣਿਆ ਪਰ ਕਹੀ ਕਿਸੇ ਨ ਦਈ। ਤਬ ਘਰ ਲਗੇ ਟੋਲਣ ਤਬ ਭੀ ਨਾ ਨਿਕਸੀ, ਤਾਂ ਬਿਸਮੈ ਹੋਇਆ ਸਾਰਾ ਹੀ ਪਿੰਡ, ਓਸ ਸਮੇਂ ਕੋਈ ਬੋਲ ਪਇਆ। ਜੋ ਭਿਰਾਈ ਦਾ ਭੀ ਘਰ ਢੂੰਢੋ, ਤਾਂ ਲਗੇ ਦੇਖਣ ਏਕ ਕੋਣੇ ਕੋਠੀ ਪਿਛੇ ਪਈ ਕਹੀ। ਤਾਂ ਚੌਧਰੀ ਕਹਿਆ ਭਰਾਈ ਨੂੰ, ਸੁਣਹੁ ਭਾਈ ! ਕਹੀ ਘਰ ਮਾਹਿ ਧਰੀ, ਅਤੇ ਲੋਕਾਂ ਨੂੰ ਸੁਣਾਇਕੈ ਸ਼ੋਰ ਮਚਾਇਆ ਕਿਉਂ, ਹੱਛੀ ਨ ਕਰੀ ਤੁਧ। ਨਸੀਹਤ ਕਰੀ ਭਰਾਈ ਨੂੰ, ਸੁਣੋ ਸਿਖੋ ! ਏਹ ਭਰਾਈ ਦੀ ਤਰਾਂ ਸ਼ੋਰੀ[1] ਹੀ ਬਣੇ ਹੈਂ।

ਪੰਡਤ ਪਾਂਧੇ ਜੋਤਸ਼ੀ ਰਾਗੀ ਪ੍ਰੇਰਕ ਭਾਮ।
ਔਰਨ ਕੋ ਕਹਿਤੇ ਰਹੈਂ ਆਪ ਨ ਕਰਹੈ ਕਾਮ।
ਸ਼ੋਭਾ ਦੰਭੀ ਜਾਪ ਕੀ ਤਪ ਕੀ ਕਰਨੀ ਨਾਹਿ।
ਮੋਲ ਲੇਇ ਮਹੰਘੋ ਅਚੈ ਤਿਵੈ ਲੀਚੀਐ ਰਾਹਿ।
ਪੂਛੀ ਪੁਛਕੇ ਉਪੜਿਆ, ਰਹੈ ਬਤਾਉ ਕੁ ਠੌਰ।
ਐਸੀ ਬਣੀ ਬਤਾਉਣੀ ਬਿਰਲਾ ਸਮਝੈ ਦੌਰ।

ਭਾਈ ਸਿਖਾ ਸਮਝੇਗਾ ਸੋ ਤਰੈਗਾ, ਕਹਿਆਂ ਪਾਰ ਨਹੀਂ ਜਾਈਦਾ। ਜਿਨ੍ਹਾਂ ਨੂੰ ਸਤਿਗੁਰ ਸੱਚਾ ਮਿਲਿਆ ਹੈ ਸੋ ਬਖਸ਼ੀਏ ''ਨਾਨਕ ਜਿਨ ਕਉ ਸਤਿਗੁਰੁ ਮਿਲਿਆ ਤਿਨ ਕਾ ਲੇਖਾ ਨਿਬੜਿਆ ॥'' ਸਾਖੀ ਪੂਰੀ ਹੋਈ ਬਾਈਸਵੀਂ। ਬੋਲਹੁ ਭਾਈ ਜੀ ਵਾਹਿਗੁਰੂ। ੨੨।

## ੨੩

ਏਕ ਬੇਰ ਅੰਨ ਮਹਿੰਗਾ ਹੂਆ ਤਾਂ ਜਗਤ ਡੁਲਾ੧ ਦੇਖਕੇ ਗੁਰੂ ਜੀ ਅੰਨੁ ਧੰਨੁ ਲਗੇ ਦੇਵਣ। ਲੋਕ ਸਭ ਰਾਜੇ, ਅਚਰਜ ਹੋਣ ਲਗੇ, ਤਾਂ ਮਾਤਾ ਗੁਜਰੀ ਠਾਕਿਆ੨, ਲੰਗਰ ਥੋੜਾ ਕਰੋ, ਤਾਂ ਸਿਖਾਂ ਕਹਿਆ, ਸੱਚੇ ਪਾਤਿਸ਼ਾਹਿ ! ਮਾਤਾ ਜੀ ਕਹਿਆ ਹੈ ਸਰਫ਼ਾ ਕਰੋ, ਕਾਲ ਕੀ ਖਬਰ ਨਾਹੀ ਕਿਤਨਾ ਕੁ ਚਿਰ ਹੈ। ਤਾਂ ਸੁਣਿ ਕਰ ਰਿਸੈ ਰੀ

ਉਜੜੀ ! ਘਰ ਹੋਂਦੇ ਸੰਕੋਚ ਨ ਕਰੀਏ । ਕਰਤਾਰ ਦਾ ਭਾਣਾ ਹੀ ਹੈ, ਭਾਈ ਨਾਰੀ, ਖਤ੍ਰੀ, ਦਰਿਦ੍ਰਿ ਨਵਾਂ ਚਾਕਰ, ਨਿਆਣੀ ਧੇਣ, ਬਾਲਕ,ਕਾਇਰ ਇਨ੍ਹਾਂ ਦੀ ਮੁਖਤਯਾਰੀ ਬੁਰੀ ਹੁੰਦੀ ਹੈ । ਭਾਈ ਮਸੰਦਾਂ ਅਤੇ ਪੇਕਿਆਂ  ਖੇਤ੍ਰੀਆਂ ਅਤੇ ਸਿਖਾਂ ਨਵਿਆਂ ਮਾਤਾ ਅਕਲ ਦ੍ਰਿੜਾਈਅਸੁ, ਮੈਂ ਜਾਣੂ ਹੂੰ । ਪਰ ਮੇਰੇ ਮਤੇ ਦੇ ਭੇਦੀ ਸਿੱਖ ਬਿਰਲੇ ਹੈਨ । ਭਾਈ ਕਰਨ ਮਾਰਿਆ ਥਾ ਪਾਂਡਵਾਂ ਨੈ, ਤਾਂ ਕੁੰਤੀ ਨੈ ਕਹਿਆ ਕਰਨ ਭੀ ਮੇਰਾ, ਕੁਮਾਰੀ ਦਾ ਸੂਰਜ ਦਾ ਸੁਤ ਜਨਮਿਆ ਹੈਸੀ । ਤਿਸ ਕਾ ਕਰਮ ਮ੍ਰਿਤਕ ਬੇਟਾ ਕਰੀਯੋ, ਤਾਂ ਜੁਧਿਸ਼ਟਰ ਬੋਲਿਆ, ਹੁਣ ਕਹਿਆ ਹਤਿਆਰੀ ਮਾਰਨੇ ਕਾ ਦੋਖ ਕਿਸਨੇ । ਪਹਿਲੋਂ ਕਹਿੰਦੀ ਤਾਂ ਕਿਉਂ ਮਾਰਦੇ । ਬਡੇ ਭਾਈ ਕੇ ਆਸਰੀ  ਹੀ ਰਹਿੰਦੇ ਪੈਰੀ ਲਗਕੇ । ਜਾਹਿ, ਅਬ ਮੁਹਿ ਨ ਦਿਖਾਊਂ ਸਰਾਪ ਹੂਆ, ਔਰਤਾਂ ਸਭਨਾਂ ਨੂੰ । ਬਾਤ ਨ ਪਚੀਓਸੁ ਅਤੇ ਜਿਸ ਘਰ ਤੁਹਾਡਾ ਹੁਕਮ ਹੋਵੈ ਓਹ ਘਰੁ ਦੂਰ ਹੋਈਯੋ । ਪੁਤ੍ਰ ਦੇ ਹੁਕਮ ਨਾਲ ਦੁਰਜੋਧਨ ਗਇਆ । ਕੈਕੇਈ ਦਾ ਹੁਕਮ ਮੰਨਿਆ ਤਾਂ ਦਸਰਥ ਮੂਆ । ਜਿਸ ਘਰਿ ਦੋ ਮਤੇ, ਉਹ ਘਰ ਨਹੀਂ ਰਹਿੰਦਾ । ਇਸ ਘਰ ਸਦਾ ਆਪਦਾ ਅਤੇ ਖਤ੍ਰੀਆਂ ਨੂੰ ਮਾਰੈਗਾ, ਮੇਰਾ ਪੰਥ ਲੂਟੇਗਾ । ਤੇ ਸਿੱਖ ਝਾੜਾਂ ਵਿਚ ਅਪਦਾ ਭੋਗਨਗੇ ਤੇ ਤੁਰਕਾਂ ਤੇ ਖੱਲੜੀਆਂ ਉਤਰਾਊਂਗਾ , ਐਸਾ ਸਮਾਂ ਵਰਤਾਊਂਆਂ , ਰਾਜਿਆਂ ਦੀ ਰਜਾਈ[੩] ਦੂਰ ਕਰੌਂਗਾ । ਸੂਰਾਂ ਤੇ ਕਾਇਰ, ਕਾਇਰਾਂ ਤੇ ਸੂਰਮੇ, ਤੀਵੀਆਂ ਦੀ ਮਜੂਰੀ ਪੁਰਖ ਅਤੇ ਤੀਵੀਆਂ ਸਿੱਖਾਂ ਦੀਆਂ ਸੌਪਾਂਗਾ, ਈਸੇ ਦੀ ਉਲਾਦ ਨੂੰ, ਘਰ ਘਰ ਇਹ ਤਮਾਸ਼ਾ ਹੋਇਗਾ, ਬਰਸ ਚਾਲੀ ਅੰਤਰ ਵਰਤੇ ਸਉ ਵਰ੍ਹੇ ਪੀਛੇ ਦੀਆ ਮਾਤ੍ਰਾ ਤੇ ਕਲਪ[੪] ਪੀਛੈ ਹਟਾਇ ਧਰਾ, ਤਾਂ ਸਿਖਾਂ ਮਾਤਾ ਬਖ਼ਸ਼ਾਇਆਂ, ਬਚਨ ਕੀਤਾ ਖੁਸ਼ੀ ਹੋ ਕੇ ਲੰਗਰ ਚਲਾਉਕੇ ਤਾਂ ਸਰਾਪ ਨਾ ਅਵੇਗਾ ।

ਲੰਗਰ ਅਟਕਾ । ਸਰਾਪ ਸਟਿਕਾ ।
ਉਸ ਹੀ ਬੇਰਾਂ । ਸਿਖ ਸੋ ਮੁਹਿ ਫੇਰਾ ।
ਚਲੋ ਸਿਖੋ ਮਾਲਵੇ, ਗੁਰੂ ਕੀ ਕਾਂਸ਼ੀ ਦਮਦਮਾ ਹੈਗਾ ।
ਮੇਰਾ ਸਿਖ ਦਮਦਮੇ ਦੀ ਟਹਿਲ ਕਰੇਗਾ ।
ਸੋ ਕਾਂਸ਼ੀਵਾਸੀ ਕੀ ਗਤਿ । ਗੁਰੂ ਕਾ ਘਰ ਸ਼ਹੀਦਾਂ ਕੀ ਮੁਕਤ ।
ਸਾਖੀ ਪੂਰੀ ਹੋਈ ਤੇਈਸਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੨੩।

## ੨੪

ਏਕ ਬੇਰ ਸਿਖਾਂ ਪੁਛਿਆ ਜੀ ਸੱਚੇ ਪਾਤਸ਼ਾਹ ! ਸ਼ਹੀਦ ਕਿਨ੍ਹਾਂ ਨੂੰ ਕਹੀਦਾ ਹੈਗਾ !ਜ਼ਾਹਿਰ ਕਰੋ ਇਨ੍ਹਾਂ ਕੀ ਕਿਆ ਗਤਿ ਮੁਕਤਿ । ਤਾਂ ਹੱਸਿ ਬੋਲੇ, ਗੁਪਤ ਪੂਛੀ ਸਿਖੋ ! ਗੁਰੂ ਜੀ ਆਪਣੀ ਸੰਗਤ ਆਪਣੇ ਹਜ਼ੂਰ ਰਖਦੇ ਹੈਂ ।

ਆਪਣੇ ਸੇਵਕ ਕੀ ਆਪ ਪਤਿ ਰਾਖੈ ।

ਭਾਈ ! ਕਲਜੁਗ ਘੋਰ ਹੈਗਾ । ਗੁਰੂ ਪਾਲੀ ਆਪਣੀ ਸਿਖਾਂ ਦੇ, ਤਾੜਨ ਨੂੰ ਭਲਾ ਕਹਾਵਨ ਨੂੰ । ਇਹ ਸਿਖਾਂ ਦੀ ਹੁਕਮ ਸੱਤ ਤਾਂ ਗੁਰੂ ਕੇ ਪਾਸ । ਜੋ ਸਿਦਕ ਸਾਬਤ ਰਣ ਕਾ ਸੂਰਮਾ ਸੋ ਤਰਿਆ ਅਤੇ ਬੇ ਸਿਦਕੀ ਅਤੇ ਕਾਇਰ ਜੰਜਾਲੀ ਜਨਮ ਮਰਨ ਮਹਿ ਭਟਕਦੇ ਹੈਨ । ਗੁਰੂ ਖੜੇ ਸੰਗਤ ਸਣੇ ਉਡੀਕਣਗੇ । ਸੋਲਾਂ ਤੱਤਾਂ ਦੇਹ ਧਾਰ ਕੇ ਸਿੱਖਾਂ ਦੀ ਸਹਾਇਤਾ ਕਰਨਗੇ, ਦਸ ਹਜ਼ਾਰ ਬਰਸ ਲਗ, ਕਿਵੇਂ ਸਿੱਖ ਹਮਾਰੇ ਵਲ ਆਵੈ। ਜੋ ਆਂਵਦਾ ਹੈ, ਸੋ ਰਲ ਜਾਂਦਾ ਹੈ, ਛੱਪਨ ਕ੍ਰੋੜ ਸਿੱਖ ਗੁਰੂ ਨੇ ਸੌਂਪਿਆ ਹੈ, ਕਲੂ ਕਾਲ ਵਿਚ, ਕਰਤਾਰ ਦਾ ਹੁਕਮ ਹੈ ਸੁ ਧਰਮ ਕਰ ਕੇ ਤਾਰਨੇ ਹੈਨ। ਗੁਰੂ ਉਡੀਕਦੇ ਹੈਨ, ਕੁਬੇਰ ਦੇ ਲੋਕ ਲਗ, ਅਤੇ ਭੂ ਪਰ ਅਤੇ ਭੂਵਰ ਲੋਗ ਵਿਚਰਤੇ ਹੈਨ । ਜੈਸੀ ਜੈਸੀ ਭਾਵਨਾ ਸ਼ਹੀਦਾਂ ਦੀ ਹੋਂਦੀ ਹੈ, ਤੈਸੀ ਤੈਸੀ ਸਿਧਿ ਹੋਵੈ । ਭੂ ਪਰ ਬੀ ਪ੍ਰੇਤਾਂ ਰਾਖਸ਼ਾਂ ਪਰ ਬੀ , ਮਨੁੱਖਾਂ ਪਰ, ਪਸ਼ੂ ਪੰਛੀ, ਨਾਗ ਜੱਖ, ਗੰਧ੍ਰਬ ਪਰ, ਅਪੱਛਰਾਂ ਪਰ, ਹੁਕਮ ਸ਼ਹੀਦਾਂ ਦਾ ਹੁੰਦਾ ਹੈ । ਜਮ ਕੋ ਦੂਤ ਪੁਛ ਕੇ ਫਿਰਦੇ ਹੈਨ । ਇਨ੍ਹਾਂ ਨੂੰ ਸ਼ਾਸਤ੍ਰਾਂ ਵਾਲੇ ਬੈਤਾਲ ਅਤੇ ਵਿਦਿਆਧਰ ਕਹਿੰਦੇ ਹਨ । ਭਲੇ ਭੀ ਹੈਨ ਅਤੇ ਬੁਰੇ ਭੀ ਹੈਨ । ਸੁਭਾਵ ਸ਼ਾਂਤਕੀ, ਰਾਜਸੀ, ਤਾਮਸੀ ਤ੍ਰੈ ਪ੍ਰਕਾਰ ਕੇ ਹੈਨ । ਆਪਣੀ ਸੰਗਤ ਪਾਸੋਂ ਪੁਜਾਂਵਦੇ ਹੈਨ । ਕਾਮਨਾ ਪੂਰੀ ਕਰਦੇ ਹੈਨ । ਦੁਖ ਸੁਖ ਕੇ ਦਾਤਾ ਹੈਂ । ਦੇਵਤੇ ਭਰਤ ਖੰਡ ਇਨ੍ਹਾਂ ਨੂੰ ਦੇ ਕਰ ਸਵਰਗ ਮੇਂ ਜਾਇ ਬੈਠੇ ਹੈਨ । ਦੇਵਤਿਆਂ ਨੂੰ ਜੋ ਪਹੁੰਚਦਾ ਹੈ, ਸੋ ਸ਼ਹੀਦਾਂ ਦੇ ਹਥ ਹੋਇਕੇ ਜਾਂਦਾ ਹੈ, ਪਰਮੇਸ਼ਰ ਇਹ ਕਿਰਤ ਲਗਾਇ ਦੀਏ ਹੈਨ, ਸਭੀ ਤਰ੍ਹਾਂ ਦੇ ਸ਼ਹੀਦ ਹੈਨ । ਭੋਜਨ ਬਸਤ੍ਰ ਅਸਵਾਰੀ ਸਬ ਮੁਬਾਹ ਹੈ, ਸਬ ਦੀਪਾਂ ਖੰਡਾਂ ਦਾ ਸੋਲ ਹੈ, ਪਰ ਭੁਲਦੇ ਨਹੀਂ, ਫਿਰਦੇ ਹੈਨ । ਮਾਇਆ ਕਾ ਤਮਾਸਾ ਦੇਖਦੇ ਹਨ, ਜਿਉਂ ਬਿਪਸਚਤ ਰਾਜਾ ਮਾਇਆ ਦੇਖਦਾ ਦੇਖਦਾ ਗਇਆ ਸੀ, ਤਿਵੇਂ ਦੇਖਦੇ ਹੈਨ, ਪਰ ਦੇਹਾਂ ਵਿਚ ਜੋਨੀ ਭਰਮਦੇ ਨਹੀਂ, ਗੁਰੂ ਸਿਰ ਪਰ ਠਾਂਢਾ ਹੈ, ਪਾਲੀ ਵਾਂਗੂ ਸੰਮਾਲ ਲੈਂਦਾ ਹੈ । ਇਹ ਗਤਿ ਮਿਤਿ ਸ਼ਹੀਦਾਂ ਦੀ ਹੈ, ਨਾਥਾਂ ਦੀ ਭੀ, ਸਿੱਧ ਹੂਏ ਸੰਗਤ ਹੈ । ਮੁਹੰਮਦ ਦੀ ਦੀਨ ਵਾਲੀ ਜਿਨਾਇਤ ਕਹਾਂਵਦੀ ਹੈ, ਕਿਆ ਕਹਿਣਾ, ਨਿਗੁਰੇ ਬੇਮੁਖ ਜੁ ਹੈਨ ਸੋ ਪ੍ਰੇਤ ਭੂਤਨੇ ਹੁੰਦੇ ਹੈਨ । ਸਾਖੀ ਪੂਰੀ ਹੋਈ ਚੌਬੀਸਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੨੪।

## ੨੫

ਰਹਿਆ ਹਾਂ । ਏਕ ਸਮੇਂ ਏਕ ਲੜਕਾ ਗੁਰੂ ਕੇ ਹਜ਼ੂਰ ਆਨਿ ਖੜਾ ਹੂਆ । ਸੁੰਦਰ ਅੰਗ, ਕੋਮਲ ਬੋਲ, ਮੱਥਾ ਟੇਕਿਆ, ਦੂਰ ਖੜਾ ਹੂਆ, ਗੁਰੂ ਜੀ ਦੇਖ ਕੇ ਬੋਲੇ, ਲੜਕੇ ! ਤੂੰ ਕਿਸਕਾ ਪੁੱਤ ਹੈਂ ਅਤੇ ਕੇਹੜੇ ਥਾਂਵ ਦਾ ਹੈ ? ਕੌਣ ਜਾਤ ਗੋਤ ਹੈ ਤੇਰਾ ? ਤਾਂ ਲੜਕੇ ਕਹਿਆ,ਜੀ ਸੱਚੇ ਪਾਤਿਸ਼ਾਹ ! ਮੌਲੇ ਕਾ ਬੇਟਾ ਹੋਂ । ਸਿਖ ਗੁਰੂ ਕੇ ਹੈਂ, ਮੈਂ ਪਾਹੁਲ ਖੰਡੇ

ਦੀ ਧਾਰੀ ਹੈ ਅਤੇ ਬਾਪ ਮੇਰੇ ਚਰਨਾਂ ਦੀ ਪਾਹੁਲ ਹੈ, ਜਾਤ ਗੋਤ ਸੁਨਿਆਰਾ ਹੌਂ, ਅਤੇ ਵਸਦੇ ਸਿਰਹੰਦ ਹਾਂ। ਬੋਲੇ ਗੁਰੂ ਜੀ , ਲੜਕੇ ! ਸਿਰਹੰਦ ਸ਼ਹਿਰ ਉਜੜਿਆ ਕਿ ਵਸਦਾ ਹੈ ? ਤਾਂ ਪਹਿਲ ਸਿੰਘ ਸੁਨਿਆਰੇ ਕਹਿਆ, ਜੋ ਭਾਣਾ ਗੁਰੂ ਕਾ, ਸੋਈ ਹੋਵੈਗਾ। ਪਰ ਹੁਣ ਤੇ ਮੈਂ ਵਸਦਾ ਛੱਡ ਆਇਆ ਹਾਂ, ਤਾਂ ਬਚਨ ਹੋਇਆ, ਤੇਰਾ ਘਰ ਦਾ ਬੀ ਕੋਈ ਸੰਗਤ ਨਾਲ ਆਇਆ ਹੈਗਾ ? ਤਾਂ ਲੜਕੇ ਕਹਿਆ, 'ਗੁਰੂ ਜੀ ! ਬਾਪ ਹੁਣ ਥੋੜੇ ਦਿਨਾਂ ਵਿਚ ਪਰਲੋਕ ਸਿਧਾਰਿਆ ਹੈ ਅਤੇ ਮਾਇ ਮੇਰੇ ਸਾਥ ਇਥੇ ਹੀ ਆਈ ਹੈ।' ਗੁਰੂ ਜੀ ਬਚਨ ਕਹਿਆ, 'ਤੂੰ ਗੁਰੂ ਕੇ ਹਜ਼ੂਰ ਹੀ ਰਹਿਆ ਕਰਿ ਅਤੇ ਮਾਇ ਨੂੰ ਬੀ ਆਪਣੇ ਪਾਸ ਹੀ ਰਖੁ।' ਤਾਂ ਉਨ ਸੁਨਿਆਰੇ ਤਿਵੈਂ ਹੀ ਕੀਤਾ। ਇਕ ਖਤ੍ਰੀ ਦੇ ਘਰਿ ਮਾਇ ਬਸਾਇ ਦਿਤੀ , ਘਰ ਲੈ ਕੇ ਲਗੇ ਗੁਰੂ ਕੇ ਹਜ਼ੂਰ ਰਹਿਣ। ਬਹੁਤ ਦਿਨ ਪੀਛੈ ਗੁਰੂ ਕਿਆਂ ਪੁਛਿਆ, 'ਭਾਈ ਸਿਖਾ ! ਸੁਨਿਆਰ ਦਾ ਕੰਮ ਬੀ ਜਾਣਦਾ ਹੈਂ ? ਤਾਂ ਲੜਕੇ ਹੱਥ ਜੋੜਕੈ ਕਹਿਆ, ਤੁਹਾਡੀ ਕ੍ਰਿਪਾ ਤੇ ਖੂਬ ਜਾਣਦਾ ਹੌਂ ਕੰਮ। ਬਚਨ ਹੋਇਆ ਅਸ਼ਰਫੀਆਂ ਗਿਆਰਾਂ ਦਾ ਗਹਿਣਾ ਘੜਿ ਲਿਆਇ। ਬੁਲਾਇਕੈ ਤੋਸ਼ੇਖਾਨੀਏ ਨੂੰ ਦੇ ਦਿਤੀਆਂ, ਲੜਕੇ ਗਹਿਣੇ ਪਰ ਬਡੀ ਚਾਤੁਰੀ ਕਰੀ, ਸੋਹਣਾ ਘੜਿਆ,ਲੈ ਕਰ ਹਜ਼ੂਰ ਆਨ ਰਖਿਆ। ਦੇਖਕੈ ਗਹਿਣ ਨੂੰ ਰਾਜ਼ੀ ਹੋਏ ਅਤੇ ਕਹਿਆ ਜੋ ਮੰਗੇ ਸੋ ਦੇਣਾ, ਅਤੇ ਗਹਿਣੇ ਘੜਵਾਇ ਕੇ ਅੰਦਰ ਧਰਦੇ ਜਾਵੇ ਗੁਰੂ ਕਿਆਂ ਨੂੰ ਲੋੜ ਹੈਗੀ। ਤੋਸ਼ੇਖਾਨੀਏ ਨੋ ਸ਼ੌਂਪ ਦਿਤਾ, ਗਹਿਣੇ ਲੈ ਧਰਨੇ ਅਤੇ ਰੁਪਏ ਦੇ ਦੇਣੇ, ਲੜਕਾ ਸਿਆਣਾ ਹੈ। ਪਿਛੋਂ ਪੁਛਿਆ, ਤੈਨੂੰ ਕੋਈ ਐਬ ਤਾਂ ਨਹੀਂ ਲਗਾ।ਤਾਂ ਲੜਕੇ ਕਹਿਆ, ਜੀ ਮੈਂ ਸਤਸੰਗ ਵਿਚ ਰਹਿਆ ਹਾਂ। ਤਾਂ ਗੁਰੂ ਜੀ ਬਚਨ ਕੀਤਾ , ਜਹਾਂ ਬਡਾ ਗੁਣ ਹੁੰਦਾ ਹੈ ਤਹਾਂ ਬਿਕਾਰ ਬੀ ਹੁੰਦਾ ਹੈ।

ਗੁਣੀ ਵਿਕਾਰੀ ਰਹਿਤ ਜੋ ਵਿੰਦਕ ਹੋਇ ਨਿਸ਼ਾਨ।
ਤਿਸ ਮੂਰਤਿ ਬਲਿਹਾਰਣੈ ਨਾਨਕ ਤਿਸ ਕੁਰਬਾਨ।

ਤਾਂ ਸੁਨਿਆਰ ਲਗਾ ਘੜਨੇ ਆਪੇ ਹੀ ਲੈ ਦੇ ਜਾਵੇ, ਕੋਈ ਪੁਛੇ ਨ ਲੇਖਾ, ਅਤੇ ਬਹੁਤ ਦਿਨਾਂ ਪੀਛੈ ਗੁਰੂ ਜੀ ਕਹਿਆ ਸਿਖ ਨੂੰ, ਗੁਹਝਾ ਤੋਲ ਕੇ ਘੜਨਾ ਦੇਵੀਂ ਅਤੇ ਕਹੀ ਨਹੀਂ। ਬੀਸ ਮੁਹਰਾਂ ਦੇ ਕੜੇ ਘੜਵਾਇ ਮੰਗਵਾਇ। ਅਤੇ ਕਹਿਆ, ਹਜ਼ੂਰ ਮੰਗਵਾ ਕੇ ਤੋਲੇ, ਕੜੇ ਤੋਲੇ ਤਾਂ ਕੜੇ ਸਤਾਰਾਂ ਮੁਹਰਾਂ ਦੇ ਤੁਲੇ। ਤਾਂ ਬਚਨ ਹੋਇਆ, ਸਬ ਗਹਿਣੇ ਤੋਲੋ। ਤਾਂ ਲਗੇ ਤੋਲਣ ਸਬ ਗਹਿਣੇ, ਤੋਲੇ ਤਾਂ ਘਟੇ। ਤਾਂ ਗੁਰੂ ਜੀ ਕਹਿਆ, 'ਲੜਕੇ ਤੂੰ ਤਾਂ ਕਹਿੰਦਾ ਸੀ ਸਤਸੰਗੀ ਹਾਂ ਅਤੇ ਐਬ ਨਹੀਂ ਮੇਰੇ ਵਿਚ, ਭਾਈ ਹੋਰ ਕਿਹੜਾ ਐਬ ਹੁੰਦਾ ਹੀ ਮਸੰਦਾਂ ਵਾਂਗੂ ਤੂੰ ਭੀ ਸਾਧ ਹੀ ਰਹਿਆ। ਗੁਰੂ ਕੇ ਘਰੋਂ ਤੈਨੂੰ ਕੁਛ ਮਿਲਦਾ ਸੀ ਕਿ ਨਹੀਂ ? ਤਾਂ ਸ਼ਰਮਿੰਦਾ ਹੋਇ ਗਇਆ। ਤਾਂ ਗੁਰੂ ਕੇ ਬੋਲੇ :

ਜੱਟ ਪੰਜਾਲੀ ਚਕੁ।
ਗੁਰੂ ਕਾ ਹਕ, ਕਮਾਇਕੈ ਛਕ।

ਸਿਖਾਂ ਪੁਛਿਆ , ਜੀ ਸਚੇ ਪਾਤਿਸ਼ਾਹ ! ਤੇਰੇ ਤਾਂ ਸਿੰਘ ਸਭੋ ਬ੍ਰਾਹਮਨ, ਖਤ੍ਰੀ, ਵੈਸ਼, ਸੂਦ ਹੈਨ, ਜਟੂ ਤੁਸਾਂ ਭਲਾ ਸਲਾਹਿਆ ਤਾਂ ਗੁਰੂ ਜੀ ਕਹਿਆ । ਜੱਟ, ਭੱਟ , ਨਟ , ਧਨੱਟ,ਮੁਹਿ ਦੇ ਹਠ ਨੂੰ ਪਾਲਦੇ ਹੈਨ । ਅਤੇ ਸਿਖੋ !ਸਿਖ ਮੇਰੇ ਸਿਦਕੀ ਤਿੰਨ ਹੈਨ ।

ਜੱਟ, ਵਣਜਾਰਾ, ਅਰੋੜਾ ਸਾਰਾ ।

ਤੀਸਰੀ ਸਿਖੀ ਵੰਡ ਦਿਤੀ ਸਭ ਸੰਗਤਿ ਨੂੰ, ਪਰ ਭਾਈ ਹੋਰ ਸਿਖ ਖਾਣ ਦੇ ਅਤੇ ਲੋੜਾਂ ਦੇ ਸਿਖ ਹੈਨ ।

ਕਿਆ ਕਰੈਗਾ ਸਿਖ ਸਿਦਕ ਨਾ ਧਾਰਦਾ ।
ਕਿਆ ਕਰੈਗਾ ਵਣਜਾਰਾ ਜਾਂ ਨਾਹਿ ਪਸਾਰਦਾ।
ਕਿਆ ਕਰੈਗਾ ਵੇਦੁ ਜਾ ਲੋਭ ਨ ਹਾਰਦਾ ।
ਕਿਆ ਕਰੈਗਾ ਜਨਮੁ ਜਾਂ ਨਹੀਂ ਚਿਤਾਰਦਾ ।
ਨਾਨਕ ਸਫਲ ਕਰੰਮੁ ਜਾਂ ਨਾਮੁ ਕਰਤਾਰ ਦਾ ।
ਭਾਈ ਚਹੁੰ ਸੱਸਿਆਂ ਦਾ ਬੀ ਵਿਸਾਹੁ ਨਹੀ :
ਸੁਨਿਆਰਾ, ਸੌਕਣ, ਸੱਪ, ਸ਼ੀਂਹ ।
ਕਰੇ ਘਾਤ ਪੀਛੈ ਆਗੀਂਹ ।

ਅਤੇ ਚਾਰ ਕੱਕੇ ਆਪਣਾ ਹੀ ਮੁਕਾਬਲਾ ਸਮਝਦੇ ਹਨ । ਕਾਜ਼ੀ, ਕਰਾਲ। ਕਾਨੂੰਗੋਇ, ਕਾਸਬੀ । ਅਤ ਚਾਰ ਦੰਮਾਂ ਦੇ ਪਿਆਰੇ ਬਬੇ-ਬਾਮ੍ਹਣ, ਬਣੀਆ, ਬਖਸ਼ੀ, ਬਲਤਣ । ਗੁਰੂ ਜੀ ਉਠਕੇ ਮਹਿਲ ਗਏ, ਸਿਖ ਆਪੋ ਆਪਣੀ ਠੌਰ ਗਏ । ਸਾਖੀ ਪੂਰੀ ਹੋਈ ਪਚੀਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੨੫।

## ੨੬

ਏਕ ਬੇਰ ਗੁਰੂ ਜੀ ਕੇ ਹਜ਼ੂਰ ਸਿੱਖ ਏਕ ਨੈ ਬੇਨਤੀ ਕਰੀ, ਸੱਚੇ ਪਾਤਿਸ਼ਾਹ ! ਮੇਰੀ ਇਹ ਬੇਨਤੀ ਸੁਣਨੀ, ਮੇਰੇ ਘਰ ਗੁਰੂ ਕੇ ਮਸੰਦ ਗਏ । ਤਾਂ ਮੈਂ ਟਹਲ ਕਰੀਂ ਅਤੇ ਬਹੁਤ ਅਧੀਨਤਾ ਕਰੀ। ਪ੍ਰਸਾਦ ਕੀਤਾ ਤਾਂ ਕਹਿਆ ਛਕੋ ਜੀ । ਤਾਂ ਮਸੰਦ ਬੋਲੇ,'ਗੁਰੂ ਕਿਆ ਮਾਰਿਆ ! ਦਾਲ ਰੋਟੀ ਅਸੀਂ ਖਾਈਏ ? ਅਸੀਂ ਤੇ ਕੜਾਹ ਪ੍ਰਸਾਦ ਛਕਾਂਗੇ,' ਤਾਂ ਮੈਂ ਅਤੇ ਸਿਖਣੀ ਪੈਰੀਂ ਪਏ ਅਸੀਂ ਗਰੀਬ ਹਾਂ ਜੀ, ਘਰ ਤੁਸੀਂ ਵੇਖ ਲੇਵੋ । ਤਾਂ ਮਸੰਦ ਬੋਲੇ, ਗੁਰੂ ਜੀ ਕਾ ਹੁਕਮ ਹੈ ਸਿਖ ਦੇ ਘਰੋਂ ਕੜਾਹ ਪ੍ਰਸਾਦ ਹੀ ਖਾਣਾ । ਪਾਤਸ਼ਾਹ ! ਲਹਿੰਗਾ ਗਹਿਣੇ ਧਰਿਕੇ ਲਿਆਏ ਅਤੇ ਛਕਾਇਆ ਅਤੇ ਅਰਦਾਸ ਦਿਤੀ, ਬੜਾ ਦੁਖ ਦੇਂਦੇ ਹੈਨ । ਬਚਨ ਹੋਵੈ ਸੋ ਕਰੀਏ ਤਾਂ ਗੁਰੂ ਜੀ ਬਚਨ ਕੀਤਾ, ਮਸੰਦਾਂ ਨੂੰ ਲੂਟ ਲੇਵੋ

ਅਤੇ ਕਢਿ ਦੇਵੋ, ਸਿੱਖਾਂ ਨੂੰ ਕੁੱਤੇ ਵਾਂਗੂ ਕਾਟ ਖਾਂਦੇ ਹੈਨ। ਜਿਸ ਗੁਰੂ ਪਾਸੋਂ ਏਥੇ ਹੀ ਦੁਖ ਹੂਆ, ਤਿਸ ਗੁਰੂ ਪਾਸੋਂ ਅਗੇ ਦਰਗਾਹ ਵਿਚ ਕਿਆ ਸਹਾਇਤਾ ਹੋਣੀ ਹੈ ਤਾਂ ਸੁਣਕੇ ਬਚਨ ਸਿਖਾਂ ਨੇ ਮਸੰਦ ਲੂਟੇ ਅਤੇ ਬਾਂਧੇ, ਕਿਤਨੇ ਕੁ ਦਿਨ ਬਾਂਧ ਰਖੇ। ਪੀਛੇ ਛੋਡਕੈ ਕਹਿਆ, ਭਾਵਨਾ ਕੀ ਅਰਦਾਸ ਦੇਣੀ, ਮੇਰੇ ਮਸੰਦ ਹੈ ਨਹੀਂ ਇਨ੍ਹਾਂ ਨੂੰ ਮੈਂ ਜਾਣਦਾ ਹਾਂ। ਇਹ ਸਿਖਾਂ ਦੇ ਵਾਸਤੇ ਰਾਛਸ ਇਸੀ ਤਰ੍ਹਾਂ ਰਹਾਂਗੇ, 'ਸਿੱਖ ਦੇ ਘਰ ਜੋ ਦੇਵੇ ਸੋ ਖਾਵਾਂਗੇ। ਏਕ ਦੇ ਪੀਛੇ ਬਹੁਤੇ ਕਿਉਂ ਮਾਰੇ। ਬਚਨ ਹੂਆ ਸਿੱਖ ਸਿਦਕ ਕਾ, ਭਾਈ ਕਲੂਕਾਲ ਹੈ। ਗੁਰੂ ਦੇ ਘਰ ਕਛੁ ਘਾਟਾ ਹੈਗਾ ਧਨ ਦਾ ? ਸਿੱਖ ਦੇ ਘਰ ਸੱਦੇ ਬਿਨਾ ਜਾਣਾ ਨਹੀਂ। ਮਸੰਦ ਬੰਦ ਹੂਏ, ਲਗੇ ਮਰਨ, ਤਾਂ ਫਰਿਆਦ ਕਰੈਂ ਮਾਤਾ ਪਾਸ ਜਾਇਕੈ। ਜੀ ਮਾਤਾ ਜੀ ! ਗੁਰੂ ਜੀ ਤਾਂ ਆਮਦਨ ਬੰਦ ਕੀਤੀ ਤਾਂ ਮਾਤਾ ਆਇ ਕੈ ਕਹਿਆ 'ਬੇਟਾ ! ਸੰਸਾਰ ਕਾ ਕਾਜ ਕਿਸ ਤਰ੍ਹਾਂ ਨਿਭੈਗਾ, ਸਿੱਖਾਂ ਦੇ ਲੰਗਰ ਦੀ ਕਿਸ ਤਰ੍ਹਾਂ ਹੋਵੈਗੀ, ਕਰੋਧ ਹੋਇਕੈ ਗੁਰੂ ਜੀ ਬੋਲੇ, ਨੱਯੜ ਉਜੜ ਦੀਏ੧ ਖਜ਼ਾਨਾ ਪਿਛਲਾ ਦੋਇ ਲਾਖ ਛੁਪਾਇ ਰਖਿਆ ਅਤੇ ਸਿੱਖਾਂ ਦਾ ਲੰਗਰ ਨਹੀਂ ਭਲਾ ਖਜ਼ਾਨੈ ਵਿਚ ਭਾਗ ਤੁਰਕਾਂ ਦਾ, ਵੈਰੀਆਂ ਦਾ। ਸਿੱਖੋ ! ਤੁਸੀਂ ਲੁਟ ਖਾਵੋ, ਸਿੱਖੀ ਪਿਥੀ। ਗੁਰੂ ਕਾ ਪਰਵਾਰ ਭੂਖਾ, ਜਾਵੋ ਜਿਧਰੋਂ ਕਿਧਰੋਂ ਖਾਇ ਲੈਣਾ। ਤਾਂ ਸਿੱਖਾਂ ਕਹਿਅ,'ਪਾਤਿਸ਼ਾਹ ! ਰਖੁ ਲੇਵੋ। ਬਚਨ ਹੋਇਆ ਭਾਈ ਬਾਬੇ ਨਾਨਕ ਜੀ ਕਾ ਬਚਨ ਹੈ। ਦਸ ਜਾਮੈ ਪਹਿਰਕੈ ਵਰਤਾਂਗਾ। ਭਾਣਾ ਇਸੀ ਤਰ੍ਹਾਂ ਹੋਵੈਗਾ।ਤਾਂ ਮਾਤਾ ਚੁਪੀਤੀ ਹੋਈ ਲਗੀ ਕਹਿਣ, ਹੁਣ ਭਲੀ ਵਿਚ ਬੁਰਾ ਸਰਾਪ ਹੋਇਆ। ਮੈਂ ਤਾਂ ਪੁੱਤ੍ਰ ਦਾ ਦਾਅਵਾ ਕਰਿਕੇ ਆਈ ਸਾਂ। ਬਚਨ ਹੋਇਆ, 'ਮਾਤਾ ! ਖਾਲਸੇ ਨੂੰ ਸਾਬਤ ਕਰੋ ਸਾਡੀ ਸਭ ਜੋਤਿ ਖਾਲਸੇ ਵਿਚ ਹੈ, ਖਾਲਸਾ ਭਲੀ ਕਰੈਗਾ।' ਤਾਂ ਮਾਤਾ ਗਈ। ਸਾਖੀ ਪੂਰੀ ਹੋਈ ਛਬੀਸਵੀਂ। ਬੋਲਹੁ ਭਾਈ ਜੀ ਵਾਹਿਗੁਰੂ।੨੬।

## ੨੭

ਪਿਛਲੀ ਰਾਤਿ ਸੁਣਿਆ, ਸੈਦੇ ਖਾਂ ਪਠਾਣ ਦੀ ਸਵਾ ਲਾਖ ਫ਼ੌਜ ਆਵੈਗੀ। ਤਾਂ ਸਿੱਖਾਂ ਕਿਹਾ,ਜੀ ਥਾਨੇਸਰ ਵਿਚ ਮੁਗ਼ਲਾਂ ਪਠਾਣਾਂ ਦੀ ਫ਼ੌਜ ਆਈ ਹੈ, ਕੱਲ ਆਵੈਗੀ। ਤਾਂ ਬਚਨ ਹੂਆ ਖਾਲਸਾ ਪਾਂਚ ਸੈ ਸਿੰਘ ਹੈ ਅਤੇ ਰਾਜਿਆਂ ਦੀ ਫ਼ੌਜ ਹੈ ਖਬਰਦਾਰੀ ਹੁੰਦੀ ਹੈ ਤਾਂ ਲੜੋ ਤਾਂ ਝਲਾਂਘ[੧] ਹੂਏ ਤੇ ਆਗੇ ਹੀ ਫ਼ੌਜਾਂ ਆਈਆਂ। ਮੇਮੂ ਖਾਂ ਪਠਾਣ ਚਾਕਰ ਗੁਰੂ ਕਾ ਸੌ ਆਦਮੀ ਦਾ ਜਮਾਦਾਰ ਬੋਲਿਆ, ਪਾਤਿਸ਼ਾਹ ! ਨਿਮਕ ਖਾਏ ਕੀ ਆਜ ਦੇਖੋ ਬਹਾਦਰੀ ਤਾਂ ਗੁਰੂ ਜੀ ਕਮਾਨ ਬਖਸ਼ੀ। ਅਤੇ ਕਹਿਆ, ਸਰੀਕ ਨੋ ਮਾਰਨਾ

ਹੀ ਭਲਾ ਹੈ ਸਵੇਰੇ ਹੀ ਜੁੱਧ ਮਚਾ, ਏਕ ਓਰ ਰਾਜਿਆਂ ਦੀਆਂ ਫ਼ੌਜਾਂ । ਤਾਂ ਖਾਲਸੇ ਕਹਿਆ ਸੱਚੇ ਪਾਤਿਸ਼ਾਹ ! ਖਰਚ ਲੜਾਈ ਦਾ ਥੋੜਾ ਹੈ , ਬਚਨ ਹੂਆ 'ਅੱਖੀ ਮੀਚੋ' ਖਾਲਸਾ ਜੀ ਤਾਂ ਅੱਖੀ ਮੀਚ ਕੇ ਲਗੇ ਦੇਖਣ, ਫ਼ੌਜਾਂ ਸਿੱਖਾਂ ਦੀਆਂ ਲਾਖਾਂ ਹੀ ਨਜ਼ਰ ਆਈਆਂ । ਅਤੇ ਰੇਤ ਪੱਥਰ ਦਾਰੂ ਸਿੱਕਾ, ਗੋਲੇ, ਗੋਲੀਆਂ ,ਤੀਰ ਤਰਗਸ਼ ਹੀ ਨਜ਼ਰ ਆਏ ਤਾਂ ਸਿੱਖਾਂ ਮੱਥਾ ਟੇਕਿਆ ਬਡੀ ਖੁਸ਼ੀ ਨਾਲਿ ਚਮਕੁ ਪੜੇ । ਆਪ ਰੋੜੀ ਪਰ ਬੈਠੇ ਦੇਖਣ ਲਗੇ। ਜੰਗ ਹੂਆ ਏਕ ਸਿੱਖ ਪਰ ਸੌ ਸੌ ਤੁਰਕ ਆਵੈ ।ਤਰਵਰੀ,ਕਟਾਰੀ ਤੀਰਾਂ ਕਾ ਜੁਧਸਹਿਬ ਸਿੰਘਧਾਇਅ ਬੜਾ ਕਰੁਧਾ, ਰਣਿ ਸਿੰਘ, ਦਇਆ ਸਿੰਘ, ਧਰਮ ਸਿੰਘ, ਸਿਯਾਮ ਸਿੰਘ, ਬੀਰ ਸਿੰਘ ਸਰਦਾਰਾਂ ਸਾਥ ਜੁਟੇ । ਤਾਂ ਸੈਦੇ ਖਾਂ ਸੁਣਦਾ ਸੀ ਜੋ ਗੁਰੂ ਕਾ ਬਦਨ ਬਡਾ ਸੋਹਣਾ ਹੈਗਾ, ਦਰਸ਼ਨ ਨੂੰ ਗੁੱਝਾ ਹੀ ਚਾਹੇ, ਤੁਰਕਾਂ ਥੀਂ ਡਰਦਾ, ਮਨ ਵਿਚ ਬਡੀ ਲੋੜ ਤਾਂ ਗੁਰੂ ਜੀ ਭਾਵਨਾ ਦੇਖਕੇ ਉਠ ਕੇ ਚੜ੍ਹ ਕੇ ਕਮਰ ਕਸੀ, ਆਗੈ ਆਇ ਕਹਿਆ-ਖਾਂਇ ਜੀ ! ਖਬਰਦਾਰ ਹੋਵੈ । ਸ਼ਸਤ੍ਰ ਸਮਾਲ ਖੜੇ ਹੋਵੋ । ਤਾਂ ਸੈਦੇ ਹੱਥ ਜੋੜ ਸਲਾਮ ਕੀਤੀ ਸੱਚੇ ਪਾਤਿਸ਼ਾਹ !

> ਖੁਦਇ ਦੀ ਖੁਦਾਈ ਦਾ ਬੇਜਿਨਸ ਬੰਦਾ ।
> ਐਨ ਬੇਜਿਨਸ ਖੁਦਾਈ ਮੁਰੀਦ ਜ਼ਿੰਦਾ ।

ਤਾਂ ਗੁਰੂ ਜੀ ਬੋਲੇ ।'ਖਾਂਇ ਜੀ ! ਡੇਰੇਦਾਰੀ, ਜੰਗ ਜਿਤਣ ਪਾਕਦਾਰੀ ।'ਤਾਂ ਆਇਕੈ ਪੈਰ ਪਕੜੇ । ਡੇਰੇ ਤੇ ਨਿਕਸ ਚਲਿਆ, ਫਕੀਰੀ ਪਾਇ ਲੀਤੀ, ਕਿਸੇ ਨਹੀਂ ਜਾਣਿਆ ਕਹਾਂ ਗਇਆ । ਰਮਜ਼ਾਨ ਬੇਗ ਧਾਇਆ ਦੇਖਕੇ, ਤਾਂ ਗੁਰੂ ਜੀ ਏਕ ਤੀਰ ਸਾਥਿ ਮਾਰਿਆ ਅਤੇ ਚਲੇ ਦੂਰ । ਖਾਲਸਾ ਲੜਦਾ ਜਾਵੈ ਅਤੇ ਭਾਗਦਾ ਜਾਵੈ । ਗੁਰੂ ਜੀ ਕਾ ਡੇਰਾ ਲੂਟਿਆ ਤੁਰਕਾਂ । ਲੂਟਕੇ ਮੁਗ਼ਲ ਖੁਸ਼ੀ ਹੂਏ । ਪਰ ਅੰਦਰ ਤੇ ਡਰੈ ।ਭਲਕੇ ਡੇਰਾ ਸਿਰੰਦ ਮੁੜਿ ਆਇਆ । ਪੀਛੈ ਸਿੱਖ ਗੁਰੂ ਜੀ ਨੋ ਜਾਇ ਮਿਲੈ , ਪਾਤਿਸ਼ਾਹ ਜੀ ! ਜੀਤ ਕੇ ਹਰਾਏ ,ਹੁਣ ਭੀ ਬਚਨ ਹੋਵੈ । ਬਚਨ ਹੋਇਆ ਸਿੱਖੋ ! ਹਮ ਆਪਣੇ ਅਧੀਨ ਨਹੀਂ, ਜਿਉਂ , ਜਿਉਂ ਤੁਸੀਂ ਸਾਡੇ ਵੱਸ ਹੋ, ਤਿਵੇਂ ਹਮ ਬੀ ਕਿਸੇ ਪੁਰਖ ਕੀ ਆਗਿਆ ਤੇ ਬਾਹਰੇ ਨਹੀਂ । ਸਲੋਕ ਪੜ੍ਹਿਆ :

> ''ਭੈ ਵਿਚਿ ਸੂਰਜੁ ਭੈ ਵਿਚਿ ਚੰਦ ॥
> ਕੋਹ ਕਰੋੜੀ ਚਲਤ ਨ ਅੰਤੁ ॥
> ਸਾਰਾ ਪੜ੍ਹਿ ਸੁਣਾਇਆ ਅਤੇ ਹੁਕਮ ਹੂਆ ।
> ਮੁਗ਼ਲ ਪਠਾਣ । ਦਿਲੀ ਲਗ ਹਾਣ ।

ਖਾਲਸਾ ਸਰਕਿਆ ਦੂਸਰੇ ਦਿਨ ਸਲੇਮਾਬਾਦ ਦੇ ਰਾਹਿ ਵਿਚ ਡੇਰਾ ਲੂਟਿਆ, ਮਾਰਿਆ। ਭਾਗ ਗਏ, ਦਿੱਲੀ ਪਹੁੰਚੇ ਭਗੇਲ ।

> ਸੁਣੀ ਨੁਰੰਗ । ਹੂਆ ਦਿਲ ਭੰਗ ।
> ਲੰਬੀ ਹਵਾਇ । ਸਿਰ ਧੁਨ ਪਛੁਤਾਇ ।

ਸਾਖੀ ਪੂਰੀ ਹੋਈ ਸਤਾਈਸਵੀਂ। ਬੋਲਹੁ ਭਾਈ ਜੀ ਵਾਹਿਗੁਰੂ ।੨੭।

## ੨੮

ਭਲਕੇ ਪਾਤਸਾਹਿ ਤੁਰਕ ਸਿਆਣੇ ਕਾਜ਼ੀ ਜੋੜਿ ਸਲਾਹ ਕਰਕੇ ਫ਼ੌਜ ਕੇ ਭਗੇਲ[1] ਬੁਲਾਇ ਪੂਛਿਆ, 'ਹਿੰਦੂ ਨੇ ਕਿਆ ਗਰਦੀ ਮਚਾਈ, ਕਿਤਨੀ ਫ਼ੌਜ, ਕੈਸਾ ਬਹਾਦਰ। ਕਿਆ ਸੀ ਤਰਫ ਫੈਸਲ ਬੰਦਾ ਪੀਰ ਮੁਰਸ਼ਦਿ।' ਤਾਂ ਅਹਿਦੀਏ ਬੋਲੇ। ਏਕ ਤੇ ਲਾਖ ਖਰਚੇ ਬਿਖੀਦਾਰ। ਐਨ ਹੁਸ਼ੀਆਰ ਉਮਰ ਬਰਖੁਰਦਾਰ ਸਿਰਦਾਰ, ਜ਼ਿੰਦਾ ਪੀਰ ਖਲਕ ਖਾਵੰਦ। ਬੰਦਾ ਬੇ ਪੀਰ ਬੋਲਿਆ ਤੁਰਕ ਮੁਰਦਮ ਆਖਰੀ ਬਹਿਨ ਸ਼ਾਦਿਮ। ਹਿੰਦੂ ਤਾਰੀਫ ਖੈਰ ਖਵਾਇ। ਮਜ਼ਬ ਹਵਾਇ ਖਾਰਜ ਕਰਦਮ। ਪਿਛੰ ਲਗਾ ਕਹਿਣ ਕਿਆ ਕਰੀਏ ਹੁਣ, ਬਰਾਬਰ ਨਹੀਂ, ਬ ਮੂਜਬ ਮਸ਼ਬ[2] ਨਹੀਂ, ਤਾਂ ਕਾਜ਼ੀ ਕਹਿਆ, ਮਹੁਬਤਿ ਕਰਿ ਬੁਲਾਈਏ, ਦੇਖੀਏ ਕੈਸਾ ਹੈ, ਸਭਨਾਂ ਬਾਤ ਕਾਜ਼ੀ ਦੀ ਖ਼ੂਬ ਜਾਣੀ। ਲਿਖੇ ਪਰਵਾਨੇ, 'ਪਾਤਿਸ਼ਾਈ ਏਕ ਹੈ , ਤੁਮ ਦੇਖਦੇ ਹੀ ਆਪਣਾ ਈਹਾਂ, ਹਮ ਤੁਮ ਮਜ਼ਬ ਏਕ। ਨਹੀਂ ਤੌਂ ਮੈਂ ਪਹੁੰਚਾਂਗਾ। ਜਹਾਨ ਵਿਚ ਕਰਾਮਾਤ ਫਕੀਰੀ ਕੀ ਜਾਤੀ ਰਹੇਗੀ। ਜੈਸੇ ਹੋਰ ਪੀਰ ਫਕੀਰ ਪਾਤਸ਼ਾਹੀ ਘਰ ਵਿਚ ਹੈਨ ਤੈਸੇ ਤੁਮ ਬੀ ਰਹੋ।' ਹੋਰ ਹਕੀਕਤਿ ਗਰਬ ਕੀ ਲਿਖੀ, ਤੌਰ ਪਾਤਸ਼ਾਹੀ ਕਾ। ਪਾਤਸ਼ਾਹੀ ਦਰਗਾਹਿ ਤੇ ਬਖਸ਼ ਹੈ ਹਮ ਕੋ ਸੁਣਿ ਕਰ ਗੁਬੂ ਜੀ ਬੁਲਾਇਕੈ ਤਬ। ਵਕੀਲਾਂ ਨੂੰ ਬਖਸ਼ੀਸ ਕੀਤੀ ਅਤੇ ਨਾਲ ਭੇਜਿਆ ਦਇਆ ਸਿੰਘ ਖਤ੍ਰੀ ਲਾਹੌਰ ਕਾ, ਧਰਮ ਸਿੰਘ ਆਗਰੇ ਕਾ, ਲਿਖਾ ਪਰਵਾਨਾ ਜੋਹਕੇ।

'ਨੁਰੰਗਸ਼ਾਹਿ ਬਾਦਸ਼ਾਹੀ ਫਕੀਰੀ ਕਰਾਮਾਤਿ ਅਜ਼ਮੂਦ ਚੂੰ, ਹਮਹ ਨੇਕੀ ਬਗੈਰ ਜਵਾਬ ਦਰਗਾਹਿ ਖਾਵੰਦਹਿ। ਸਾਤ ਅਜਬਾਂ ਲਿਖੀ ਮਲਕੀਅਤ ਖ਼ੁਦਾਇ। ਅਕਬਰ, ਸਿਕੰਦਰ ,ਹਮਾਯੂੰ, ਪਿਦਰ, ਪਰ ਦਰ ਨੂਰ ਬਲਕ ਚੀਂ ਖਾਂਵਦ। ਦਰ ਹਵਾਇ ਬਦਨ ਖਾਕ ਆਖਰ ਆਮਦਹਿ। ਚੂੰ ਤਕਬੀਰ ਦੁਨੀਆਂ ਬੰਧ ਰੋਜ਼ ਆਖਰ ਹਵਾਇ। ਸਾਫ਼ ਦਿਲ ਹਿਕ ਰੋਜ਼ ਨ ਕਰਦਮ। ਫਕੀਰੀ ਪਾਕ ਰਾਹ ਚੂੰ ਬੇਪਾਕ ਨ ਕਦਰ ਬਰੀਂ ਕਤ।'

ਤਾਂ ਆਪਣੀ ਬਚਨ-ਸ਼ਕਤਿ ਬਖਸ਼ੀ। ਸਿੱਖ ਚਲੇ ਜਾਇ ਪਹੁੰਚੇ। ਏਕ ਰਾਤਿ ਨੂੰ ਮੱਕੇ ਪਹੁੰਚ ਨੁਰੰਗ ਸ਼ਾਹ ਹਬਸਿ ਦਮ[1] ਕਰਕੇ। ਤਿਸ ਕੀ ਸੂਰਤਿ ਮਦ ਕੇ ਦੂਰ ਕਰਨੇ ਕੋ। ਇਕ ਦਿਨ ਗੁਰੂ ਜੀ ਕਮਰਕਸਾ ਕਸੀਂ ਮੱਕੇ ਪਹੁੰਚੇ ਉਸੀਂ ਤਰ੍ਹਾਂ। ਜਾਂ ਨਿਮਾਜ਼ ਕਰਕੇ ਹਟਾ ਅੰਦਹ ਤੇ, ਘੂਰਿਆ ਗੁਰੂ ਜੀ,'ਅਰੇ ! ਤੂੰ ਕਉਣ ਹੈਂ ?' ਅਗੇ ਧਰ ਲੇ ਚਲੇ, ਏਕ ਪਹਾੜੀ ਊਪਰਿ ਦੀਵਾਨ ਵਿਚ ਖੜਾ ਕੀਤਾ। ਡਰਦਾ ਖੜਾਂ ਹੋ ਰਹਿਆ। ਆਗੇ ਤੇ ਦੂਰੋਂ ਅਵਾਜ਼ ਆਈ। 'ਅਰੇ ਬੰਦੇ। ਮਤਿ ਸੂਰਜ ਦੋਖੈਂ ਫੇਰ ਗੁਰੂ ਕੀ,'ਹਮ ਗੁਰੂ, ਗੁਰੂ ਹਮ।' ਤੂੰ ਬੰਦਾ ਗੈਰ ਬਰਾਬਰ ਮਤ ਕਰ ਦਮ।' ਛੋਡ ਦੇਵੋ ਜੀ,

ਮਸਲੰਦੀਆਂ[2] ਛੁਡਾਇਆ। ਤਾਂ ਬਾਹਰਿ ਆਇਆ, ਆਇਕੈ ਗੁਰੂ ਜੀ ਤੀਰ ਕਾ ਕਪੀਰਾ[3] ਦੀਆ,ਹਮਰਾ ਸਮਾਲਕੈ ਰਖਣਾ। ਹਮ ਜਬ ਮੰਗਵਾਈਏਗਾ ਤਾਂ ਦੇਣਾ। ਤਾਂ ਛੋਡਿਆ ਜਾਂ ਗਿਆ ਸਰੀਰ ਕੰਬਿਆ। ਸਵੇਰੇ ਸਭੁ ਕਿਛੁ ਬਦਨ ਪਾਕ ਬੈਠਾ। ਉਮਰਾਓ, ਵਜ਼ੀਰ, ਮਸਲੰਦੀ ਸਭ ਆਏ। ਸਲਾਮੀ ਹੋਇਕੇ ਲਗੇ ਬੈਠਨ। ਤਾਂ ਦਇਆ ਸਿੰਘ ਤੇ ਧਰਮ ਸਿੰਘ ਬੁਲਾਇ ਆਣੇ, ਹਜ਼ੂਰ ਪਰਵਾਨਾ ਦੇ ਕੇ ਬੋਲੇ, ਵਾਹਿਗੁਰੂ ਜੀ ਕੀ ਫਤੇ, ਸੱਚੇ ਗੁਰੂ ਜੀ ਕੀ ਤਲਬ ਪਰਵਾਨਾ ਦੇ ਕੇ ਬੋਲੇ, ਵਾਹਿਗੁਰੂ ਜੀ ਕੀ ਫਤੇ, ਸੱਚੇ ਗੁਰੂ ਜੀ ਕੀ ਤਲਬ ਪਰਵਾਨਾ ਦੇ ਕੇ ਬੁਲਾਈ। ਪਰਵਾਨਾ ਅਗਾੜੀ ਕਰ ਲੀਆ, ਸਿਖੀ ਸਾਬਤ ਕਰ ਦਿਖਾਈ। ਨੁਰੰਗਾ ਕੁਛ ਨਹੀਂ ਬੋਲਾ। ਪਰਵਾਨਾ ਪੜ੍ਹਾਇਆ, ਵਿਚੇਂ ਪੜ੍ਹਿਆ,'ਅਮਾਨ ਦੇ ਦੇਣੀ'ਗੱਝਾ ਪੜ੍ਹਿਆ ਸੀ। ਤਾਂ ਬੋਲਿਆ,'ਤੁਮ ਕੌਨ ਹੋ?' ਦਇਆ ਸਿੰਘ ਬੋਲਾ 'ਗੁਰੂ ਕਾ ਸਿੱਖ।'ਪੂਛਿਆ,'ਗੁਰੂ ਕਹਾਂ ਹੈ ?' ਤਾਂ ਉੱਤਰ,'ਗੁਰੂ ਤੇਰੇ ਅਗਾੜੀ।' ਬੋਲਿਆ, ਤੁਸੀ ਕਰਾਮਾਤੀ। ਉੱਤਰ-ਗੁਰੂ ਕੇ ਕੁੱਤੇ ਬੀ ਕਰਾਮਾਤੀ। ਤਾਂ ਬੋਲਿਆ, ਏਕ ਕੁੱਤਾ ਸਾਨੂੰ ਭੀ ਮੰਗਵਾਇ ਦੇਵਣਾ ਤਾਂ ਡੇਰੇ ਤੇ ਕੁੱਤਾ ਮੰਗਵਾਇਆ ਸ਼ਿਕਾਰੀ ਤਾਂ ਕੁੱਤਾ ਖੜਾ ਹੂਆ। ਉਸ ਕੁੱਤੇ ਬੋਲਿਆ ਆਪਣਾ ਸ਼ਬਦ, ਪਾਤਸ਼ਾਹੀ ਸਮਝਿਆ, ਤੂੰ ਹਮਾਰੀ ਜਾਤ ਤੇ ਬਿਛੜਾ ਦੁਖੀ ਹੋਵੈਂਗਾ, ਆਇ ਮੇਰੇ ਪਾਸ ਤੈਨੂੰ ਮਨੁੱਖਾਂ ਦਾ ਸ਼ਹੂਰ ਨਹੀਂ। ਪਾਤਿਸ਼ਾਹਿ ਸ਼ਰਮਿੰਦਾ ਹੋ ਕੇ ਬੋਲਿਆ, ਉਮਰਾਓ ਮਸਲੰਦੀਆਂ ਨੂੰ ਵਿਦਾਇ ਦੇ ਕਰਕੇ। ਖਾਲਸਾ ਹੂਆ ਪਰ ਮੇਰੀ ਪਾਤਸ਼ਾਹੀ ਵਿਚ ਕਿਉਂ ਹੂਆ, ਕਾਹਲੀ ਕਰੀ। ਤਾਂ ਦਇਆ ਸਿੰਘ ਬੋਲਿਆ, 'ਤਮ ਬੀ ਕਾਹਲੀ ਕਰੀ , ਮਜ਼੍ਹਬ ਏਕ ਲਗੇ ਕਰਨੇ। ਗੁਰੂ ਕੇ ਤੀਸਰਾ ਖੜਾ ਕੀਤਾ।' ਤਾਂ ਨੁਰੰਗਾ ਬੋਲਿਆ, ਗੁਰੂ ਤੁਮ੍ਹਾਰਾ ਕਿਆ ਕਾਮ ਕਰਤਾ ਹੈ ? ਦਇਆ ਸਿੰਘ ਕਹਿਆ, 'ਸ਼ਸਤ੍ਰ ਏਕਠੇ ਕਰਦੇ ਹੈਨ।' ਤੁਮਾਰੇ ਪਾਸ ਬੀ ਸ਼ਸਤ੍ਰ ਫੁਰਮਾਇਆ ਹੈ। ਤਾਂ ਨੁਰੰਗਸ਼ਾਹਿ ਕਹਿਆ।

ਕਪੀਜਾ[4] ਆਮਦਹਿ ਮੁਸਾਫਰਹਿ।

ਉੱਤਰ : ਪਾਤਸ਼ਾਹੀ ਫ਼ਾਰਖਤਿ ਬਾਉਮੈਦ ਆਮਦਹਿ। ਤਾਂ ਕਢਿ ਦੀਆ-ਅਤੇ ਕਹਿਆ।

-ਬਰਾਦਰੀ ਦਾਅਵਾ ਦਇਆ ਸਿੰਘ ਗੁਰੂ ਚਸ਼ਮ ਦੀਦਮਹਿ।

ਉਤੱਰ : ਸੈਫ ਕਮਾਨ ਕਸਹਿ ਜੰਗ ਦਰਿ ਗੁਰੂ ਆਮਦਹਿ ਜ਼ਰੂਰ ਬਹਾਦਰਹਿ ਬੋਲਾ- 'ਫ਼ੌਜ ਹਮਹ ਰਯਤਹਿ ਕਰਦਮਹਿ।

ਉਤੱਰ : ਇਲਾਈ ਅਜ਼ਗੈਬ ਫ਼ੌਜ ਜ਼ਰ ਆਮਦਹਿ।

ਆਮਦਹਿ ਰੋਜ਼ ਫੈਲ ਦਹਿ ਮੱਕੇ ਪਾਤਸ਼ਾਹਿ ਸਚਹਾ।

ਕਾਗਦ ਦੇ ਕੇ ਵਿਦਾਇ ਕੀਤੇ।

ਹਲੀਮੀ ਜ਼ਾਰ ਮਕੈ ਭਾਰੀ ਫ਼ਜ਼ੀਹਤਹਿ।

ਖਾਲਸਹਿ ਦਰ ਹਮਹਿ ਸਿਖ ਜ਼ਰੀਂਅਤ ਕਸਾਬਾਸਤਹਿ।

ਖਾਲਸਾਹਿ ਫਿਜ਼ੀਅਤੁ ਦਰ ਆਮਦਹਿ ਰੋਜ਼ ਆਨੀਅਤਹਿ ।

ਤਾਂ ਆਦਰ ਭੇਟ ਲੈ ਕੇ ਆਏ, ਕਪੀਰਾ ਦੀਆ । ਸਿੱਖਾਂ ਪੁਛਿਆ, ਏਹ ਕਿਆ ਹੈ ? ਤਾਂ ਗੁਰੂ ਜ਼ਾਹਰ ਕਰ ਪੁਛਾਈ । ਦਇਆ ਸਿੰਘ ਸੁਣਾਈ । ਸਾਖੀ ਅਠਾਈਸਵੀਂ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੨੮।

## ੨੯

ਏਕ ਵੇਰ ਗੁਰੂ ਜੀ ਕੇ ਹਜ਼ੂਰ ਇਕ ਸਿੱਖ ਨੇ ਬੇਨਤੀ ਕਰੀ 'ਜੀ ਸਚੇ ਪਾਤਿਸ਼ਾਹ ! ਮੈਂ ਸੰਸਾਰ ਵਲੋਂ ਦੁਖੀ ਹਾਂ, ਮੇਰੀ ਕਲਿਆਨ ਕਰੋ, ਮੇਰਾ ਜਨਮ ਮਰਨ ਕਾ ਦੁਖ ਦੂਰ ਕਰੋ । ਪਾਪਾਂ ਤੇ ਰਖ ਲੇਵੋ, ਮੈਂ ਤੁਹਾਡੀ ਸਰਣਿ ਆਣ ਪਕੜੀ ਹੈ, ਮੈਂ ਪੜ੍ਹਿਆ ਨਹੀਂ ।' ਤਾਂ ਗੁਰੂ ਜੀ ਬਚਨ ਕੀਤਾ, 'ਭਾਈ ਸਿੱਖਾ ! ਤੂੰ ਧੰਨ ਹੈਂ, ਤੈਨੂੰ ਵੈਰਾਗ ਹੂਆ ਹੈ, ਭਾਈ ਸਿੱਖਾ !'ਮੂਰਖ ਨੂੰ ਸਮਝ ਨਹੀਂ ਪੜ੍ਹੇ ਬਿਨਾਂ, ਭਵੇਂ ਥੋੜਾ ਭਾਵੇਂ ਬਹੁਤਾ, ਕਿਛ ਪੜ੍ਹਿਆ ਚਾਹੀਏ ।

ਅਨਪੜਿਆ ਅੰਧੀ ਜੁ ਚਲੈ ਸਮਝ ਨ ਆਵੈ ਕਾਇ ।<br>ਬਾਣੀ ਜਿਨਕੀ ਸੁਧ ਹੈ ਤਿਸੈ ਮਿਲੈ ਹਰਿਰਾਇ ।

ਭਾਈ ਤੂੰ ਪੜ੍ਹਿਆ ਕਰ । ਤਾਂ ਗੁਰੂ ਜੀ ਇੱਕ ਸਿੱਖ ਪੜ੍ਹੇ ਹੋਏ ਨੂੰ ਸੌਂਪਿਆ ਅਤੇ ਕਹਿਆ ਇਸ ਸਿੱਖ ਨੂੰ ਲਗਾ ਪੜ੍ਹਾਵਨ, ਬਾਣੀ । ਵਿਚੋਂ ਅਨੰਦ ਜੀ ਕੀ ਤੁਕ ਪੜ੍ਹਾਈ ।

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥

ਇਹ ਤੁਕ ਪੜ੍ਹੀ ਪ੍ਰੇਮ ਸਾਥ, ਪੜ੍ਹਦਾ ਹੀ ਡੇਰੇ ਗਇਆ , ਲੰਗਰੋਂ ਕਦੇ ਪ੍ਰਸਾਦ ਛਕ ਜਾਵੈ । ਇਸੀ ਤੁਕ ਪੜ੍ਹਦਿਆਂ ਪ੍ਰਤੀਤਿ ਵਧ ਗਈ । ਜਾਂ ਮਹੀਨੇ ਛਿਯ ਬੀਤੈ । ਗੁਰੂ ਜੀ ਗ੍ਰੰਥੀ ਨੂੰ ਪੁਛਿਆ,'ਕੁਝ ਪੜ੍ਹਿਆ ?' ਤਾਂ ਗ੍ਰੰਥੀ ਕਹਿਆ, ਉਹ ਏਕ ਤੁਕ ਪੜ੍ਹ ਕਰਿ ਫੇਰ ਨਹੀਂ ਆਇਆ । ਤਾਂ ਗੁਰੂ ਜੀ ਸਿੱਖ ਭੇਜ ਕੈ ਬੁਲਾਇਆ ਅਤੇ ਪੁਛਿਆ'ਸਿੱਖਾ ! ਤੂੰ ਤਾਂ ਪੜ੍ਹਨ ਭੇਜਿਆ ਸੀ ।' ਤਾਂ ਸਿੱਖ ਨੈ ਹੱਥ ਜੋੜ ਕੇ ਕਹਿਆ 'ਗੁਰੂ ਜੀ ! ਇਕ ਤੁਕ ਹੀ ਬਹੁਤ ਹੈ । ਅੰਨਦ ਹੂਆ ਜਬ ਤਬ ਸਤਿਗੁਰ ਪਾਇ ਲੀਆ । ਪਿਛੋਂ ਹੋਰ ਪੜ੍ਹਨਾ ਬੇਮੁਖਾਂ ਦਾ ਹੈ ।

ਤਾਂ ਹਸਿ ਕਰ ਰਾਜ਼ੀ ਹੋ ਬੋਲੇ,'ਨਿਹਾਲ ਹੂਆ ਸਿੱਖ । ਤੇਰਾ ਜਨਮ ਮਰਣ ਕਟਿਆ ।' ਸਾਖੀ ਪੂਰੀ ਹੋਈ ਉਣਤੀਸਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੨੯।

ਏਕ ਬੇਰ ਗੁਰੂ ਜੀ ਬੋਲੇ, ਹਰਿ ਚਰਚਾ ਹੁੰਦੀ ਸੀ । ਭਾਈ ਕਬੀਰ ਜਦ ਹੂਆ ਤਾਂ ਪਾਤਸ਼ਾਹ ਕਿਹੜਾ ਸੀ ? ਤਾਂ ਬੁੱਢੇ ਪਰਾਤਮੀ ਬੋਲੇ ਹਮਾਂਊ ਏਕ ਬੋਲੇ ਪਿਥੋਰਾ, ਏਕ ਬੋਲੇ ਸਿੰਕਦਰ, ਏਕ ਬੋਲੇ ਮਦਨਪਾਲ ਰਾਜਾ ਥਾ, ਉਜੈਨੀਯੋਂ ਕਾ ਰਾਜਾ ਸੀ । ਬਡਾ ਚਿਰ ਹੂਆ ਝਗੜਾ ਵਧਿਆ ਪਰ ਨਿਰਾਸ਼ਾ ਨਹੀਂ ਹੋਈ । ਤਾਂ ਗੁਰੂ ਜੀ ਸੁਣਦੇ ਰਹੇ ।

ਅਪੜ ਕਿਵ ਨਹੀਂ ਸਕੀਐ ਹਰਿ ਜਨ ਹੈਂ ਊਚੇ ।
ਜਾਤ ਵਰਣ ਪਾਤਸ਼ਾਹੀਆਂ ਸਭ ਹੀ ਰਹੈਂ ਨੀਚੇ ।

ਤਾਂ ਸਬੀ ਲੋਕ ਚੁਪਾਤੇ ਹੂਏ । ਸਿੱਖਾਂ ਪੁਛਿਆ ਸੱਚੇ ਪਾਤਿਸ਼ਾਹ ! ਕਿਉਂ ਪੁਛਿਆ, ਅਤੇ ਆਪ ਹੀ ਕਹੋ । ਤਾਂ ਗੁਰੂ ਜੀ ਬੋਲੇ, ਸਿੱਖੋ ! ਨਾਮ ਕੀ ਮਹਿਮਾ ਐਸੀ ਹੈ । ਕਬੀਰ ਜੁਲਾਹਾ ਕੰਗਾਲ ਉਸਨੂੰ ਸਭ ਕੋਈ ਜਾਣਦਾ ਹੈ । ਅਤੇ ਪਾਤਸ਼ਾਹ ਲੱਖਾਂ ਦੌਲਤਾਂ ਜਹਾਨ ਦੀ ਪਾਤਸ਼ਾਹੀ ਵਾਲਾ ਉਸਨੂੰ ਜਾਣਦਾ ਕੋਈ ਨਹੀਂ । ਦੇਖੋ ਨਾਮ ਦੀ ਮਹਿਮਾ ਕਬੀਰ ਦੀ ਵੇਰੀ ਪੰਡਤ, ਸ਼ਾਹ, ਜੋਤਸ਼ੀ, ਵੈਦ, ਰਾਜਾ, ਪਾਤਸ਼ਾਹ ਹਜ਼ਾਰਾਂ ਹੀ ਹੂਏ ਪਰ ਜਾਣੇ ਨਹੀਂ ਜਾਂਦੇ । ਨਾਮ ਕਾ ਪ੍ਰਤਾਪ ਐਸਾ, ਕਬੀਰ ਨੋ ਗਿਆਨੀ ਸਿਧ ਪੁਕਾਰਦੇ ਹੈਂ । ਧੰਨ ਨਾਮ ਹੈ, ਸਿੱਖੋ ! ਸ਼ਾਹ ਸਕੰਦਰ ਹੈ ਸੀ । ਗਰਜ ਕੇ ਹਿੰਦ ਜੀਤੀ ਸੀ । ਉਸ ਕਰਾਮਾਤ ਦੇਖਕੇ ਸਲਾਮ ਕਦਮ-ਬੰਦਗੀ ਕਰੀ ਸੀ ।ਸਿੱਖੋ ! ਨਾਮ ਜਪੈ ਸੋ ਗੁਰੂ ਕਾ ਸਿੱਖ । ਨਾਮ ਜਪਣਾ ਅਤੇ ਟਹਿਲ ਕਰਣੀ ਹੱਥਾਂ ਸਿਉਂ । ਸਾਖੀ ਪੂਰੀ ਹੋਈ ਤੀਸਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੩੦।

## ੩੧

ਏਕ ਬੇਰ ਗੁਰੂ ਜੀ ਦੀਵਾਨ ਵਿਚ ਬੈਠੇ ਥੇ । ਏਕ ਸਿੱਖ ਕਹਿਆ ਤਰਣ ਦਾ ਉਪਾਇ ਸੁਖਾਲਾ ਗੁਰੂ ਜੀ ਕਹੀਏ । ਸ਼ਾਸਤ੍ਰ ਪੰਡਿਤ ਵਿਖਮ ਮਾਰਗ ਬਤਾਂਵਦੇ ਹੈਨ ਤਾਂ ਗੁਰੂ ਜੀ ਬਚਨ ਕੀਤਾ, ਤਰਣੁ ਬਹੁਤ ਸੁਖਾਲਾ ਹੈ ।

ਧੰਧਾ ਧਾਵਤ ਰਹਿ ਗਇਆ ।
ਫੇਰ ਕਹਿਆ:
ਮਨ ਸੀਤਲ ਭਇਆ ।
ਤੀਜਾ 'ਭਾਂਭੀਰੀ ਕੇ ਪਾਤ ਪਾਰਦੋ ਬਿਨੁ ਪੇਖੇ ਦੂਰਾਇਓ ॥

ਬਚਨ ਹੂਆ ਸਿੱਖਾ ! ਰਾਮ ਕਹਿਆ ਕਰ, ਪਿਛਲੇ ਪਾਪ ਕਟੈਂਗੇ, ਅਤੇ ਮਰਣ ਚਿਤ ਰਖਣਾ ਅੱਗੇ ਪਾਪ ਨਹੀਂ ਹੋਣੇ ਕੇ ।' ਸਾਖੀ ਪੂਰੀ ਹੋਈ ਇਕਤੀਸਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੪੧।

ਏਕ ਬੇਰ ਏਕ ਸਿੱਖ ਨੂੰ ਤੁਰਕ ਪਕੜਿ ਲੈ ਗਏ, ਜਾ ਕਰ ਸੁੰਨਤ ਕਰੀ ਅਤੇ ਕਲਮਾ ਪੜ੍ਹਾਇਆ, ਸ਼ਰ੍ਹਾਂ ਕੀਤੀ। ਕੇਸ ਦੂਰ ਕਰ ਦੀਏ। ਪਰ ਸਿਖ ਦਾ ਮਨ ਨਾ ਡੁਲਿਆ। ਲਗਾ ਅੰਦਰ ਗੁਰੂ ਗੁਰੂ ਜਪਣ। ਖਾਣਾ ਭੀ ਖਪਾ ਦਿਤਾ, ਗੁਸਲ ਕੀਆ, ਸ਼ਰ੍ਹਾ ਕਰਿਕੇ ਛੋਡ ਦੀਆ। ਰਹਿਰਾਸ ਦੇ ਵੇਲੇ ਸਿੱਖ ਆਇ ਹਜ਼ੂਰ ਮੱਥਾ ਟੇਕਿਆ, ਤੇ ਕਹਿਆ ਜੀ ਪਾਤਿਸ਼ਾਹ! ਮੈਂ ਸਿੱਖ ਹਾਂ। ਲੜਾਈ ਵਿਚ ਮੈਂ ਲੜਦਾ ਡਿਗ ਪਇਆ ਅਤੇ ਬਿਹੋਸ਼ ਹੀ ਹੋਇ ਗਇਆ, ਤਾਂ ਮੈਨੂੰ ਤੁਰਕ ਲੈ ਗਏ। ਜਾਇ ਕੇ ਸ਼ਰ੍ਹਾਂ ਕੀਤੀ ਹੁਣ ਮੈਂ ਕੀ ਕਰਾਂ ਧਰਮ ਸਿੱਖੀ ਦਾ ਜਿਵੈਂ ਮੇਰਾ ਰਹੇ, ਤਿਵੈਂ ਰਖਿਆ ਕਰੋ। ਨਹੀਂ ਤਾਂ ਮੈਂ ਚਿਖਾ ਬਣਾਇ ਕਰ ਸੜਾਂਗਾ। ਕੀਕੂੰ ਕੀਤਾ ਸ਼ਰ੍ਹਾਂ? ਗੁਰੂ ਜੀ ਕਹਿਆ। ਤਾਂ ਸਿੱਖ ਬੋਲਿਆ, ਮੇਰੀ ਸੁੰਨਤ ਕਰੀ ਅਤੇ ਕਲਮਾ ਨਿਵਾਜ਼ ਖਾਣਾ ਖਵਾਇਆ, ਕੇਸਾਂ ਦੀ ਬੇਅਦਬੀ ਕਰੀ। ਤਾਂ ਗੁਰੂ ਜੀ ਬਚਨ ਕੀਤਾ,'ਤੂੰ ਸਿੱਖਾ! ਮੁਸਲੀ ਦਾ ਸੰਗ ਤਾਂ ਨਹੀਂ ਕਰਿਆ? ਕਹੁ ਸਚ,' ਤਾਂ ਸਿੱਖ ਬੋਲਿਆ, ਜੀ ਨਹੀਂ, ਸੰਗ ਤੇ ਬਚਾਇਆ ਤੁਸਾਂ। ਬਚਨ ਹੂਆ ਪ੍ਰਸਾਦ ਕਰਵਾਇਕੈ ਕੜਾਹ ਪ੍ਰਸਾਦ ਵੰਡ ਦੇਹਿ, ਸਿਖਾਂ ਨੂੰ ਛਕਾਇ ਦੇਹ। ਤੂੰ ਖਰਾ ਸਿੱਖ, ਤੇਰੀ ਭੁਜਾ ਗੁਰੂ ਕਿਆਂ ਪਕੜੀ। ਤਾਂ ਸਿੱਖਾਂ ਹਜ਼ੂਰ ਕਿਆਂ ਪੁੱਛਣਾ ਕੀਤਾ। ਪਾਤਿਸ਼ਾਹ ਮੁਸਲਮਾਨ ਕਿਕੂੰ ਹੁੰਦਾ ਹੈ ਅਕੇ ਨਹੀਂ ਹੁੰਦਾ,ਤਾਂ ਗੁਰੂ ਜੀ ਬਚਨ ਕੀਤਾ ਜ਼ੋਰ ਕੀ ਸ਼ਰ੍ਹਾਂ ਵੈਰੀ ਕਰਦੇ ਆਹੇ। ਇਨ੍ਹਾਂ ਗੱਲਾਂ ਅਤੇ ਸੁੰਨਤਾਂ ਤੇ ਮੁਸਲਮਾਨ ਨਹੀਂ ਹੁੰਦਾ। ਸਿੱਖੋ! ਕਾਮੀ ਹੋਇਕੈ ਜਦ ਸੰਗ ਕਰਦਾ ਹੈ ਤਾਂ ਮਨ ਰਲ ਜਾਂਦਾ ਹੈ, ਤਾਂ ਹੀ ਮੁਸਲਮਾਨ ਹੁੰਦਾ ਹੈ ਮਨ ਹੀ ਕਾਰਣ ਹੈ, ਜ਼ੋਰ ਤੇ ਭਾਵਨਾ ਨਹੀਂ ਫਿਰਦੀ। ਜੋ ਮੇਰਾ ਸਿੱਖ ਮੁਸਲਮਾਨੀ ਤੀਵੀਂ ਸਾਥਿ ਏਕ ਵਾਰ ਭੋਗੈਗਾ ਸੋ ਸਿੱਖ ਨਹੀਂ। ਹਿੰਦੂ ਧਰਮ ਵਾਲਾ ਤੁਰਕਣੀ ਤੇ ਬਚੈਗਾ, ਸੋ ਤਰਿਆ ਜਾਣੀਐ। ਜੋ ਬਿਗਾਨੀ ਨਾਰੀ ਭੋਗਕੇ ਪਛਤਾਇਕੈ ਪ੍ਰਾਸ਼ਚਿਤ ਕਰਵਾਇ ਦੇਵੈ, ਅਥਵਾ ਗੁਰੂ ਕਿਆਂ ਸਿੱਖਾਂ ਤੇ ਬਖਸ਼ਾਵੈ ਸੋ ਤੋ ਬਖਸ਼ਿਆ ਜਾਵੈ, ਅਤੇ ਮੁਸਲਮਾਨੀ ਭੋਗਣ ਵਾਲਾ ਮੁਸਲਮਾਨ ਹੁੰਦਾ ਹੈ, ਕਦੇ ਨ ਬਖਸ਼ੀਏਗਾ। ਜੇਕਰ ਅਣਜਾਣ ਪਹਿਲਾਂ ਭੁਲੇ ਅਤੇ ਪਿਛੋਂ ਸਿੱਖ ਹੋਵੇ ਤਾਂ ਭੀ ਛੁੱਟਾ ਤਾਂ ਸਿੱਖਾਂ ਪੁਛਿਆ ਜੀ ਪਾਤਸ਼ਾਹ। ਤੁਰਕ ਹਿੰਦਵਾਣੀਆਂ ਨੂੰ ਭਗਦੇ ਹੈਂ, ਸਿੱਖ ਬਦਲਾ ਕਰਨ ਤਾਂ ਭਲਾ ਹੈ। ਕਿਉਂ ਮਨ੍ਹੇ ਕਰਿਆ ਗੁਰਾਂ ,ਸ਼ਾਸਤ੍ਰਾਂ। ਤਾਂ ਬਚਨ ਕੀਤਾ,'ਭਾਈ ਸਿੱਖੋ! ਇਹ ਪੰਥ ਅਸਾਂ ਉਚਾ ਖੜਨਾ ਹੈ, ਨੀਵਾਂ ਤਾਂ ਨਹੀਂ ਖੜਨਾ।' ਅਤੇ ਮੁਹੰਮਦ ਨੇ ਭੂਤਾਂ ਦਾ ਪੰਥ ਸਮਾਲਿਆ ਹੈਗਾ, ਏਸ ਤੇ ਨੀਚ ਕੀ ਰੀਸ ਨਹੀਂ ਕਰਨੀ। ਬਚਨ ਸ਼ਾਸਤਰੋਂ ਕਾ, ਗੁਰੂ ਜੀ ਕਾ ਆਸ਼ਰਮਾਂ ਤੈ ਮਾਨਣਾਂ ਹੀ ਜੋਗ ਹੈ। ਸਾਖੀ ਪੂਰੀ ਹੋਈ ਬਤੀਸਵੀਂ। ਬੋਲਹੁ ਭਾਈ ਜੀ ਵਾਹਿਗੁਰੂ।੩੨।

## ੩੩

ਏਕ ਬੇਰ ਗੁਰੂ ਜੀ ਬੈਠੇ ਥੇ, ਤਾਂ ਹੋਲਾਂ ਕੀਆ । ਗਿਆਨੀਆਂ ਧਿਆਨੀਆਂ ਸਿੱਖਾਂ ਬਡਾ ਕੰਤੂਹਲ[1] ਕੀਆ । ਰੰਗ ਰਾਗ, ਤਮਾਸ਼ੇ ਸ੍ਵਾਂਗ ਕਰ ਕਰ ਲਿਆਵੈਂ ਗੁਰੂ ਕੇ ਪਾਸ । ਗੁਰੂ ਜੀ ਦੇਖੈਂ ਜਗਤ ਕੀ ਕਿਰਿਆ । ਤਾਂ ਹੋਲੀ ਪਿਛੋਂ ਲੋਕਾਂ ਸੰਗਤਿ ਦਿਆਂ ਬੇਨਤੀ ਕੀਤੀ । ਜੀ ਸੱਚੇ ਪਾਤਿਸ਼ਾਹ ! ਬਡਾ ਉਤਸ਼ਾਹ ਹੂਆ । ਇਸ ਮੇਲੇ ਵਿਚ ਦੋ ਸਿੱਖਣੀਆਂ ਸੰਗਤ ਦੀਆਂ ਵਗ ਗਈਆਂ ।[2] ਤਾਂ ਬਚਨ ਹੂਆ, ਏਹ ਮੇਲੇ ਏਸੇ ਵਾਸਤੇ ਬਣੇ ਹੈਨ, ਏਕ ਲਾਭ ਦਰਸ਼ਨ ਕਰਨਾ ਸਤਿਪੁਰਖਾਂ ਦਾ, ਉਹ ਭੀ ਤੀਰਥ ਉਤਸ਼ਾਹ ਮਹੋਛਿਆਂ[3] ਵਿਚ ਆਂਵਦੇ ਹੈਨ, ਜੀਆਂ ਦਾ ਸੁਭਾਵ ਪਰਖਣ ਅਤੇ ਪਾਪ ਨਿਵਾਰਣ ਸ਼ਰਧਾ ਵਾਲਿਆਂ ਦੇ। ਅਤੇ ਵਿਗੜ ਬਹੁਤੇ ਜਾਂਦੇ ਹੈਨ । ਕੋਈ ਕੋਈ ਫਲ ਖੱਟ ਲੈ ਜਾਂਦੇ ਹੈਨ, ਸਿੱਖੋ ! ਗੁਰੂ ਜੀ ਕੀ ਪ੍ਰਸੰਨਤਾ ਸਦਾ ਏਕ ਰਸ ਹੈ ।

ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥

ਭਾਈ ਮਰ ਜਾਣਾ ਤੇ ਮਾਣ ਕੇਹਾ । ਜਿਨ੍ਹਾਂ ਨੂੰ ਲਿਵੇ ਲਗ ਰਹੀ ਹੈ, ਤਿਨਾਂ ਨੂੰ ਕਿਛੁ ਭਲਾ ਨਹੀਂ ਲਗਦਾ । ਗੁਰੂ ਕਾ ਦਰਬਾਰ ਸ਼ੀਸ਼ੇ ਨੂੰ ਹਰਖ ਸੋਗ ਨਹੀਂ । ਤਿਵੇਂ ਗੁਰੂ ਕੇ ਮਹਾਂਪੁਰਖਾਂ ਦਾ ਚਲਣ ਹੈ । ਜੈਸਾ ਜੈਸਾ ਕਰ ਦੇਖੈ ਤੈਸਾ ਭਾਵ ਪੂਰਾ ਹੁੰਦਾ ਹੈ, ਪਰ ਐਸਾ ਨਾ ਜਾਨਣਾ ਹਿੰਦੂਆ ਕੇ ਬਡੇ ਰਾਹਿ ਵਿਗਾੜ ਗਏ ਅਤੇ ਮੁਸਲਮਾਨ ਰਾਹ ਸਵਾਰ ਗਏ ਹੈਨ । ਜਾਂ ਦਿਨ ਆਂਵਦਾ ਪੀਰਾਂ ਫਕੀਰਾਂ ਦਾ ਤਾਂ ਰੁਦਨ ਕਰਦੇ ਹੈਨ । ਕਹਿੰਦੇ ਹੈਨ ਹਮਾਰੇ ਬਡੇ ਐਸੀ ਕਰ ਗਏ ਹੈਨ, ਹਮ ਸੋ ਬੇਨਤੀ ਨਹੀਂ, ਹਮ ਗਾਫ਼ਲ ਹਾਂ, ਖ਼ੁਦਾ ! ਤੇਰੇ ਪਨਾਹ ! ਰੱਖ ਲੇਵੀਂ, ਅਤੇ ਹਿੰਦੂਆਂ ਦੇ ਦਿਨ ਹੋਲੀ ਲੋਹੜੀ, ਦੀਵਾਲੀ ਹੋਰ ਤਿਉਹਾਰਾਂ ਦੇ ਦਿਹਾੜੇ ਆਂਵਦੇ ਹੈਨ ਤਾਂ ਖਰਾਬ ਤੀਆਂ ਅਤੇ ਗਾਲ੍ਹੀ, ਨਾਰੀ ਪੁਰਖ ਬਿਲੱਜ ਹੋਂਦੇ ਹੈਨ, ਸਿੱਖੋ ! ਬੰਦਗੀ ਵਾਲੇ ਦੂਹਾਂ ਜਹਾਨਾਂ ਦੇ ਸੁਖੀ । ਅਤੇ ਆਪਣੀ ਆਪਣੀ ਸ਼ਰ੍ਹਾ ਵਿਚ ਬੱਧੇ ਪਸ਼ੂਆਂ ਵਾਂਗੂੰ ਪਏ ਜਨਮਦੇ ਮਰਦੇ ਹੈਨ । ਭਾਈ ਸਿੱਖੋ ! ਬਿਨਾ ਕਰਣੀ ਤਰਦਾ ਨਹੀਂ । ਹਸਦਿਆਂ ਟਪਦਿਆਂ ਪਰਮੇਸ਼ਰ ਰੀਝਦਾ ਨਹੀਂ, ਮਰ ਮਰਕੈ ਲੋਕ ਪਛਤਾਵੈਂਗੇ, 'ਜਾਣੈ ਤਬ ਅੰਧ ਜਾਂ ਸਿਰ ਪਉਸੀਆ ।' ਸਿਖੋ ! ਨਾ ਕ੍ਰਿਸ਼ਨ ਅਤੇ ਨਾ ਰਾਮ ਤਾਰਦਾ ਹੈ । ਆਪ ਨੂੰ ਸਮਝੇਗਾ ਤਾਂ ਪੂਜਾ ਧਰਮ ਥਾਂਇ ਪਉਸੀ । ਸਾਖੀ ਪੂਰੀ ਹੋਈ ਤੇਤੀਸਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੩੩।

## ੩੪

ਏਕ ਬੇਰ ਗੁਰੂ ਜੀ ਊਚੀ ਠਉੜ ਬੈਠੇ ਥੇ, ਸੰਗਤਿ ਜੁੜੀ, ਬੜੀ ਭੀੜ ਹੋਈ । ਏਕ ਸਿੱਖਣੀ ਆਵੈ । ਮੁਹਿ ਢਾਂਪਿਆ ਹੂਆ ਅਤੇ ਮੁੜਿ ਜਾਵੈ । ਭੀੜ ਪੁਰਾਂ ਦੀ ਸੀ, ਤਾਂ ਗੁਰੂ ਜੀ ਅਰਦਾਸੀਏ ਸਿੱਖ ਨੂੰ ਭੇਜਕੇ ਬੁਲਾਈ ਹਜ਼ੂਰ ਤਾਂ ਓਹਦੇ ਘਰ ਦੇ ਹਜ਼ੂਰ ਆਗੇ ਹੀ

ਬੈਠੇ ਥੇ, ਤਾਂ ਘੁੰਡ ਕੱਢਿਆ ਗੁਰੂ ਜੀ ਕੀ ਅਗਾੜੀ ਮੱਥਾ ਟੇਕ ਕੇ ਖੜੀ ਹੋ ਰਹੀ। ਤਾਂ ਬਚਨ ਹੋਇਆ ਸਿੱਖਣੀਇਹੇ ! ਕਿਉਂ ? ਕਹੁ ਗੁਰੂ ਕੇ ਤੋ ਜਾਣਦੇ ਹੈਨ ਤੈਨੂੰ ਪਰ ਸੰਗਤ ਨੂੰ ਜ਼ਾਹਿਰ ਹੋਵੈ। ਤਾਂ ਸਿੱਖਣੀ ਹੱਥ ਜੋੜ ਕੇ ਬੋਲੀ, ਜੀ ਸੱਚੇ ਪਾਦਿਸ਼ਾਹ ! ਮੇਰੇ ਮਾਇ ਪਿਉਂ ਰਾਇ ਪੁਰ ਕੇ ਸੇ। ਤਾਂ ਮੈਂ ਕੁਆਰੀ ਸਾਂ ਇਕ ਸਾਧ ਸਾਡੇ ਘਰ ਆਇਆ, ਮੇਰੀ ਮਾਂ ਨੇ ਬੜੀ ਟਹਿਲ ਕਰੀ। ਬੜਾ ਬੁੱਢਾ ਸੀ। ਮੇਰੀ ਮਾਇ ਬੀ ਪਿਉਂ ਬੀ ਲਗੇ ਸੇਵਣ।ਉਹ ਪਾਂਚ ਬਰਸ ਰਹਿਆ ਤਾਂ ਮੈਂ ਭੀ ਸੇਵਾ ਅਤੇ ਕਥਾ ਸੁਣਾਂ। ਵੋ ਸਾਧ ਮੈਂ ਭੀ ਸੁਣਿਆ। ਤਾਂ ਗੁਰੂ ਜੀ ਮੈਂ ਵਿਆਹੀ ਖਤ੍ਰੀ ਦੇ ਬੇਟਾ ਬਰਸਾਣੇ ਦਾ, ਉਸ ਦੀ ਮੈਂ ਸਿੱਖਣੀ ਹਾਂ। ਸਿੱਖ ਬੀ ਭਲਾ ਗੁਰਮੁਖ ਹੈ, ਆਏ ਗਏ ਸਿੱਖ ਨੂੰ ਘਰ ਲੈ ਆਂਵਦਾ ਹੈ। ਅਤੇ ਮੈਂ ਪ੍ਰੀਤਿ ਕਰਕੈ ਪ੍ਰਸਾਦ ਪੀਸ ਪਕਾਇਕੈ ਛਕਾਇਕੈ ਖੁਸ਼ੀ ਲੈਂਦੀ ਹਾਂ। ਤਾਂ ਮੇਰੀ ਭਰਤਾ ਸਾਥ ਬਣ ਰਹੀ ਹੈ। ਖਾਂਵਦ ਨੂੰ ਮੈਂ ਜਾਣਦੀ ਆਂ ਗੁਰੂ ਭੀ ਪਰਮੇਸ਼ਰ ਭੀ। ਮੈਂ ਸੁਣਿ ਰਖਿਆ ਸੀ ਸਾਧ ਤੇ ਨਾਰੀ ਕਾ ਅਸਾਰਾ ਭਰਤਾ ਹੀ ਹੈ, ਤਾਂ ਗੁਰੂ ਜੀ ਮੇਰੇ ਦੇਵਰ ਜੇਠ ਸਹੁਰਾ ਖਾਂਵਦ ਪੁਤ੍ਰ ਸਭ ਜ਼ਨਾਨੀਆਂ ਸਦਾ ਦਰਸ਼ਨ ਨੂੰ ਆਵਣ, ਮੈਂ ਕਦੇ ਪਾਪਣ ਤੁਮ੍ਹਾਰ ਗੁਰਾਂ ਦਾ ਦਰਸ਼ਨ ਨਾ ਕੀਤਾ। ਮੈਂ ਚਿਤਵਾਂ ਗੁਰਾਂ ਦੇ ਸਿੱਖਾਂ ਨੂੰ ਸੇਵਨੀ ਹਾਂ। ਕੌਣ ਸੇਵਾ ਕਰੇਗਾ ਮੇਰੇ ਪਿਛੋਂ। ਤਾਂ ਮੈਨੂੰ ਬਹੁਤ ਕੁਟੰਬੀ ਲੈ ਆਂਵਦੇ ਹੂਏ। ਮੇਰੇ ਖਾਂਵਦ ਦੀ ਭੀ ਮਰਜ਼ੀ ਨਹੀਂ ਸੀ। ਮੁੜੀ ਵਿਚਾਰਿਆ ਮੈਨੂੰ ਪਾਪਣ ਨੂੰ ਦਰਸ਼ਨ ਕਹਾਂ। ਚਲਾਂ ਸੇਵਾ ਹੀ ਕਰਾਂਗੀ। ਇਤਨੇ ਮੈਂ ਸਿੱਖ ਗਇਆ, ਜਾ ਕਹਿਯੋਸੁ ਸਿੱਖਣੀਏ ! ਗੁਰੂ ਕਿਆਂ ਹੋਵੇ ਬੁਲਾਈ ਹੈ। ਤਾਂ ਮੈਂ ਖੁਸ਼ ਹੋ ਗਈ, ਮੇਰੇ ਪਰ ਦਇਆ ਕੀਤੀ। ਗੁਰੂ ਜੀ ਜੋ ਹੁਕਮ ਹੋਵੇ ਸੁ ਕਰਾਂ। ਤਾਂ ਗੁਰੂ ਜੀ ਬੋਲੇ, ਸਿੱਖਣੀਏ ! ਤੂੰ ਧੰਨ ਹੈ,ਧੰਨ ਤੇਰੇ ਮਾਪੇ, ਧੰਨ ਤੇਰੇ ਸਹੁਰੇ, ਜੇ ਤੁਧ ਇਕ ਵੇਰੀ ਸੁਣਕੇ ਸਿਦਕ ਸੇਵਾ ਦਾ ਅਤੇ ਭਰਤੇ ਦਾ ਰਖਿਆ ਅਸੀਂ ਬੀ ਤੇਰੀ ਭੇਟ ਕਰਾਂਗੇ, ਪਰ ਭਰਤਾ ਤੇਰਾ ਜਾਂ ਆਵੇਗਾ, ਹੁਣ ਦੇਵੀ ! ਤੂੰ ਜਾਹਿ ਤੇਰੀ ਭਾਵਨਾ ਪੂਰੀ ਹੋਈ। ਤੂ ਘਰ ਰਹੁ, ਸੇਵਾ ਹੀ ਕਰਿਆ ਕਰ, ਇਹ ਰਾਹ ਗੁਰੂ ਕੇ ਮਿਲਣੇ ਕਾ ਸੂਧਾ ਹੈ। ਸਾਖੀ ਪੂਰੀ ਹੋਈ ਚੌਂਤੀਸਵੀਂ। ਬੋਲਹੁ ਭਾਈ ਜੀ ਵਾਹਿਗੁਰੂ।੩੪।

## ੩੫

ਤਾਂ ਭਲਕ ਹੋਇਆ ਤਾਂ ਸਿੱਖਣੀ ਭਰਤੇ ਕੇ ਸਾਥ ਆਇ ਖੜੀ ਹੋਈ। ਗੁਰੂ ਪੁਛਿਆ ਸਿੱਖਣੀਏ ! ਤੂੰ ਕਿਸ ਦੀ ਸਿੱਖਣੀ ਹੈਂ ? ਤਾਂ ਸ਼ਰਮਾਇਕੈ ਬੋਲੀ, ਪਾਤਿਸ਼ਾਹ ! ਗੁਰੂ ਕੇ ਅੰਜਾਣ ਹੋਵੇਂ ਤਾਂ ਬਤਾਵਾਂ। ਸਭ ਸੰਗਤ ਹਜ਼ੂਰ ਗੁਰੂ ਕੇ ਸਭ ਹੈਨ। ਤਾਂ ਗੁਰੂ ਜੀ ਬੋਲੇ, ਸਿੱਖਾ ! ਸਿੱਖਣੀ ਤੇਰੀ ਹੈ ? ਤਾਂ ਸਿੱਖ ਬੋਲਿਆ :

ਤਨ ਮਨ ਧਨ ਸਭ ਗੁਰੂ ਕਾ ਮਮਤਾ ਛੋਡੀ ਦੂਰਿ।

ਦੇਹ ਸੰਜੋਗੀ ਨਾਰਿ ਹੈ ਸਿੱਖ ਸਿੱਖਾਂ ਕੀ ਧੂਰਿ ।

ਤਾਂ ਬਚਨ ਹੂਆ ਸਿੱਖ ! ਤੈਨੂੰ ਖ਼ਬਰ ਨਹੀਂ, ਹੋਇ ਜਾਵੈਗੀ । ਸਿੱਖਾ ! ਤੂੰ ਪਿਛਲੇ ਜਨਮ ਕਬੀਰ ਭਗਤ ਥਾ । ਇਹ ਸਿੱਖਣੀ ਸੀ ਲੋਈ, ਤੂੰ ਏਕ ਦਿਨ ਕਹਾ ਲੋਈਏ ! ਜਨਮ ਪਾਇਕੇ ਕਿਆ ਖੱਟਿਆ । ਤਾਂ ਲੋਈ ਬੋਲੀ ਅਜੀ । ਮੇਰੀ ਸੇਵਾ ਦੀ ਰੀਝ ਹੈ । ਤਾਂ ਕਬੀਰ ਬੋਲੇ, ਗ੍ਰਿਹੀ ਕਾ ਰਹੁ ਏਹ ਨਹੀਂ । ਜੋ ਮਰਜ਼ੀ ਭਰਤਾ ਦੀ ਸੋ ਨਾਰੀ ਕਰਨੀ । ਤੂੰ ਖਤ੍ਰੀ ਦੇ ਜਨਮ ਜਾਹਿ ਤੇਰੀ ਵਾਸਨਾ ਨਾਨਕ ਕੇ ਪੰਥ ਵਿਚ ਗੁਰੂ ਕੇ ਬਚਨ ਦਰਸਨ ਤੇ ਉਧੱਾਰ । ਤਾਂ ਲੋਈ ਚਰਨਾਂ ਤੇ ਗਿਰੀ ,ਤੁਮ ਬੀ ਦਾਸੀ ਕੋ ਮਤ ਤਿਆਗੋ । ਕਬੀਰ ਬੋਲਿਆ ਸਾਧਣੀਏ ! ਸੇਵਾ ਹੀ ਕਰਨੀ ਹੈ, ਤੇਰੀ ਭਾਵਨਾ ਤਾਂ ਜਨਮ ਹੂਆ ਅਤੇ ਖਬਰ ਨਹੀਂ ਰਹੀ । ਕਿਉਂ ਉਹ ਸਮਾਂ ਪਿਛਲਾ ਸੀ। ਹੁਣ ਗੁਰੂ ਬਿਨਾ ਜਾਣੀਦਾ ਨਹੀਂ । ਇਤਨੀ ਕਹਿਕੈ ਪ੍ਰਸਾਦ ਕੜਾਹ ਗੁਰੂ ਜੀ ਬਚਨ ਹੋਵੇ, ਤਾਂ ਗੁਰੂ ਜੀ ਬੋਲੇ ਜਾਂ ਬੀੜ ਕਰੀ ਸੀ ਤਾਂ ਤੁਸਾਂ ਬਿਦੇਹ ਦਰਸ਼ਨ ਦੀਆ ਸੀ । ਹੁਣ ਸਦੇਹ ਹੋ ਆਏ ਹੋ, ਪਿਛਲੀ ਬਾਣੀ ਸੁਣਾਵੋ ਜੁ ਸਿੱਖਾਂ ਨੂੰ ਪ੍ਰਤੀਤ ਹੋਵੈ। ਕਬੀਰ ਨੇ ਸ਼ਬਦ ਪੜ੍ਹ ਸੁਣਾਏ ਤਾਂ ਸਿੱਖਾਂ ਕਹਿਆ ਬਚਨ ਕਰੋ । ਤਾਂ ਬਚਨ ਹੂਆ ਸਭ ਭਗਤਾਂ ਦਾ ਕਬੀਰ ਸਰਦਾਰ ਹੈਗਾ । ਇਹ ਪੰਥ ਗੁਰੂ ਕਿਆਂ ਬੀ ਕੀਤਾ ਹੈ । ਸੋ ਸਿੱਖਾਂ ਦੇ ਘਰ ਹੋ ਉਤਰੇ । ਧਰਮ ਰੱਖਣ ਵਾਸਤੇ ਪੰਥ ਹੈ । ਕਲਿਜੁਗ ਕਾ ਨਿਰਬਾਹੁ ਕਰਨਾ । ਤਾਂ ਸਿੱਖ ਸਿੱਖਣੀ ਜਾਣਕੈ ਘਰ ਗਏ, ਧਿਆਨ ਜੋਗ ਲਗੇ ਕਰਨ । ਗੁਰੂ ਜੀ ਦਾ ਬਚਨ ਮਾਨਿ ਸੇਵਾ ਲਗੇ ਕਰਨੇ । ਸਾਖੀ ਪੂਰੀ ਹੋਈ ਪੈਂਤਸਸਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੩੫।

## ੩੬

ਏਕ ਬੇਰ ਫ਼ੌਜਾਂ ਚੜੀਆਂ ਤੁਰਕਾਂ ਦੀਆਂ, ਦੀਨਾ ਬੇਗ ਮੁ਼ਗਲ ਚੜਾਇ ਲਿਆਏ ਭੀਮਚੰਦ, ਮਦਨਪਾਲ, ਬੀਰ ਸਿੰਘ ਜਸਪਾਲੀਆ, ਸਿਰਮੌਰੀਆ, ਦਸ ਹਜ਼ਾਰ ਤੁਰਕ ਅਸਵਾਰ ਆਏ । ਬਡੀ ਲੜਾਈ ਹੂਈ, ਗੁਰੂ ਜੀ ਤਰਗਸ਼ ਤਰਵਾਰ ਬਸਤ੍ਰ ਪਹਿਰ ਨੀਲੇ ਘੋੜੇ ਪਰ ਚੜ੍ਹੇ । ਤਾਂ ਦਿਨ ਸੰਗਤ ਜੁੜ ਰਹੀ ਸੀ । ਏਕ ਨਾਲੇ ਕੇ ਉਰਾਰ ਪਾਰ ਲੜਾਈ ਮੈਂ ਜੂਝੇ, ਤੁਪਕ ਤਰਵਾਰ ਕਮਾਨ ਕੜਕੀ । ਸਿੱਖਾਂ ਲੜਾਈ ਤੋਲੀ, ਤੁਰਕ ਢੇਰ ਮਾਰੇ, ਹੋਰ ਫ਼ੌਜ ਪੀਛੇ ਪਠਾਣੀ, ਮੁਗਲਾਣੀ ਆਇ ਲੜੀ ਬਹੁਤ, ਲੜਾਈ ਬੀਚ ਬਖਤ੍ਰ ਪਹਿਰੀਂ ਤੀਰਬਾਜ਼ ਹੰਕਾਰੀ ਪੈਂਦੇ ਖ਼ਾਂ ਪਠਾਣ ਨਿਕਾਸਿਆ। ਬੋਲਿਆ,'ਮਜ੍ਹਬ ਕਾ ਜੁੱਧ ਜੂਝਣਾ ਹੈ । ਗੁਰੂ ਤੁਮ੍ਹਾਰਾ ਹੈਗਾ ਬਲਵੰਤ ਤਾਂ ਹਾਥ ਦੇਖੋ ਦਿਖਾਵੋ।' ਇਤਨੀ ਕਹੀ ਸੁਣਕੇ ਆਪ ਗੁਰੂ ਕੇ ਪਾਤਸ਼ਾਹੀ ਦਸਵੀਂ ਆਇ ਸਟਕੇ । ਬੋਲੇ, ਖ਼ਾਂ ਜੀ ! ਮੇਰਾ ਵੈਰੀ ਕਦੀ ਕਾ ਹੈਗਾ, ਕਰ ਵਾਰ ਦਿਖਾਇ ਹਾਥ । ਪੈਂਦੇ ਖਾਂ ਬੋਲਿਆ-ਦਿਖਾਵੋ ਹਾਥ, ਤੁਮ

ਹਿੰਦੂ ਕੇ ਪੀਰ ਹੋ। ਮੇਰੇ ਤੀਰ ਤੇ ਬਚੋਂਗੇ ਨਹੀਂ। ਜ਼ਾਲਮੀ ਤੀਰ ਗਰਦ ਕਰਦਮ। ਗੁਰੂ ਜੀ ਬੋਲੇ, 'ਅਬਲ ਵਿਗਾੜੇ ਆਮਦ ਵਾਰ ਅਬਲ ਕਰਸ ਮਹਿ,'ਤਾਂ ਪਠਾਣ ਚਮਕਿਆ, ਸਭੀ ਦੇਖਣੇ ਲਗੇ। ਗੁਰੂ ਕੇ ਚੌਫੇਰੇ ਫੇਰ ਘੋੜਾ ਤੀਰ ਅਗਾੜੀ ਛੋੜਾ। ਤੀਰ ਗੁਰੂ ਕੇ ਤਾਇ ਸਾਥ ਕਾਨ ਪਾਸ ਤੇ ਨਿਕਸ ਗਇਆ, ਗੁਰੂ ਜੀ ਬੋਲੇ, ਖ਼ਾਂ ਜੀ! ਹੋਰ ਵਾਰ ਕਰ ਲੇਵੋ। ਤਾਂ ਪਠਾਣ ਸ਼ਰਮਿੰਦਾ ਹੂਆ। ਬਾਰ ਬਾਰ ਗੁਰੂ ਜੀ ਕਹਿਆ ਤਾਂ ਬੋਲੇ ਸੂਰਮੇ ਬਹਾਦਰ ਕਾ ਏਕ ਹੀ ਬਾਰ ਹੈ। ਪਰ ਦੂਜਾ ਤੁਮਰੇ ਬਚਨ ਕਰ ਵਾਰ ਕਰਨਾ ਹੂਆ। ਕੁਹੁ ਸਾਥ ਬਾਂਧ ਸਿਸ਼ਤ ਤੀਰ ਚਲਾਇਆ, ਤੀਰ ਗੁਰੂ ਕੇ ਸਿਰ ਕੀ ਸ਼ਾਲ ਲਟਪਟੀ ਕੋ ਲਪੇਟਤਾ ਲੇ ਗਇਆ। ਤਾਂ ਖ਼ਾਂ ਖੜਾ ਹੋ ਗਇਆ ਗੁਰੂ ਜੀ ਬੋਲੇ, ਖਾਂ ਜੀ। ਵਾਰ ਹਮਾਰਾ ਦੇਵੋ, ਖਾਂ ਬੋਲਿਆ ਗੁਰੂ ਜੀ ਲੇਵੋ ਵਾਰ ਦੁਇ, ਗੁਰੂ ਜੀ ਬੋਲੇ 'ਠੀਕ ਵਾਰ ਯਕ ਬਹਾਦਰ, ਫ਼ਿਰਕਤਵਾਰ ਮੁਰਦਮ ਹਰਾਮਖੋਰਹਿ, ਤਾਂ ਕਹਿ ਕਰ ਘੋੜਾ ਫੇਰਾ ਗੁਰੂ ਜੀ ਚੌਫੇਰੇ। ਬਖਤ੍ਰ ਬਧੀ ਕੋਈ ਥਾਂਇ ਖਾਲੀ ਨਹੀਂ, ਸੰਜੋਆ ਲਪੇਟਿਆ ਅੰਗ, ਦੇਖ ਕਰ ਕਾਨ ਪਾਸ ਤੇ ਨੰਗ ਥੋੜਾ ਸੀ ਹੀ ਦੇਖਿਆ, ਤੀਰ ਛੋਡਿਆ, ਲਗਾ ਤੀਰ ਘੋੜੇ ਤੇ ਹੇਠ ਪੜਾ। ਅਤੇ ਖੈਂਚ ਸੈਫ ਗੁਰੂ ਜੀ ਸਿਰ ਪਰ ਆਇ ਖੜੇ ਹੂਏ। ਖਾਂ ਦੇਖ ਕੇ ਬੋਲਿਆ, 'ਗੁਰੂ ਜੀ, ਰੱਖ ਲੈਣਾ, ਬਚਨ ਹੂਆ 'ਪਠਾਣ ਰਖਣ ਦਾ ਕੌਣ ਬਖਤ। ਕਲਮਾ ਯਾਦ ਕਰੋ।' ਕਹਿੰਦੇ ਹੀ ਤੇਗ ਵਗਾਈ, ਸਿਰ ਜੁਦਾ ਕਰ ਦੀਆ, ਸੈਨਾ ਬਹੁਤ ਭਗਾਈ, ਅਤੇ ਲੂਟ ਕਰ ਦਮਾਮਾ ਜੀਤ ਕਾ ਹੂਆ, ਜੀਤ ਕੇ ਸਿੱਖ ਆਏ, ਫਤੇ ਬੁਲਾਈ। ਖਾਲਸਾ ਜੁੱਧ ਨੋ ਚਮਕਿਆ, ਲੁਟਿਆ, ਖਿਦਰਾਬਾਦ ਪਹੁੰਚੇ। ਸਾਖੀ ਪੂਰੀ ਹੋਈ ਛਤੀਸਵੀਂ। ਬੋਲਹੁ ਭਾਈ ਜੀ ਵਾਹਿਗੁਰੂ।੩੬।

## ੩੭

ਏਕ ਬੇਰ ਲੜਾਈ ਮੈਂ ਸਿੱਖ ਜੂਝੇ, ਘੇਰਾ ਅਨੰਦਪੁਰ ਪਾਇਆ, ਪਹਾੜੀਏ ਏਕ ਹੋ ਗਏ। ਦਿਨ ਪੰਦਰਾਂ ਬੀਤੇ ਚੜ੍ਹਾਈ ਕੀ ਲੜਾਈ ਹੋਵੈ ਅੰਨ ਥੋੜਾ ਮਿਲੈ, ਸਿਦਕ ਖਾਲਸੇ ਕਾ ਦੇਖਣ ਲਗੇ, ਖ਼ਜ਼ਾਨਾ ਕਢਵਾਇਕੇ ਸਤਲੁਦ੍ਰ ਵਿਚ ਪਾਇ ਦੇ ਜਾਵੈਂ। ਅਤੇ ਸਿੱਖ ਭੁਖੇ ਰਹਿਣ ਲਗੇ, ਪੁਕਾਰ ਹੋਣ ਲਗੀ, ਗੁਰ ਜੀ ਰਖ ਲੈਣਾ, ਸਬਰ ਰਖੇ ਬੀ ਦੁਖ ਪਰ ਲੜੈਂ ਨਿਤ, ਹੁਣ ਮਰਨਾ ਗੁਰਾਂ ਕੇ ਆਗੇ ਸੀਸ ਦੇਣੇ, ਏਹ ਸਿਦਕ ਨਾ ਹਾਰਿਆ। ਏਕ ਦਿਨ ਮਾਤਾ ਆਏ ਕੇ ਕਹਿਆ। ਗੁਰੂਜੀ ਕਹਾਇਆ ਅਤੇ ਸਿੱਖਾਂ ਦੇ ਮਰਨ ਵਾਸਤੇ ਉਪਾਇ ਕੀਤਾ। ਸਿੱਖ ਲੜਦੇ ਹੈਨ, ਦਰੀਆਇ ਵਿਚ ਗਿਰਾਂਵਦੇ ਹੋ, ਸਿੱਖਾਂ ਕੀ ਗੁਨਾਹਿ ਕਰਿਆ ਹੈਗਾ, ਕਿਸ ਤਰ੍ਹਾਂ ਜੂਝੈਂਗੇ, ਪਾਇ ਪਾਇ ਅੰਨ ਖਾਣ ਨੂੰ ਮਿਲਦਾ ਹੈ। ਬਖਸ਼ੀਏ ਸੰਗਤ ਨੂੰ, ਤਾਂ ਗੁਰੂ ਜੀ ਬੋਲੇ, ਏਹ ਪੰਥ ਕਰਤਾਰ ਦੇ ਹੁਕਮ ਨਾਲ ਹੂਆ ਹੈ।

ਪੰਥ ਵਧਾਵਣਾ ਹੈ, ਗਾਲਣਾ ਨਹੀਂ। ਜਿਸ ਦਿਨ ਪੂਜਾ ਦੇ ਖ਼ਜ਼ਾਨੇ ਲਗੇ ਖਾਵਣ ਤਾਂ ਦਿਨ ਘਾਟਾ ਹੋਇ ਜਾਵੈਗਾ। ਸੁਣੋ ਮਾਤਾ ਜੀ ! ਜ਼ਹਿਰ ਹੈ ਪੂਜਾ ਦਾ ਧਾਨ ਜੋ ਖਾਵੈਗਾ ਸੋ ਦਗਧ ਹੋਇ ਜਾਵੈਗਾ, ਮੈਂ ਪੰਥ ਜੁੱਧ ਵਾਸਤੇ ਖੜਾ ਕੀਤਾ ਹੈ, ਭੁਖਾ ਨੰਗਾ ਹੀ ਭਲਾ ਹੈ, ਪਰ ਮੈਂ ਨਰਕ ਨਹੀਂ ਪਾਵਣਾ ਅਤੇ ਬੁਰਾ ਨਹੀਂ ਕਰਨਾ, ਜੈਸੇ ਹਮ ਤੇਰੇ ਪੁਤ੍ਰ ਹਮ ਹਾਂ। ਤੂੰ ਮਾਤਾ ਸਾਨੂੰ ਜ਼ਹਿਰ ਕਿਉਂ ਦੇ ਸਕਨੀ ਹੈਂ। ਨਹੀਂ ਨਾ ਦੇਇ ਸਕਦੀ, ਹਮ ਭੀ ਸਿੱਖਾਂ ਨੂੰ ਪੂਜਾ ਦਾ ਜ਼ਹਿਰ ਨਹੀਂ ਦੇਣਾ, ਹਮ ਅਮਾਨ ਰਖਨੇ ਹਾਂ, ਸਤਲੁਦ੍ਰ ਪਾਸ ਮਾਤਾ। ਜਦੋਂ ਸੁਧ ਹੋ ਜਾਵੇਗਾ ਤਾਂ ਲਵਾਂਗੇ, ਜਿਉਂ ਜ਼ਹਿਰ ਮਾਰਿਆ ਖਾਈਐ ਤਾਂ ਰੋਗ ਨੂੰ ਦੂਰ ਕਰਦਾ ਹੈ। ਤਿਵੈਂ ਪੂਜਾ ਦਾ ਧਾਨ ਸੁਧ ਹੋਇਗਾ ਤਾਂ ਲੇਵਾਂਗੇ। ਹਮਰਾ ਸਿੱਖ ਹੋਵੇਗਾ, ਉਸਨੂੰ ਹਮ ਭੇਜਾਂਗੇ, ਅਮਾਨਤ ਲੇਵੈਗਾ, ਜਾ ਦਿਲੀਪ ਸਿੰਘ ਹੋਇਗਾ, ਵਿਕ੍ਰਮੀ ਵਰਖ ਅਠਾਰਾਂ ਸੈ ਨੜਿੰਨਵੈ ਵਰਤੈਗਾ।

ਪਸਚਮ ਤੇ ਉਠੇ ਖਾਲਸਾ ਚਮਕੇ ਪੂਰਬ ਪੰਥ।
ਦੁਰੇ ਦੁਸ਼ਟ ਸਬ ਪਰਬਤੀ, ਮੌਨ ਮੌਰ ਜੀ ਕੁ ਪੰਥ।
ਖਾਲਸਾ ਮਿਲੈ ਮੇਲ ਕਰ ਖਾਲਸਾ ਟੂਟੇ ਦਿਵਸ।
ਮਿਤ੍ਰ ਹਿੰਦਵੀ ਮੌਲਵੀ ਗੋਰੇ ਸੁਨੀ ਸੁਵਸ।
ਬਲੀ ਹੋਇਗਾ ਖਾਲਸਾ ਤੁਰਕ ਤੋਰੇਗਾ ਮਉਨ।
ਲੂਟੇ ਗਾਉਂ ਪਰਜਾ ਦੁਖੀ ਨਿਆਇ ਜਾਇਗਾ ਅਉਨ।
ਸਿਖਣੀਆਂ ਬਿਭਚਾਰਣੀ ਪੁਰਖ ਤੁਰਕ ਕੀ ਆਸ।
ਤਾਂ ਦਿਨ ਉਪਜੈ ਖਾਲਸਾ ਸਬ ਬਰਨੋਂ ਕੋ ਪਿਆਸ।

ਤਾਂ ਮਾਤਾ ਜੀ ਚੁਪ ਹੂਈ, ਬਚਨ ਹੂਆ ਰਹਿਣੇ ਦੇਵੋ। ਮਾਤਾ ਨੂੰ ਧਨ ਪਿਆਰਾ ਹੈ, ਕਟੰਬ ਨੂੰ ਵਧਣ ਨਹੀਂ ਦੇਂਦੀ। ਸਾਖੀ ਪੂਰੀ ਹੋਈ ਸੈਂਤੀਸਵੀਂ। ਬੋਲਹੁ ਭਾਈ ਜੀ ਵਾਹਿਗੁਰੂ।੩੭।

## ੩੮

ਏਕ ਬੇਰ ਗੁਰੂ ਜੀ ਜੂਝੇ ਬਡੀ ਗਰਜਣਾ ਹੂਈ। ਨਗਾਰੇ, ਢੋਲ, ਤੁਰੀਆਂ, ਰਣਸਿੰਗੇ ਬਾਜੇ ਬਜਣ ਲਗੇ। ਅਤੇ ਸਰਨਾਈ ਦਮਾਮੇ ਝੁਕ ਕੇ ਬਾਜੇ ਗੁਰੂ ਜੀ ਉਠ ਕੇ ਰੁਮਕ ਚਲੇ, ਵਿਸਾਹ ਕੇ ਕੱਚਿਆਂ ਵੈਰੀਆਂ ਡੇਰਾ ਲੁਟਿ ਲੀਆ। ਘੋੜੇ, ਕਪੜੇ, ਅਸਵਾਰੀ, ਧਨੁ ਸਭ ਲੁਟਿਆ ਗਇਆ। ਸਿੱਖ ਰੋਵੈਂ ਪੁਕਾਰੈਂ ਕਹੈਂ ਹਜ਼ੂਰ ਗੁਰੂ ਜੀ ਕੋ ਬਡਾ ਨੁਕਸਾਨ ਹੂਆ, ਕਿਸ ਤਰ੍ਹਾਂ ਜੀਤਾਂਗੇ। ਗੁਰੂ ਜੀ ਕਾ ਮਾਲ ਲੁਟਾ ਪਰ ਅੰਤੁ ਨਹੀਂ। ਅਸੀਂ ਕਿਸ ਤਰ੍ਹਾਂ ਪਹੁੰਚਾਂਗੇ, ਘਰ ਤੈ ਸ਼ਰਮਿੰਦੇ ਗੁਰਾਂ ਕਾ ਕਛੁ ਬੀ ਨ ਰਖਿ ਸਕਿਆ।

ਹਾਹਕਾਰ ਮੱਚ ਰਹਿਆ, ਤਾਂ ਗੁਰੂ ਕੇ ਬੋਲੇ-ਲੀਕਾਂ ਕਢੋ ਸਿੱਖੋ !ਤਾਂ ਸਿੱਖਾਂ ਲੀਕਾਂ ਕੱਢੀਆਂ, ਤੇ ਬਚਨ ਹੂਆ ਬੁਝਾਵੋ, ਤਾਂ ਬੁਝਾਇ ਦਿਤੀਆਂ , ਗੁਰੂ ਕੇ ਬੋਲੇ, ਤੁਹਾਨੂੰ ਕੱਢਣ ਵਿਚ ਹਰਖ, ਮੇਟਣ ਵਿਚ ਸੋਗੁ ਹੂਆ ਕਿ ਨਹੀ? ਤਾਂ ਸਿੱਖਾਂ ਕਹਿਆ ਜੀ ਪਾਤਿਸ਼ਾਹ ! ਨ ਹਰਖ ਨ ਸੋਗੁ, ਤਾਂ ਗੁਰੂ ਜੀ ਬੋਲਿ ਸੁਣਾਇਆ ਐਸੀ ਹੀ ਹੈ ਜੁ ਗੁਰੂ ਕਿਆਂ ਨੋ ਆਮਦਨ ਖਰਚ ਨਾਸ ਦੇਖ ਕੇ ਘਰ ਕਾ ਖਰਚ ਦੇਖਕੇ ਨੁਕਸਾਨ। ਪਰ ਹਰਖ ਸੋਗ ਕਛੂ ਬੀ ਨਾ ਹੋਇਆ, ਨਾ ਹੋਗੁ।

ਹਰਖ ਸੋਗ ਕਾ ਦੇਹੁਰਾ ਖਿਣ ਆਵੈ ਖਿਣ ਜਾਇ।
ਜੇ ਜਾਗੇ ਸੇ ਸੁਖੀ ਹੈਂ, ਸੇ ਸੋਗੀ ਦੁਖੀ ਭਾਇ।
ਨਾਮ ਧਿਆਵੋ ਸ਼ਬਦ ਕੋ ਅਰਥ ਬਿਚਾਰੋ ਨਿਤ।
ਗੁਰਬਾਣੀ ਸਿਖਿਆ ਜਿਨਾ ਤਿਨਾ ਨਾ ਸੋਗੀ ਮਿਤ।
ਮਲਿ ਮਲਿ ਨ੍ਹਾਈ ਕਾਮਨੀ ਖੋੜਸ ਕਰਿ ਸ਼ਿੰਗਾਰ।
ਖਸਮ ਨ ਭਾਈ ਫਲ ਕਿਆ ਸੋ ਸ਼ਰਮਿੰਦੀ ਨਾਰਿ।
ਗੁਰੂ ਜੁ ਆਇਆ ਨਾਮ ਧਰ ਲਹਿਰੀਂ ਲੁਭ ਕੀ ਦੂਰ।
ਸੋਈ ਸਿੱਖ ਭਾਣਾ ਧਰੈ ਗੁਰ ਕੈ ਸਦਾ ਹਜ਼ੂਰ।

ਤਾਂ ਸਿੱਖ ਸੁਖ ਸਿਉਂ ਪਰਚੇ ।ਭਲੇ ਕ੍ਰਿਪਾ ਕਰੀ, ਮੇਰਾ ਸਿਖ ਸੋਈ ਚੜ੍ਹ ਕੇ ਪੀਛੈ ਨਾ ਮੁੜੇ। ਲੜਾਈ ਮੱਚੀ ਬਡੀ ਘੁੰਮਡ ਕੀ। ਸਾਖੀ ਪੂਰੀ ਹੋਈ ਅਠੱਤੀਸਵੀਂ। ਬੋਲਹੁ ਭਾਈ ਜੀ ਵਾਹਿਗੁਰੂ ।੩੮।

## ੩੯

ਏਕ ਬੇਰ ਪੰਮਾ ਵਜ਼ੀਰ ਚੜ੍ਹਾ, ਰਾਜਾ ਭੀਮ ਨੇ ਭੇਜਿਆ, ਸਲੂਕ ਕੀਆ ਹੁਣ ਜਾਣਿਆ, ਤੁਸੀਂ ਸਚੇ ਗੁਰੂ ਹੋ। ਤਾਂ ਬਚਨ ਹੂਆ :

ਪੰਮਾ ਵਜ਼ੀਰ। ਆਖਰ ਬੇਪੀਰ।

ਬਾਮਣ ਕਾ ਬੋਲ। ਸਮਝ ਬਿਨ ਸੋਲ। ਰਜਿਪੂਤ ਕੀ ਜਾਤਿ। ਨਾ ਮੀਤ ਸਾਧੂ ਨ ਤਾਤ ਮਾਤ।

ਬਚਨ- ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੇ ਰਤੁ ਪੀਵਹਿ ਮਾਣਸਾ ਤਿਨ ਕਿਉਂ ਨਿਰਮਲ ਚੀਤੁ ॥

ਤਾਂ ਪੰਮਾ ਬੋਲਿਆ, ਸ਼ਰਣ ਆਏ, ਗੁਰੂ ਜੀ ਨਾ ਤਿਆਗੀਏ, ਤਾਂ ਸਿੱਖ ਅਤੇ ਸੋਢੀ ਬੋਲੇ, ਨਿੱਤ ਦੀ ਲੜਾਈ ਕੁਛ ਭਲੀ ਨਹੀਂ। ਹੁਣ ਸਲੂਕ ਹੀ ਹੱਛਾ ਹੈ। ਬਚਨ ਹੂਆ

ਅਧਿਕ ਭਲਾ ਰਜਪੂਤ ਕੁਲ ਜਿਨਾਂ ਜੰਮਣਾ ਸਤਰ ।
ਪਾਲਣਹਾਰਿਆਂ ਮਾਰਕੇ ਮੀਤ ਪੂਤ ਸਿਰ ਕਤਰ ।੧।
ਭਲਾ ਨਾ ਹੋਇ ਪਹਾੜੀਆ ਸਮਝ ਬਿਸਾਈ ਲੇਇ ।
ਭੀੜ ਪੜੇ ਸਾਧੂ ਬਨੇ, ਦਗਾ ਬਾਪ ਕੋ ਦੇਇ ।੨।
ਘਰਿ ਮੈਂ ਅੰਨ ਦੁਧਿ ਭਾਤ ਬਹੁ ਸ਼ਰਧਾ ਦੇਵਨ ਮਾਂਝ ।
ਕਰੋ ਮੀਤ ਤਬ ਪਰਬਤੀ ਸਮੇਂ ਕਾਮ ਕੇ ਬਾਂਝ ।੩।
ਬਾਤ ਕਰੇ ਅਤਿ ਮੋਹ ਕੀ ਅੰਤਰਿ ਦੁਬਿਧਾ ਪੂਰ ।
ਲੈਣੇ ਸਿਉ ਖਾਣਾ ਭਲਾ ਬਿਪਤਾ ਦਿਖ ਰਹਿ ਦੂਰ ।੪।

ਭਾਈ ਭਲਾ ਨਾਹੀਂ ਪਰ ਤੁਸੀਂ ਚਾਹੋ ਸੋ ਕਰੋ । ਤੂਸ਼ਨੀ[1] ਹੂਏ, ਪੰਮਾ ਲਗਾ ਹਜ਼ੂਰ ਰਹਿਣ। ਬਧਿਵਾਨ ਸਭ-ਚਾਤਰ ਮਿਲ ਗਇਆ । ਗੁਰੂ ਕੇ ਲਗੇ ਵਿਸਾਹਿ ਕਰਨਿ, ਅਰ ਰਾਜਾ ਨੂੰ ਕਹਿ ਭੇਜੇ, ਮੇਰੇ ਵਸ ਹੋਇ ਗਏ ਹੈਨ । ਸਿੱਖੀ ਦਿਖਾਵਨ ਲਗਾ । ਚੋਰ ਲਗਾਏ, ਗੁਰੂ ਕੇ ਕੋਤਲ ਚੁਰਾਏ । ਗੁਰੂ ਕੇ ਖ਼ਜ਼ਾਨੇ ਨੂੰ ਨਜ਼ਰ ਕਰ ਗਿਣਤੀ ਕਰੀ, ਬਿਨਾ ਗੁਰੂ ਹੋਰ ਕੋਈ ਨ ਜਾਣੈ, ਬੈਠਕੇ ਤੁਰਕਾਣੀ ਫ਼ੌਜ ਚੜ੍ਹਾਈ ਆਪਣੇ ਰਾਜਿਆਂ ਦੀ ਫ਼ੌਜ ਮੰਗਵਾਈ । ਹਮਰਾਹ ਗੁਰੂ ਕੇ ਪਰ ਦਗਾ ਦੀਆ ਚਾਹੈ । ਅਪਣਾ ਜਾਣਾਵੈ ਭੇਤ, ਹਜ਼ੂਰ ਕੀ ਸੇਵਾ ਕਰਣੀ, ਸਿੱਖੀ ਜਣਾਵਣੀ ਜਿਉਂ ਪਾਰਧੀ ।[2] ਸਾਖੀ ਪੂਰੀ ਹੋਈ ਉਨਤਾਲੀਸਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੩੯।

## ੪੦

ਏਕ ਬੇਰ ਗੁਰੂ ਜੀ ਸ਼ਿਕਾਰ ਗਏ, ਦੂਰ ਲੇ ਗਏ । ਸ਼ੇਰ ਮਾਰ ਦਿਖਾਏ ਰਾਜਪੂਤਾਂ ਨੇ । ਫੇਰ ਖਾਇਆ ਬਾਹਰ ਮਹਾਂ ਪ੍ਰਸਾਦਿ । ਨਿਤ ਕਹਿਆ ਕਰੇ ਰਾਜਾ ਸਾਥ ਤੁਮ ਮਿਲੋ । ਏਕ ਦਿਨ ਰਵਾਲਸਰ ਕਾ ਮੇਲਾ ਆਇਆ ਤਾਂ ਬੋਲਿਆ, ਗੁਰੂ ਜੀ ਚਲੋ ਤਾਂ ਦਰਸ਼ਨ ਕਰੀਏ । ਰਾਜੇ ਸਭ ਮਿਲੈਂਗੇ, ਸਿੱਖ ਹੋਵੈਂਗੀ, ਗੁਰੂ ਜੀ ਜਾਣੈ ਕਪਟ ਪਰ ਪਰਵਾਰ ਕੇ ਸਿੱਖਾਂ ਕੇ ਕਹੈ ਮੰਨ ਲੀਆ । ਮਦਨ ਸਿੰਘ ਚੁਮਾਰ ਬੋਲਿਆ ।

ਕਰੇਗਾ ਸੋ ਭਰੈਗਾ । ਗੁਰੂ ਕਾ ਕੀ ਕਰੈਗਾ?
ਸੇਵਕ ਤੇ ਕਾਜ ਸਰੈਗਾ । ਦੁਸ਼ਮਨ ਦੂਤ ਮਰੈਗਾ ।

ਤਾਂ ਸਿੱਖ ਬੋਲੇ ਉਹ ਇਹ ਕੀ ਕਹਿੰਦਾ ਹੈ । ਤਾਂ ਮਦਨ ਸਿੰਘ ਹੱਸਕੇ ਚੁਪ ਕਰ ਰਹਿਆ । ਗੁਰੂ ਕੇ ਬੋਲੇ,'ਭਾਈ ! ਏਸ ਨੇ ਬਾਰਾਂ ਮਹੀਨੇ ਘੋੜੇ ਦੀ ਸੇਵਾ ਕਰੀ ਹੈ । ਜੋ ਘੋੜੇ ਨੂੰ ਸੇਵਹਿ ਨਿਸ਼ਕਾਮ ਗੁਰਾਂ ਦਾ ਬਰਸ ਸੇਵੇ ਗਾਇ ਗੁਰੂ ਦੀ । ਤਿਸ ਨੂੰ ਆਗਮ ਨਿਗਮ ਸੂਝ ਆਵੈਗਾ । ਘੋੜੇ ਦੀ ਸੇਵਾ ਕਰ,ਹੂਈ ਸੋ ਜਰ, ਗੁਰੂ ਕਾ ਘਰ, ਰਾਖਾ ਸਚਾ

ਸਤਿਗੁਰ । ਚਿੰਤਾ ਨਾ ਸਿੱਖਾ ਕਰ ਚਪਿਕਾ ਸਮਾ ਸਰ !' ਤਾਂ ਚਲੇ ਗਏ । ਬੜੀਆਂ ਫ਼ੌਜਾਂ ਰਾਜੇ ਆਏ । ਪਰਬਤੀ, ਚੰਬਿਆਲ, ਬੜਿਅਲ, ਮਦੂਣੀਏ, ਸ੍ਰੀ ਨਗਰੀਏ। ਕਾਮਗੜੀਏ, ਹਿੰਡੂਰੀਏ, ਕਹਿਲੂਰੀਏ, ਘੁਮੰਡ ਚੰਦ, ਬਿਸਹਿਰੀਏ, ਮੰਡੈਲ, ਦੇਖ ਦਰਸ਼ਨ ਮੋਹਿਤ ਹੋ ਗਏ । ਗੁਰੂ ਕਾ ਰੂਪ ਅਤੇ ਗੁਣ,ਰਾਜੇ ਰਾਣੀਆਂ ਸੁਣਿਆ ਸੀ ਜੈਸੇ ਦੇਖਿਆ ਤੈਸਾ ਹੀ ਪਰਚਿਆ, ਕਈ ਕਹੈ । ਰਾਜਪੂਤ ਰਾਜੇ ਨਿਹਾਲ ਹੂਏ । ਇਸਨਾਨ ਦਾਨ ਨਾਮੁ ਜਪ ਕਰੈਂ ਸਭਨਾਹੀ । ਗੁਰੂ ਕੌ ਬੈਠੇ ਉਚੇ ਠੌਰ । ਤਾਂ ਚੰਬਿਆਲ ਬੇਟੀ ਕੁਆਰੀ ਸੀ, ਉਨ ਪਿਤਾ ਨੂੰ ਪੁਛ ਕੇ ਚਿੱਠੀ ਲਿਖੀ । ਕਵੀਸ਼ਰੀ ਬੜੀ ਪੜ੍ਹੀ ਹੋਈ ਥੀ । ਬਾਣੀ ਗੁਰੂ ਕੀ ਦੇਖ ਕੇ ਖੁਸ਼ੀ ਹੁੰਦੀ ਸੀ, ਦਰਸ਼ਨ ਚਾਹੁੰਦੀ ਸੀ । ਮਨ ਵਿਚ ਕਹਿੰਦੀ ਸੀ, ਬਾਣੀ ਬਰੀਕ ਨਾ ਕਰੀ । ਪਰ ਭਲਾ ਰਖਿਆ , ਤਾਂ ਲਿਖੀ ਅਧੀਨਤਾ ਵਡਿਆਈ ਗੁਰੂ ਜੀ ਦੀ ।

ਸਾਰਾ ਪਉਣਾ ਦੂਜਾ ਗੌਣਾ । ਨਰ ਨਾਰੀ ਥੇ ਦੋਨੌਂ ਭਉਣਾ ।
ਕਛੁ ਖਾਧਾ ਕਛੁ ਲੈ ਗੇ ਸਉਣਾ । ਗੁਰੂ ਜੀ ਉਤ੍ਰ ਪਾਊਂ ਸਹੀ।
ਗੁਰੂ ਜੀ ਦੇਖਦਿਆਂ ਲਿਖਾ :
ਜਾਣੋ ਸਾਰਾ ਦੇਵ ਦੇਹ ਪਉਣਾ ਮਾਨਸ ਦੇਹਿ।
ਦੁਬਿਧਾ ਦੂਜੀ ਕਰ ਗਮਨ ਨਰ ਨਾਰੀ ਹੁਇ ਖੇਹ ।
ਉਭੈ ਲੋਕ ਭਉਂਦਾ ਫਿਰਹਿ ਕਛੁ ਖਾਧਾ ਖਰਚ ਜੁ ਮਾਲ ।
ਪ੍ਰਲੋ ਭਈ ਸੌਣਾ ਹੂਆ ਉਤਰ ਤੁਮਰਾ ਬਾਲ ।

ਸੁਣਕੇ ਉਤਰ ਪਿਤਾ ਕੀ ਆਗਿਆ ਸਾਥ ਮਿਲੁਣ ਆਈ ਗੁਰੂ ਜੀ ਨੂੰ ਮੱਥਾ ਟੇਕਿਆ, ਤਾਂ ਗੁਰੂ ਜੀ ਕਮਾਨ ਸਾਥ ਪਿੱਠ ਠੋਕੀ । ਤਾਂ ਉਸ ਪੁਛਿਆ,ਕਿਉਂ ਜੀ ਹੱਥ ਕਿਉਂ ਨਾ ਰਖਿਆ ਤਾਂ ਬੋਲੇ ਤੂੰ ਨੁਰੰਗੇ ਦੀ ਬੇਗਮ ਥੀ ਤੈ ਵਿਸ੍ਰਾਂਤ ਪੱਤਣ ਪਰਬ ਨ੍ਹਾਈ ਅਤੇ ਦੇਹ ਪਾਇਆ । ਵੈਰੀ ਜਾਣ ਕੇ ਤੁਰਕਣੀ ਨ ਛੁਵੈਂ ਸਿੱਖ, ਤਾਂ ਹਮ ਭੀ ਨ ਛੁਵੈਂ । ਤੇਰੀ ਸੇਵਾ ਭਾਵਨਾ ਤੇ ਦਮਦਮੇ ਕਾ ਜਨਮ ਦਿਤਾ । ਡੱਲੇ ਦਾ ਕਬੀਲਾ ਹੋਵੈਂਗੀ ਤਾਂ ਸਿੱਖਾਂ ਦੀ, ਸਿੱਖਣੀਆਂ ਦੀ ਸੇਵਾ ਕਰੈਂਗੀ । ਤਾਂ ਦਰਸ਼ਨ ਦੇਵਾਂਗੇ । ਬਖਸ਼ ਕਰੀ ਗੁਰੂ ਜੀ । ਵਿਦਾ ਹੋ ਗਈ, ਵਰਤ ਨੇਮ ਵਿਚ ਰਹੇ, ਦੇਹ ਤਿਆਗ ਕੇ ਜਨਮੀ ਜਾਇ ਮਾਲਵੈ । ਸਾਖੀ ਪੂਰੀ ਹੋਈ ਚਾਲੀਸਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੪੦।

## ੪੧

ਏਕ ਬੇਰ ਗੁਰੂ ਜੀ ਮਾਲਵੀਯ ਪਰਬਤ ਪਰ ਚੜ੍ਹਿਅ ਜਾਇ ਕੇ ਸਿਖ ਪੰਜ ਨਾਲ, ਏਕ ਸਿੱਖ ਥਾ ਗੰਧੀਲਾ, ਦੇਖ ਕੇ ਉਸ ਆਣ ਮੱਥਾ ਟੇਕਿਆ, ਤਾਂ ਬਚਨ ਕੀਆ ਤੂੰ

ਕਿਆ ਜਾਣ ਕੇ ਮੱਥਾ ਟੇਕਿਆ, ਸੱਚ ਕਹੁ। ਤਾਂ ਹੱਸ ਕੇ ਕਹਿਆ, ਸਤਿਗੁਰੂ ਜੀ ! ਮੈਂ ਰੇਵਾ ਦਾ ਪੁਤ੍ਰ ਹਾਂ, ਮੈਨੂੰ ਰੇਵਾਲ ਕਹਿੰਦੇ ਹੈਨ। ਗੁਰੂ ਜੀ, ਮੈਨੂੰ ਮਾਇ ਨੈ ਕਹਾ, ਪੁਤ੍ਰ ! ਤਪ ਕਰ। ਤਾਂ ਮੈਂ ਤਪ ਕਰਨੇ ਲਗਾ, ਉਤ੍ਰਾ ਖੰਡ ਵਿਚ।ਜੁਗ ਤੀਨ ਬੀਤੇ ਤਾਂ ਬ੍ਰਹਮਾ ਨੇ ਦਰਸ਼ਨ ਦੀਆ। ਮੈਂ ਉਸਤਤਿ ਕਰੀ, ਬ੍ਰਹਮਾ ਪ੍ਰਸੰਨ ਹੂਆ। ਤਾਂ ਮੈਨੂੰ ਬੋਲਿਆ, ਹੇ ਨਾਗਸੁਤ ! ਮਾਂਗ ਵਰ ਦਿਆਂ ਤੂੰ ਲੇਵ। ਮੈਂ ਕਹਿਆ,ਰਾਜਸੀ ਪਾਊਂ ਬਿਭੂਤ। ਬ੍ਰਹਮੇ ਕਹਿਆ ਰਹੁ, ਤਾਂ ਮੰਡਪ ਨਗਰ ਰਚਿਆ ਵਿਸ਼ਕਰਮਾ ਨੈ। ਨਗਰ ਕਾ ਰਾਜਾ ਹੂਆ, ਰਾਜ ਕਰਦਿਆਂ ਜੁਗ ਤ੍ਰੈਸਠ ਬੀਤੇ। ਤਾਂ ਇਹ ਮੇਰਾ ਰਾਜ ਜੱਖਾਂ ਆਣ ਲੀਆ। ਤਾਂ ਮੈਂ ਜੁਧ ਕਰ ਦੇਹ ਛੋਡੀ। ਜਹਾਂ ਤਪ ਕਰਤਾ ਥਾ ਤਹਾਂ ਬ੍ਰਹਮਾ ਦੇ ਵਰ ਕਰਿ ਤੀਰਥ ਹੂਆ। ਤੁਮ ਆਏ ਹੋ, ਨਿਹਕਲੰਕ ਜਬ ਹੋਇਗਾ ਤਾਂ ਲਗ ਈਹਾਂ ਰਹਾਂਗਾ। ਤੁਮ ਬੀ ਅਵਤਾਰ ਨਰ ਕਾ ਹੋ। ਮੇਰੀ ਸਹਾਇਤਾ ਕਰੋ। ਜੱਖਾਂ ਨੂੰ ਸਮਝਾਵੋ। ਸਰਣ, ਤਮਾਰੀ ਆਇਆ ਹਾਂ। ਤਾਂ ਗੁਰੂ ਜੀ ਕਮਾਨ ਖੈਂਚੀ ਸਭ ਪਰਬਤ ਅਰੜਾਏ, ਏ ਗੁਰੂ ਜੀ ! ਰੱਖ ਲੈਣਾ। ਏਤਨੇ ਸਮੇਂ ਜਟਾਂ ਵਾਂਗੂੰ ਰੋਮਾ, ਮ੍ਰਿਗ ਚਰਮਧਾਰੀ ਆਨ ਖੜਾ ਹੂਆ ਪੁਰਖ। ਲਗਾ ਕਹਿਣ ਤੁਮਾਰਾ ਸਮਾਂ ਨਹੀਂ ਆਵਣ ਦਾ, ਤੁਮ ਗੁਰੂ ਜੀ ਜਾਵੋ। ਜਾਂ ਪੰਥ ਫੈਲੇਗਾ ਤੁਮਾਰਾ ਤਸਾਂ ਬੀ ਜੱਖਾਂ ਪਾਸ ਆਇ ਉਤਰਣਾ ਹੈ, ਅਤੇ ਮੈਂ ਸਰਦਧਾਰ ਜੱਖ ਹਾਂ। ਸਾਡਾ ਨਾਗਾਂ ਨਾਲ ਸਦਾ ਜੁੱਧ ਹੁੰਦਾ ਹੈ, ਤਸਾਂ ਸਹਾਇਤਾ ਸਭ ਕੀ ਸਾਂਝੀ ਕਰਨੀ। ਅਸੀਂ ਬੀ ਦਸ ਸਹਿਸ੍ਰ ਸੈਨਾ ਦੇਵਾਂਗੇ ਤੇਰੇ ਪੰਥ ਵਿਚ। ਜਬ ਤੁਮ ਹਮਾਰੇ ਧਾਮ ਆਵੋਗੇ ਤਾਂ ਗੁਰੂ ਜੀ ਬੋਲੇ, ਫ਼ੌਜਾਂ ਅਗਮ ਹੈਨ। ਏਕ ਬਾਣ ਸਾਥ ਭਸਮ ਕਰਾਂ ਪਰ ਮਾਨੁਖੀ ਦੇਹ ਕਲਿਜੁਗ ਦੀ ਤਰ੍ਹਾਂ ਹੀ ਬਰਤਣੀ। ਇਤਨੇ ਮੇਂ ਰੇਵਾਲ ਬੋਲਿਆ, ਪਿਤਾ ਜੀ ਕੋਟ ਸੈਨਾ ਲੈ ਕੇ ਪਹੁੰਚਾਂਗਾ, ਭੁਯੰਗੀ ਸੈਨਾ ਹੂਈ ਮੇਰੀ ਡਰਾਵਣੀ। ਨੜਿੰਨਵੈ ਹੋਇਗਾ ਤਾਂ ਮੈਂ ਗੰਧ੍ਰਬ ਦੇਸ ਤੋੜਾਂਗਾ, ਤੁਮਾਰਾ ਪੰਥ ਰਣ ਮਾਂਡੇਗਾ। ਤੁਰਕ ਮਾਰ ਗਰਦ ਕਰਾਂਗਾ। ਪਚਾਸ ਵਰਖ ਚਾਨਣਾ ਹੋਇਗਾ। ਕਪੀਸ ਗੰਧ੍ਰਬ ਕੀ ਸੰਤਤਿ ਮਲੇਛ ਭਾਵ ਜ਼ਿਮੀਨ ਦਬਾਇ ਲੇਵੈਗੀ। ਤਾਂ ਮੈਂ ਨਿਕਾਸ ਦੇਵਾਂਗਾ। ਪੰਥ ਨੂੰ ਰਖਾਂਗਾ। ਮੇਰਾ ਤੇਜ਼ ਫੈਲ ਜਾਵੈਗਾ।

ਮਦਨਾ ਨਾਰੀ ਤੇ ਪੁਤ੍ਰ ਜਾਣਾਵਾਂਗਾ ਦੋਇ।, ਪੀਛੈ ਲੜ ਕਰ ਖੰਡ ਪਰਜਾ ਕਰੇਂਗੇ। ਕਾਮਗੜ੍ਹ, ਪ੍ਰਯਾਗ, ਦਿੱਲੀ ਤੇ ਪੂਰਬ ਲਗ ਰਾਜ ਏਕ ਕਰੈਂਗਾ। ਦੂਜਾ ਸੈਂਧਵੀ, ਰਾਵੀ, ਭਾਗਾ, ਸਤਰੁਦ੍ਰ ਤੈ ਪਸ਼ਚਮ ਕਸ਼ਮੀਰ ਲਗ ਰਾਜ ਕਰੈਗਾ। ਵਰਣ ਆਪਣਾ ਆਲਮੀ ਕਹਾਵੈਗਾ। ਕਹਿ ਕਰ ਨਾਲ ਹੋਇ ਲੀਆ ਅਤੇ ਕਹਿਣ, ਜੁੱਧ ਕਰਕੇ ਧਰਮ ਥਾਪਕੇ ਪੰਥ ਕਾ ਵਿਰੋਧ ਤੁਰਕਾਂ ਸਾਥ ਧਖਾਇਕੇ ਦੱਖਣ ਜਾਵੈਂਗੇ।

ਨੁਰੰਗ ਮੁਹੰਮਦੀ ਡੇਰਾ ਚੁਕਾਇਕੇ। ਤਾਂ ਉਹ ਗਇਆ ਵਿਰੋਧ ਮਿਟਾਇਆ। ਰੇਵਾਲ ਵਰ ਦੇ ਕਰ ਖੁਸ਼ੀ ਹੋਇਆ, ਬੋਲਾ ਤੁਮ ਕੋ ਅਪਦਾ ਬਰਸ ਕੀ ਹੋਵੇਗੀ ਤਾਂ ਮੈਂ ਮਿਲਾਂਗਾ। ਗਾਇਤ੍ਰੀ ਕੋਪ ਕਰ ਕਹਿਆ ਸੀ, ਮੇਰਾ ਅਪਮਾਨ ਹੂਆ ਪਹਿਲ ਲੀ ਗੁਰੂ

ਕਿਆਂ । ਸੋ ਤੁਸਾਂ ਸੁਚੇਤ ਰਹਿਣ, ਸਮੇਂ ਮੈਂ ਪਹੁੰਚਾਂਗਾ । ਸਾਖੀ ਪੂਰੀ ਹੋਈ ਇਕਤਾਲੀਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੪੧।

## ੪੨

ਏਕ ਬੇਰ ਸੰਗਤਿ ਜੁਰੀ ਗੁਰੂ ਕੀ ਭੇਟ ਆਵੈ, ਅਰਦਾਸੀਆ ਸਿੱਖ ਅਰਦਾਸ ਕਰੇ, ਖ਼ਜ਼ਾਨਾ ਸਾਂਭਦਾ ਜਾਵੈ । ਕੋਈ ਰੁਪਯਾ, ਕੋਈ ਸਿੱਖ ਪੈਸਾ ਮੋਹਰ, ਸੌ ਕਈ ਹਜ਼ਾਰ ਇਸੀ ਤਰ੍ਹਾਂ ਖ਼ਜ਼ਾਨਾ ਜੁੜਿਆ । ਤਹਾਂ ਭਾਵਨਾ ਪੂਰੀਆਂ ਕਰੈ ਸਿੱਖਾਂ ਕੀ । ਊਹਾਂ ਬੈਠਾ ਥਾ ਕਾਜ਼ੀ ਸਲਾਰੁਦੀਨ ਪਰ ਸਾਈਂ ਵਾਲਾ ਥਾ, ਦੁਵੈਖੀ ਨ ਥਾ । ਤਾਂ ਭੀੜ ਦੂਰ ਹੋਈ । ਤਾਂ ਕਾਜ਼ੀ ਪੁਛਿਆ, ਗੁਰੂ ਜੀ ! ਤੁਮਾਰੇ ਸਿੱਖ ਅਰਦਾਸ ਕਿਉਂ ਕਰਦੇ ਹੈਨ । ਬ੍ਰਾਹਮਣ ਕਿਉਂ ਕਹਿੰਦੇ ਹੈਨ ਜੋ ਖੁਦਾਇ ਕਰੀ ਸੋ ਭੋਗਦਾ ਹੈ, ਅਤੇ ਤੁਸੀਂ ਲਿਖਦੇ ਹੋ ਹਿੰਦੂ, ਜੋ ਹੋਣੀ ਆਗੇ ਹੀ ਬਣ ਰਹੀ ਹੈ, ਤੇ ਅਸੀਂ ਤੁਰਕ ਜਾਣਦੇ ਹਾਂ ਕਰੀ ਹੂਈ ਰੱਬ ਦੀ ਨੂੰ ਫੇਰ ਕਉਣ ਮੋੜੇ । ਤਾਂ ਤੇ ਤੁਮਾਰਾ ਮਾਰਗ ਕੈਸਾ ਖੁਸ਼ੀ ਹੋ, ਪੁਤ੍ਰ ਧਨ ਦੇਂਦੇ ਹੈਨ, ਝੂਠ ਕਿਉਂ ਕਹਿੰਦੇ ਹੈਨ । ਤਾਂ ਗੁਰੂ ਜੀ ਬਚਨ ਬੋਲੇ, ਕਾਜ਼ੀ ਜੀ ਸੁਣੋ, ਮੁਹਰ ਦਿਖਾਈ ਹਾਥ ਕੀ, ਅਰ ਲਗਾਇ ਦਿਖਾਈ ਕਾਗਤ ਪਰ, ਪੀਛੇ ਕਹਿਆ ਸਮਝਾਇਆ । ਜਾਂ ਏਹ ਜਨਮਦਾ ਹੈਗਾ ਤਾਂ ਕਰਮ ਹੋਣੀ ਲਿਖੀ ਜਾਂਦੀ ਹੈ, ਜੈਸੇ ਮੁਹਰਾਂ ਵਾਲੇ ਪੁੱਠੇ ਹਰਫ ਲਿਖੇ ਥੇ । ਲਗਾਵਣ ਵਾਲਾ ਜਾਂ ਲਗਾਵੇਗਾ ਤਾਂ ਸਿੱਧੇ ਹੋਇਗੇ ਟੇਕੇ ਤੇ, ਤੈਸੀ ਕਰਮ ਦਾਤਾ ਬਿਧਾਤਾ ਮਸਤਕ ਪੁਰ ਲਿਖਕੇ ਇਹ ਕਹਿਆ ਜਾਂ ਇਹ ਮਨੁੱਖ ਗੁਰੂ ਪੀਰ ਅੱਗੇ ਮੱਥਾ ਨਿਵਾਵੈਗਾ, ਤਾਂ ਸੂਧੇ ਅੱਖਰ ਹੋਹਿੰਗੇ, ਫਲ ਹੋਇਗਾ । ਨਹੀਂ ਟੇਕੇਗਾ ਤਾਂ ਪੁੱਠਾ ਹੀ ਕਰਮ ਰਹੇਗਾ, ਤਾਂ ਗੁਰੂ ਭਾਵਨਾ ਸਿੱਖਾਂ ਦੀ ਸੂਧੀ ਹੁੰਦੀ ਹੈ । ਕਾਜ਼ੀ ਸਲਾਮ ਕੀਤੀ, ਸੱਚੇ ਪਾਤਿਸ਼ਾਹ ਜੀ ! ਸੰਸਾ ਦੂਰ ਹੂਆ, ਬੋਲਿਆ ਵਾਹਿ ਵਾਹਿ ਜੀ ।

ਐਨ ਖੁਦਾਇ ਅੱਵਲ ਗੁਰੂ ਆਮਦਹਿ ।
ਕਦਮ ਮੁਸ੍ਰਤ ਈਂ ਦਰ ਜਹਾਨ ਪਾਕ ਕਰਦਮਹਿ।
ਸਾਖੀ ਪੂਰੀ ਹੋਈ ਬਤਾਲਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੪੨।

## ੪੩

ਏਕ ਬੇਰ ਗੁਰੂ ਕੇ ਹਜ਼ੂਰ ਸੰਗਤ ਦਰਸ਼ਨ ਕਰਕੇ ਭਾਵਨਾ ਜੈਸੀ ਤੈਸੀ ਕਾਮਨਾ ਪੂਰੀਆਂ ਕਰਤੇ ਥੇ, ਤਾਂ ਗੁਰੂ ਜੀ ਕਹਿਆ, ਕੋਈ ਐਸੀ ਹੈ ਤ੍ਰੀਮਤਿ ਜਿਸ ਨੇ ਮਰਦ ਨਾ ਫਿਟਕਾਹਿਆ ਹੋਵੈ, ਬਡਾ ਛੋਟਾ ? ਸਭ ਸਿੱਖਣੀਆਂ ਚੁਪ ਕਰ ਰਹੀਆਂ, ਤਾਂ ਇਕ ਸਿੱਖ

ਦੀ ਬੇਟੀ ਉਠੀ । ਹੱਥ ਜੋੜਕੇ ਬੋਲੀ, ਸਚੇ ਪਾਤਿਸ਼ਾਹ ਜੀ ! ਮੈਂ ਕਦੇ ਨਹੀਂ ਫਿਟਕਾਰਿਆ, ਮਰਦ ਕੀ ਜਾਤਿ ਅਤੇ ਪੁੱਤ ਨੋ ਬੀ ਨਹੀਂ ਝਿੜਕਿਆ ? ਤਾਂ ਬਚਨ ਹੂਆ ਸਿੱਖ ਕੀ ਬੇਟੀ ਕਿਸ ਤਰ੍ਹਾਂ ਪ੍ਰਤੀਤ ਆਪ ਕਰੈ ਸਿੱਖ ਸੰਗਤ ? ਤਾਂ ਉਸ ਭਾਗਣ ਕਹਿਆ ਮਹਾਰਾਜ ਜੀ, ਮੇਰਾ ਬਾਪ ਦਿਵਾਨ ਸੀ ਪਾਤਿਸ਼ਾਹੀ ਖੱਤ੍ਰੀ ਆਗਰੈ ਸ਼ਹਿਰ ਵਿਚ ਰਹਿੰਦੇ ਸੇ । ਤਾਂ ਬਾਪ ਮੇਰਾ ਮਰਾ । ਸੁਣਕੇ ਪਾਤਿਸ਼ਾਹ ਘਰ ਜਪਤ ਕਰਾ, ਮੇਹਰਾਂ ਜਪਤੀ ਕੀਆਂ, ਲਗਾਇ ਚੌਂਕੀਆਂ ਬੈਠਾਈਆਂ ਅਤੇ ਕਹਿਆ ਕੋਈ ਹੈ ਉਸਕੀ ਸੰਤਾਨ ? ਲੋਕਾਂ ਕਹਿਆ, ਸਾਤ ਬੇਟੀਆਂ ਹੈਨ, ਆਠਵਾਂ ਆਧਾਨ[1] ਹੈਗਾ । ਤਾਂ ਪਾਤਿਸ਼ਾਹ ਕਹਿਆ, ਦੇਖ ਲੇਵੋ । ਜੇ ਲੌਂਡਾ[2] ਹੋਗਾ ਤਾਂ ਖਲਾਸ । ਤਾਂ ਕਿਤਨੇ ਕੁ ਦਿਨ ਬੀਤੇ ਤਾਂ ਲੌਂਡਾ ਪੈਦਾ ਹੂਆ, ਦਮਾਮੇ ਨਉਬਤਾਂ ਵੱਜੀਆਂ । ਪਾਤਿਸ਼ਾਹ ਸੁਣਿਆ, ਹੁਕਮ ਦੀਆ ਖਲਾਸ ਕਰੋ । ਰੁਜ਼ੀਨਾ ਲਗਾ ਮਿਲਣ, ਘਰ ਖਲਾਸ ਹੂਆ, ਚਉਂਕੀ ਉਠ ਖੁਸ਼ੀ ਹੂਈ, ਆਦਰ ਸਬ ਲਗੇ ਕਰਨ । ਤਾਂ ਮੈਂ ਸੱਤਾ ਭੈਣਾਂ ਬੀਚ ਕਹਿਆ, 'ਧੰਨ ਮਰਦ ਦੀ ਦਾੜ੍ਹੀ ਜਿਸ ਦੇ ਪਿਛੇ ਪਰਵਾਰ ਛੁਟਿਆ ।

ਜਿਸ ਦਾੜ੍ਹੀ ਤੇ ਜਪ ਅਰ ਜੋਗ ਤਪ ਸਭ ਫਲਦਾ ਹੈ ।'

ਕਬੂਲ ਦਾੜ੍ਹੀ ਦਰਗਾਹਿ ਮਰਦ ਕਚੈਹਰੀ ਦਰ ।
ਬਗੈਰ ਦਾੜ੍ਹੀ ਪਗੜੀ ਮਰਦ ਨਾਸਤਿ, ਐਨ ਔਰਤ ਬਦਨਹਿ ।

ਸੱਚੇ ਪਾਤਿਸ਼ਾਹ ! ਮੈਂ ਕਰ ਲਈ ਪ੍ਰਤੀਤ, ਮਰਦ ਜੰਮਦੇ ਹੀ ਬੰਦ ਖਲਾਸ,ਜ਼ਨਾਨੀ ਸਾਤ ਥੀਂ ਤਾਂ ਭੀ ਮੁਲਾਹਜਾ ਨਾ ਕਰਿਆ ।

ਧੰਨ ਦਾੜ੍ਹੀ ਸੱਚੀ, ਜ਼ਨ ਜੁਮਲ ਜੰਮਹਿ ਲਾਨ੍ਹਤਹਿ।
ਜਦਹਿ ਰੋਜ਼ ਹਰਦਮਹਿ ਮਰਦਹਿ ।
ਜੰਮਹਿ ਦਰਗੋਸ਼ ਖ਼ੈਰ ਕਰਦਮਹਿ ।
ਦਾੜ੍ਹੀ ਬੰਦਗੀ ਐਨ ਖ਼ੁਦਾਇ ਦੀਦਾਰ ਸ਼ਮਾਰਹ ।
ਬ਼ਗੈਰ ਦਾੜ੍ਹੀ ਸ਼ੈਤਾਨ ਬਿਸਾਹੁ ਨ ਕਰਦਮਹਿ ।

ਤਾਂ ਗੁਰੂ ਜੀ ਕਹਿਆ, ਧੰਨ ਤੇਰੀ ਪ੍ਰਤੀਤ ਸਿੱਖਾ ! ਦਾੜ੍ਹੀ ਤਾਰੀਫ ਕੁਨ, ਕੇਸ ਸ਼ੁਮਾਰ ਬਾਲਤਣ । ਬ਼ਗ਼ੈਲ ਦਾੜ੍ਹੀ ਬਦਨ ਚਸ਼ਮ ਨ ਦੀਦਮਹਿ । ਸਾਖੀ ਪੂਰੀ ਹੋਈ ਤ੍ਰਿਤਾਲਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੪੩।

## ੪੪

ਏਕ ਬੇਰ ਗੁਰੂ ਜੀ ਬੈਠੇ ਥੇ । ਤਾਂ ਸਿੱਖਾਂ ਪੁਛਿਆ, ਜੀ ਸੱਚੇ ਪਾਤਿਸ਼ਾਹ ! ਭਾਣਾ ਗੁਰੂ ਕਾ ਜਿਉਂ ਚਾਹੋ ਵਿਹਾਰ ਤਿਵੈਂ ਤੋਰੋ । ਪਰ ਖਰਚ ਚਾਹੀਏ ਕੁਛ ਸਿਆਲ ਆਇਆ

ਹੈ । ਇਤਨੇ ਕਹਿੰਦੇ ਸੇ, ਜੋ ਇਕ ਵਣਜਾਰੇ ਸਿੱਖ ਦੋ ਹਜ਼ਾਰ ਰੁਪਈਆ ਧਰਕੇ ਮੱਥਾ ਆਣ ਟੇਕਿਆ । ਗੁਰੂ ਜੀ ਬੋਲੇ ਕੈਸਾ ਹੈ, ਅਤੇ ਤੂੰ ਕੈਂਦਾ ਸਿੱਖ ਹੈ, ਕਿਥੇ ਰਹਿਨਾ ਹੈ ? ਤਾਂ ਉਹੁ ਬੋਲਿਆ, ਸੁਲਤਾਨ ਦਾ ਹਾਂ । ਅਤੇ ਮੁਰੀਦ ਨਗਾਹੇ ਦਾ ਹਾਂ । ਏਥੇ ਖੇਵਟ ਮਾਲ ਲੇ ਕਰ ਆਇਆ ਥਾ । ਮਾਲ ਬਿਕੇ ਨਹੀਂ । ਤਾਂ ਮੈਂ ਪੁਛਿਆ, ਕੋਈ ਗੁਰੂ ਪੀਰ ਜ਼ਾਹਰਾ ਹੈ, ਸੁਖ ਸੁਖੀਏ । ਲੋਕਾਂ ਕਹਿਆ ਗੁਰੂ ਹੈ ਆਜ ਦੇ ਪਹਿਰੇ । ਤਾਂ ਮੈਂ ਸੁੱਖੀ ਸਾਠ ਹਜ਼ਾਰ ਕੇ ਨਫੇ ਕੀ ਦਸਵੰਧ ਕੀ ਭੇਟ ਆਣੀ ਹੈ । ਬਚਨ ਕਰਿਆ ਗੁਰੂ ਜੀ ! 'ਭਾਈ ਜਿਸ ਕੇ ਖੇਤ ਤਿਸੀ ਕਾ ਅੰਨ । ਗਊ ਖਾਂਦੀ ਖੇਤ ਹੋਵੈ । ਮੁਸਾਫ਼ਰ ਹਟਾਵੈ, ਤਾਂ ਖੇਤ ਦਾ ਦਾਵੇਦਾਰ ਨਹੀ ਹੁੰਦਾ । ਤੂੰ ਮੁਰੀਦ ਹੈਂ ਜਿਸਕਾ , ਉਸੀ ਕੀ ਭੇਟ ਦੇਹੁ । ਗੁਰੂ ਕੇ ਰਾਹ ਤੋ ਨਹੀ ਮਾਰਦੇ ਤਾਂ ਉਸ ਵਣਜਾਰੇ ਕਹਿਆ, ਗੁਰੂ ਜੀ ਮੈਂ ਤਾਂ ਪਿਛਲੀ ਸੁਣਾਈ ਹੈ ਮੁਰੀਦੀ । ਜਾਂ ਮੈਂ ਸੁਖ ਗੁਰੂ ਕੇ ਘਰ ਤੇ ਪਾਈ । ਤਾਂ ਮੈਂ ਹੁਣਿ ਸਿੱਖ ਹੂਆ । ਪਿਛਲਾ ਗੁਨਾਹ ਬਖਸ਼ੋ । ਤਾਂ ਬਚਨ ਹੂਆ ਸਿੱਖਾ ! ਜਿਹੜੇ ਹਿੰਦੂ ਦੇ ਸਿੱਖ ਸੋ ਸਾਡੇ । ਅਤੇ ਸਾਡੇ ਵੈਰੀ ਤੁਰਕ ਮਾਰਣੇ । ਅਸਾਂ ਖੰਡਾ ਚੁਕਿਆ । ਜੋ ਉਨ੍ਹਾਂ ਦਾ ਸੋ ਮੇਰਾ ਨਹੀਂ, ਜੋ ਮੇਰਾ ਸੋ ਓਨ੍ਹਾਂ ਦਾ ਨਹੀਂ । ਭਾਈ ਸਿੱਖ ਹੋਣਾ, ਕੇਸ ਰਖਣੇ ਅਤੇ ਦੇਣਾ ਲੈਣਾ ਸਭ ਸੁਖਾਲਾ । ਪਰ ਸਿਦਕ ਸਾਬਤ ਰਖਣਾ ਕਠਿਨਾਈ ।

ਬਿਸਿਦਿਕ ਬੋਇਮੰਦ ਆਮਦਹਿ ।
ਸਿਦਕ ਬੋਇ ਖੂਬ ਮਗਜ਼ ਖ਼ੈਰ ਸ਼ੁਦਹ ।
ਬੇਮੁਖਾਨਾਂ ਮਿਹ ਪਰਤੰ ਰੰਚ ਨ ਸੁਖੰ ਦ੍ਰਿਸ਼ਤੇ ਕਵਚਤ ।
ਸਿਦਕ ਬਲਾਈਂ ਛੈ ਕਰੈ ਬਿਸਦਕੀ ਘਰਨ ਉਜਾੜ ।
ਗੁਰੂ ਪੀਰ ਬਿਸਿਦਕੀ ਕੈ ਨਹੀਂ, ਨਾਨਕ ਖੇਤ ਬਿਬਾੜ ।

ਤਾਂ ਸਿੱਖ ਹੂਆ, ਬਡੀ ਭੇਟ ਭਿਜਵਾਣ ਲਗਾ । ਸਿੱਖਾਂ ਕੀ ਪ੍ਰਤੀਤ ਗੁਰੂ ਕਿਆਂ ਪਾਲੀ। ਬਡੀ ਸੰਗਤ ਲੈ ਕੇ ਆਇਆ ਕਰੈ। ਸਾਖੀ ਪੂਰੀ ਹੋਈ ਚੌਤਾਲੀਸਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੪੪।

## ੪੫

ਏਕ ਬੇਰ ਗੁਰੂ ਜੀ ਮਾਲਵੈ ਗਏ, ਬੈਰਾੜਾਂ ਦੀ ਸੰਗਤਿ ਬਹੁਤ ਝੁਕੀ, ਸੇਵਾ ਕਰਕੈ, ਆਗਿਆ ਮੰਨਣ । ਤਾਂ ਗੁਰੂ ਜੀ ਕਾ ਸ਼ਿਕਾਰ ਪਰ ਮਨ ਹੂਆ, ਡੱਲਾ ਬੈਰਾੜ ਹਜ਼ੂਰ ਹੀ ਰਹੇ, ਚੰਬਿਆਲ ਕੀ ਬੇਟੀ ਨੂੰ ਦਰਸ਼ਨ ਦੇਣ ਗਏ । ਸ਼ਿਕਾਰ ਗਏ ਦੂਰ ਏਕ ਬਨ ਬੀਚ, ਮਿਗ੍ਰ ਮਾਰਿਆ ਅਰ ਹੱਸੇ । ਡੱਲੇ ਪੁਛਿਆ, ਗੁਰੂ ਜੀ ਕਿਉਂ ਹਸੇ ? ਬਚਨ ਹੂਆ ਇਹ ਮ੍ਰਿਗ ਸਿੱਖ ਗੁਰੂ ਕਾ ਥਾ । ਗੁਰੂ ਕਾ ਖ਼ਜ਼ਾਨਾ ਬਹੁਤ ਖਰਾਬ ਕੀਤਾ ਅਤੇ ਚੁਰਾਇਆ ਖਾਇਆ । ਭਾਈ ਡੱਲਿਆ ਬੇਰਾੜਾ ! ਜੇ ਕੋਈ ਕਿਸੇ ਅੰਸੁ ਖਾਇ ਜਾਵੈਗਾ, ਉਸ ਕਾ ਮਾਸ ਕਸੀਏਗਾ । ਜਿਹੜੇ ਮ੍ਰਿਗ ਬੱਕਰੇ ਹੁੰਦੇ ਹੈਨ, ਜੋ ਪਰਾਈ ਸੁਆਮੀ ਦੀ ਅੰਸੁ ਖਾਂਦੇ

ਹੈਨ, ਦਿਤੇ ਬਿਨਾ ਤਿਨ੍ਹਾਂ ਦੀ ਇਹੋ ਗਤਿ ਹੋਇਗੀ । ਏਸ ਨੂੰ ਵਰਜ ਰਹੇ ਪਰ ਕਹਿਆ ਨ ਮੰਨਿਆ । ਤਾਂ ਹਸੇ, ਕਿਉਂ ਤੈਨੂੰ ਠਾਕਦੇ ਰਹੇ ਸੇ ।

ਘਰਿ ਆਵਣਾ ਰਹਿਆ, ਦੂਰ ਕਿਕਰਾਂ ਹੇਠ ਉਤਰੇ । ਸਿੱਖ ਬੋਲੇ, ਭੁਖੇ ਹਾਂ, ਚਲਿਆ ਨਹੀਂ ਜਾਂਦਾ । ਬਚਨ ਹੋਆ ਕਿਕਰ ਪਰ ਚੜ੍ਹ ਕੇ ਹੂਣੋ । ਤਾਂ ਸਿੱਖ ਚੜ੍ਹਕੇ ਹੂਣਾ । ਲਗਾ ਮੀਂਹ ਲਗਾ ਮੀਂਹ ਵਰਸਣ । ਜਲੇਬੀਆਂ, ਫੈਣੀਆਂ, ਖੁਰਮੇਂ । ਤਾਂ ਸਿੱਖਾਂ ਖਾਇ ਕੇ ਤ੍ਰਿਪਤ ਹੂਏ । ਇਕਨਾ ਨਾ ਛਕਿਆ, ਜੇ ਗੁਰੂ ਕੇ ਖਾਣ ਤਾਂ ਅਸੀਂ ਛਕੀਏ । ਖਾਇ ਚੁਕੇ ਤਾਂ ਹੱਸ ਕੇ ਗੁਰੂ ਜੀ ਬੋਲਿ ਸੁਣਾਇਆ । ਸਿੱਖ ਗੁਰਮੁਖ ਏਹੋ ਹੈਨ, ਖਾਣ ਵਾਲੇ ਪੇਟ ਪਾਲ ਹੈਨ, ਮਨਮੁਖ ਬੀ ਸਿੱਖ ਹੈਨ । ਭਾਈ ਸਿੱਖੀ ਪਾਵਣੀ ਬਡੀ ਦੂਰ ਹੈ । ਤਾਂ ਘਰ ਪਹੁੰਚ ਪ੍ਰਸਾਦਿ ਛਗਿਆ, ਸੁਖ ਨਾਲ ਸੋਏ ਬਡੀ ਰਾਤਿ ਹੂਈ । ਲੋਕ ਪਸ਼ ਬਹੁਤ ਦੁਖੀ ਹੋਏ । ਸਾਖੀ ਪੂਰੀ ਹੋਈ ਪੈਂਤਲੀਸਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੪੫।

## ੪੬

ਭਲਕ ਹੂਆ ਡੱਲੇ ਪੂਛਿਆ । ਸਾਰਾ ਪਿੰਡ ਹੀ ਲਗਾ ਆਖਣ ਰਾਤਿ ਵਧੀ ਕੈਸੀ । ਤਾਂ ਸੰਗਤ ਕੇ ਹਜ਼ੂਰ ਸੰਗਤਿ ਸਾਥ ਹੀ ਡੱਲੇ ਹਾਥ ਬਾਂਧ ਕੇ ਪੁਛਿਆ । ਤਾਂ ਗੁਰੂ ਜ ਕਹਿਆ, ਡੱਲਿਆ ! ਭਾਣਾ, ਦੇਵਤਿਆਂ ਵਿਚ ਸਪਰਧਾ[1] ਹੂਈ, ਸੂਰਜ ਬੈਠਾ ਰਹਾ, ਇੰਦ੍ਰ ਬੀ ਬੈਠ ਰਹਿਆ । ਏਸ ਤੇ ਵਰਖਾ ਦੀ ਥੰਮਣੀ, ਸੂਰਜ ਬੈਠਾ ਸੁਵਰਗ ਤਾਂ ਰਾਤਿ ਵਧੀ । ਡੱਲਾ ਬੋਲਿਆ, ਮੀਹੁੰ ਬਿਗੈਰ ਕੀਕੂੰ ਜੀਵਾਂਗੇ, ਔੜ ਵਧ ਗਈ, ਹਥ ਜੋੜੇ ਸੰਗਤਿ ਸਾਰੀ, ਤਾਂ ਗੁਰੂ ਕੇ ਕ੍ਰੋਪ ਹੋ ਬੋਲੇ, ਡੱਲਿਆ । ਮਾਰਿ ਇੰਦ੍ਰ ਨੂੰ । ਗੁਰੂ ਕਾ ਬਚਨ ਦਾ ਬੇਸਾਹ ਉਠਕੇ ਸਾਤ ਛਿਤ੍ਰ ਚਲਾਏ ਅਤੇ ਗਾਲ੍ਹੀ ਕਹੀ , ਨਿਕਾਰੇ ! ਬਰਸੁ, ਹੁਕਮ ਮੰਨਿ ਅਸੀ ਬੀ ਮੰਨਦੇ ਹਾਂ । ਗੁਰੂ ਜੀ ਹੱਸ ਬੋਲੇ ।

ਭੈ ਵਿਚਿ ਸੂਰਜ ਭੈ ਵਿਚਿ ਚੰਦੁ ॥

ਏਹ ਸਾਰੀ ਪਉੜੀ ਪੜ੍ਹੀ ਤਾਂ ਲਗਾ ਬਰਸਨ, ਮੀਂਹ ਹੂਆ, ਸੁਕਾਲ ਹੂਆ, ਗੁਰੂ ਜੀ ਮਾਲਵਾ ਦੇਸ ਗਾਹਿਆ ਫਿਰ ਕੇ, ਪੀਛੇ ਕਹਿਆ, ਦਇਆ ਬਡੀ ਅਤੇ ਭਾਵ ਸਿੱਖੀ ਬੀ ਪਰ ਝੂਠਾ ਮਾਲਵਾ ਦੇਸ । ਕੁੜੀਆਂ ਪਿਛੇ ਪਲਿਆ, ਅੰਨ ਬਹੁਤ ਹੋਇਗਾ ਪਰ ਰੱਜਣ ਨਾ, ਤ੍ਰਿਸਨਾ ਪੈਸੇ ਹੀ ਵਿਚ ।

ਖਾਣ ਨੂੰ ਭੇਸ । ਸਿੱਖੀ ਨੂੰ ਪਰਦੇਸ ।
ਮਤਲਬ ਪਾਤਸ਼ਾਹੀ । ਰਾਜ ਬਿਨੁ ਪਾਹੀ ।
ਸਾਖੀ ਪੂਰੀ ਹੋਈ ਛਿਤਾਲਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੪੬।

ਏਕ ਵਾਰ ਸਭ ਦੇਸ ਪਰ ਤਾਪ ਆਇਆ ਗਰਜਕੇ ਤਾਂ ਡੱਲੇ ਕਹਿਆ ਪੁਛਕੇ ਗੁਰੂ ਜੀ ਪਾਸੋਂ, ਸਿਰ ਕੇਸ ਰਖੋ ਤੇ ਬਾਣੀ ਪੜ੍ਹੋ । ਭਇ ਕੇ ਮਾਰੇ ਸੰਗਤ ਪੜ੍ਹਨ ਗਈ ਦਮਦਮੇ ਨੂੰ । ਸਾਰੇ ਸੁਖੈਨ ਹੀ ਰਹੇ । ਗੁਰੂ ਜੀ ਇਹ ਬਚਨ ਕੀਤਾ, ਧਰਮਾਸ਼ਾਲਾ ਬਣਾਵੋ, ਟਹਿਲ ਕਰੋ । ਤਾਪ ਤੇ ਬਚੋਗੇ, ਸੰਗਤ ਕਰਨੀ ਸੁਖ ਰਹੈਗਾ, ਸੰਗਤ ਬਚਨ ਮਾਨਕੇ ਲਗੇ ਕਰਨ । ਬਾਣੀ ਕਾ ਪੜ੍ਹਨਾ ਅਤੇ ਧਰਮ ਦਇਆ ਨੂੰ ਲਗਾਵਨ ਨੂੰ ਜਾਇ ਰਹੇ ਥੇ, ਸੋ ਸਿਖੀ ਥਾਪੀ, ਸਾਖੀ ਪੂਰੀ ਹੋਈ ਸੈਂਤਾਲਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੪੭।

## ੪੮

ਏਕ ਬੇਰ ਗੁਰੂ ਜੀ ਖੁਸ਼ੀ ਹੋਇ ਬੋਲੇ, 'ਡੱਲੇ ਬੈਰਾੜ ! ਮਾਂਗ ਕਛੂ ਹੁਣ ਅਸੀਂ ਜਾਮਾਂਗੇ, ਅਰੂੜ ਪੁਰ । ਡੱਲਾ ਬੋਲਿਆ ਮੱਥਾ ਟੇਕ ਕੇ ਪਾਤਿਸ਼ਾਹ ! ਮੀਂਹ ਮਿਲੈ । ਤਾਂ ਚੁਪ ਕਰ ਰਹੇ, ਫੇਰ ਬੋਲੇ ਮਾਂਗ ਬੈਰਾੜਾ ! ਤਾਂ ਫੇਰ ਮੀਂਹ ਮੰਗਿਆ, ਏਸੇ ਤਰ੍ਹਾਂ ਤੀਨ ਬਚਨ ਹੂਏ । ਚੌਥੇ ਗੁਰੂ ਜੀ ਬੋਲੇ ।

ਜੱਟ ਦਾ ਬੋਲ ਅਤੇ ਬਾਣੀਏ ਦੀ ਚੁਪ ।

ਗੁਰੂ ਕਾ ਵਾਕ । ਬਾਮ੍ਹਣ ਦਾ ਸਾਕ । ਇਨ੍ਹਾਂ ਦਾ ਵਿਸਾਹ ਨਹੀਂ ।

ਡੱਲੇ ਤਿਆਰੀ ਕਰ, ਮੀਂਹ ਦੀਆ, ਤਾਂ ਡੱਲੇ ਜੌਹੜ ਛੱਪੜ ਸਾਫ ਕਰਵਾਏ ਅਤੇ ਆਇ ਕਹਿਆ । ਲਗਾ ਮੀਂਹ ਵਰਸਣ, ਤੀਨ ਰਾਤਿ ਦਿਨ ਵਰਸਦਾ ਰਹਿਆ ਪੁਕਾਰ ਪੜ ਗਈ, ਪਾਤਿਸ਼ਾਹ । ਰੱਖ ਲੇਵੋ, ਡੱਲੇ ਮੱਥਾ ਆਣ ਟੇਕਿਆ, ਲਗਾ ਕਹਿਣ ਪਾਤਿਸ਼ਾਹ ਬਸ ਕਰੀਏ । ਤਾਂ ਹਸ ਬੋਲੇ, ਛਿਤ੍ਰ ਮੀਂਹ ਨੋ ਮਾਰੋ ਤਾਂ ਉਸੀ ਤਰ੍ਹਾਂ ਮਾਰੇ । ਮੀਂਹ ਠਹਿਰ ਗਇਆ ਕੋਈ ਦਿਨ ਪੀਛੇ ਚਲੇ ਸਿੱਖ ਪੰਚਾਸ । ਚਲਦੇ ਚਮਕੌਰ ਆਏ, ਨਿਹਾਲੇ ਚੌਧਰੀ ਉਤਾਰੀ ਦਈ ਰਾਤਿ ਨੂੰ ਦਰਸਨਿ ਸਭ ਲੋਕਾਂ ਕਰਿਆ, ਸੁਣਕੇ ਸੰਗਤਿ ਆਈ ਦਰਸ਼ਨ ਨੂੰ । ਏਕ ਮਾਈ ਖਤਰਾਣੀ ਮਾਛੀਵਾੜੇ ਕੀ ਆਈ । ਕਪੜਾ ਥਾਨ ਰਖ ਮੱਥ ਟੇਕਿਆ । ਤਾਂ ਬਚਨ ਹੂਆ ਸਿੱਖਣੀਏ ! ਮਾਂਗ ਬੋਲੀ ਜੀ ਪਾਤਿਸ਼ਾਹ ! ਚਲਿਆ ਨਹੀਂ ਜਾਂਦਾ ਅਤੇ ਦਰਸ਼ਨ ਕਿਥੇ ਪਾਵਾਂ । ਭੇਟ ਕੱਤਕੇ ਸਦਾ ਦੇਂਦੀ ਸਾਂ, ਸੋ ਭੀ ਰਹੀ । ਬਚਨ ਹੂਆ, ਕਪੜਾ ਲੈ ਜਾਹਿ । ਅਸੀਂ ਤੇਰੇ ਆਵਾਂਗੇ । ਭੇਟ ਬੀ ਤੇਰੀ ਲੈ ਪਹਿਰਾਂਗੇ । ਤੂੰ ਮਹਾਂ ਪ੍ਰਸਾਦਿ ਛਕ । ਗੁਰੂ ਜੀ ਦਿਤਾ ਉਨ ਛਕਿਆ । ਸੁਖੀ ਹੋਇਕੈ ਮੱਥਾ ਟੇਕਕੇ ਗਈ ਘਰ, ਗੁਰੂ ਜੀ ਕੋਈ ਦਿਨ ਰਹੇ । ਕੁਰਛੇਤ੍ਰ ਦਾ ਗ੍ਰਿਮਣ ਹੂਆ ਸੀ, ਨੇੜੇ ਸੰਗਤਾਂ ਬਹੁਤ ਭੀੜ ਰਾਜਿਆਂ ਦੀ, ਗੁਰੂ ਜੀ ਤਿਆਰੀ ਕਰੀ, ਕਰੁਛੇਤ੍ਰ ਦੀ । ਸਾਖੀ ਪੂਰੀ ਹੋਈ ਅਠਤਾਲਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੪੮।

# ੪੯

ਕੁਰਛੇਤ੍ਰ ਕਉ ਗੁਰੂ ਜੀ ਗਏ, ਮਦਨ ਨਾਥ ਜੋਗੀ ਮਿਲਿਆ । ਤਿਨ ਪੁਛਿਆ 'ਬੁਰਕਾ ਸ਼ੇਰ ਕਾ ਕਰਣੀ ਸਿਧਾਂ ਕੀਂ',ਬਚਨ ਕਿਆ,'ਨਾਥ ਜੀ ! ਤੁਰਕ ਗੁਫਤਾਰ ਦੰਡ ਬਿਨਾ ਵਸ ਨਹੀਂ ।' ਜੋਗੀ ਕਹਿਆ-

ਚਰਚਾ ਚਵਾਇ । ਸਿਧੀ ਕਬੂਲ ਪਾਤਿਸ਼ਾਹ ।
ਰਹਿਣੀ ਸਿਧ ਨਾਨਕ ਕੇ ਫਕੀਰ । ਭੇਖ ਰੇਖ ਰਜ਼ਾ ਕਾਰਜ ਦਸਤਗੀਰ ।
ਜੀਉ ਦਿਲ ਨੇਕੀ ਜਵਾਲ । ਕਰਣੀ ਕੁਦਰਤਿ ਖ਼ਿਆਲ ।

ਆਪਸ ਮੈਂ ਰੀਝੇ, ਨਾਥ ਬੋਲਿਆ ਗੁਰੂ ਜੀ ਕੁਛ ਹਮਾਇਤ ਜੋਗੀ ਕੀ ਚਾਹੀਏ । ਤਾਂ ਬੋਲੇ :

ਫਿਰਕਾ ਅਮੁੰਡ ਦੋਨੋ ਫਰਕਸ । ਖਾਲਸਾ ਬਲੀ ਕਸੇ ਤਰਕਸ਼ ।

ਤਾਂ ਜੋਗੀ ਬੋਲੇ, ਤੀਰ ਚਲਾਇ ਦਿਖਾਈਏ, ਤਾਂ ਗੁਰੂ ਜੀ ਤੀਰ ਚਲਾਇਆ, ਕਿਲ੍ਹੇ ਮਗ਼ੁਲ ਕੇ ਦਰ ਜਾਇ ਘੁਸਾ, ਦੇਖ ਕੇ ਨਾਥ ਬੋਲਿਆ, ਧੰਨਿ ਬਿਦਿਆ ਦੁਆਪੁਰ ਕੀ ਅਰਜਨ ਕੀ ਹੈਗੀ, ਗੁਰੂ ਜੀ ਤੁਮਾਰੇ ਹਾਥ ਤੇ ਤੁਰਕ ਜਾਂਹਿੰਗੇ ।

ਹਮ ਕਟਾਸ[੧] ਰਹੈ ਹੈ । ਬਾਲ ਗੁੰਦਾਈ ਸਿਧ ਕੇ ਆਸਣ, ਊਹਾਂ ਪਹੁੰਚਣਾ, ਫਕੀਰੀ ਕੀ ਟੇਕ । ਤਾਂ ਗੁਰੂ ਜੀ ਬੋਲੇ, ਨਾਥ ਜੀ ! ਹੁਕਮ ਨਹੀਜ ਡਾਢੇ ਦਾ, ਹਮਾਰਾ ਪੰਥ ਪਹੁੰਚੈਗਾ । ਸਦੀ ਤੇਰ੍ਹਵੀਂ, ਤੁਰਕ ਨਾਸ ਹੋਵੈਂਗੇ, ਆਪ ਜਾਇ ਦੇਹ ਛੋਡੀਏਂਗੇ,ਗੋਦਾਵਰੀ ਤੀਰ ਸਿਧ ਰਹਿਸਣ । ਸਿਧੋਂ ਪ੍ਰਸਾਦਿ ਦੀਆ ਲੀਆ, ਸ਼ਹਿਰ ਦੇਖਿਆ ਕਿਨਾਰੇ ਤੀਰਥ ਦੇ ਅਟਾਰੀ ਸ਼ਾਹੂਕਾਰ ਦੀ ਆਣ ਰਹੇ । ਬ੍ਰਾਹਮਣ ਕੁਰਖੇਤ੍ਰ ਦੇ ਮਿਲੇ । ਗੁਰੂ ਜੀ ਕਟਾਰ, ਅਸ਼ਰਫੀ, ਘੋੜਾ ਦੀਆ । ਕਿੰਕਰੀਆ ਰਾਮਦੱਤ ਆਇ ਹਜ਼ੂਰ ਰਹਿਆ । ਬੋਲੇ ਗੁਰੂ ਕੇ,'ਮਾਂਗ ਮਿਸਰ ! ਗੁਰੂ ਕੇ ਘਰ ਸਬ ਹੈ । ਬ੍ਰਾਹਮਣ ਬੋਲਿਆ, 'ਬਾਂਹਿ ਨਹੀਂ ਛੋਡੀਓ । ਮੈਂ ਲੈਣ ਕੇ ਲੋਭੀ ਨਹੀਂ । ਰੱਖ ਲੈਣਾ, ਤਹਾਂ ਜਹਾਂ ਕੋਈ ਨਹੀਂ ।' ਬਚਨ ਹੂਆ ਕੁਟੰਬ ਸਮੇਤ ਬੁਲਾਇਏਗਾ । ਗੁਰੂ ਕੇ ਘਰ ਹੀ ਭਰਪੂਰ ਦੀਆ । ਬਾਂਹ ਪਕੜ ਦੂਰ ਬੈਠੇ ਜਾਇਕੇ । ਸੁਦਾਗਰਾਂ ਕੇ ਘੋੜੇ ਤੀਨ ਲੀਏ ਹਜ਼ਾਰ ਕੇ । ਮੇਲੇ ਕੀ ਸੰਗਤਿ ਆਈ ਦਰਸ਼ਨ ਨੂੰ । ਭਲਕੇ ਸਵੇਰੇ ੀ ਉਠ ਚਲੇ । ਆਵਲ ਖੇੜੀ ਗਏ ਇਕੇਲੇ ਹੀ, ਪੀਛੇ ਪਹਿਰ ਤੇ ਸਿੱਖ ਆਇ ਪਹੁੰਚੇ । ਏਕ ਮਾਈ ਪਛਾਣਕੈ ਘੋੜਾ ਪਕੜਿਆ ਜੀ ਪਾਤਿਸ਼ਾਹ ! ਪ੍ਰਸਾਦਿ ਪਾਈਏ । ਤਾਂ ਬਚਨ ਹੂਆ, ਹਾਜ਼ਰ ਪ੍ਰਸਾਦਿ ।ਮਾਈ ਦੁਧ ਲਿਆਈ ਬਹੁਤਾ, ਸਰਬਤ੍ਰ ਨੇ ਛਕਿਆ । ਤਾਂ ਸਿੱਖਾਂ ਪੁੱਛਿਆ ਇਹ ਮਾਈ ਕੀ ਬਡੀ ਸ਼ਰਧਾ ਦੇਖੀ । ਤਾਂ ਬਚਨ ਹੂਆ, ਉਦਾ ਸਿੰਘ ਨੂੰ ਕਹਿਆ ਏਸ ਦੇ ਬੀ ਸਿਧ ਜਨਮੈਗਾ । ਜੱਟ ਦੇ ਘਰੁ

ਉਤਰੈਗਾ, ਜਨਮ ਜਤੀ ਨਾਉਂ ਹੋਵੈਗਾ, ਊਦੇ ਸਿੰਘ ਪੁਛਿਆ ਗੁਰੂ ਜੀ ਹੁਣ ਕਹਾਂ ਹੈ ? ਤਾਂ ਚੁਪ ਹੋਇ ਬੋਲੇ। ਫਤੇ ਸਿੰਘ ਹੀ ਜਾਵੈਗਾ। ਕਰਤਾਰ ਦਾ ਭਾਣਾ ਇਉਂ ਹੀ ਵਰਤੈਗਾ। ਤਾਂ ਉਦੇ ਸਿੰਘ ਅਚਰਜ ਹੋਇ ਪੁਛਿਆ, ਮੇਰੀ ਭੀ ਗੁਰੂ ਜੀ ਬਤਾਈਏ। ਬਚਨ ਹੂਆ, ਪੰਥ ਕੀ ਮਾਲਕੀ ਚਾਰ ਵਾਰ, ਸਰਦਾਰੀ ਖਾਲਸੇ ਕੀ ਪੰਜਵੀਂ ਵਾਰ ਤੇਰ੍ਹਵੀਂ ਸਦੀ। ਸਾਲ ਗੁਜ਼ਰ ਦਹਿ ਦਹਿ ਚਸ਼ਮ। ਫਿਰੰਗੀ ਗਾਰ ਕੀ, ਆਖਰੀ ਆਲਮੀ। ਰਜਪੂਤ ਫਰਜ਼ੰਦ ਖਾਲਸਹਿਮਾਤਹਿ ਵਾਰਤਨ। ਸਾਖੀ ਪੂਰੀ ਹੋਈ ਉਣੰਞਵੀਂ। ਬੋਲਹੁ ਭਾਈ ਜੀ ਵਾਹਿਗੁਰੂ।੪੯।

## ੫੦

ਏਕ ਬੇਰ ਗੁਰੂ ਜੀ ਬੈਠੇ ਥੇ। ਤਾਂ ਬਚਨ ਹੂਆ, ਜ਼ਾਲਮ ਪਿਆਸ, ਜ਼ਾਲਮ ਸਿੰਘ ! ਕਹਿਆ, ਜਲ ਲਿਆਇ। ਤਾਂ ਉਸ ਵੇਲੇ ਗਡਵਈ ਨ ਥਾ ਪਾਸ। ਏਕ ਸਿੱਖ ਕਾ ਬੇਟਾ ਚੰਗਾ ਉਜਲ ਰੂਪ ਕਾ ਹੰਕਾਰੀ ਬੋਲਿਆ, ਮੈਂ ਲਿਆਊਂ। ਗਇਆ ਜਲ ਪ੍ਰੀਤੀ ਸਾਥ ਲੇ ਪਹੁੰਚਾ। ਕਟੋਰਾ ਪੁਰ ਗੁਰੂ ਜੀ ਕੇ ਹੱਥ ਦੀਆ, ਲੈ ਕੇ ਕਟੋਰਾ ਜਲ ਕਾ ਸਿੱਖ ਦੇ ਹਥੋਂ ਹੱਥ ਦੇਖਕੇ ਬੋਲੇ, ਸਿੱਖਾ ! ਤੇਰੇ ਹੱਥ ਬਡੇ ਮਲੂਕ ਕੂਲੇ ਬਹੁਤ ਬਰੀਕ ਹੈਨ। ਕਿਆ ਕਾਮ ਕਰਦਾ ਹੁੰਦਾ ਹੈ ? ਤਾਂ ਸਿੱਖ ਬੋਲਿਆ ਜੀ ਪਾਤਿਸ਼ਾਹ ! ਮੈਂ ਕੁਛ ਕਿਰਤ ਨਹੀਂ ਕਰਦਾ। ਤੇਰੇ ਸਿੱਖਾਂ ਦੀ ਕੁਟੰਬ ਦੀ ਕੁਛ ਟਹਿਲ ਬੀ ਨਾ ਕਰੀ। ਏਕ ਜਲ ਕਾ ਕਟੋਰਾ ਆਜ ਆਪ ਨੋ ਪੂਰਿ ਆਨਿਆ ਹੈ।ਤਾਂ ਗੁਰੂ ਸੁਣਦੇ ਹੀ ਸਟਿ ਦਿਤਾ। ਅਤੇ ਕਹਿਣ ਲਗੇ ਕਿ ਕੁਸਿੱਖ ਦਾ ਹੁਥ ਛੁਇਆ, ਤਾਂ ਸਿੱਖ ਡਰ ਕੇ ਚਰਣ ਪਰੜ ਲੀਏ। ਅਤੇ ਸ਼ਰਮਿੰਦਾ ਹੋਇ ਬੋਲਿਆ ਮੈਂ ਸਿੱਖ ਆਦੀ ਹਾਂ ਚਰਨਾਂ ਦੀ ਪਾਹੁਲ ਹੈ, ਬਖਸ਼ੀਏ।

ਤਾਂ ਬਚਨ ਹੂਆ ਪੜੇ ਤੇ ਸਿੱਖ ਨਹੀਂ, ਸਿਦਕ ਟਹਿਲ ਹੈ। ਸੋ ਤੈ ਕਿਸੇ ਦੀ ਨ ਕਰੀ। ਤਾਂ ਸਿੱਖਾ ! ਹੱਥ ਤਾਂ ਈ ਪਵਿਤ੍ਰ ਹੋਵੈ ਜਾਂ ਟਹਿਲ ਕੀਤੀ ਹੋਗੁ। ਚਰਣ ਤਾਂ ਹੀ ਪਵਿਤ੍ਰ ਜਾਂ ਤੀਰਥਾਂ ਨੂੰ ਗੁਰਾਂ ਨੂੰ, ਸਾਧਾਂ ਨੂੰ ਦਰਸ਼ਨ ਕਰਨ ਜਾਵੇ। ਸਭ ਦੇਹ ਅਤੇ ਇੰਦ੍ਰੀਆਂ ਸੁਭ ਕਰਮ ਕੀ ਟਹਿਲ ਤੇ ਪਵਿਤ੍ਰ ਹੁੰਦੇ ਹੈਨ। ਸੋ ਤੈ ਸਿੱਖਾ ! ਕਰੀ ਨਹੀਂ, ਟਹਿਲ ਕਾਹੂੰ ਕੀ। ਏਸ ਤੇ ਹੱਥ ਅਪਵਿਤ੍ਰੋਂ ਕਾ ਜਲ ਐਸਾ ਹੈ, ਜੈਸੇ ਮੁਰਦੇ ਕੇ ਅੰਗ ਅਪਵਿਤ੍ਰ ਹੁੰਦੇ ਹੈਨ। ਤਾਂ ਸਿੱਖ ਨੇ ਬਖਸ਼ਾਇ ਕੈ ਟਹਿਲ ਉਠਾਈ। ਸਿੱਖਾਂ ਦੀ ਸਾਧ, ਬ੍ਰਾਹਮਣ ਅਤਿਥ ਕੋਈ ਹੋਵੈ। ਹਾਥੋਂ ਹੀ ਲਗਾ ਕਰਨ ਤਨ ਮਨ ਧਨ ਕੀ ਭਗਤਿ ਲਗਾ ਕਰਨ। ਗੁਰੂ ਕੀ ਖੁਸ਼ੀ ਹੂਈ ਸੰਗਤਾਂ ਉਸਤਤਿ ਲਗੀਆਂ ਕਰਨ। ਤਾਂ ਸਾਹਿਬ ਬੁੱਢਾ ਜੀ ਕਹਿੰਦੇ, ਸਮਾਧ ਪ੍ਰੇਮ ਕੀ ਹੂਏ।

ਖੁਲ੍ਹੇ ਨੈਨ ਬਿਦੇਹ ਤੇ ਸਭਾ ਲਿਖਾਰੀ ਬਿਸਮ।

ਸਾ ਕਥਾ ਅਨੂਪ ਕਹਿਤ ਭਈ ਰੈਨ ਢਿਗ ਰਿਸ਼ਮ ।੧।
ਬੋਲੇ ਤਬ ਗੁਰਬਖਸ਼ ਸਿੰਘ ਗੁਰ ਜਾਮਾ ਬਖਸ਼ਿੰਦ ।
ਭੂਲ ਨ ਚੂਕੀ ਗੁਰ ਕਥਾ ਭਲਕੇ ਹੁਕਮ ਮਸੰਦ ।੨।
ਸੰਮਤਿ ਵਿਕ੍ਰਮ ਸਤ੍ਰੈ ਸੈ ਇਕਾਸੀ ਮਾਸ ਤ੍ਰੈ ਜੇਠ । ੩।
ਪੰਚਾਸ ਸਾਖੀ ਰਵਿਵਾਰ ਦਿਨ ਹੁਣ ਸ਼ਿਕਾਰ ਕੀ ਬੇਰ ।
ਏਕ ਤ੍ਰੈ ਪੰਜ ਦਸ ਤੀਸ ਭਲਕੇ ਕਹੈਂ ਸਵੇਰ ।੪।
ਸਾਖੀ ਪੂਰੀ ਹੋਈ ਪੰਚਾਸਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੫੦।

## ੫੧

ਬਦਨ ਸਿੰਘ ਗੁਰੂ ਕੋ ਸਿੱਖ ਖੱਤ੍ਰੀ ਬੇਰੀ ਜਾਤ ।
ਮੁਹਿ ਦੇਖਤਿ ਪੂਛਿਯੋ ਤਿਸੈ ਸ਼ਹਿਰ ਆਗਰੇ ਖਯਾਤ ।੧।
ਦਾਸਨ ਕਾਜ ਆਯੋ ਗੁਰੂ ਢਿਗ ਕਹਿ ਤੁਰਕਨ ਬਾਤ ।
ਕਰ ਜੋਰੇ ਪੂਛਮ ਸਹੀ ਕਰਨੀ ਕਰਮ ਸੁਹਾਤ ।੨।

### ਚੌਪਈ

ਸਮਾ ਕਲੂ ਕਾ ਸੁਨ ਸਿੱਖ ਪਿਆਰੇ । ਕਹੂੰ ਖਯਾਤ ਸਿਖਨ ਹਿਤ ਧਾਰੇ ।
ਸ਼ਹਿਰ ਕਲੰਕਾ ਨਗਰੀ ਕੋਸਾ । ਤਹਾਂ ਰਹੈਗੋ ਵੈਸ ਧੁਰੋਸਾ ।੩।
ਤਾਂਕੀ ਨਾਰੀ ਕੰਨਿਆ ਬਿਆਵੈ । ਬਡੀ ਹੋਇ ਹਰਿ ਹਰਿ ਭਗਤਿ ਕਮਾਵੈ ।
ਬਰਖ ਬੀਸ ਕੀ ਅੰਦਰ ਸੇਵੀ । ਦਿਨਾਂ ਏਕ ਦੇਖੈ ਨ੍ਰਿਪਮੇਵੀ ।੪।
ਬਿਸੁਲ ਨਾਮ ਦੇਖਤ ਬਸ ਹੋਵੈ । ਤਾਂ ਘਰ ਬਰ ਬਸਨ ਫੇਰ ਨ ਢੋਵੈ ।
ਪਕਰਾਵੈ ਘਰੁ ਕੋ ਲੈ ਜਾਈ । ਇਤਨੈ ਹੀ ਤੁਰਕਨ ਅਮਰਾਈ ।੫।
ਮੌਨਦਾਰ ਪਾਤਿਸ਼ਾਹੀ ਬੀਸਾ । ਪਰੇ ਰੋਲ ਬਸ ਨੋਹਿ ਖਵੀਸਾ ।
ਸਿਲਾ ਫੋੜ ਮੰਦਰ ਪੁਟਿਵਾਵੈ । ਅਮਲ ਆਮਲੀ ਦੂਰ ਬਹਾਵੈ ।੬।
ਹੋਇ ਜੁਧ ਆਪਸ ਮੈਂ ਲਰੈ । ਦਬੈ ਭੂਪਤਿ ਬਲ ਕੋ ਧਰੈ ।
ਹੋਇ ਲੜਾਈ ਘਰੁ ਘਰੁ ਪੁਰਿ ਪੁਰਿ । ਲੁਟੈ ਤੁਰੰਗਾ ਗਜ ਰਥ ਜਰਬਰ ।੭।
ਉਠੈ ਸੂਰਮਾ ਸੰਬਤ ਗੁਨੀਆ । ਗਾਉਂ ਬਗਰ ਮਿਲ ਲੂਟੇ ਮੁਨੀਆ ।
ਮਾਲਵੇ ਤੇ ਪਹਿਲੋਂ ਭੈ ਖਾਈ । ਪਾਛੈ ਸਭ ਦੇਸਨਿ ਤੇ ਜਾਈ ।੮।
ਤੁਰਕ ਤਨਿਕ ਭਰ ਟਿਕਨ ਨਾ ਪਾਵੈਂ । ਸਿੰਘ ਮ੍ਹਾਰ੧ ਪਸੂਅਨਿ ਸਮ ਖਾਵੈਂ ।
ਪਾਂਚ ਬਰਸ ਇਕ ਕੰਪਣ ਹੋਈ । ਘਰ ਮੈਂ ਬੈਠਿ ਡਗਮਗ ਬਹਿਕੋਈ ।੯।
ਬਦਨ ਸਿੰਘ ਜੁਗ ਸਤਿ ਸੁਹਾਤ । ਹੋਇ ਪੰਥ ਲੋਗਨ ਵਿਖਿਯਾਤ ।
ਦਿਪ ਦੀਪਨ ਇਕ ਗਾਉਂ ਬਿਸਾਲਾ । ਤਾਂ ਜਨਮੈਂ ਧਰਮ ਭੂਪਾਲਾ ।੧੦।

ਉਠਤ ਮਾਰ ਕਰ ਧਰੇ ਚਲਾਵੈ। ਤਬਿ ਪੀਛੇ ਨ੍ਰਿਪ ਮਾਰ ਕਢਾਵੈ।
ਇਹ ਬਿਧਿ ਸਕਲਹਿ ਮੂਰਤ ਦੇਸਾ। ਟਕੈ ਚਲਾਵੈ ਬਾਲੂ ਕੇਸਾ ।੧੧।
ਕਹਿਣ ਸੁਨਨ ਕੀ ਬਾਤ ਨ ਕਾਈ। ਅੰਤਰ ਦੀਰਘ ਅੰਤ ਨ ਕਾਈ।
ਮ੍ਹਾਰ ਸਿੰਘ ਉਠ ਨੀਚਨ ਡਰੈ ।ਅਵਨੀ ਏਕ ਰਸੌਦੀ ਕਰੈ ।੧੨।
ਸਿੰਘਨ ਦਲਪਤਿ ਪਾਸੈ ਰਾਖੈ। ਤਾਂ ਮਤਿ ਮਾਰ ਰਾਜ ਰੋ ਚਾਖੈ।
ਰਾਜ ਸਿੰਘਾਸਨ ਟਿਕਨ ਨ ਹੂਆ। ਬੈਠਤ ਪਰਤ ਤੁਰਤ ਨਰ ਮੂਆ ।੧੩।

ਸਵੈਯਾ

ਧੂਰ ਉਡੈ ਗਜ ਬਾਜ਼ ਛੁਟੈ ਨਰ ਨਾਰਿ ਭਗੈ ਘਰ ਛੋਰ ਚਲੈ।
ਠਗ ਚੋਰ ਲੁਟੇ ਸੁਤ ਬੰਧੁ ਛੁਟੈ ਤਬ ਖਾਵਤ ਪੀਵਤ ਸਾਧ ਮਲੈ।
ਆਸ਼੍ਰਮ ਪੀੜ ਸੁ ਪੀੜ ਪ੍ਰਸੰਨ ਦਾਨ ਮਹੋਤਸਵ ਧੂਰਿ ਰਲੈ।
ਸ਼ਾਲ ਬਿਸਾਲ ਸੁਸ਼ਾਂਤਿ ਬਿਹਾਲ, ਪ੍ਰਜਾ ਬਹੁ ਪੀੜ ਨ ਦੇਹ ਖਲੈ ।੧੪।

ਦੋਹਰਾ

ਆਠਮ ਸਾਲ ਸੁਹਾਵਨਾ, ਗੰਗਾ ਬਰਸ ਪੰਚਾਸ।
ਗਿਰਿ ਟੂਟੇ ਜਮਨਾ ਮਿਲੈ, ਗਹੈਂ ਭੁਝੰਗੀ੨ ਬਾਸ ।੧੫।
ਕਹਾਂ ਧਰਮ ਕਹਾਂ ਬਰਣ ਥੇ, ਬੇਦ ਬ੍ਰਹਿਮ ਕਹਾਂ ਰੀਤਿ।
ਤੁਰਕ ਗਏ ਮੁੰਡੀਆ ਮੇਰੇ ਜਗਿਯੋ ਖਾਲਸਾ ਮੀਤ ।੧੬।
ਜੁੱਧ ਕਰਤ ਦਿਲੀ ਢਿਗੈ ਤਬੈ ਭੁਯੰਗੀ ਮੇਲ।
ਬਾਗਾ ਪਹਿਰ ਸੰਜਾਵਲਾ ਲੁਟੈ ਬਾਰ ਪਤਿ ਰੇਲ ।੧੭।
ਰਾਜ ਖਾਲਸਾ ਟਹਿਲ ਤੇ ਦੋ ਸਤ ਬਰਖ ਪਚਾਸ।
ਮੁਹਤਕ ਸਤਿ ਇਕ ਤ੍ਰਿੰਸ ਸਰ ਰੌਲੀ ਨਵ ਰਸ ਬਾਸ ।੧੮।
ਤੁਮ ਮੇਰਾ ਸਭ ਖਾਲਸਾ ਨਿਪਜਹਿ ਤਹਿੰ ਸੰਜੋਗ।
ਤੇਜ ਸਿੰਘ ਸਮ ਉਠੇ ਅਰ ਦਿਲੀਪ ਸਿੰਘ ਮਮ ਲੋਗ ।੧੯।
ਸਾਖੀ ਪੂਰੀ ਹੋਈ ਇਕਵੰਜਵੀਂ। ਬੋਲਹੁ ਭਾਈ ਜੀ ਵਾਹਿਗੁਰੂ ।੪੧।

## ੫੨

ਗੁਰ ਪ੍ਰਤਾਪ ਗਾਇਨ ਲਗੈਂ ਲਿਖੋ ਸਾਹਿਬ ਸਿੰਘ ਸਿੱਖ।
ਗੁਰੂ ਬਚਨ ਕੇ ਕਰਹਿੰ ਹਮ ਗੁਰੁ ਪਗ ਸੇਵਾ ਭਿਖ।

ਏਕ ਬੇਰ ਕੀ ਸਾਖੀ ਗੁਰਬਖਸ਼ ਸਿੰਘ ਕਹੀ ਨਹਿ। ਤਾਂ ਮਾਤਾ ਜੀਤੋ ਜੀ ਖਾਲਸੇ ਹਿਤਕਾਰੀ, ਮਾਤਾ ਸਾਹਿਬ ਕੌਰ ਦਰਸ਼ਨਿ ਕੀ ਪਿਆਰੀ। ਮਾਤਾ ਸੁੰਦਰੀ ਸਵਾਧਨਿ[1] ਬਸਤਰੋਂ ਕੀ ਅਧਿਕਾਰੀ, ਦਾਖਣਾਤਯਾ[2] ਗ੍ਰਹਪਤਯਾ, ਆਇਤਵਾਰ ਬੀਤੀਆ ਰਾਤਿ

ਮਹਿਲ ਬਸੇ। ਜੀਤੋ ਜੀ ਕੀ ਚਾਹਿਨਾ ਸੰਤਤਿ ਦਈ। ਦਿਨ ਵੀਰਵਾਰ ਨਵਮੀ ਘਰਿ ਬਸੇ। ਦੂਜੇ ਸੰਤਤਿ, ਤੀਜੈ ਸਨਿਚਰ ਰਾਤਿ ਬਸੇ। ਜੁਝਾਰ ਸਿੰਘ, ਜ਼ੋਰਾਵਰ ਸਿੰਘ ਫਤੇ ਸਿੰਘ ਜੀ ਤੀਨ ਹੀ ਤੀਨੋ ਅਗਨਿ ਸਮਾਨ ਮਹਾਂਪ੍ਰਸਥ ਅਵਤਾਰ, ਤੁਰਕ ਬਨ-ਦਾਹਕ।

ਮਾਤਾ ਦੂਸਰੀ ਕੇ ਮਹਿਲ ਬਸੇ ਸੰਤਤਿ[੩] ਚਾਹਿ ਦਈ। ਜੀਤ ਸਿੰਘ ਜੀ ਗੁਣੀ, ਸ਼ਸਤ੍ਰ ਕੇ ਧਣੀ। ਸਭ ਸਾਹਿਬਜ਼ਾਦੇ ਬਾਲਤਣ ਬੂਢੇ ਸਮਾਨ। ਸੁਘਰ ਸੁਜਾਨ ਸੂਰਤ ਸੁਹਾਇ, ਸੂਰਮੇ, ਹਿਤਕਾਰੀ ਆਗਿਆਕਰੀ। ਚਾਰੋਂ ਹੀ ਕੀ ਸਾਖੀਆਂ ਚਾਰ। ਬਹੁਤਾ ਕੋ ਕਰਮ ਜੋਗ ਰਸੁ ਦਿਖਾਇਆ। ਸੰਖਿਆ ਮਾਤਾ ਕੀ ਕਹਿਣੀ ਜੋਗ[੪] ਨਹੀਂ। ਸਾਖੀ ਮਹਲੋਂ ਕੀ, ਪੂਰੀ ਹੋਈ। ਬੋਲਹੁ ਭਾਈ ਜੀ ਵਾਹਿਗੁਰੂ।੫੨।

## ੫੩

ਏਕ ਬੇਰ ਜੁੱਧ ਹੂਆ ਘੋਰ ਖੇਤ ਹੂਆ। ਪੀਛੇ ਸੁਲਾਹ ਕਰੀ, ਸਭ ਮਿਲ ਗਏ, ਮਿਲੇ ਬਿਨਾ ਬਚਦੇ ਨਹੀਂ। ਤਾਂ ਗੁਰੂ ਜੀ ਨੂੰ ਮਾਤਾ ਅਤੇ ਸਿੱਖ ਸਮਝਾਵੈਂ, ਦਿਨ ਚਾਲੀ ਲੜਦੇ ਬੀਤੇ। ਖੁਆਜਾ ਫ਼ੌਜ ਪਾਤਸ਼ਾਹੀ ਬੀੜਾ ਲੈ ਕੇ ਏਕ ਓਰ ਘੇਰ ਬੈਠਾ। ਏਕ ਓਰ ਰਾਜੇ ਘੇਰ ਬੈਠੇ। ਸਿੱਖ ਚਾਲ੍ਹੀ, ਸਿਦਕ ਗੁਰੂ ਕਾ। ਹੋਰ ਖਾਲਸਾ ਘਰ ਕੇ ਏਹ ਕਹੈਂ, 'ਗੁਰੂ ਤੋਂ ਮਤਵਾਲਾ ਹੋਇ ਬੈਠਾ ਹੈ।' ਸਭ ਏਕਠੇ ਮਾਤਾ ਜੀ ਸੰਗ ਲੈ ਕੇ ਗੁਰੂ ਜੀ ਪਾਸ ਜਬਾਬ ਕੀਤਾ। ਹਮ ਮਿਲੇ ਤੇ ਬਚਨੇ ਹਾਂ। ਤੁਮ ਬੀ ਮਾਨ ਲੇਵੋ। ਤਾਂ ਬਚਨ ਹੂਆ :

> ਡੋਗਰਾਨ ਪਰਬਤ ਵਾਲੇ, ਪਾਖਾਣ।
> ਪੂਜੈਂ ਪਾਖਾਣ ਮਤਿ ਕੂੜਿਆਰ।
> ਕੂੜਿਆਂ ਨ ਵਾਰ। ਕੂੜੇ ਪੰਮਾ ਪਿਖਿਆਰ।

ਖਾਲਸੇ ਨੋ ਜਾਂ ਨਾਹਿ ਪ੍ਰਤੀਤ ਦੇਖੀ। ਤਾਂ ਕਹਿਆ, 'ਨਿਕਾਸੋ ਦਉਲਤ ਕੋਠਵਾਲ੧ ਨੋ ਕਹਿ ਸਮਝਾਇਆ। ਠੱਗ ਰਾਜੇ ਸ੍ਵਾਂਗ, ਗੌਆਂ, ਠਾਕੁਰ, ਸ਼ਿਵ ਦੇਵਤੇ ਕੀ ਆਨਿ ਰਖੀ। ਗੈਲ ਨਿਕਾਰੀ ਬੈਲ ਹਜ਼ਾਰ ਪਾਂਚ ਭਰ ਰਾਤਿ ਨਿਕਾਸਿਆ। ਗਿਰਿ ਰਾਚੇ੨ ਦਗੇਦਾਰ, ਲੈਕੇ ਬਲੇਦ ਭਾਗੇ, ਖੁਸ਼ੀ ਹੂਏ। ਜਾਂ ਦੇਖੈਂ ਨਿਕਾਹੀ ਦਗੇ ਪਰ ਦਗਾ, ਅਜਬ ਪਛੁਤਾਏ। ਬਚਨ ਹੂਆ ਦੂਜੀ ਵਾਰ ਦਗਾ, ਦੇਖਾ, ਦੇਖਾ, ਖਾਲਸਾ ਜੀ, ਪੀਛੇ ਸ਼ਰਮਿੰਦੇ ਹੋਇ ਕਰ ਡੰਡ ਦੇ ਕਰ ਲੁਟੇਰਿਆਂ ਨੂੰ ਸਾਲਸੀ ਫੇਰ ਬੀ ਮਨਾਈ। ਸਬ ਪਰਿਵਾਰ ਖਾਲਸਾ ਮੰਨ ਬੈਠਾ। ਗੁਰੂ ਪਾਸ ਆਏ, ਕਹੀ, ਸਬ ਵਕੀਲ ਰਾਜਿਆਂ ਦੇ ਭੇਦ ਦੰਡ ਕਰਾ। ਗੁਰੂ ਕਿਆਂ ਬਚਨ ਦੀਆ, ਗੁਰੂ ਅਭੁਲ ਅਤੇ ਮਾਤਾ ਖਾਲਸੇ ਕੇ ਭਾਣਾ ਮੰਨਿਆ

। ਬਿਦਾਵਾ ਲਿਖਾਇਆ, ਲਿਖ ਦੀਆ ਸਿੱਖਾਂ, ਚਾਲ੍ਹੀਆਂ ਬਿਨਾਂ । ਸਾਖੀ ਪੂਰੀ ਹੋਈ ਤ੍ਰਿਵੰਜਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੫੩।

## ੫੪

ਗੁਰੂ ਜੀ ਛੋਡਿ ਚਲੇ ਦੇਸ । ਮਹਿਲ ਦੋਨੋ ਸੁਨਿ ਚਲੇ ਖੇਸ਼ ।
ਚਾਲੀਯੋਂ ਕਾ ਸੰਗ ਸੁਹਾਇ । ਸਭੁ ਡੇਰਾ ਪੀਛੈ ਧਾਇ ।
ਘਨੌਲੇ ਕੀ ਸੀਮਾ ਆਏ । ਡੇਰੇ ਪਰ ਮੁਗ਼ਲ ਧਾਏ ।
ਵਹੀਰ ਪਰ ਆਇ ਗਿਰੇ । ਸੌਂਹ ਸੋ ਦੋਨੋ ਤਰਫ਼ ਘਿਰੇ ।
ਸੁਨਾ ਗੁਰੂ ਜੀ ਲੜਾਈ ਤਨੀ । ਆਪ ਖੜੇ ਹੋਇ ਸ਼ਸਤ੍ਰ ਗੁਨੀ ।
ਤਿਨਾਂ ਦੇਖ ਜੁਧ ਕੋ ਧਾਏ । ਫ਼ੌਜ ਤੁਰਕੀ ਚੌਗਿਰਦੇ ਛਾਏ ।
ਤਣ ਕੇ ਜੁੜੇ ਸੂਰ ਜੋਧਾ । ਖਾਇ ਮਾਰ ਸ਼ਸਤ੍ਰਨ ਅਗਾਹੀਂ ਰੋਧਾ ।
ਸਿਖਨ ਕਰੀ ਜੁਹਾਰ ਗੁਰ ਪਾਸ
ਨਿਕਸੋ ਤੁਮ ਹਮ ਸੇ ਕੀ ਜੀਵਨ ਕੀ ਆਸ
ਬਹੁਤ ਵਾਰ ਬੇਨਤੀ ਸਭਨ ਕੀ ਸੁਨੀ ।
ਅਕਾਲ ਕੀ ਬਾਤ ਮੰਨਿ ਐਸੇ ਹੀ ਗੁਨੀ ।
ਉਦੈ ਸਿੰਘ ਸੂਰਤ ਗੁਰੂ ਕੀ ਐਨ ।
ਦੀਯੋ ਸਬ ਸ਼ੁਕਲਾਤ ਅਪਨੀ ਸੁ ਬੈਨ ।
ਖੜਾ ਹੂਆ ਸਿੰਘ ਸੂਰਤਨੈ ਸ਼ਤ੍ਰ ਸੈਨਾ ।
ਮਾਨੋ ਇੰਦ੍ਰ ਰੋਕਤੀ ਦਾਨਵੀ ਦੈਨਾ ।
ਗੁਰੂ ਜੀ ਘਨੌਲੇ ਲੜੇ ਸਭ ਸਿਪਾਹੀ ।
ਚਿਰੰਤਨ ਭਯੋ ਜੁਧ ਓੜਕ ਨਿਬਾਹੀ ।
ਮਰਹਿ ਸੂਰ ਖਾਸੇ ਪੁਨਾ ਮਾਰ ਮਾਰ ।
ਕਰੇ ਜ਼ੁਲਮ ਬਹੁਤੇ ਤੁਰਕ ਰਾਜਵਾਰ ।
ਲੜਤ ਗੁਰੂ ਹੇਤੁ ਸਿੱਖ ਦੀਨੇ ਸੁ ਪ੍ਰਾਨ ।
ਉਦੈ ਸਿੰਘ ਮਾਰਯੋ ਗੁਰ ਕੇ ਭੁਲਾਨ ।
ਹੂਏ ਖੁਸ਼ ਮੂੜ੍ਹ ਝੂਠੇ ਜਾਨੀ ਨ ਬਾਤ ।
ਗੁਰੂ ਜੀ ਗਏ ਜਿਉਂ ਨ੍ਰਿਪ ਸੋ ਜਦੁਤਾਤ[੧] ।
ਸੁਨਾ ਇਹ ਪਿਛਾੜੀ ਚਲੇ ਧਾਇ ਪਕਰਨ ।
ਜਿਵੈਂ ਰਾਤ ਪਕਰੇ ਰਵਿ ਰਸਮਿ[੨] ਦਰਸ਼ਨ ।
ਰੋਪੜੇ ਆਨ ਲੁਟਾ ਗੁਰੂ ਕਾ ਸੁ ਡੇਰਾ ।

ਨਗਰ ਨਸਤ ਜਾਵੈ ਬਨ ਮੈਂ ਸੁ ਫੇਰਾ।
ਤੁਰਕਨ ਘਰ ਜਾਇ ਖਾਲਸਾ ਧਾਇ ਰੋਪਾ।
ਦੇਵ ਨੇ ਸੁਮਨ ਕੀਆ ਰੱਛਿਆ ਸੋ ਸੌਂਪਾ।
ਦਿਲਵਾਲੀ ਸਿੱਖ[3] ਗੁਰ ਮਹਲ ਕਾ ਰਾਖਾ।
ਇਹੀ ਭੇਤ ਗੁਹਝਾ ਕਾਹੂੰ ਨਾਹਿੰ ਲਾਖਾ।
ਭਈ ਪ੍ਰਾਤ ਆਏ ਗੁਰ ਆਪ ਚਮਕੌਰ।
ਜੈਸੇ ਰਾਮ ਧਾਏ ਬਨ ਕੋ ਸਭ ਛੋਰ।
ਚਾਲੀਸ ਸਿੱਖ ਸੰਗ ਛੂਟਾ ਰੈਨ ਸਾਰਾ।
ਜਾਨੀ ਨਹੀਂ ਸੰਗਤਿ ਜੀਵਨ ਕੇ ਦੁਆਰਾ।
ਲੜੇ ਚਮਕੌਰ ਫ਼ੌਜ ਆਇ ਦਸ ਲਾਖ।
ਖ਼ੁਆਜ਼ਾ ਤੁਰਕ ਝੂਠਾ ਪਕੜਨਿ ਅਭਿਲਾਖ।
ਸੁਨੀ ਬਾਤ ਸਭ ਦੇਸ਼ ਦਗਾ ਦੁਸ਼ਟ ਕੀਨਾ।
ਮਹਾਰਾਜਾ ਨਾਸ ਕਰਿ ਤੁਰਕਨ ਕੀ ਈਨਾ।
ਲੜੇ ਬਹੁਤ ਲੜਾਈ ਦਿਵਸ ਹੀ ਸਾਰਾ।
ਸਿੱਖਾਂ ਕਹਿਅ, 'ਪਾਤਿਸ਼ਾਹ ! ਛੋਡੋ ਅਖਾੜਾ।
ਤੁਮ ਰਹੈਂ ਤਾਂ ਪੰਥ ਕੋ ਮੂਲ ਸਾਰਾ।
ਹਮੇਸ਼ਾ ਰਖੈਂ ਸਿੱਖ ਹੋਵੈਂ ਹਜ਼ਾਰਾ।'
ਸਗਰਿ ਰੈਨ ਸਿੱਖਨ ਜੁ ਅਰਜ਼ੀ ਲਗਾਈ।
ਹੱਸੈਂ ਦਿਆਲ ਗੁਰ ਜੀ ਇਕ ਬਾਨ ਚਲਾਈ।
ਦਸ ਹਜ਼ਾਰ ਮਾਰਾ ਇਹੀ ਚਲਿਤੁ ਦਿਖਾਵਾ।
ਕਲੂ ਕਾ ਪਹਿਰਾ ਹਰਿ ਹੁਕਮ ਦਿਲ ਮਨਾਵਾ।
ਮਾਨ ਬਾਤ ਦਿਆਲ ਦੁਇ ਸਿੱਖਨ ਕੇ ਸੰਗਿ।
ਚਲਿ ਤਾਲ੧ ਕੀਨਾ ਮਹਾਂ ਮਾਇਆ ਅਭੰਗ।
ਗਇਆ ਹਿੰਦੂ ਪੀਰ ਕਹਿ ਤਾਲੀ ਬਜਾਈ।
ਪੀਛੈ ਕਹਿਆ ਖ਼ੁਆਜ਼ਾ ਪਕਰੋ ਸਹਾਈ।
ਪੜਾ ਰੌਲ-ਝੋਲਾ ਧਏ ਸੈਨ-ਈਸਾ੨।
ਚਲੇ ਧਾਇ ਦੱਖਨ ਦਿਲਨ ਬੀਚ ਧੀਸਾ।
ਦੂਰਿ ਚਲੇ ਦਿਵਸ ਪੰਚ ਦਸ ਕੋਸਾ।
ਪੁਨਾ ਰਾਤਿ ਧਾਏ ਇਕ ਚਲਤ ਕਰ ਧੋਸਾ।
ਸੋ ਭੀ ਸੁਨੋ ਗਏ ਮਤਸਵਾੜਾ੩ ਬਾਗਾ।
ਦੋ ਪਠਾਣ ਮੰਗਵਾਇ ਘਰਿ ਹਿੰਦੂ ਸਾਧਾ।

ਦੁਪਹਿਰ ਕਾਟ ਦਿਖਾਇ ਬਾਨ ਜਬਹਿ ਮਾਰਾ ।
ਨੀਲ ਬਸਤ੍ਰ ਹਾਜੀ ਕਹਾਯੋ ਦੁਆਰਾ ।
ਛਲਹਿ ਜਾਨ ਤੁਰਕਨ ਨਿਆਜ਼ ਖਾਨ ਦੀਨਾ ।
ਬਰਖ ਰੋਜ਼ ਸਿੱਖਨ ਬਾਹਕ ਖਵੀਨਾ ।
ਗਨੀ ਖਾਂ ਨਬੀ ਖਾਂ ਸੁ ਭ੍ਰਾਤ ਸਹਿ ਦੁਇ ਸਿੱਖ ਅਖਾਇਆ।
ਦਈ ਕਰਦ ਤ੍ਵ ਪ੍ਰਸਾਦਿ ਮੰਤ੍ਰ ਦ੍ਰਿੜ੍ਹਾਇਆ।
ਹੂਆ ਕੜਾਹ ਸੁਆਦ ਦੇਖ ਤੁਰਕ ਗਨੀ ਖਾਂ ।
ਮੰਨੀ ਬਾਤ ਪੀਰ ਵਲੀ ਸਿਦਕ ਸਾਬਤ ਅਮਾਂ ।
ਬਾਹਰ ਜਾਇ ਵਿਦਾ ਕਰ ਲਿਖ ਦੀਨ ਪਟਾ੪ ।
ਮਮੈ ਸਿੱਖ ਮੰਨੇ ਦੀਆ ਸੇਵ ਸਟਾ ।
ਸਾਖੀ ਪੂਰੀ ਹੋਈ ਚੌਰਿੰਜਵੀਂ । ਬੋਲਹੁ ਭਾਈ ਜੀ ਵਾਹਿਗੁਰੂ ।੫੪।

## ੫੫

ਮਗਨੈ ਪ੍ਰੇਮ ਪਾਇ ਚਲ ਜਾਵੈਂ । ਸਿੱਖ ਦੋਇ ਸੰਗਿ ਟਹਿਲ ਕਮਾਵੈਂ ।
ਏਕ ਸਿੱਖ ਗੁਰ ਚਰਨੀ ਲਾਗਾ । ਲੀਆ ਪਛਾਨ ਗੁਰੂ ਬਡ ਭਾਗਾ ।
ਘੋੜਾ ਦੇ ਅਸਵਾਰ ਕਰਾਏ । ਗੁਰ ਆਗਿਆ ਫਿਰਿ ਮੁੜਿ ਘਰਿ ਆਏ ।
ਪੀਛੇ ਭਾਣਾ ਜੋ ਕਿਛੁ ਹੂਆ । ਬਡੀ ਮਾਤ ਸੰਗ ਗੁਰ ਸੁਤ[੧] ਮੂਆ ।
ਬਿਯੋਗ ਕਥਾ ਬਰਨੀ ਕਿਮ ਜਾਈ । ਸ਼ਹਿਰ ਸਿਰ੍ਹੰਦ ਤੁਰਕ ਰਹੇ ਜਾਂਹੀ ।
ਗਿਰ ਕਚ ਮਰੀ ਮਾਤ ਸੁਨ ਐਸੇ । ਕ੍ਰਿਸ਼ਨ ਬਿਯੋਗ ਦੇਵਕੀ ਜੈਸੇ ।
ਦੁਸ਼ਟਨ ਬਾਲ ਮਾਰੇ ਅਤਿ ਪਾਪੀ । ਉਖੜੀ ਜੜ ਤੁਰਕਨ ਸਬ ਥਾਪੀ ।
ਸੁਨੋ ਗੁਰੂ ਕੀ ਅਕਥ ਕਹਾਨੀ । ਤੀਨ ਮਾਸ ਲਗਿ ਲਖਾ ਨ ਭਾਨੀ ।
ਕਾਂਗੜ ਤੇ ਸੁਨਿ ਧਾਇ ਸਮੀਰ । ਚਰਨੀਂ ਪਰਾ 'ਚਲੋ ਹਮ ਪੀਰ ।'
ਬੋਲੇ ਹਸਿ, ਤੁਰਕਨ ਹਮ ਬਾਦਾ ।[੨] ਤੁਮ ਰੱਯਤ ਇਹ ਬਨੈ ਨ ਆਦਾ ।
ਮਾਨ ਬਾਤ ਦੇ ਸਿਰ ਕਰ ਬਾਜ਼ੀ । ਘਰ ਲੇ ਚਲਾ ਬੋਲ ਕਾ ਗਾਜ਼ੀ ।
ਰਹੈ ਨਿਤ ਤਹਾਂ ਜਾਹਿੰ ਅਖੇੜਾ । ਮਾਰੇ ਬਾਦੀ ਤੁਰਕਨ ਛੇੜਾ ।
ਬਾਦਲ ਸੂਰਜ ਲੇਤ ਛੁਪਾਈ । ਤਊ ਨ ਛਿਪੈ ਤੇਜ਼ ਦਿਖਲਾਈ ।
ਬਡੀ ਟਹਿਲ ਬਹੁ ਭਾਵ ਸਮੀਰਾ । ਗੁਰ ਢਿਗ ਬੈਠਾ ਰਹੇ ਕਬੀਰਾ ।[੩]
ਜਬ ਗੁਰ ਕਹੈਂ ਮਾਂਗਿ ਸਿੱਖ ਮੇਰੇ । ਛੁਟੈਂ ਚਉਰਾਸੀ ਮਮ ਤਨ ਕੇਰੇ ।
ਇਕ ਦਿਨ ਥਾਲ ਪ੍ਰਸਾਦ ਗੁਰ ਦੀਨਾ । ਮਿਟੈਂ ਜਨਮ ਦੁਖ ਕਹਿਯੋ ਪ੍ਰਬੀਨਾ ।
ਘਰ ਲੇ ਗਇਆ ਗੁਰ ਆਗਿਆ ਹੋਈ । ਸਗਲ ਕੁਟੰਬੀ ਬਾਂਟਤ ਸੋਈ ।

ਦੇਖਿ ਮਾਸ ਝਟਕਾ ਸਭ ਡਰੈ । 'ਮਾਰੇ ਪੀਰ ਗੁੱਗਾ ਘਰ ਉਜਰੇ ।'
ਸਭ ਪ੍ਰਸਾਦਿ ਸਮੇਟਕੈ ਘਰ ਕਾ । ਦੀਯੋ ਦਬਾਇ ਸਮੀਰਹਿ ਝਿਰਕਾ ।
ਭੁਨਿਸਾਰੇ[4] ਗੁਰ ਆਗੈ ਆਇਆ । ਤਬ ਪੂਛਾ ਗੁਰ ਸਾਚ ਸੁਨਾਇਆ ।
ਪਰਾ ਪਾਇ ਮੁਹਿ ਰਾਖੇਂ ਅਬ ਹੀ । ਬੋਲੇ ਗੁਰ ਕੱਲ ਆਈਯੋ ਜਬ ਹੀ ।
ਸੋਆ ਰੈਨਿ ਜਾਇ ਜਾਟ ਸਮੀਰਾ । ਭ੍ਰਮਾ ਮੁਨੀ ਸਮ ਜਨਮੁ ਸੁ ਕੀਰਾ ।
ਹੰਸ ਕਾਕ ਪਸੁ ਕ੍ਰਿਮ ਨਰ ਨਾਰੀ । ਭ੍ਰਮਤ ਭ੍ਰਮਤ ਆਈ ਤਹਾਂ ਵਾਰੀ ।
ਜੰਗਲ ਦੇਸ ਜਨਮ ਸਤ ਬਾਰਾ । ਭੂਖਾ ਪੀਲੂ ਖਾਇ ਇਕ ਬਾਰਾ ।
ਲਗੀ ਪਿਆਸ ਸੁਧ ਆਇ ਸਮੀਰਾ । ਦਾਂਤ ਛੇਰ[5] ਪੀਲੂ ਇਕ ਸੀਰਾ ।
ਚਕਿਤ ਹੋਇ ਗੁਰਸ਼ਰਨ ਜਾਇ ਕਹਾ । ਤੁਮਰੀ ਤੁਮਹੀ ਪ੍ਰਭੁਤਾ ਲਹਾ ।
ਹਸ ਬੋਲੇ ਗੁਰ ਸੁਨ ਮਮੁ ਸਿੱਖ । ਭੋਗੇ ਭਵ[6] ਛੂਟਾ ਭ੍ਰਮਿ ਭਿਖ ।
ਮਸਤਕ ਨਿਆਇ ਪਾਂਇ ਰੋਇ ਪਰਾ । ਭਏ ਭਾਗ ਗੁਰ ਘਰੁ ਮਮ ਦਰਾ ।
ਯਾ ਬਿਧਿ ਤਾਰਾ, ਬਰਖ ਬਿਤੀਤਾ । ਦਮਦਮੇ ਗਏ ਗੁਰੂ ਸੁਭ ਰੀਤਾ ।
ਤੀਨ ਬਰਖ ਤਹਾਂ ਗੁਰ ਰਹੈ ਮਾਸ ਦਿਵਸ ਕਛੁ ਊਨ ।
ਮਰਾ ਨੁਰੰਗਾ ਲਿਖਾ ਦਿਖ ਹਿਕਾਇਤ ਸਮਝੀ ਸੂੰਨ ।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੫੫।

## ੫੬

ਸਤਿਗੁਰ ਪੂਰਨਿ ਕ੍ਰਿਪਾ ਕਰੀ ਫਲਿਆ ਚਿਤ ਅਨਕੂਲ ।
ਸ਼ਾਹਿ ਬਹਾਦਰ ਲੀਆ ਫਲ ਮੂਆ ਨੁਰੰਗ ਵਿਸੂਲ[1] ।੧।
ਭਾਈ ਲੋੜ ਤਬ ਤੁਰਕਪਤਿ ਪੀਰਨ ਖੋਜਤ ਸੋਇ ।
ਦਾਸ ਭਾਵ ਹੋ ਬੋਲ ਪਠ ਗੁਰੂਅਨ ਸੁਨੀ ਸਮੋਇ ।੨।
ਚਲੈ ਸੁਭਾਵਕ ਦੱਖਣੀ ਸੁਣੀ ਸ਼ਾਹਿ ਨ੍ਰਿਪ ਦਾਸ ।
ਆਪ ਤੁਰਾ ਮਾਰਗ ਮਿਲਾ ਦਿੱਲੀ ਗੁਰ ਸਹਿ ਬਾਸ ੧੩।
ਮਾਸ ਪਾਂਚ ਦਿੱਲੀ ਬਸੇ ਕਾਰਜ ਸਾਧੇ ਤੀਨੁ ।
ਸੇਵਕ ਸੰਗਤਿ ਕਹਿ ਰਹੇ ਮਹਲੁ ਬੁਲਾਵੋ ਚੀਨ ।੪।
ਤਬ ਬੋਲੇ ਗੁਰ ਸੰਗਤੀਂ ਤੁਮ ਸੇਵੋ ਦਇ ਮਾਤ ।
ਮਿਲੈ ਨ ਮੋਸੇ ਤੇ ਤੁਮੈ ਕ੍ਰਿਪਾ ਹਮਾਰੀ ਤਾਤ[2] ।੫।
ਜਨਕ ਥਾਂਇ[3] ਪ੍ਰਗਟਿ ਕਰਾ ਤੀਜਾ ਸ਼ਾਹ ਸਨੇਹ ।
ਦੱਖਣ ਚਲੇ ਬਹੁ ਭਾਇ ਸੋਂ ਗੁਰੂ ਦਿਖਾਇਆ ਏਹੁ ।੬।
ਚਲੇ ਸ਼ਾਹਿ ਦੱਖਣ ਜਿਤਾ ਬਹੁਤ ਕੀਆ ਤਬ ਮਾਨ ।

ਬੋਲੇ ਗੁਰ ਗੇਦਾ ਦਿਖੈ ਸੇਵਾ ਮਹਿਲ ਨਿਧਾਨ ।੭।
ਆਇ ਬਹੁਤ ਸੇਵਨ ਕੀਆ ਮਾਤਾ ਦੋਨੋ ਮਾਨ ।
ਸੁਨੀ ਕਥਾ ਹਮ ਸੰਗਿ ਨਹਿ ਸਿਖਨ ਕਹੀ ਸੁ ਆਨ ।੮।
ਮਾਤਾ ਲੇ ਆਈ ਹਮੈਂ ਸਾਹਿਬ ਸਿੰਘ ਕਹਿਯੋ ਸਾਚ ।
ਸਤਿਗੁਰ ਸੰਗਮ ਕਰਿ ਦੀਯੋ ਵਰ ਦੀਨਾ ਗੁਰ ਰਾਚ ।੯।

## ਚੌਪਈ

ਚਲੇ ਗੁਰੂ ਹਮ ਸੋ ਜਬ ਮਾਰਗ । ਲਗੀ ਪਿਆਸ ਇਕ ਪੂਛਾ ਬਾਰਗ[੪]।
ਸਿੱਖ ਜਾਇ ਪਾਨੀ ਲੇ ਆਏ । ਬਿਪ੍ਰੀ ਗ੍ਰਿਹਿ ਕੀ ਸੁਚ ਬਤਲਾਏ ।੧੦।
ਤਾਂ ਕਾ ਜਲ ਗੁਰ ਦੀਨਾ ਡਾਰਾ । ਬੋਲੈ ਵਾਂਕਾ ਸੁਧ ਨ ਵਾਰਾ[੧] ।
ਏਕਲੇ ਕੀ ਕਛੁ ਸ਼ੁਧ ਨ ਕਰਨੀ । ਬਹੁਤੇ ਬਾਲ ਜਹਾਂ ਸੁਚ ਵਰਨੀ ।੧੧।
ਭਗਤਿ ਸੁਧ ਨਹਿ ਸੁਧ ਆਚਾਰ । ਬਹੁਤਨਿ ਗ੍ਰਹਿ[੨] ਸਦ ਸੁਧ ਸੁ ਵਾਰ ।
ਘਰਿ ਸੁਧੀ ਗ੍ਰਿਹਸਤੀ ਜਹਿੰ ਬਹੁਤੈ । ਏਕਲ ਘਰਿ ਧ੍ਰਿਗ ਦੇਵ ਨ ਭੁਗਤੇ ।੧੨।

## ਦੋਹਰਾ

ਸਾਧੂ ਏਕਾਕੀ[੩] ਭਲਾ ਸੁਧ ਦੇਹ ਮਨ ਸੁਧ ।
ਗ੍ਰਿਹੀ ਬਹੁਤ ਸੁਧ ਘਰਿ ਸੁਚਿ ਤਨ ਮਨ ਔ ਬੁਧਿ ।੧੩।

## ਚੌਪਈ

ਪੁਹਕਰ ਤੀਰਥ ਸਤਿਗੁਰ ਗਏ । ਬਾਬਾ ਘਾਟ ਸਿਧ ਜਹਾਂ ਨਏ ।
ਤਹਾਂ ਦਾਨ ਚੇਤਨ ਦਿਜ[੪] ਦੀਆ । ਪੂਛੀ ਜਾਤ ਖਾਲਸਾ ਤੀਆ ।੧੪।
ਸੁਨ ਲੋਗਨ ਅਚਰਜ ਤਹਾਂ ਮਾਨਾ । ਪੀਰ ਖਵਾਸ ਰਾਜ ਸੁਤ ਜਾਨਾ ।
ਤੀਰਥ ਪਾਰਿ ਬਾਣ ਦਿਖਲਾਵਾ । ਭਈ ਗੁਹਾ ਤਹਾਂ ਠਾਕ ਰਹਾਵਾ ।੧੫।
ਸਿਧ ਗੁਹਾ ਜਨੁ ਜਾਨੈ ਨ ਜਾਨੈ । ਮਾਰ ਦੇਖ ਸਰ ਅਚਰਜ ਆਨੈ ।
ਸਬਕੋ ਬਚਨ ਸੁਨਾਇਆ ਸਤਿਗੁਰ । ਹਮਰੋ ਸਿੱਖ ਆਇ ਗੋ ਨਰਵਰ ।੧੬।
ਮੁਗ਼ਲ ਮੁਕਬਰ ਬੇਗ ਕਹਾਵੈ । ਦਿਲਵਾਲੀ ਸੌਂ ਦੇਖਨ ਧਾਵੈ ।
ਤੀਨ ਮਾਸ ਤਿਨ ਸੇਵਾ ਸੰਗ । ਜਾਇ ਪਹੁੰਚਾਇ ਗੋਦਾਵਰਿ ਗੰਗ ।੧੭।
ਬਿਦਿਲਾ ਹੋ ਤਿਨ ਪਾਇਆ ਸ਼ਮਸ਼ੇਰ । ਬਖਸ਼ਾ ਸਿੱਖ ਤੋਲ ਦਹਿ ਸੇਰ ।

ਇਕ ਬਾਲਕ ਪਾਤਿਸ਼ਾਹੀ ਬੰਦਾ। ਮਿਲਾ ਗੁਰੂ ਸਿਉਂ ਸ਼ੇਰ ਨਿਸੰਗਾ
।੧੮।

ਗਏ ਤਹਾਂ ਤਟ ਦੇਖਾ ਸਰਿਤਾ। ਅਪਨਾ ਆਸਨ ਪਹਿਲੇ ਤਪ ਕਾ।
ਮੁਗ਼ਲ ਬਾਦੀ ਏਹੁ ਝੇੜਾ ਕੀਨਾ। ਸ਼ਾਹ ਬਹਾਦਰ ਨਿਰਣਾ ਦੀਨਾ।੧੯।
ਤਪ ਕੀ ਮਾਲ ਬਿਭੂਤਿ ਦਿਖਾਈ। ਜੋਜਨ ਭੂਮ ਦੀਨੁ ਹਰਖਾਈ।
ਜਹਾਂ ਬਾਗ ਤਹਾਂ ਰਹੈ ਬੈਰਾਗੀ। ਥੰਮਨ, ਕੁਲ ਸੇਵਕ ਤਪ ਰਾਗੀ।੨੦।
ਸਿਹਜਾ ਸੈਨ ਕੀ ਬੈਠਾ ਰਹਿ ਹੈ। ਭੁਗਤ ਆਪਨੀ ਆਪੇ ਕਰਹੈ।
ਏਕ ਦਿਨਾਂ ਪ੍ਰਭੁ ਗਏ ਸ਼ਿਕਾਰ, ਤਾਂਕਾ ਮ੍ਰਿਗ ਖਾਇਆ ਕਰਿ ਰਾਰਪ।੨੧।
ਤਾਂਕੇ ਘਰਿ ਜਾਏ ਖੜੇ ਦੁਆਰੇ। ਪਟ[੬] ਅੰਦਰਿ ਭੋਜਨ ਸਮੇਂ ਸਿਧਾਰੇ।
ਕਸੀ ਕਮਰ ਬੈਠੇ ਤਿਸ ਖਾਟਾ[੭]। ਸਿੱਖ ਤਿਸੀ ਕੇ ਬਰਜੈਂ ਬਾਟਾ।੨੨।
ਰਿਸ ਕੀ ਨਜ਼ਰ[੮] ਦੇਖੀ ਤਿਨੁ ਸਿਧ। ਧਸੀ ਖਾਟ ਗੁਰ ਪਕਰੀ ਬ੍ਰਿਧ।
ਰਹੁ ਕਾਸਟਿ ਹਮ ਸੌਂ ਨਹੀਂ ਬੈਰ। ਅਪਨੀ ਧਰਨਿ ਹਮਰੋ ਮਨ ਗਹਿਰ।੨੩।
ਠਹਿਰੀ ਖਾਟ ਦੇਖੀ ਤਿਨ ਨੈਨ। ਚਰਨ ਲਾਗੁ ਕਰ ਭਾਖੇ ਬੈਨ।
ਰਾਖੋ ਮੁਹਿ ਗੁਰੂ ਤੁਮ ਸਾਚੋ। ਹਮਰੇ ਕਰਮਨ ਸੋ ਮਤ ਰਾਚੋ।੨੪।
ਉਚਰੇ ਵਾਕ ਸੇਵਕ ਸੋ ਕਰੈ। ਤੁਮਰੇ ਵਾਕ ਕਰਨਾ ਸੌਂ ਭਰੇ।
ਤਬ ਹਸ ਬੋਲੇ ਹਮ ਕਰਨਾ ਪੰਥ। ਹੁਕਮ ਕਰਤਾਰ ਕਾ ਤੁਰਕਹਿ ਹੰਤ।੨੫।
ਤੁਮ ਕੈਸੀ ਕਰਨੀ ਕਹੁ ਕਰਹੋਂ। ਪੂਛੌਂ ਤੁਝੈ ਸਾਚਹੀ ਉਚਰਹੋਂ।
ਬੋਲਾ ਸਾਧੂ ਅਬਿ ਤੁਮ ਮਾਲਕ। ਤੁਮਰਾ ਬੰਦਾ ਕਰੌਂ ਨਾ ਆਲਕ।੨੬।
ਹੱਸ ਬੋਲੇ ਹਮ ਦੀਨਾ ਹੁਕਮ। ਬਾਲੂ ਮਧਿ ਨਿਕਾਸੋ ਰੁਕਮ।[੧]
ਦੇਸ ਪੰਜਾਬ ਜਾਹੁ ਮਮ ਬਦਲਾ। ਬਿਮੁਖ। ਬਿਮੁਖ ਹੂਏ ਮੇਰੋ ਮਨ ਰਦਲਾ
।੨੭।

ਪੰਥ ਤੇਜ ਤੇਰੋ ਹੀ ਕੀਨਾ। ਕਹਿ ਇਹੁ ਵਾਕੁ ਸ਼ਸਤ੍ਰ ਤਬ ਦੀਨਾ।
ਲਗੇ ਦੇਨ ਤਬ ਸਿੱਖ ਅਧੀਨਾ ਰੋਵਤ ਨੈਨਨ ਪੁਲਕਤ ਸੀਨਾ।੨੮।
ਦੇਹੁ ਕਮਾਨ ਖੜਗ ਇਹੁ ਸਾਡਾ। ਚਰਨੀਂ ਪਰੇ ਮਤਿ ਦੇਹੁ ਜਬਾਬਾ।
ਤਬ ਗੁਰ ਕਹਾ ਕਮਾਹਿ ਕੁਮੇਰਾ। ਭੋਗੈ ਸੁਵਨੁ[੨] ਖਾਲਸਾ ਮੇਰਾ।੨੯।
ਤਿਨ ਤਬ ਕਹਾ ਏਕ ਕਿਆ ਕਰਹੂੰ। ਰਹੈ ਲਾਜ ਮਮ ਬਦਲਾ ਸਰਹੂੰ।
ਹੂਆ ਬਚਨ ਸਭ ਸੈਨ ਭੰਡਾਰਾ। ਹੋਨ ਅਕਾਲੀ ਲਾਖ ਹਜ਼ਾਰਾ।੩੦।
ਮੀਚ ਆਂਖ ਤਿਨ ਮੀਚੇ ਨੈਨ। ਦੇਖੈ ਤਬ ਮਾਰਗ ਕੁਛ ਗੈਇਨ੩।
ਚਰਨ ਪਰਾ ਦਿਸ਼ ਪੂਛਨ ਲਾਗਾ। ਕੈਸੀ ਜੁਗਤਿ ਬਤਾਵਹੁ ਰਾਗਾ।੩੧।
ਬਹੁਤ ਕਹੀ ਗੁਰਸਿਖਨ ਰਾਖੋ। ਤੁਰਕਨ ਖੋਦ ਮਾਰ ਕਰਿ ਨਾਖੋ।
ਸੁਨ ਬੰਦੇ! ਤੁਮ ਖਾਲਸ ਪੰਥ। ਮਿਲਹੁ ਖਾਲਸਾ ਪਾਹੁਲ ਸੰਥ।੩੨।
ਜੇ ਤੋ ਕੋ ਹੈ ਖਾਲਸਾ ਸਾਲਸ। ਤਬ ਹਮ ਖੁਸ਼ੀ ਬਖਸ਼ੀ ਸਬ ਲਾਲਸ।

ਆਪਾ ਜਬਹੀ ਤੋਹਿ ਨ ਹੂਆ । ਤੋਰ ਸਮਾਨ ਹੋਇ ਨ ਬੀਆ ।੩੩।
ਮੋਨ ਭਏ ਇਹ ਬਚਨ ਉਚਾਰੀ । ਦੁਇ ਰਾਖ ਦੀਨੇ ਗਿਰਧਾਰੀ ।
ਭੱਲਾ ਤਿਹਨ[੪] ਦੇਇ ਸਮਝਾਵਾ । ਲੂਟਨ ਨਗਰ ਬਗਰ ਮੁਹਿ ਭਾਵਾ ।੩੪।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੫੬।

## ੫੭

### ਦੋਹਰਾ

ਬੰਦਾ ਬਖਸ਼ੀਪ ਖਾਲਸਾ ਚਲਾ ਤੇਜ਼ ਦਿਖਰਾਇ ।
ਜੁਰੀ ਫ਼ੌਜ ਸਤ ਸਹੰਸ੍ਰ ਪੁਨ ਲਖ ਲਾਖ ਅਠ ਆਇ ।੧।
ਦਬਕਾ ਸ਼ਾਹਿ ਦਿੱਲੀ ਪੜਾ ਤੁਰਕੁ ਪਿਛਾੜੀ ਲੀਨ ।
ਜੰਗਲ ਲੁਟ ਕਰ ਲੂਟਕੇ ਲੁਟੀ ਪਵਾਧੀ ਦੀਨੁ ।੨।
ਸ਼ਹਿਰ ਸਢੌਰਾ ਮਾਰ ਤੁਰਕ ਪਰਬਤ ਲੂਟੀ ਕਾਛ ।
ਲੂਟੀ ਸਿਰ੍ਹੰਦੀ ਖਾਕ ਕਰ ਚਲੇ ਤੇਜ਼ ਸੌਂ ਬਾਂਛ ।੩।

### ਚੌਪਈ

ਸਤਲੁਦ੍ਰ ਢਿਗੁ ਸ਼ਹਰ ਬਜਾਰਾ, ਲੂਟ ਕੂਟ ਆਇ ਲੁਦਵਣਾ ਮਾਰਾ ।
ਮਾਝਾ ਦੜਪਣ ਲੂਟੀ ਦੱਖਣੀ, ਕਲਮਲ ਲੋਗ ਜਤਨ ਕੀ ਰਖਣੀ ।੪।

### ਚੌਪਈ

ਪੁਰ ਗੁਰਦਾਸ ਲੂਟ ਕਰ ਧਾਏ, ਬਡਾ ਜੁਧ ਹਮ ਬੀ ਤਹਿੰ ਆਏ ।
ਮਿਲੈ ਲੋਗ ਸਿਖਨ ਬਤਲਾਵਾ, ਬਖਸ਼ੀ ਗੁਰਿਆਈ ਸਿਖਰਾਵਾ ।੫।
ਸੁਧਾ ਸਰੋਵਰੁ ਕਰ ਦਿਦਾਰਾ, ਅਪਨੀ ਰੀਤ ਫੁਰੀ ਗੁਰ ਕਾਰਾ ।
ਭਈ ਸਪਰਧਾ੨ ਖਾਲਸੇ ਸੰਗਾ, ਗੁਰਿਅਈ ਚਹਿ ਸਬਹਿਨ ਸੰਗਾ ।੬।
ਤਬੈ ਖਾਲਸੇ ਬਿਉਂਤ ਬਨਾਵਾ, ਕਾਲੇ ਬਸਨ ਮਦ-ਆਮਿਖ੩ ਭਾਵਾ ।
ਵਹੁ ਚਹਿ ਧਰਮ ਅਪਨਾ ਬੈਸ਼ਨੋ, ਚਹੈ ਖਾਲਸਾ ਅਪਨਾ ਲਹਿਸਨੋ ।੭।
ਗਈ ਫ਼ਰਿਯਾਦ ਦਖਨ ਕੇ ਦੇਸਾ, ਸਿੱਖ ਪੁਕਾਰੇ ਸਿਰ ਇਕੁ ਭੇਸਾ ।
ਬਚਨੁ ਹੂਆ ਰਹਿ ਖਾਲਸਾ ਊਹਾਂ, ਉਸਹਿ ਬੁਲਾਯੋ ਗਯੋ ਨ ਤਹਾਂ ।੮।

### ਚੌਪਈ

ਰਾਤ ਹੀ ਭਾਗਾ ਮੁਰ ਗਈ ਸੰਗਤਿ, ਸਿੰਘ ਸੰਗਤਿ ਨੈ ਕਾਢੀ ਰੰਗਤਿ ।
ਭਾਗਤਿ ਸਿੰਧੁ ਪਾਰ ਜਹਾਂ ਤਹਾਂ, ਵਣਜਾਰੇ ਤੁਰਕਨ ਸੋ ਕਹਾ ।੯।

### ਦੋਹਰਾ

ਗੁਰੂ ਖਜ਼ਾਨਾ ਲੇ ਗਇਆ ਸੱਤਾ ਦੀਨੀ ਖੋਇ ।

ਲੂਟਾ ਤਾਂਹਿ ਖਜ਼ਾਨ ਸਬ ਮਰਾ ਜੁਧ ਮੈਂ ਸੋਇ ।੧੦।
ਪੋਤਾ ਫਤੇ ਸਿੰਘ ਰਹਾ ਲੁਕਾ ਪਹਾੜੀ ਜਾਇ ।
ਜਗਾ ਖਾਲਸਾ ਸ਼ਸਤ੍ਰ ਪਾਇ, ਸਤਿਗੁਰੂ ਕ੍ਰਿਪਾ ਪਾਇ ।੧੧।

## ਚੌਪਈ

ਹਮ ਦੇਖਤ ਖਾਲਸਾ ਉਠਾ, ਤੁਰਕ ਤੇਜ਼ ਦੂਰ ਸਗਲਾ ਮੁਠਾ ।
ਨੰਦ ਸਿੰਘ, ਗਰਜਾ ਸਿੰਘ ਆਦੀ, ਪੰਥ ਲਾਜ ਸਭਹਿਨ ਮਿਲ ਸਾਜੀ ।੧੨।
ਦੇਵਾ ਸਿੰਘ, ਅਤਰ ਸਿੰਘ ਸੂਰਾ, ਮਦਨ ਸਿੰਘ, ਰਾਮ ਸਿੰਘ ਪੂਰਾ ।
ਕਪੂਰ ਸਿੰਘ ਤੇ ਗੁਰਬਖਸ਼ ਸਿੰਘ, ਚੋਲਾ ਸਿੰਘ ਹੈ ਸੱਜਣ ਸਿੰਘ ।੧੩।
ਮਾਰੈਂ ਮਰੈ ਬਹੁਤ ਦਿਨ ਬੀਤੇ, ਆਵਾ ਨਾਦਰ ਮੁ਼ਗਲੇਂ ਭੀਤੇ ।
ਤਾਂ ਪੀਛੈ ਸੁੰਞੀ ਭੂ ਹੋਈ, ਮਾਲਕ ਹਮ ਕੋ ਦਿਖੈ ਨਾ ਕੋਈ ।੧੪।
ਯਾ ਬਿਧਿ ਕਥਾ ਨੈਨ ਭਰ ਦੇਖੀ, ਸਭ ਜਾਨੈ ਗੁਰ ਬਚਨ ਬਿਸ਼ੇਖੀ ।
ਸਤਿਗੁਰੁ ਕਥਾ ਮੁਖਨ ਸੋ ਭਾਖੀ, ਸੁਨੋ ਸਿੱਖ ਮਤਿ ਉਜਲ ਰਾਖੀ ।੧੫।
ਏਕ ਬੇਰ ਸਤਿਗੁਰ ਮੁਝ ਕਹਾ, ਸਹਜ ਭਾਇ ਹੌਂ ਨਿਕਟੇ ਰਹਾ ।
ਪੂਛਾ ਤਬੈ ਸਾਖੀ ਗੁਰ ਭਾਈ, ਸੁਨੋ ਸਿੱਖ ਸਤਿਗੁਰ ਮੁਖ ਆਈ । ੧੬।

## ਦੋਹਰਾ

ਐਸੀ ਕਲਿ ਮੈਂ ਹੋਇਗੀ, ਸਿਦਕੀ ਰਹੈ ਨਾ ਕੋਇ ।
ਸਿਖਨ ਪੂਛਾ ਕਿਉਂ ਨਿਭੈ, ਪੰਥ ਤੁਮ੍ਹਾਰਾ ਸੋਇ ।੧੭।

## ਚੌਪਈ

ਬੋਲੇ ਸਿੱਖ ਜੀਤੈਂ ਪੰਜਾਬਾ, ਪੀਛੇ ਜੇਹਲਮ ਨਾਕਾ ਬਾਗਾ ।
ਦੁਆਬਾ ਸਤਲੁਦ੍ਰ ਕੀ ਪਾਰਾ, ਮਾਲਵਾ ਜੀਤ ਜੰਗਲ ਪਗ ਧਾਰਾ ।੧੮।
ਕੁਰਖੇਤ੍ਰ ਪਰਬਤ ਕੁਛ ਦਾਬਾ, ਸੰਬਤ ਬੀਤੇ ਅਠ ਦਸ ਸਾਠਾ ।
ਪੂਰਬ ਸਾਧੇ ਈਸੇ ਖਾਦਮ, ਇਤੇ ਸਿੰਘ ਲੂਟਿਹ ਸਬ ਖਾਦਰ ।੧੯।
ਅੰਤ੍ਰ ਬੇਦ੧ ਦਿੱਲੀ ਕੋ ਗਿਰਦ, ਤਾਂ ਲਗ ਦਿੱਲੀ ਬੈਠੇ ਮਰਦ
ਸੋ ਸਭ ਮਿਲਕੈ ਮੇਰੇ ਪੰਥ, ਧਸੈਂ ਮੰਤ੍ਰ ਸੋ ਮੁਝਿ ਸੁਤ ਸੰਥ ।੨੦।
ਯਾ ਬਿਧ ਪੰਥ ਦੁਖੀ ਹੋਇ ਝੁਰੇ, ਸ੍ਰੀ ਵਾਹਿਗੁਰੂ ਕੈਸੀ ਕਰੈ ।
ਚਿਤਵਤ ਹੀ ਐਸੀ ਹੁਇ ਜਾਵੈ, ਨੱਬੈ ਸਾਤ ਸਾਲ ਢਿਗ ਆਵੈ ।੨੧।
ਦੋਇ ਸਾਲ ਫਿਰ ਤਾਂ ਮੈਂ ਮਿਲੈ, ਰੌਲੀ ਪਰੈ ਦੇਸ ਸਬਿ ਰੁਲੈ ।
ਉਠੈ ਰੱਖਕ ਦੇਸਨ ਕੋ ਦੂਲੋ, ਸਬ ਰਾਜਨ ਕੋ ਪਟਦੇ ਮੂਲੋਂ ।੨੨।

## ਦੋਹਰਾ

ਤਬ ਸਬ ਲੋਗਨ ਦੁਖ ਹੂਆ ਮਰਦੈਂਗੇ ਸਭ ਦੇਸ।
ਈਸੇ ਸੰਗਤਿ ਸਤਿ ਮਮ ਸੰਗਤ ਪੀਛੈ ਕੇਸ।੨੩।
ਮੇਰੀ ਰੀਸ ਕਰਹਿੰਗੇ ਮੋਨ, ਤਾਂ ਹਮ ਸਿੱਖਨ ਭੇਜੈਂ ਭਉਨ।
ਏਕ ਅਕਾਲ ਚਹੂੰ ਦਿਸ ਝੂਲੈ, ਪਸ਼ਚਮੁ ਅਟਕ ਪਾਰ ਲੜ ਕੂਲੈ।੨੪।
ਏਕ ਸਹਾਇ ਤੂਲ੍ਹੜਾ[2] ਮੂਲਾ ਗੁਰ ਕਾ ਸਿੱਖ।
ਭੇਸ ਹਿੰਦੂ ਸਿੱਖ ਗੁਰੂ ਕਾ ਦੇਸਨ ਜੀਤੈ ਪਿਖ।੨੫।
ਸਾਖੀ ਪੂਰੀ ਹੋਈ। ਬੋਲਹੁ ਭਾਈ ਜੀ ਵਾਹਿਗੁਰੂ।੫੭।

## ੫੮

ਏਕ ਬੇਰ ਕੇਸਗੜ੍ਹ ਥੇ, ਤਹਾਂ ਗੁਰੂ ਜੀ ਬੈਠੇ ਥੇ ਪ੍ਰੇਮ ਰਸ ਸਾਥ। ਸੰਗਤ ਨੋ ਹੁਕਮ ਹੂਆ ਹਮ ਸੇ ਜੋ ਪੂਛਨਾ ਸੋ ਨੰਦ ਲਾਲ ਬਤਾਵੈਗਾ, ਤਾਂ ਨੰਦ ਲਾਲ ਅਖਾੜਾ ਲਿਖਾਰੀਆਂ ਕਾ ਇਕੱਠਾ ਕੀਆ, ਪਾਤਸ਼ਾਹੀ ਲਿਖਾਰੀ ਅਵਰਿ ਕਵੀਸ਼ਰ ਬੁਲਾਏ, ਕਰਕੇ ਕਵੀਸ਼ਰੀ ਬੁਲਾਏ ਸਤਿਗੁਰਾਂ ਕੇ ਹਜ਼ੂਰ, ਗੁਰੂ ਜੀ ਨੋ ਰਾਜ਼ੀ ਕਰਿਆ ਕਰੈਂ। ਬਰਸ ਦਿਨ ਗੁਰੂ ਜੀ ਕਰੋਧਵੰਤ ਰਹੇ ਥੇ, ਕੇਸ ਧਾਰਕੇ ਪਾਹੁਲ ਦੇ ਕੇ, ਲਈ ਪਾਹੁਲ ਤਾਂ ਸੰਗਤ ਵਰਣਾਂ ਕੀ ਮੂੰਹ ਮੋੜ ਗਈ, ਲਗੇ ਕਹਨਿ ਗੁਰੂ ਜੀ ਨੋ ਸਿਰਰੁ ਹੂਆ, ਜੋ ਜਨੇਊ ਉਤਾਰਕੇ ਝਾੜਾਂ ਨੂੰ ਪਹਿਰਾਇਆ, ਤਾਂ ਬਚਨ ਹੂਆ, 'ਗੁਰੂ ਕੀ ਸੰਗਤ ਝਾੜ, ਏਕ ਸਮੇਂ ਸ੍ਰੀ ਗੁਰੂ ਜੀ ਮਾਂਹ ਅਰ ਲੋਹਾ ਤੇਲ ਦਾਨ ਕੀਆ, ਦੀਆ ਅਰਦਾਸੀਏ ਨੂੰ, ਸ੍ਰੇਸ਼ਟ ਬ੍ਰਾਹਮਨਾਂ ਨੂੰ ਵੰਡ ਦੇਹ, ਮਣ ਸੌ ਲੋਹਾ, ਮਾਂਹ ਸੌ ਮਣ ਅਤੇ ਤੇਲ ਬੀ। ਤਾਂ ਅਰਦਾਸੀਏ ਕਹਿਆ, ਹਜ਼ੂਰ ਜੀ ਸੱਚੇ ਪਾਤਿਸ਼ਾਹ ! ਬਾਮ੍ਹਣ ਨਹੀਂ ਲੇਤੇ, ਤਾਂ ਬਚਨ ਹੂਆ ਫੇਰ ਪੁੱਛ ਆ, ਅਰਦਾਸੀਏ ਕੋ ਕਿਆ ਕਹਤੇਂ ਹੈਨ। ਤਾਂ ਅਰਜ਼ ਕਰੀ ਜੀ ਪਾਤਿਸ਼ਾਹ, ਜੀ ਸੱਚੇ ਸਾਹਿਬ ! ਤੁਮਾਰੀ ਤੁਮ ਹੀ ਜਾਣੋ। ਤਾਂ ਅਰਦਾਸੀਆ ਡਰ ਗਿਆ। ਸਾਹਿਬ ਸਿੰਘ ਤਾਂ ਕਹਿਆ ਸਚੇ ਪਾਤਿਸ਼ਾਹ ਕਹਤੇ ਹੈਨ, ਅਧਿਕਾਰੀ ਨਹੀਂ ਰਹੇ, ਖਤ੍ਰੀ ਹੋਇਕੈ ਜੰਞੂ ਲਾਹਿ ਦੀਆ ਹੈ। ਕੁਲ ਕੇ ਸੋਢੀ ਸਭ ਕਹਤੇ ਹੈਨ-ਗੁਰੂ ਕੇ ਬਾਵਰੇ ਹੋਇ ਗਏ ਹੈਨ।' ਸੁਣ ਕਰ ਤਾਂ ਬਚਨ ਹੂਆ ਸਿਖਾ ! ਭਲੀ ਕਰੋ, ਅੰਗੂਠੀਆਂ, ਕੜੇ, ਲੋਹੇ ਦੀਆਂ ਮਾਲਾਂ ਬਣਾਇ ਲੇ ਆਵੋ। ਮਾਨ ਕੇ ਬਚਨ ਤਿਵੇਂ ਹੀ ਕਰਾਇਕੈ ਸ਼ਾਮ ਸਿੰਘ ਲੈ ਕੇ ਦਿਵਾਨ ਵਿਚ ਰਹਰਾਸਿ ਦੇ ਵੇਲੇ ਭੇਟ ਗੁਰੂ ਕੇ ਆਗੈ ਧਰੇ, ਤਾਂ ਗੁਰੂ ਕੇ ਬੋਲੇ :

ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥

ਫੇਰ ਵੰਡ ਦਿਤੇ। ਦੋ ਕੜੇ, ਏਕ ਛਾਪ, ਇਕ ਜ਼ੰਜੀਰ, ਇਕ ਕਰਦ, ਪਾਂਚ ਭਲੇ ਸਰਬਤ੍ਰ ਨੂੰ ਵਰਤਾਇ ਦਿਤੇ। ਖਾਲਸੇ ਜੀ ਨੇ ਲੈ ਲੀਤੇ, ਖੁਸ਼ੀ ਹੋਇ ਤਾਂ ਬਚਨ ਕੀਆ, ਤਾਂ ਕਹਿਆ, 'ਗੁਰੂ ਖਾਲਸਾ , ਖਾਲਸਾ ਗੁਰੂ।'

ਖਾਲਸਾ ਹੋਵੈਗਾ ਨਿਤਾਣਿਆਂ ਕਾ ਤਾਣ, ਨਿਥਾਵੇਂ ਕਾ ਥਾਉਂ।

ਬਚਨ ਹੂਆ :

ਬ੍ਰਹਿਮਣ ਪ੍ਰਤਿਗ੍ਰਾਹੀ, ਗੁਰੂ ਛੋਡਾ, ਗੁਰੂ ਨੇ ਛੋਡੇ,
ਗੌੜ ਤਿ ਰੋੜ। ਸਨੌੜੀ, ਹੂਏ ਪਹੂੜੀ।
ਕਾਨ ਕੁਬਜ ਮਾਥੁਰ। ਉਠਾਵੈ ਸਿੱਖ ਸਾਥਰ।

ਤਾਂ ਦੇਖਕੇ ਕਰੋਧ ਗੁਰੂ ਜੀ ਕਾ, ਪਰੋਹਤ ਖੜਾ ਹੋ ਕੇ ਹੱਥ ਜੋੜੇ, ਤਾਂ ਬਚਨ ਹੂਆ :

ਤੁਮ ਸਾਰਸੁਤ ਖਾਲਸੇ ਕੀ ਜੁਗਤਿ।
ਰਹੋ ਕਾਹੂੰ ਭੇਸ, ਖਾਲਸੇ ਕੇ ਦਰਵੇਸ਼।
ਤੁਮਾਰਾ ਹੋਇ ਅੰਸ, ਸੰਭਲਪੁਰ ਬੰਸ।
ਵਿਸਨ ਜਸੁ ਕੁਲ ਤੁਮਾਰੀ,ਪ੍ਰਜਾ ਕੀ ਰਖਵਾਰੀ।
ਨਿਹਕਲੰਕ ਹੋਵੈ, ਕੁਲ ਸਨਾਥ ਸੋਹੈ।

ਤਾਂ ਸੋਢੀਆਂ ਹੱਥ ਜੋੜੇ, ਬਚਨ ਹੂਆ :

ਮੇਰੀ ਗੁਰਿਆਈ, ਜਿਨ ਕੇ ਮਨ ਭਾਈ।
ਵਧਹੁ ਕੁਲ ਤਾਂਹ ਕਾ, ਮਮ ਪੰਥ ਕੇ ਨਾਹ ਕਾ।
ਮਾਨਹਿ ਮੁਝ ਸਮਾਨ, ਬਸੀਆਹੁ ਮਮ ਧਾਮ।

ਤਬ ਡਰ ਕੇ ਖਤ੍ਰੀ ਆਏ, ਹੱਥ ਜੋੜ ਕੈ ਸ਼ਰਨ ਪੜੇ, ਬਚਨ ਹੂਆ, ਮੇਰੇ ਪੰਥ ਕੇ ਅਧੀਨ ਰਹੋਗੇ ਤਾਂ ਸੁਖੀ ਹੋਵੋਗੇ, ਸਾਰੇ ਜਗਤ ਕੀ ਕਾਰ ਖਾਲਸੇ ਲਈ।

ਅੰਬੀਰੀ ਵਜ਼ੀਰੀ ਫ਼ਕੀਰੀ।
ਤਤਬੀਰੀ, ਜ਼ੁਹੀਰੀ, ਅਕਲਗੀਰੀ।
ਦਾਨ ਕੀ ਦਹੀਰੀ, ਬੰਦੂਕ ਤਰਗਸ਼ਗੀਰੀ।

ਰਾਜ ਮੰਤ੍ਰ ਦਾਤਾਂ ਊਦੈ ਸਿੰਘ ਨੋ ਅਤੇ ਮੋਹਰ ਸਿੰਘ, ਧੰਨਾ ਸਿੰਘ, ਮਾਨ ਸਿੰਘ, ਦਾਨ ਸਿੰਘ ਅਤੇ ਚੜ੍ਹਿ ਸਿੰਘ ਜ਼ਿਮੀਦਾਰ ਗੋਤ ਨੂੰ ਬਖਸ਼ਾ। ਕਹਿ ਕੇ ਉਠੇ, ਮੰਦਰ ਮੈਂ ਗਏ, ਮਾਤਾ ਜੀਤੋ ਜੀ ਚਰਨੀ ਲਾਗੇ। 'ਪਾਤਿਸ਼ਾਹ ! ਬੇਟੇ ਕੀ ਕਰਨਗੇ, ਸਰਦਾਰੀ ਦਿਤੀ ਸਿੱਖਾਂ ਨੂੰ।' ਤਾਂ ਹੱਸ ਕੇ ਬੋਲੇ,'ਤੁਮ ਸੱਚਾ ਘਰਿ, ਸਮਾਲੋ। ਸਭ ਤੁਮਾਰੀ ਆਗਿਆ ਮੰਨੈਗਾ, ਅਰਸ਼ ਦੀ ਸਰਦਾਰੀ ਤੇਰੇ ਕੁਟੰਬ ਨੂੰ।

'ਅਸੀਂ ਜਹਾਂ, ਤੁਮ ਤਹਾਂ।'

ਇਹ ਕਹਿਕੇ ਸਮਾਧਿ ਲਗਾਇ, ਮੱਥਾ ਟੇਕਿ ਮਹਲ ਗਇਆ, ਵਾਕ ਮੰਨਿਆ। ਸਾਖੀ ਪੂਰੀ ਹੋਈ। ਬੋਲਹੁ ਭਾਈ ਜੀ ਵਾਹਿਗੁਰੂ।੫੮।

ਵਰਤਾਰਾ ਵਰਤੈ ਜੁਗਤਿ, ਸੁਨੋ ਸਿੱਖ ਚਿਤ ਲਾਇ।
ਸਤਿਗੁਰ ਜੈਸੀ ਭਾਵਸੀ, ਤੈਸੀ ਚਲਸਿ ਵਾਇ।੧।
ਏਕ ਬੇਰ ਸਤਿਗੁਰ ਕਹਾ ਸਭ ਦਿਵਾਨ ਚਉਫੇਰ।
ਬੋਲੇ ਦੇਖ ਕਰਿ ਖਾਲਸੇ ਥ ਰਾਜੇ ਢਿਗ ਘੇਰ।੨।

ਤਬ ਉਸ ਬੇਰ ਬੀਰ ਸਿੰਘ ਜਸਪਾਲੀਆ ਆਇਆ, ਮਦਨ ਸਿੰਘ ਰਜਪੂਤ ਬੀ ਥਾ, ਤਾਂ ਗੁਰਾਂ ਕੋ ਪੂਛਾ ਸ਼ਾਮ ਸਿੰਘ ਨੇ, ਜੀ ਪਾਤਸ਼ਾਹ ! ਖਾਲਸਾ ਥੋੜਾ ਅਤੇ ਵੈਰੀ ਹਿੰਦੂ ਮੁਸਲੇ
ਬਹੁਤੇ, ਕੈਸੇ ਰਾਜ ਠਹਿਰੇਗਾ ? ਤਾਂ ਬਚਨ ਸ੍ਰੀ ਮੁਖ ਵਾਕ ਪਾਤਿਸ਼ਾਹੀ ਦਸ :

ਖਾਇ ਗੋ ਖਰਚ ਲੇਇਗੋ ਲਾਲ।
ਸਰਕੈ ਗੋ ਜੁਧ ਮੈਂ ਕਰੈਗੋ ਨਿਹਾਲ।
ਖਾਰਿ ਲਗ ਲਛਮੀ ਸਿਮਟ ਸਗਰੀ ਆਨੇ ਸਾਰ।
ਖੜੇ ਲੜੇ ਸੰਗ੍ਰਾਮ ਮੈਂ ਖਲਕ ਠਰੈਂਗੇ ਪਾਰ।੩।
ਖਾਨ ਖਾਨਾਇ ਲਸ਼ਕਰਿ ਪਰੈ ਕਰੈ ਸਾਰ ਕਾ ਮੇਲ।
ਤਬੈ ਖਾਲਸਾ ਜਗੈਗੋ ਜਾਨੈ ਭਾਰਥ ਪੇਲ।੪।
ਖੰ ਜੋਗੀ ਲੰ ਭੋਗ ਮੈਂ ਸਾਰ ਸੰਗ੍ਰਹਣੇ ਮਾਂਝ।[੧]
ਸੁੰਨ ਧਿਆਨ ਗੁਣ ਗਿਆਨ ਮੈਂ ਕਰੇ ਖਾਲਸਾ ਸਾਂਝ।੫।
ਸੂੰਨ ਲਲਾ ਤ੍ਰਿਯ ਪੰਜਵੇਂ ਊਨ ਸਸਾ ਪੰਚਾਸ।
ਸੰਬਤ ਬਿਤਵੈ ਖਾਲਸਾ ਮਾਲਕ ਹੋਇ ਖਿਸ ਜਾਸ।੬।
ਖਾਦਰ ਲਾਦਰ ਸਾਗਰੇ ਬੀਚ ਕਰੈਂਗੇ ਰਾਜ।
ਦਿੱਲੀ ਟਿਕੈ ਨਾ ਰਾਜ ਸਿੱਖ ਗੁਰ ਨਾਨਕ ਬਖਸ਼ੀ ਸਾਜ।੭।
ਨੌ ਨੌ ਨਾਗ ਮਿਲ ਮੇਦਨੀ ਮੁੰਡਤ ਤੋਰੈ ਸੀਸ।
ਕਲਿ ਇਹ ਭਾਰਥ ਹੋਇਗੋ ਤਬ ਖਲ ਖਾਲਕ ਖੀਸ।੮।
ਏਕ ਸੁੰਨ ਤ੍ਰੈ ਮਾਂਗਧੀ ਕੌਰਵ ਬਿਲਸੈ ਰਾਚ।
ਏਕ ਪੰਚ ਪਰ ਸੁੰਨ ਦੁਇ ਨੰਦ ਭੂਮਪਤਿ ਭਾਜ।੯।
ਫਿਰ ਸੌਰਯ ਮੌਰਯ ਤੁਰਯ ਮੁਗ਼ਲ ਪਠਾਣਾਂ ਤੇਜ਼।
ਚਾਰ ਸੁੰਨਿ ਆਧਾ ਊਪਰ ਰਹੈ ਖਾਲਸਾ ਰੇਜ਼।੧੦।
ਪਾਂਚ ਸੁੰਨ ਆਗਮ ਦੀਏ ਕਲ੍ਹਾ ਉਖਾਰੈ ਰਾਜ।

ਮੀਤ ਭੀਤ ਛੂਟਨ ਖਲਕ ਭਰਮੈ ਕਲਿ ਮੈ ਸਾਜ ।੧੧।
ਏਕ ਓਰ ਦਿਪ ਦੱਛਨੀ ਗੌਰ ਮੋਨ ਪੁਨ ਫਿਰੰਗ ।
ਜਰੈ ਖਾਲਸਾ ਦੀਪ ਸਿੰਘ ਤੇ ਸੁਖ ਕਹਾ ਨਰਿੰਦ ।੧੨।
ਮਾਲਵ ਕੈਰਵ ਜਾਂਗਲੀ ਮਾਝਾ ਪਰਬਤ ਅਟਕ ।
ਕਸ਼ਮੀਰੀ ਓਹੰਸਪੁਰ ਮਲਕ ਪੁਰੇ ਮੈਂ ਸਟਿਕ ।੧੩।
ਪਿਸ਼ੌਰ ਜਲਾਲਾ ਕਾਬਲੀ ਲੇਵੇਂਗੇ ਜਉ ਕੇਸ ।
ਤਬੈ ਖਾਲਸਾ ਸੰਧਿ ਦੁਰ ਦਿੱਲੀ ਕੇ ਸਭ ਭੇਸ ।੧੪।
ਰੰਗ ਰੂਪ ਸਭਿ ਛਪੈ ਮੈ ਦੀਪ ਸਿੰਘ ਨੌਰੰਗ ।
ਜੋਤੀ ਜੋਤਿ ਸਮਾਇ ਘਰ ਲੋਹੇ ਛੋਹੁ ਭੁਯੰਗ ।੧੫।
ਕੋਈ ਦਿਨ ਖਾਏ ਸਹੀ ਲਊਪੁਰ ਕਾ ਇਕ ਮੀਰ ।[੧]
ਸਾਧੈਗਾ ਸੋ ਖਾਲਸਾ ਹੋਇ ਮਮ ਦਸਤੰਗੀਰ ।੧੬।

'ਖਾਲਸਾ ਗੁਰੂ ਕਾ, ਗੁਰੂ ਖਾਲਸੇ ਕਾ ।' ਤਾਂ ਸਿੱਖਾਂ ਮੱਥਾ ਟੇਕਿਆ ਅਤੇ ਪੁਛਿਆ, ਸਾਹਿਬ ਜੀ ! ਗੁਰੂ ਕਾ ਭੀ ਤਬ ਦਰਸ਼ਨ ਹੋਏਗਾ ? ਬਚਨ ਹੂਆ, 'ਖਾਲਸੇ ਮੈਂ ਹਉ ਅਵਤਰਾਂਗਾ ।' ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੫੯।

## ੬੦

ਤਾਂ ਸਤਿਗੁਰੂ ਜੀ ਚੁਪ ਕਰਿ ਦੇਖਣ ਲਗੇ, ਤਾਂ ਸਿੱਖਾਂ ਸਰਬਤ੍ਰ ਖਾਲਸੇ ਅਰਦਾਸ ਕਰੀ, ਸੱਚੇ ਪਾਤਿਸ਼ਾਹ ਜੀ ! ਭਾਣਾ ਵਰਤਾਰਾ ਸਮਝਾਇ ਕਹੀਏ, ਤੇਰਾ ਪੰਥ ਸੁਣੀ, ਹਾਨ ਲਾਭ ਕੀ ਕਥਾ ਕੈਸੇ ਹੋਇਗੀ । ਤਾਂ ਵਾਕ ਸ੍ਰੀ ਪਾਤਸ਼ਾਹੀ ਦਸਵੀਂ ਕਹਿਆ :

ਲਾਖ ਚਾਰ ਕਲਿਯੁਗ ਚਲੈ ਬੱਤ੍ਰੀ ਸਹੰਸ੍ਰ ਮੂਲ ।
ਜਾ ਕਲਿ ਮੈਂ ਸਾਧੂ ਅਕੁਲ ਮਿਟੈ ਜੁਗਨ ਕਾ ਸੂਲ ।੧।
ਸੁਨੀ ਭਵਿਖਤ ਸੰਹਿਤਾ ਗੁਪਤ ਬਿਆਸ ਰਿਖਿ ਵਾਕ ।
ਕੁਛ ਅਨੁਭਵਿ ਫਿਰ ਕਹੋਂਗਾ ਗੁਰੂ ਨਾਨਕ ਮੁਖ ਵਾਕ ।੨।
ਚਾਰ ਬਰਨ ਦੁਇ ਲਾਖ ਹਤੁ ਏਕ ਲਾਖ ਆਸ੍ਰਮੁ ।
ਆਧੇ ਕਾਟੈ ਇਸਤ੍ਰੀ ਪਾਦ ਪਾਪ ਇਹ ਮਰਮੁ ।੩।
ਦੁਇ ਸਹਸੁ ਬਾਲਕ ਕਟੈਂ ਦੁਇ ਕਟੈਂ ਮਿਲ ਮੂੜ੍ਹ ।
ਦਸ ਹਜ਼ਾਰ ਮੇਲੇ ਕਟੈ ਪਾਂਚੁ ਗਲੇ ਛੁਟ ਧੂੜਿ ।੪।
ਆਗੇ ਰਹੈ ਸੋ ਭੋਗ ਭਰ ਕਲਿ ਮੈਂ ਕਲਕੀ ਹੋਇ ।
ਵਰਨੁ ਆਸ਼੍ਰਮ ਕੋ ਛੋਡ ਜਿਤ ਪਾਖੰਡੀ ਘਰ ਸੋਇ ।੫।

ਕਲਿ ਦਰਸ਼ਨ ਕੇ ਕਾਰਨੇ ਉਠੇ ਪ੍ਰਾਤ ਇਕ ਵਰਖ ।
ਨਗਰ ਦੂਰ ਹੋਇ ਦੇਖੀਐ ਤਬ ਦਰਸਾਵੈ ਮਰਖ ।੬।
ਨਗਰ ਸ਼ਿਸ਼ੁਨ[੨] ਬ ਤਲ ਵਪੂ ਕਰ ਮੈਂ ਭੋਜਨੁ ਖਾਇ ।
ਨੀਲ ਵਸਨ ਬੋਲੈ ਹਸੈ ਦੇਖੈ ਬੋਲੈ ਨਾਇ ।੭।
ਦਰਸ਼ਨ ਤੇ ਪਾਤਕੁ ਗਏ ਮਿਟੀ ਸ਼ੰਕ ਸਬ ਦੇਹ ।
ਜੋ ਬੋਲੈ ਸੋ ਵਾਕ ਉਠ ਚਿਤਵਤ ਪੂਰਨ ਲੇਹੁ ।੮।
ਏਕ ਹਜ਼ਾਰ ਮਾਗਧ ਮਧ, ਕੌਰਵ ਭੋਗੈਂ ਰਾਜ ।
ਮਾਗਧ ਮੰਤ੍ਰ ਮਾਰ ਕਰਿ, ਕੰਨਹੀ ਲਹੁ ਸਮਾਜ ।੯।
ਪੰਦ੍ਰਾ ਸੈ ਬੀਤੈ ਜਬੈ ਨੰਦ ਭੂਪ ਹੁਇ ਭੂਮਿ ।
ਸ਼ੂਦਰ ਕਰੈਗਾ ਵਰਣ ਕੋ ਪਰਸਰਾਮ ਸਮ ਝੂਮ ।੧੦।
ਰਾਜਪੂਤ ਦਾਸੀ ਸੁਵਨ ਰਾਜਾ ਪੁਸ਼ਤ ਤਿਹ ਪਾਂਚ ।
ਪਾਂਚ ਸੌ ਪੁਨ ਭੋਗ ਹੁਇ ਸੌਰਜ ਕੇਰਾ ਮਾਂਚ ।੧੧।
ਪਾਂਚ ਸੌ ਪੁਨਿ ਸੌਰਜੀ[੧] ਮੌਰਜ ਸਾਢੇ ਤੀਨ ।
ਤੂਰ੨ ਸਾਤ ਸੌ ਮੁਗਲਿ ਸਤਿ ਹੋਇ ਪਠਾਣਾਂ ਮੀਨੁ ।੧੨।
ਪਉਣ ਬੇਦ ਪਰਨਾਸ ਕਰੁ ਫਿਰ ਹੋਇ ਮੁਗਲਨ ਰਾਜ ।
ਪਉਣੇ ਛਿਅ ਸੌ ਭੋਗਤੇ, ਹੋਨ ਤੋਰਕੀ ਖਾਜ ।੧੩।
ਤਿਸ ਚਾਰ ਹਜ਼ਾਰੇ ਪੱਚੀ ਵਰਸ ਬੀਤੇ ਉਪਜੈ ਰੰਗ ।
ਮਹੀ ਮੁਗ਼ਲ ਫਿਰ ਉਦੈ ਹੁਇ ਪਾਂਚ ਸੈਅ ਸੁਖ ਸੰਗ ।੧੪।
ਉਠਾ ਭੁਝੰਗੀ ਮੂਲ ਸਿਉਂ ਕਾਲੀ ਹੋਈ ਕ੍ਰਿਪਾਲੁ ।
ਤਰਕ ਮੁਹੰਮਦ ਤੁਰਕੁ ਘਰਿ ਦਿਨ ਦਿਨ ਮਾਰੈ ਸਾਲ ।੧੫।
ਗੰਗਾ ਜਾ ਲਗੁ ਧਰਨਿ ਪਰੁ, ਤਾ ਲਗ ਤੁਰਕਨ ਬੀਜ ।
ਇਹੀ ਸਾਲ ਮੈਂ ਮੌਨ[੩] ਨ੍ਰਿਪ ਭੋਗੈ ਰਾਜ ਰਵੀਜ ।੧੬।
ਨੈਪਾਲੀ ਕਾ ਰਾਜ ਸੂਰ ਕਿਰਣਾ ਕਾਟੇ ਗੁਰਿੰਡ ।
ਮੌਨੀ ਗੌਰਲ ਮੇਲ ਕਰ ਹੋਇ ਫਿਰੰਗੀ ਝੁੰਡ ।੧੭।
ਵਿਕ੍ਰਮਹਾਇਨ ਆਠ ਦਸੁ, ਸਤਿ ਬੀਤੇ ਜਬ ਸਿੱਖ ।
ਦਿਸ਼ਾ ਨਾਥ ਬੀਤੇ ਸੁ ਭਿਖ ਅਸ਼ਟਾਦਸ਼ ਦੁਰਭਿਖ ।੧੮।
ਤੇਜ ਮੌਨੀਆ ਸਾਤ ਪਰ, ਦੋ ਪਰ ਰੋਲ ਸਰੂਰ ।
ਮਹਾਂ ਦੁਰਭਿਖ ਹੁਇ ਨਾਸ ਨ੍ਰਿਪ ਭੁਲੇ ਫਿਰੰਗੀ ਦੂਰ ।੧੯।
ਘਰਿ ਘਰਿ ਉਠੇ ਉਦੇ ਗ਼ਜ਼ਬ ਉਨੋੀ ਸਉ ਕੇ ਸਾਲ ।
ਮਾਰ ਗੁਰਿੰਡੀ[੪] ਕਰੈਂਗੇ ਤਬੈ ਖਾਲਸਾ ਚਾਲ ।੨੦।
ਉਦੈ ਸਿੰ ਤਨ ਗੁਰੂ ਹਿਤ ਜਗੈ ਦੀਪ ਸਮ ਦੀਪ ।

ਈਸ ਮੂਸ ਹਿੰਦੂ ਖਲਕ ਪੀਸ ਦਿਖਾਵੈ ਦ੍ਵੀਪ ।੨੧।
ਘਰਿ ਘਰਿ ਉਜਰੇ ਘਰਿ ਘਰਿ ਵਸੈ ਘਰਿ ਘਰਿ ਰੋਵੈ ਨਾਰਿ ।
ਘਰਿ ਘਰਿ ਪੂਜਾ ਘਰਿ ਘਰਿ ਮੰਡਪ ਘਰਿ ਘਰਿ ਹੋਇ ਮਰਸਾਰਪ ।੨੨।
ਮਲੇਛ ਹ੍ਵੈ ਤਿਸਤੇ ਪਰੇ ਤੀਨ ਸੌ ਬੀਤੇ ਬਰਖ ।
ਸਾਗਰ ਹੀ ਨਾਗਰ ਨਹੀਂ ਬਿਤੈ ਸਹੰਸ੍ਰ ਚਰਖ ।੨੩।
ਮਹਾਂਮਲੇਛੀ ਫਿਰ ਹੋਵੈ ਸਭਹਿ ਮਲੇਛ ਬਿਹਾਰ ।
ਜੋਇ ਜ਼ੋਰ ਕੀ ਰਾਜ ਬਲ ਬੀਤੇ ਕਲੂ ਆਇ ਸਾਰ ।੨੪।
ਸਹਸ ਅਠੱਤੀ ਕਲੂ ਗਤਿ ਹਰਿ ਕਲਕੀ ਅਵਤਾਰ ।
ਤਾਂ ਦਿਨ ਹਮ ਬੀ ਆਵਸੀ ਹੁਇ ਅਸ੍ਰ ਅਸਵਾਰ ।੨੫।
ਮਰਣਾ ਮਰਣਾ ਮਾਰ ਮਰਿ ਗਲਣਾ ਗਲਿ ਗਲਿ ਸੀਤ ।
ਸਰਬ ਖਾਲਸਾ ਤਿਆਗ ਤਨ ਲਗੈ ਸ਼ਹੀਦਨ ਰੀਤਿ ।੨੬।
ਕਾਲ ਨਗਰ ਨਿਹਕਲੰਕੁ, ਅਬਿ ਫਿਰੁ ਜਾਵੈ ਕਰ ਚੈਨ ।
ਯਾ ਬਿਧਿ ਬੀਤੇ ਖਾਲਸਾ ਆਇਆ ਸੁਪਨਾ ਸੈਨੁ ।੨੭।
ਰਾਮਦਾਸ ਕੁਲ ਰਾਮ ਕੌਰ ਗੁਰ ਉਕਤੀ ਕਹਿ ਚੁਪ ।
ਕਹਿਤੇ ਲਗੀ ਸਮਾਧਿ ਪਦ, ਲਈ ਮੁਕਤਿ ਰਸ ਗੁਪ ।੨੮।
ਪਢੈ ਸੁਨੈ ਕਲਿ ਵਾਰਤਾ ਕਲਿਜੁਗ ਤਾਂ ਕਾ ਦਾਸ ।
ਪਾਪ ਭਰੈ ਭਗਤੀ ਜਗੈ ਧੰਨ ਸਿੱਖ ਕੀ ਆਸ ।੨੯।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੬੦।

## ੬੧

ਏਕ ਬੇਰ ਸ੍ਰੀ ਗੁਰੂ ਜੀ ਬੈਠੇ ਅਚਲ ਸਮਾਧਿ ।
ਤਬੈ ਖਾਲਸਾ ਸਿਉਂ ਕਹਾ ਕਲਿ ਮੈਂ ਮਮੁ ਦ੍ਰਿੜ੍ਹ ਬਾਂਧਿ ।੧।
ਜੁਗ ਜੁਗ ਮੈਂ ਹਮ ਅਵਤਰੈਂ ਅਪਨੈ ਭਗਤਨ ਕਾਜ ।
ਰਹਿਣ ਰਹਹਿ ਸੋ ਖਾਲਸਾ ਸੋ ਮੇਰੋ ਸਿਰਤਾਜੁ ।੨।
ਸਿਖਨ ਪੂਛਾ ਪ੍ਰੇਮ ਸੌਂ ਰਹਿਨੀ ਕੋ ਬ੍ਰਿਤੰਤ ।
ਕਿਸ ਕੋ ਦੇਨਾ ਕਿਮ ਰਹੈ ਕੈਸੇ ਵਰਤੈਂ ਸੰਤ ।੩।
ਗੁਰੂ ਕਹੈ ਸੁਨ ਖਾਲਸਾ ਕੇਸ ਪਾਹੁਲੀ ਮੁਕਤ ।
ਕੈ ਖੰਡਾ ਪਾਹੁਲ ਭਲੀ ਕੈ ਚਰਨਨ ਕੀ ਜੁਗਤਿ ।੪।
ਧਰੈ ਕੇਸ ਪਾਹੁਲ ਬਿਨਾ ਭੇਖੀ ਮੂੜ੍ਹਾ ਸਿਖ ।
ਮੇਰਾ ਦਰਸ਼ਨ ਨਾਹਿ ਤਿਸ ਪਾਪੀ ਤਿਆਗੈ ਭਿਖ ।੫।

ਏਕ ਮਜ਼੍ਹਬ ਰਹਿਨਾ ਭਲਾ ਦੋ ਮੈਂ ਰਹੈ ਨਾ ਕੋਇ ।
ਮੇਰਾ ਸਿੱਖ ਕਹਾਇਕੈ ਭਰਮੈਂ ਪਾਪੀ ਸੋਇ ।੬।
ਤੀਨ ਪਰਕਾਰ ਮਮ ਸਿੱਖ ਕੇ ਸਹਜੀ, ਚਰਨੀ,ਖੰਡ ।
ਯਾਂ ਤੇ ਕੇਸੀ ਹੋਇ ਸਿੱਖ ਤੀਨੋ ਕਰੈ ਬਿਹੰਡ ।੭।
ਏਕਸੁ ਕੇਸੀ ਜਾਨੀਏ ਦੂਜਾ ਹੁਇ ਉਪਕੇਸ ।
ਬਿਕੇਸੀ ਮੁੰਡੀਂ ਸੰਗਤੀ ਗੁਰੂ ਪਿਆਰੇ ਤੇਸ ।੮।

## ਹਿਤ ਉਪਦੇਸ ਗੁਰੂ ਕਾ
## ਚੌਪਈ

ਮੇਰਾ ਸੋ ਜੋ ਰਹਿਤ ਰਹਾਵੈ । ਪਹਰੁ ਰਾਤ ਇਸਨਾਨ ਕਰਾਵੈ ।
ਬਾਣੀ ਗੁਰੂ ਕੀ ਅਵਰਿ ਨਹਿ ਪਾਠ । ਪੜ੍ਹੈ ਗੁਰਮੁਖੀ ਤਿਆਗੈ ਠਾਟ ।੯।
ਬੇਦ ਸ਼ਾਸਤ੍ਰ ਗੁਰਵਾਕ ਕਉ ਧਾਰੈ । ਅਵਰ ਬਿਆਧਿ ਸਮ ਸਗਰੀ ਟਾਰੈ ।
ਅਰਬੀ ਪਾਰਸੀ ਅੱਖਰ ਨ ਪੜ੍ਹੈ । ਮੇਰਾ ਸਿੱਖ ਨੌਕਰੀ ਕਿਉਂ ਕਰੈ ।੧੦।
ਤੁਰਕ ਕੋ ਮਾਥਾ ਕਬਹੂੰ ਨਾ ਝੁਕਾਇ । ਤੁਰਕ ਸੰਗਿ ਬੈਠਹਿ ਨਹਿ ਖਾਇ ।
ਲੋਭੀ ਠਹਿਰੈ ਨਾਹੀ ਮੀਤ । ਸਿੱਖ ਪਹਾੜੀ ਕਰੈ ਨ ਪ੍ਰੀਤਿ ।੧੧।
ਚਾਰ ਬਰਨ ਸੰਗ ਵਰਤੇ ਐਸੇ । ਸੁਨੋ ਸਿੱਖ ਮਮ ਬਚਨ ਹੈ ਜੈਸੇ ।
ਬ੍ਰਾਹਮਣ ਚਰਨ ਪਾਹੁਲੀ ਹੋਵੈ । ਅਥਵਾ ਸਹਿਜੀ੧ ਸਿੱਖੀ ਹੋਵੈ ।੧੨।
ਮੇਰਾ ਸਿੱਖ ਆਨ ਸਭਿ ਤਿਆਗੈ । ਮੇਰਾ ਸੋਇ ਜੁ ਮੁਖ ਨਹੀਂ ਲਾਗੈ ।
ਭੇਖੀ ਬਾਮ੍ਹਨ ਦਾਨ ਨਾ ਛਾਜੈ । ਬਾਮ੍ਹਨ ਲੋਭੀ ਦੂਰ ਤਿਆਗੀ ।੧੩।
ਸਰਵਰੀ ਸ਼ਕਤੀ ਬਾਮ੍ਹਣ ਤਿਆਗ । ਆਂਡਾ ਟੀਕੇ੨ ਮੁਖੋਂ ਨ ਲਾਗ ।
ਬਾਮ੍ਹਣ ਸਿੱਖੀ ਨਿੰਦਿਆ ਕਰੈ । ਤਿਸ ਪਾਪੀ ਕੈ ਦੇ ਵਿਸੁ ਮਰੈ ।
ਖੰਡੇ ਪਾਹੁਲ ਕਰੈ ਨਾ ਪਿੰਡ । ਪਿਤਰਨ ਹੇਤੁ ਭੁਗਾਵੈ ਅੰਨ ।੧੪।
ਦੇਇ ਪੁਸ਼ਾਕੀ ਧਨ ਸਬ ਦੇਇ । ਅਵਰ ਮਜ਼੍ਹਬ ਕੋ ਸਿੱਖ ਨ ਲੇਇ ।
ਜੋ ਕੋਈ ਮੇਰੋ ਨਾਹੀ ਸਿੱਖ । ਤਿਸ ਬਾਮ੍ਹਣ ਕੋ ਦੇਇ ਨ ਭਿਖ ।੧੫।
ਅਥਵਾ ਬਾਮ੍ਹਣ ਮੇਰੇ ਪੰਥ । ਚਰਨ ਪਾਹੁਲੀ ਮੁਹ ਸੋ ਕੰਥ ।
ਬਾਮ੍ਹਣ ਕੇਸ ਬਿਨ ਪਾਹੁਲ ਧਾਰੈ । ਪਾਖੰਡੀ ਕੋ ਦੂਰ ਨਿਵਾਰੈ ।੧੬।

ਦੋਹਰਾ

ਮੇਰੇ ਸਿੱਖਨ ਭੇਖ ਧਰਿ ਦਾਨੁ ਲੂਟਨੇ ਹੇਤ ।
ਧਰੈ ਕੇਸ ਰਿਖਿ ਸੰਧਿ ਤਜਿ, ਪਾਪੀ ਕਪਟੀ ਕੇਤ ।੧੭।
ਬਿਪ੍ਰ ਵਰਣ ਊਤਮ ਬਡਾ, ਤੀਨ ਦੇਵ ਕੋ ਰੂਪ ।

ਪਲਟਿ ਮਜ਼੍ਹਬ ਪੀਰਨ ਜਜੈੜ ਸੋ ਪਾਪੀ ਦੇਵ ਮਰੈ ਕੂਪ ।੧੮।
ਪ੍ਰਿਥਮੈਂ ਰਿਖੀ ਸਮਾਨ ਹੈ ਜਟਾ ਜੂਟ ਵਯਵਹਾਰ ।
ਅਰਧ ਵਰਣ ਪੁਨ ਪਾਹੁਲੀ ਚਰਨੀ ਪ੍ਰੇਮੀ ਸਾਰ ।੧੯।
ਭੇਖ ਕੇਸ ਧਰਿ ਆਨ ਸਿੱਖ ਪੂਜਤ ਤੁਛਨ ਦੇਵ ।
ਤਾਂਹਿ ਨਾ ਪਾਨੀ ਦੀਜੀਏ ਮੇਰਾ ਸਿੱਖ ਸੁਸੇਵ ।੨੦।
ਕੇਸਾਧਾਰੀ ਭੇਖੀਆ ਜੀਵਨ ਕੇ ਤਿਨ ਕਾਜ ।
ਧਰੇ ਕੇਸ ਚੰਡਾਲ ਸਮ ਦੀਆ ਦਾਨ ਤਿਸ ਬਾਦ ।੨੧।

ਚੌਪਈ

ਮੇਰਾ ਸਿੱਖ ਸੀਤਲਾ ਨ ਮਾਨੈ । ਭੇਖੀ ਕੋ ਜੋ ਦੇਵੈ ਦਾਨੈ ।
ਜਹਿ ਕਹਿੰ ਕਾ ਖਾਵੈ ਪ੍ਰਸਾਦ । ਮੇਰੇ ਸਿੱਖ ਨਾ ਆਦਿ ਜੁਗਾਦਿ ।੨੨।
ਬਿਨ ਬੂਝੇ ਦੇਵਨ ਕੋ ਜਜੈ । ਮੈਂ ਛੋਡਾ ਸੋ ਸਿੱਖ ਮਮ ਤਜੈ ।
ਮੇਰਾ ਸਿੱਖ ਜੁ ਤੀਰਥ ਜਾਵੈ । ਅਤਿਥਿ ਕੋ ਦੇ ਕੈ ਭੋਗ ਭੁਗਾਵੈ ।੨੩।
ਜੋ ਦੇਵੈ ਦਾਨ ਪਰਬ ਕੋ ਮਾਨ । ਗੁਰਵਿਸ਼ਵਾਸੀ ਗੁਰੂ ਅਸਥਾਨੁ ।
ਵੇਖੈ ਨਾਹਿ ਤੀਰਥ ਕੇ ਪਾਂਡੈ । ਕਰੇ ਭੇਢ ਬਨ ਆਵੈ ਆਂਡੈ[੧] ।੨੪।
ਰਹੈ ਇਕਾਂਤਿ ਪ੍ਰੀਤ ਜਨ ਦੂਰ । ਮਮ ਵਿਚਾਰ ਸੋ ਨਿਤ ਭਰਪੂਰ ।
ਸਿੱਖ ਭੁਗਾਵੈ ਮੇਰਾ ਸਿੱਖ । ਕੇਸ ਭੇਖ ਨਹਿ ਮੇਰਾ ਪਿਖ ।੨੫।

ਦੋਹਰਾ

ਕੇਸਵਾਨ ਬਿਨ ਕੇਸ ਹੁਇ ਮੇਰਾ ਹੋਇ ਨਿਸੰਗ[੨] ।
ਬਾਮ੍ਹਣ ਸੋਈ ਬਿਆਸ ਸਮ ਦੇਵੈ ਦਾਨੁ ਉਮੰਗ ।੨੬।
ਕੰਨਿਆ ਦੇਵੈਂ ਸਿੱਖ ਕੋ ਲੇਵੈ ਨਹਿ ਕਿਛੁ ਦਾਮ ।
ਮੇਰਾ ਸੋਈ ਸਿੱਖ ਹੋਇ ਪਹੁੰਚੇ ਲੇ ਮਮ ਧਾਮ ।੨੭।
ਪੀਰ ਸਰਵਰ ਸੀਤਲਾ ਜੋਗੀ ਭੂਤ ਨ ਸੇਵ ।
ਗੁਰ ਸੇਵੈ ਸਭ ਕਾਜ ਮੈਂ ਪਹੁੰਚੇ ਮਮੁ ਦਰ ਤੇਇ ।੨੮।
ਅੰਨਦ ਜਪੁ ਨਿਤ ਹੀ ਪੜ੍ਹੈ ਥੋੜਾ ਸਾਰਾ ਸਿੱਖ ।
ਰਹਰਾਸਿ ਆਰਤੀ ਸ਼ਬਦ ਪੁਨਿ ਕੀਰਤਨ ਸੁਨੈ ਸੁ ਭਿਖ ।੨੯।
ਸਿੱਖ ਸਿੱਖਣੀ ਮਿਲ ਬਹੈਂ ਚਰਚਾ ਕਰੈਂ ਅਪਾਰ ।
ਭਜਨ ਸਿਖਾਵੈਂ ਪੁਤ੍ਰ ਕੋ ਨਿਤ ਭਜ ਬਾਰੰ ਬਾਰ ।੩੦।
ਖਤ੍ਰੀ ਸਿੱਖ ਪੁਨਿ ਵੈਸੁ ਹੋਇ ਸ਼ਰਾਧਿ ਪਿਤ੍ਰ ਕੋ ਜਾਨ ।
ਕਰੈ ਕਰਾਵੈਂ ਬਿਪ੍ਰ ਸਿੱਖ, ਆਨ ਨ ਬਿਪ੍ਰਨ ਮਾਨ ।੩੧।
ਦੇਇ ਕੁਦਾਨ ਜੋ ਸਿੱਖ ਮਮ ਗ੍ਰਿਹਿਕ ਜਾਵੈ ਨਰਕੁ ।

ਅਪਨੋ ਭਲੋ ਤਾਂਕੋ ਬੁਰਾ ਤਾਂਹੀ ਤੇ ਕਰਿ ਫਰਕੁ ।੩੨।
ਗੁਰੂ ਭਰੋਸਾ ਆਸ ਗੁਰ, ਨਾ ਕੋਈ ਲੋਕ ਪਰਲੋਕ ।
ਸਦਾ ਸਨਾਨੀ ਗਿਆਨ ਧਿਆਨ ਸਿੱਖ ਰੀਤਿ ਬਿਨ ਸ਼ੋਕ ।੩੩।
ਪਰ ਨਾਰੀ ਰਮਤਾ ਜੋਈ ਪੜ੍ਹੈ ਪਾਰਸੀ ਜੀਵ ।
ਨਾ ਮੈਂ ਤਾਂਕਾ ਨਾਹਿ ਮਮੁ, ਸਿੱਖ ਨ ਜਲ ਤਿਸੁ ਪੀਵ ।੩੪।
ਪਾਰਸੀ ਜਾਂਕੈ ਘਰਿ ਪੜ੍ਹੈ ਤਾਂਕਾ ਨਹੀਂ ਵਿਸਾਹੁ ।
ਤਾਂਕਾ ਛੁਹਿਆ ਨ ਖਾਈਏ ਤਜਾ ਧਰਮੁ ਕਾ ਰਾਹੁ ।੩੫।
ਸ਼ਰਾਧ ਕਰਾਈ ਬਿਆਹ ਧਨ, ਮੇਰਾ ਸਿੱਖ ਦਿਜ ਖਾਇ ।
ਸੋ ਭੇਖੀ ਪਾਪੀ ਅਧਿਕ ਤਿਥਿਆ[1] ਨ ਦੇਵੈ ਤਾਹਿੰ ।੩੬।
ਗ੍ਰਹਿ ਪੂਜਾ ਪੁਨਿ ਗਾਇਤ੍ਰੀ ਬੇਚ ਦਾਮ ਲੈ ਵਿਪ੍ਰ ।
ਗ੍ਰਹਣ ਦਾਨ ਛਾਇਆ ਪਸ਼ੂ ਖਾਵਤ ਨਰਕੀ ਖਿਪ੍ਰ[2] ।੩੭।
ਗ੍ਰਹਿਣ ਵੇਲ ਪੂਜਾ ਜਪੈ ਹੋਮ ਤਰਪਣਿ ਇਸਨਾਨ ।
ਛੁਟੈ ਗ੍ਰਹਣ ਦੈ ਦਾਨ ਮਮ ਸਿੱਖ ਭਲਾਈ ਜਾਨ ।੩੮।
ਦਾਨ ਲੈਇ ਜੋ ਗ੍ਰਹਣ ਮੈਂ ਆਤਮ ਘਾਤੀ ਮੂੜ੍ਹ ।
ਮੇਰਾ ਸਿੱਖ ਤਿਸ ਮੂੜ੍ਹ ਦਿਜ ਗੇਰੇ ਕੂਪਨ ਗੂੜ੍ਹ[3] ,।੩੯।
ਦਾਨ ਪਾਤ੍ਰ ਗ੍ਰਿਹ ਨਿਰਧਨਾ ਲੇਇ ਕੁਲੀਨੀ ਸੋਇ ।
ਸਮ ਮਲੇਛ ਹੁਇ ਵਿਪ੍ਰ ਤਾ, ਤਾਂਹਿ ਸਵਰਗ ਨਹਿ ਕੋਇ ।੪੦।
ਕੰਨਿਆ ਧਨ ਦਿਜ ਗ੍ਰਹਣ ਧਨ ਦੇਵ ਪੂਜ ਜੋ ਖਾਇ ।
ਈਹਾਂ ਤਿਆਗੈ ਤਾਂਹਿ ਕੋ, ਸਿੱਖ ਧਾਮ ਮਮ ਜਾਇ ।੪੧।
ਮੇਰਾ ਸਿੱਖ ਗ੍ਰੰਥੀਆ[4] ਪੂਜਾ ਖਾਇ ਅਰਦਾਸੁ ।
ਲਿਖ ਖਾਵੈ ਝੂਠਾ ਚੁਗਲ, ਮੇਰਾ ਨਾਹਿ ਸੁ ਦਾਸ ।੪੨।

## ਚੌਪਈ

ਖਾਲਸਾ ਸੋਇ ਜੋ ਲਏ ਨ ਦਾਨ । ਤੁਰਕ ਹਿੰਦੂ ਕੀ ਰਖੈ ਨਾ ਆਨ ।
ਬਿਪ੍ਰ ਪ੍ਰਤਿਗ੍ਰਹੀ[5] ਛੁਵੈ ਨ ਅੰਗ । ਸੋ ਮੇਰਾ ਹੌ ਤਿਸ ਕੈ ਸੰਗ ।੪੩।

## ਦੋਹਰਾ

ਸ਼ਸਤ੍ਰ ਧਾਰ ਕੈ ਖਾਈਏ ਇਹ ਛਤ੍ਰਿਨ ਕੀ ਰੀਤ ।
ਬਿਪ੍ਰ ਸੰਤੋਖੀ ਦਾਨ ਭਲ ਖਾਵੈ ਭਜੈ ਸੁ ਮੀਤ ।੪੪।
ਭੇਖ ਪਿਆਰਾ ਨਾਹਿ ਮਮ ਵਰਨੁ ਪਿਆਰਾ ਨਾਹਿ ।
ਰਹਿਤ ਪਿਆਰੀ ਮੋਹਿ ਕੋ ਸਿਦਕ ਪਿਆਰਾ ਆਹਿ ।੪੫।

ਰਹਿਨੀ ਸਤਿਗੁਰੁ ਸਿੱਖ ਕੀ ਕਹੀ ਜੁ ਹਿਤ ਚਿਤ ਲਾਇ ।
ਪੜ੍ਹੈ ਸੁਨੈ ਭਗਤੀ ਲਹੈ ਮੁਕਤਿ ਗੁਰੂ ਘਰਿ ਜਾਇ ।੪੬।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੬੧।

## ੬੨

ਏਕ ਬੇਰ ਸਤਿਗੁਰੂ ਜੀ ਬੈਠੇ ਅਪਨੇ ਭਾਇ ।
ਕਥਾ ਭਈ ਤਹਿ ਪਾਂਡਵਨ ਪੰਡਿਤ ਭਾਰਤ[੧] ਆਇ ।੧।
ਤਾਂ ਪੀਛੈ ਚਰਚਾ ਭਈ ਮਰਾ ਨਾ ਆਵੈ ਕੋਇ ।
ਕਿਆ ਜਾਨੈਂ ਕਿਆ ਹੋਇ ਤਹਾਂ ਹੈ ਵਾ ਨਾਹੀ ਹੋਇ ।੨।
ਤਬ ਬੋਲੈ ਨੰਦਲਾਲ ਜੀ ਕਰਨੀ ਕਮਲ ਜਮਾਲ ।
ਸਿੱਖ ਸਿਦਕ ਗੁਰਮੁਖ ਬਡੋ ਤਿਨ ਕੋ ਭਲੋ ਹਵਾਲ ।੩।
ਸੈਨਾਪਤਿ ਕਵਿਤਾ ਕਹੈ ਗੁਰ ਦਰਸ਼ਨ ਤੇ ਪਾਰੁ ।
ਕਰੈ ਭਲੀ ਵਾ ਬੁਰੀ ਨਿਤ ਸਤਿਗੁਰ ਲੇਇ ਸਵਾਰ ।੪।
ਉਦੈਰਾਇ ਕਵਿ ਇਉਂ ਕਹਾ ਜੈਸੀ ਕਾਹੂੰ ਘਾਲ ।
ਤੈਸਾ ਫਲ ਦ੍ਰੁਮ[੨] ਹੋਇਗਾ ਜੈਸਾ ਬੀਜ ਬਿਸਾਲ ।੫।
'ਰਾਵਲ' ਬੋਲੈ ਜਵ ਕੋ ਈਸ਼ਰ ਅੰਸ਼ ਨਿਹਾਰ ।
ਨਹੀਂ ਦੰਡ ਅਪਨੀ ਸੁਰਤਿ ਬਿਚਰੈ ਲੋਭ ਪਸਾਰੁ ।੬।
'ਅੱਲੂ' ਬੋਲੈ ਦੇਹਿ ਜੜ੍ਹ ਪੰਚ ਤਤੁ ਛੁਟ ਜਾਂਹਿ ।
ਬਧਿ ਪ੍ਰਾਣ ਤਨ ਆਹਿ ਜੜ੍ਹ ਚੇਤਨ ਆਪੋ ਆਹਿ ।੭।
'ਮਧੂ' ਬੋਲੇ ਜੋ ਸਹੀ ਹੈ ਚੇਤਨ ਪਰਮ ਸਰੂਪ ।
ਵਹ ਮਾਰੈ ਮਰਤਾ ਨਹੀਂ ਦੂਜਾ ਕੌਨ ਅਨੂਪ ।੮।
ਅਗਨਿ ਅਗਨਿ ਜਿਮ ਸੀਤ ਸੀਤ, ਘ੍ਰਿਤ ਘ੍ਰਿਤ ਪਾਨੀਵਾਰ ।
ਭ੍ਰਮ ਹਾਰਤ ਦੇਖੋ ਕਵੀ ਦੂਜਾ ਕਹਾਂ ਵਿਚਾਰ ।੯।
'ਚੰਦ' ਚੰਦ ਚਕੋਰ ਜਿਉਂ ਬਾਲ ਮਾਇ ਕੀ ਰੀਤਿ ।
ਤਿਉਂ ਗਤਿ ਈਸ਼੍ਵਰ ਜੀਵ ਕੀ ਜਾਣੈ ਪ੍ਰਾਣੀ ਮੀਤ ।੧੦।
'ਬੱਲੂ' ਬਿਸਨੁ ਫਕੀਰ ਕੀ, ਬੋਲੀ ਸੁਨੈ ਨਾ ਕੋਇ ।
ਤਿਉਂ ਈਸ਼ਰ ਅਰ ਜੀਵ ਕੀ, ਦੁਬਿਧਾ ਜੀਅ ਮੈਂ ਹੋਇ ।੧੧।
'ਲੱਖਾ' ਲੱਖ ਮਣ ਬੋਝ ਜਿਹ ਸੋਈ ਮਰਤਾ ਭਾਰ ।
ਹਸਤੇ ਹਲਕੇ ਲੋਗ ਸਭ ਪਾਪ ਪੁੰਨ ਇਉਂ ਧਾਰ ।੧੨।
'ਈਸਰਦਾਸ' ਕਹਿ ਸੁਨੋ ਸਾਧ ਤੀਨ ਕਾਲ ਇਹ ਨਾਹਿਂ ।

ਜੋ ਦੀਸੈ ਸੋ ਅੱਗਤਾ[੪] ਯਾਮੈਂ ਸੰਸਾ ਨਾਹਿ ।੧੩।
'ਸੁਖੀਆ' ਸੁਪਨੈ ਏਕ ਨਰ, ਕਲਪੈ ਰੂਪ ਅਨੇਕ ।
ਤੈਸੇ ਈਸ਼ਰ ਚਿਤ ਤੇ ਉਪਜੈ ਨਿਪਜ ਬਿਬੇਕ ।੧੪।
ਧਰਮ ਸਿੰਘ ਨਿਜ ਧਰਮੁ ਹੈ ਅਪਨੋ ਇਸ਼ਟ ਪ੍ਰਧਾਨ ।
ਆਨ ਧਰਮ ਸਗਰੇ ਨਿਫਲ ਯਾਂ ਮੈਂ ਬੇਦ ਪ੍ਰਮਾਨ ।੧੫।
ਤਿਆਗੁ ਮੂਲ ਹੈ 'ਧਿਆਨ ਸਿੰਘ' ਵਿਖੈ ਭੋਗ ਤੇ ਦੂਰ ।
ਧਿਆਨ ਧਰੈ ਇਹ ਪਰਮ ਧਨ ਸਤਿਗੁਰੂ ਪਦ ਕੀ ਧੂਰਿ ।੧੬।
ਮਾਲਾ ਸਤਿਗੁਰ ਜਾਪ ਕੀ 'ਮਾਲਾ ਸਿੰਘ' ਮੀ ਜਾਨ ।
ਜਾਂਤੇ ਕੋ ਅਭਿਮਾਨ ਹੈ ਚਤੁਰ ਵਰਗ ਕੋ ਸਾਨ ।੧੭।
ਸੁਨ ਸੰਬਾਦ ਇਹੁ ਸਗਲਿ ਕੋ, ਸਤਿਗੁਰ ਉਚਰੇ ਵਾਕ ।
ਅਨਹਦ ਸਾਧਨ ਜੋਗ ਕੋ ਸਮਤਾ ਧਿਆਨ ਇਕਾਂਕਾ[੧] ੧੮।
ਤੀਨ ਪੁਰਖ ਪਰ ਬੇਦ ਵਾਕ ਚੌਥੇ ਨਹਿ ਅਧਿਕਾਰ ।
ਮੁਕਤਿ ਮੁਮੂਖ[੨] ਵਿਖਯ ਕੋ, ਪਾਮਰ ਚੌਥਾ ਧਾਰ ।੧੯।
ਨਿਜ ਸਰੂਪ ਕੋ ਸਮਝ ਕੈ ਮੁਕਤੀ ਛੁਟਕਾ ਆਨ ।
ਮੈਂ ਕੋ ਕੋ ਸੰਸਾਰੁ ਇਹੁ, ਮੁਮੂਖ ਖੋਜਨ ਬਾਨ ।੨੦।
ਵਿਖਈ ਵਿਧਿ ਸਭਿ ਬੇਦ ਕਰ ਤਿਆਗੇ ਸਗਲ ਨਿਖੇਧ ।
ਵਿਖੈ ਭੋਗ ਬਾਂਛਾ ਅਧਿਕ ਸਮਝਤ ਸੁਨ ਕਰ ਭੇਦ ।੨੧।
ਵਿਖੈ ਭੋਗ ਨਹਿ ਤਜ ਸਕੈ ਵਿਧਿ ਕਰਤੋ ਅਲਸਾਇ ।
ਨਹਿ ਉਪਾਸ਼ਨਾ ਕਾਮ ਬਿਨ ਪਾਂਮਰ ਧੂਮ ਵਿਕਾਇ ।੨੨।
ਲਗੈ ਜਾਂਹਿ ਕੋ
ਭਾਵਨਾ ਸੂਝਾ ਮਰਨਾ ਆਜੁ ।
ਗਿਆਨ ਸਮਝਿ ਆਪਾ ਲਖਾ, ਭੇਟਾ ਗੁਰੂ ਸਮਾਜੁ ।੨੩।
ਜੈਸੀ ਜੈਸੀ ਵਾਸਨਾ ਤੈਸੀ ਚਿਤਹਿ ਤਰੰਗ ।
ਜਾਂਤੇ ਸਗਲੇ ਸੁਖੀ ਹੈਂ ਵਿਖਯ ਬ੍ਰਹਮ ਕੋ ਰੰਗੁ ।੨੪।
ਪੂਰੇ ਗੁਰ ਤੇ ਪੂਰਨੋ ਪੂਰਨ ਘਟੈ ਨ ਅੰਗ ।
ਮੁਕਤਿ ਜੁਗਤਿ ਬਪੁਰੀ ਕਹਾਂ ਐਸਾ ਗੂੜ੍ਹਾ ਰੰਗ ।੨੫।
ਪਵਨ ਤਤ ਸਭਿ ਭਿੰਨ ਜਬ ਮਰਨਾ ਕਹਤੇ ਮੂੜ੍ਹ ।
ਫਿਰੈ ਸੰਜੋਗੀ ਸੁਪਨ ਜਿਮੁ ਗਡੀ ਵਾਸਨਾ ਗੂੜ੍ਹ ।੨੬।
ਵਾਸਨਾ ਖੈਯ ਅਰ ਮਨੋ ਨਾਸੁ ਹੋਇ ਅਭਿਆਸ ਵਿਚਾਰ ।
ਇਸ ਤੇ ਕਟੀਏ ਜਨਮੁ ਮਰਨੁ ਅਉਰ ਉਪਾਵ ਨ ਸਾਰੁ ।੨੭।
ਸਭਿ ਉਪਾਵ ਸਮ ਦਮ ਚਰਜਿ ਜੋਗ ਜੱਗ ਤਪ ਦਾਨੁ ।

ਸਤਿਸੰਗਤਿ ਬਿਨ ਬਿਫਲੁ ਹੈ, ਬਾਂਝ ਸੁਵਨੁ ਸਮ ਮਾਨ[3] ।੨੮।

**ਸਵੈਯਾ**

ਪਤਿ ਕੇ ਕਾਰਨ ਵਿਆਹ ਰਚਯੋ ਨਰ ਬਹੁਤਾ ਸਾਜ ਜਨੇਤ ਮੰਗਾਈ ।
ਦੇਵ ਕੋ ਪੂਜਨ ਬੰਧ ਸੁ ਬੰਧੁ ਬਿਧਿਵਾਨੁ ਸੁ ਪੰਡਤ ਲੀਓ ਬੁਲਾਈ ।
ਸੋਗ ਤਜੈ ਸੁਨ ਭਾਮਨਿ[1] ਗਾਵਤ ਮੰਗਲ ਗੀਤ ਸੁ ਵਾਦਨ[2] ਛਾਈ ।
ਤੈਸੇ ਸਾਧਨ ਆਤਮ ਕਾਰਨ ਨਾਂਹਿ ਲਖਯੋ ਤਿਹ ਕੌਨ ਸਹਾਈ ।੨੯।

**ਦੋਹਰਾ**

ਭਲੋ ਜਨਮ ਭਲ ਕੁਲ ਨਗਰ, ਭਲੋ ਗੁਣੀ ਸੁ ਕਥਿ ।
ਸਮਝਿ ਆਪ ਜਗ ਜਾਲ ਬਚ, ਏਕਮੇਕ ਲਖ ਰਥਿ ।੩੦।
ਬ੍ਰਹਮ ਗਿਆਨੁ ਚਰਚਾ ਸਦਾ ਹੋਤ ਨਿਕਟਿ ਗੁਰੂ ਦਿਆਲੁ ।
ਸੁਨੈ ਸਿੱਖ ਦ੍ਰਿੜ੍ਹ ਧਿਆਨ ਜੁਤ ਭਵ ਭੈ ਮਿਟੈ ਸਮਾਲ ।੩੧।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੬੨।

## ੬੩

ਏਕ ਸਮੇ ਸ੍ਰੀ ਗੁਰੂ ਜੀ ਧਰਮ ਪ੍ਰੀਛਿਆ ਹੇਤ ।
ਕਰਯੋ ਜੱਗ ਨਿਵਤਾ ਦੀਯੋ ਭੋਜਨ ਕਰ ਸੰਕੇਤ ।੧।
ਐਸੋ ਕਹਿਯੋ ਸੁਨਾਇਕੈ ਮਾਸ ਖਾਇ ਦਿਜ ਜੋਇ ।
ਅਸ਼ਰਫੀ ਏਕ ਦੱਛਣਾ ਤਿਸੈ ਐਸੇ ਕਹਿਯੋ ਸੁ ਹੋਇ ।੨।
ਖੀਰ ਖਾਂਡ ਕਾ ਭੋਗਤਾ, ਏਕ ਰੁਪਈਆ ਤਾਂਹਿ ।
ਜਬ ਖਾਇ ਚੁਕੇ ਬਹੁ ਲੋਭ ਕਰਿ ਮਾਸ-ਅਹਾਰੀ ਆਇ ।੩।
ਖੀਰ ਅਹਾਰੀ ਮੁਹਰ ਕਰ ਮਾਸ ਕੁ ਰੁਪਈਆ ਇਕ ।
ਬਚਨ ਦੀਆ ਸ੍ਰੀ ਗੁਰੂ ਜੀ ਇਹ ਲੋਭੀ ਧਰਮ ਨਿਜਿਕੁ ।੪।
ਇਹ ਸਾਧੂ ਜਿਨ ਲੋਭ ਨਹਿ ਧਰਮ ਕਮਾਯੋ ਸਤਿ ।
ਮਾਸ ਖਾਇ ਬਿਪ੍ਰ ਕਹਾਂ ਸੋ ਚੰਡਾਲੁ ਕਾ ਮਿਤ ।੫।
ਪੀਛੈ ਸਤਿਗੁਰ ਇਵ ਕਹਾ ਸੁਨੋ ਸਿੱਖ ਚਿਤ ਲਾਇ ।
ਮੇਰਾ ਸਿੱਖ ਸੋ ਜਾਨੀਯੋ ਮਾਸ ਖਾਇ ਦਿਜ ਨਾਹਿੰ ।੬।
ਬਚਨ ਸੁਨਾ ਸਭ ਸੰਗਤੀ ਕਰੀ ਬੇਨਤੀ ਏਹੁ ।
ਜੋ ਬਿਪ੍ਰ ਪਾਹੁਲੀ ਹੋਵੈ ਤਾਂ ਕੀ ਕਰਨੀ ਕੇਹੁ ।੭।
ਬਚਨ ਹੂਆ ਤਬ ਗੁਰੂ ਕਾ ਆਲਮ ਸਿੰਘ ਸਪੂਤ ।

ਧਰਮੁ ਛਤ੍ਰੀ ਪਾਇ ਕੋ ਦਿਜ ਤੇ ਹੂਆ ਪੁਰਹੂਤ[3]।੮।
ਤਾਂ ਕੀ ਦਿਜਤਾ ਛਤ੍ਰਿ ਕੀ ਕਰੈ ਖੜਗ ਕੀ ਸੇਵ ।
ਨਾ ਨਿਵਤਾ ਨਾ ਦਾਨ ਪੂਜ ਜੋ ਦੇਵੈ ਤਿਹ ਦੁਖਤੇਵ ।੯।
ਤਾਂਹੀ ਤੇ ਹਮ ਉਤਾਰਿਯੋ ਜੱਗਯੋਪਵੀਤ੧ ਕੀ ਆਨ ।
ਮਦਰਾ ਮਾਸ ਕੋ ਛੋਰਨਾ ਏਹੀ ਬਿਪ੍ਰ ਕੀ ਮਾਨ ।੧੦।
ਬ੍ਰਹਮਨ ਹੋਇਕੈ ਬਿਧਿ ਕਰੈ ਹਿੰਸਾ ਮਾਸੁ ਨਾ ਖਾਇ ।
ਖਾਵੈ ਸੋ ਲੁੱਚਾ ਬਿਪ੍ਰ ਸਮ ਚੰਡਾਲ ਕਹਾਇ ।੧੧।
ਲੋਭ ਰਹਤ ਸਮਤਾ ਜਿਸੈ ਕਰੈ ਗਿਆਨਾ ਕਾ ਅੰਗ ।
ਦੇਵ ਰਿਖੀ ਸੋ ਹੋਤਿ ਹੈ ਮੇਰੋ ਬਚਨ ਅਭੰਗੁ ।੧੨।
ਜੋ ਗ੍ਰਿਹੀ ਜੰਗਲ ਬਸੈ ਬੇਦ ਪੜ੍ਹੈ ਚਿਤ ਲਾਇ ।
ਉਛਸਿਸਲਾ੨ ਕਰਿ ਜੀਵ ਹੈ, ਮੁਨਿ ਸੋ ਬਿਪ੍ਰਰਾਇ ।੧੩।
ਨਗਰ ਬਾਸ ਗ੍ਰਹਿ ਧਰਮ ਜੁਤ ਨਿੰਦਾ ਈਰਖਾ ਛੋਰ ।
ਸੋ ਬ੍ਰਾਹਮਣ ਬਿਪ੍ਰ ਸਹੀ ਐਸੇ ਜਾਨੈ ਮੋਰ ।੧੪।
ਸ਼ਸਤ੍ਰਨ ਤੇ ਛਤ੍ਰੀ ਭਇਆ, ਹੱਟੀ ਤੇ ਹੈ ਵੈਸ਼ ।
ਕਸਬਦਾਰ ਸੂਦ੍ਰ ਸਹੀ ਦਿਜ ਕਾ ਛਰਵਾ੩ ਭੇਸ ।੧੫।
ਗਾਇ ਨਿਰਤ ਤੇ ਨਟ ਬਿਪ੍ਰ ਚੁਗਲ ਦੂਤ ਤੇ ਮਲੇਛ ।
ਭਖੁ ਅਭਖੁ ਸਮਝੈ ਨਹੀਂ ਮਦ ਮਾਸ ਪਰਨਾਰਿ ।
ਸੋ ਚੰਡਾਲ ਤਿਹ ਤਿਆਗ ਕਰਿ ਮੇਰੋ ਸਿੱਖ ਨਿਹਾਰ ।੧੬।
ਆਪਿ ਲੇਇ ਲੋਭੀ ਬਡਾ ਅਵਰਨ ਦੇਖ ਘੁਰਰਾਇ ।
ਸੋ ਮੰਜਾਰ੪ ਦਿਜ ਜਾਨੀਯੋ ਤਾਂਹਿ ਨਾ ਦੇਵੈ ਭਾਇ ।੧੭।
ਪਾਂਧਾ ਬ੍ਰਹਮਨ ਬਿਆਹਿ ਧਨ ਦੱਖਣਾ ਲੇਇ ਪ੍ਰਯੋਗ ।
ਕਸਬੀ ਬਿਪ੍ਰ ਪਾਪ ਘਰਿ ਤਿਹ ਦਾਤਾ ਅਘ ਓਘਪ ।੧੮।
ਬਿਪ੍ਰ ਪੜ੍ਹੈ ਹਰਿ ਕੋ ਭਜੈ ਨਿੰਦਾ ਉਸਤਤਿ ਤਿਆਗ ।
ਕਰੈ ਸੁਭਾਵਕ ਕਰਮ ਕੋ ਸੋ ਪਾਤ੍ਰ ਸੁਭ ਵਾਕ ।੧੯।

## ਚੌਪਈ

ਬਿਪ੍ਰ ਹੋਇਕੈ ਏਕ ਬਿਆਹ । ਬਿਪ੍ਰ ਵਰਨੁ ਕੋ ਬਿਆਹ ਨ ਬਿਆਹੁ ।
ਬਿਆਹ-ਕਰਾਈ ਲੇਇ ਨ ਦਾਮੁ । ਆਨ ਦੇਵ ਕੀ ਕਰੈ ਨ ਕਾਨ ।੨੦।
ਬਿਧਿ ਕਰ ਤਾਗਾ ਬਿਧਿ ਕਰ ਬੇਦ । ਬਿਧਿ ਕਾ ਦਾਨੁ ਨਾ ਧਾਰੈ ਭੇਦ ।
ਭੋਜਨ ਦਾਨ ਕੁਦਾਨ ਤਿਆਗਾ । ਸੋ ਬਿਪ੍ਰ ਪੂਜਿਅਤ ਬਡਭਾਗਾ ।੨੧।
ਗ੍ਰਹਿਨ ਨ ਲੇਵੈ ਤੁਲਾ ਨਾ ਮੂਰਤ । ਛਾਇਆ ਮ੍ਰਿਤਕ ਜਨਮ ਗ੍ਰਹਿ ਦੂਰਤ ।

ਬਿਨ ਮਾਂਗੇ ਪੜ੍ਹ ਬੇਦ ਪੁਰਾਨ । ਦੇਵੈ ਦਾਨ ਭੋਗੈ ਸੁਰ ਗਿਆਨੁ ।੨੨।

ਲੇਵੈ ਦੇਵੈ ਮੋਹ ਨਾ ਕਰੈ, ਸੋ ਦਿਜ ਸਗਲੁ ਜਗਤ ਤੇ ਪਰੈ ।
ਤਿਨ ਕੇ ਪਾਇ ਪਰਤ ਮੁਹੁ ਤੇਜ, ਦੇਵੈ ਗਿਆਨੀ ਕਰਮਨ ਚੇਤ ।੨੩।
ਮੈਂ ਜੁ ਪੰਥ ਕੀਆ ਤਿਨ ਕਾਰਨੁ । ਨਹਿ ਤੇ ਮੇਰੋ ਜਨਮੁ ਅਕਾਰਨੁ ।
ਮੇਰਾ ਸਿੱਖ ਨ ਨਿਵਤਾ੧ ਮਾਨੈ, ਮੇਰਾ ਸਿੱਖ ਸੋ ਦਾਨ ਨਾ ਦਾਨੈ ।੨੪।
ਮੇਰਾ ਸਿੱਖ ਵੈਰਾਗੀ ਰਹੈ, ਆਜ ਕਾਲ ਕਰ ਕਾਲ ਸੰਗ੍ਰਹੈ ।
ਸੁਆਮੀ ਧਰਮ ਕਰੈ ਨਿਤ ਪਾਲੈ, ਧਰਮ ਪਾਲਿ ਸ਼ੁਭ ਰਸਤਾ ਭਾਲੈ ।੨੫।
ਸਮੇਂ ਸਮੈ ਸਿਰ ਭੋਗਨ ਸੇਵ, ਛਾਡ ਮੂੜ੍ਹਤਾ ਬਾਣੀ ਗੁਰ ਗੇਵ ।
ਸੁਨੋ ਸਿੱਖ ਮਮਤਾ ਨਹੀਂ ਕਰਨੀ, ਭਲੇ ਬੁਰੇ ਕੀ ਸੇਵਾ ਧਰਨੀ ।੨੬।
ਨੀਚ ਸੰਗ ਨਹੀਂ ਕਰੀਯੋ ਮਿਤ੍ਰ, ਬਚਨ ਹਾਰ ਕਾ ਝੂਠ ਚਰਿਤ੍ਰ ।
ਜੋ ਕੋਊ ਮੇਰਾ ਸਿੱਖ ਕਹਾਵੈ, ਪਾਹੁਲ ਲੇ ਸੁਭ ਕਰਮੁ ਕਮਾਵੈ ।੨੭।
ਪਿਛਲੇ ਕਰਮ ਸਭਿ ਜਾਇ ਬਿਲਾਇ, ਗੁਰੁ ਸਰਨੀ ਜਬ ਆਵੈ ਧਾਇ ।
ਅਸੁਰ ਭੂਤ ਕੀ ਸੇਵਾ ਤਜੈ, ਪਾਹਨ ਕੀ ਪੂਜਾ ਨਹਿ ਜਜੈ੩ ।੨੮।
ਪਾਹਨ ਪੂਜਾ ਕਲਿ ਕਾ ਭਾਉ੪, ਮੜ੍ਹੀ ਮਸਾਣੀ ਝੂਠਾ ਸੁਆਉ ।
ਡਿੰਭ ਕਰੈ ਮੂੰਦਹਿ ਜੇ ਨਾਕੁ, ਜਪਨੀ ਫੇਰੇ ਬਡੋ ਨਾਪਾਕ੫ ।੨੯।
ਜਿਨਕੈ ਭਾਇ ਨ ਅੰਤਰਿ ਫੁਰਾ, ਕਿਉਂ ਮੂਰਖ ਤੀਰਥ ਭ੍ਰਮਿ ਫਿਰਾ ।
ਕੀਰਤਨ ਭਜਨ ਗੰਗ ਜਲੁ ਧਾਰ, ਸੋਈ ਮੁਕਤੁ ਜਿਨ ਭਜਾ ਮੁਰਾਰਿ ।੩੦।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੬੩।

## ੬੪

ਦੀਪ ਸਿੰਘ ਹੋਇ ਅਵਤਰੈਂ ਕੂੜੈ ਕਰਸੀ ਰਾਲ੬।
ਸਿੱਖ ਹਮਾਰੇ ਅਮਰ ਸਦ ਤਿਨ ਕੀ ਕਰਨੀ ਸਾਲ੭।੧।
ਏਕ ਬੇਰ ਸਤਿਗੁਰ ਕਹਯੋ ਕਲਿਜੁਗ ਸਿੱਖੀ ਮੋਰ ।
ਧਰਮ ਕਮਾਵੈ ਬਚੈਗੋ ਸਿਦਕ ਬਿਨਾ ਸਬ ਖੋਰ ।੨।
ਭੰਗਾਣੀ ਕੇ ਖੇਤ ਮੈਂ ਜੁੱਝੈ ਸਭ ਮਮ ਸਿੱਖ ।
ਸੁਖ ਭੋਗੈਂ ਅੰਨਦਪੁਰ ਮਾਖੋਵਾਲ ਕੇ ਵਿਚ ।੩।
ਹੂਆ ਜੁੱਧ ਨਦੌਣ ਮੈਂ ਗਏ ਪਹਾੜੀ ਭਾਗ ।
ਆਏ ਤੁਰਕ ਲਹੌਰ ਤੇ ਨੁਰੰਗ ਗੁਲਾਮੀ ਪਾਗ ।੪।

ਰਾਜੇ ਫੂਟੇ ਆਪ ਮਹਿਂ ਮਰਯੋ ਤੁਰਕ ਸਿਰਦਾਰ ।
ਹਮੈਂ ਬਚਾਯੋ ਹਾਥ ਦੈ ਤਬ ਮ੍ਹਾਰੈ ਕਰਤਾਰ ।੫।
ਲਖਨੌਤੀ ਕੈ ਗੰਗ ਪੁਰਿ ਭਏ ਜੁਧ ਸਭ ਸੁਧ ।
ਦਿਲੀਪਤਿ ਕੀ ਫੌਜ ਚੜ੍ਹ ਮਾਰੇ ਤੁਰਕਨ ਬ੍ਰਿਧ ।੬।
ਬਡੇ ਜੁੱਧ ਭਏ ਖਾਲਸਾ ਜੀਤੇ ਬਡੇ ਅਪਾਰ ।
ਜੀਤੀ ਖਲਕੁ ਕੁਲ ਨਾਸ ਕਰਿ ਸੀਸ ਦਏ ਧਰਮ ਕਾਰ ।੭।
ਅਬੈ ਮਲੇਛੀ ਵਧੀ ਅਧਿਕੁ ਸਿੰਘ ਖਾਪਵੈਂ ਬੀਰ ।
ਮੇਰੀ ਸਿਖਿਆ ਸਤਿ ਜਾਨ ਨਾਹਿ ਭੁਲਾਵੋ ਧੀਰ ।੮।
ਸਿੱਖ ਹਮਾਰੇ ਹੋਇੰਗੇ ਘਰਿ ਘਰਿ ਹੋਇਗਾ ਰਾਜ ।
ਤਾਂ ਪੀਛੈ ਇਕ ਸਿੱਖ ਮਮੁ ਧਰੈ ਪੰਥ ਕੀ ਲਾਜ ।੯।
ਮਾਰੇਗਾ ਕੁਸ ਨਗਰੁ੧ ਕੋ ਇੰਦ੍ਰੇਜਿਤ ਬਡ ਤੇਜ਼ ।
ਤਾਂਕੇ ਪੀਛੇ ਜੁਧ ਹੋਇ ਘਰਿ ਘਰਿ ਲੜੈ ਨਰੇਸ਼ ।੧੦।
ਬਹੁ ਦਿਨ ਬੀਤੇ ਬਰਖ ਰਿਤ, ਉਨ ਸਿੱਖਨ ਘਰੁ ਭੂਪ ।
ਤੇਜਵਾਨ ਰਾਜਾ ਅਧਿਕ ਹੋਵੈ ਖਾਲਸਾ ਰੂਪ ।੧੧।
ਫਿਰ ਪੀਛੈ ਬਹੁ ਦਿਨਾਂ ਤੇ ਰਾਜ ਖਾਲਸਾ ਠਹਿਰ ।
ਪਸ਼ਚਮ ਜੀਤੇ ਪਰਬਤੀਂ ਪੁਨ ਕਸ਼ਮੀਰੀ ਸ਼ਹਿਰ ।੧੨
ਮਾਰ ਮਾਰ ਕਰ ਮਰੈਗੋ ਜਿਉਂ ਓਲੇ ਕੇ ਬੋਹ੨ ।੧੩।
ਜਿਉਂ ਹੀਰਾ ਨੂਤਨ ਮੁਕਤ ਲਸੈ ਦੀਪ ਕੀ ਕਾਂਤ ।੩
ਕੂਟ ਅਰਥ੪ ਸਿੱਖਨ ਵਰਜਿ ਆਪ ਆਪ ਮੈਂ ਸ਼ਾਂਤ ।੧੪

ਤਾਂ ਬੁੱਢੇ ਸਾਹਿਬ ਨੋ ਕਹਿਆ, ਇਸ ਕੁਝ ਦਿਵਸ ਮੈਂ ਖਾਲਸੇ ਕੇ ਅਵਤਾਰੀ ਰਾਜੇ ਹੋਵੈਂਗੇ । ਇਤਨੀ ਕਹਿ ਕਰ ਸ਼ਸਤ੍ਰਾਂ ਕੇ ਦੇਖਨੇ ਮੈਂ ਪਰਚੇ ਗੁਰੂ ਜੀ । ਚਾਲੀ ਘੜੀ ਪੀਛੇ ਬੋਲ ਸੁਣਾਇਆ ਆਲਮ ਸਿੰਘ ਨੂੰ, ਤੂੰ ਬੜਾ ਰੰਘੜ ਹੈਂ । ਹੱਸ ਕੇ ਕਹਿਆ ਆਲਮੁ ਸਿੰਘ, ਮੈਂ ਸਿੱਖ ਤੁਮ੍ਹਾਰਾ । ਤਾਂ ਸਤਿਗੁਰੂ ਕਹਿਆ, ਲੋਹੇ ਨੂੰ ਲੋਹਾ ਕੱਟੈ, ਰੰਘੜਿ ਨੂੰ ਰੰਘੜਿ, ਰਾਜੇ ਤੇਰੇ ਮੌਜੂਦ ਕੀਤੇ । ਤੂੰ ਰੰਘੜਿ ਦੇ ਘਰਿ ਜਨਮੈਗਾ; ਸਿੱਖੀ, ਅੱਧੀ ਦਿਤੀ ਅਤੇ ਰਾਜ ਸਾਰਾ । ਆਲਮ ਸਿੰਘ ਕਹਿਆ, ਦਰਸ਼ਨ ਭੀ ਹੋਵੈਗਾ ? ਬਚਨ ਹੋਇਆ,'ਹਮ ਭੀ ਅੰਮ੍ਰਿਤਸਰ ਰਾਮਸਰ ਕੀ ਭਾਵਨੀ ਰੱਖਦੇ ਹਾਂ, ਤਹਾਂ ਉਤਰੈਂਗੇ, ਗਿਆਰ੍ਹਵੀਂ ਵੇਰੁ, ਆਪਣੀ ਖੇਤ੍ਰੀ ਖਾਲਸੇ ਨੂੰ ਸਮਾਲਣ । ਕੋਈ ਨਾਂ ਜਾਣ ਸਕੇਗਾ ।'

ਰਾਜ ਵਧੇਗਾ ਖਾਲਸਾ ਉਮੱਤ ਹੋਵੈ ਨਾਸ ।
ਠੇਡੇ ਖਾਵੈ ਖਾਲਸਾ ਮੋਹ ਸਮਾਲੈ ਸਾਸ ।
ਉਤਰੋਂਗਾ ਮੈਂ ਤਬੀ ਦਿਨ ਜਾਂ ਦਿਨੁ ਮੁਕਤੇ ਸਿੰਘ ।
ਫੂੜ ਗੂੜ੍ਹ ਅਰ ਮੂੜ੍ਹ ਨ੍ਰਿਪ ਜਾਇ ਖਪੈਂਗੇ ਪਿੰਗੁ ।

ਤਬੈ ਸਿਰੰਦੀ ਨਾਸ ਘਰਿ ਕੁਲ ਮੇਰੀ ਹੁਇ ਨਾਸ।
ਜਿਉਂ ਜਾਦਵ ਲੇ ਗਏ ਕ੍ਰਿਸ਼ਨ ਕੁਲ ਕਾਟੂੰ ਜਿਉਂ ਘਾਸ।
ਪਾਂਚ ਸਿੱਖ ਸਰਦਾਰ ਮਮ ਕੀਨੇ ਕੂਟ੧ ਬਖਾਨੁ।
ਇਨਕਾ ਅਰਥ ਨ ਪੂਛੀਯੋ ਮਮ ਹਮ ਸੁਤ ਕਾ ਆਨ।੨।

ਇਤਨੀ ਕਹਿਕੇ ਉਠੇ ਘੋੜੇ ਦੇਖਨੇ ਕੋ, ਦੇਖੈ ਖੁਸ਼ੀ ਹੋਏ, ਗਣੀ ਗਣਤੀ ਫੇਰ ਲੰਗਰ ਗਏ, ਪ੍ਰਸਾਦਿ ਛਕਿਆ ਛਕਾਇਅ, ਪਲੰਘ ਪਰ ਲੇਟੇ। ਖਾਲਸਾ ਗਇਆ ਆਪਣੇ ਡੇਰੇ।

ਸਾਖੀ ਪੂਰੀ ਹੋਈ। ਬੋਲਹੁ ਭਾਈ ਜੀ ਵਾਹਿਗੁਰੂ।੬੪।

## ੬੫

ਭਾਈ ਸਿੱਖੋ! ਸਤਿਗੁਰੂ ਜਪਣਾ ਮਨੁੱਖ ਕਾ ਲਾਭ ਹੈਗਾ, ਏਕ ਬਾਰ ਏਕ ਸਿੱਖਣੀ ਆਈ ਹਜ਼ੂਰ ਅਤੇ ਰੋਵਣ ਲਗੀ, ਪੁਛਿਆ ਗੁਰੂ ਜੀ ਤਾਂ ਸਿੱਖਣੀ ਬੋਲੀ-ਮੇਰਾ ਭਰਤਾ ਦਰਸ਼ਨ ਨੂੰ ਆਇਆ ਸੀ ਸੱਚੇ ਪਾਤਿਸ਼ਾਹ! ਅਰ ਮਾਰਿਆ ਗਇਆ, ਹੁਣ ਮੈਂ ਕੀ ਕਰਾਂ? ਮੈਂ ਜਲਾਲਾਬਾਦ ਦੀ ਹਾਂ, ਪਰਦੇਸ ਆਇਕੈ ਦੁਖ ਪਾਇਆ।

ਹੂਆ ਬਚਨ ਤਬ ਸੰਗਤੀਂ ਸ਼ਸਤ੍ਰ ਬਾਂਧਹੁ ਨਿਤ
ਸੁਣਿਆ ਮੰਨਿਆ ਬਚਨ ਤਬਿ ਸ਼ਸਤ੍ਰ ਸੰਗਤਿ ਮਿਤ।੧।
ਲੜਤੀ ਸੰਗਤਿ ਗੁਰੂ ਕੀ ਸੁਨ ਪਿਖ ਸਤਿਗੁਰ ਦਿਆਲ।
ਵਾਰ ਭਗੌਤੀ ਪੜ੍ਹਿਆ ਕਰੋ ਸੰਗਤ ਤੁਰਕਨ ਸਾਲ।੨।
ਸਿੱਖ ਬਡਾਈ ਕਰਤ ਆਪ ਸ਼ਸਤ੍ਰਨ ਕਰੈਂ ਜੁੱਧ।
ਤੁਰਕਨ ਸੌਂ ਵਧਦਾ ਗਇਆ ਸਬ ਸੰਗਤ ਕਾ ਕਰੁੱਧ।੩।
ਬੰਦੀ ਹੋਵੈਂ ਮਰੈਂ ਮਾਰ ਕਰੈ ਪਿਆਨਾ ਨਾਕ।੩
ਬਢਿਯੋ ਹੌਸਲਾ ਜਗਤ ਕੋ ਹੋਵਤ ਸਿੱਖ ਗੁਰਵਾਕ।੪।
ਪ੍ਰੀਤੋ ਪ੍ਰੀਤਾ ਮੀਤੋ ਮੀਤਾ ਲਗਾ ਹੋਣ ਤਬ ਲੋਗ।
ਲੋਕੈਂ ਲੁਕੈਂ ਭਲੇ ਬੁਰੇ ਕਹੂੰ ਹਰਖ ਕਹੂੰ ਸੋਗ।੫।
ਨਾਮ ਕਮਾਵੈ ਸਿਦਕ ਸੁਨਾਵੈ ਹੋਵੈ ਬਹੁ ਪ੍ਰਸਾਦਿ।
ਸ੍ਰੀ ਗੁਰੂ ਪਾਂਇਨ ਪਰਤ ਪਰ ਮੇਟੈ ਜਗਤ ਬਿਖਾਧ।੬।
ਸਾਲੂ ਪੱਤ੍ਰ੪ ਗੁਰੂ ਜੀ ਦੇਵੈਂ ਸਿਖਨ ਅਨਾਇ।
ਜ਼ਖਮ ਮਿਟੈ ਘਾਇਲ ਖਰੋ ਇਹ ਬਧਿ ਦਈ ਬਤਾਇ।੭।
ਸ਼ਾਹ ਸਿਕੰਦਰ ਰੂਮ ਕਾ ਆਇਆ ਵਿਚ ਪੰਜਾਬ।

ਤਿਨੁ ਘਰਿ ਇਲਮੀ ਤਿਬ੧ ਕੋ ਤਾਲਿਬ ਕੀਨਾ ਆਪ ।੮।
ਤਾਂਕੇ ਘਰ ਹੈਂ ਬਿਦਿਆ ਬੀਤਾ ਬੰਸ ਪਚਾਸੁ ।
ਲੁਦਕ ਨਗਰ ਉਤਰ ਦਿਸ਼ਾ ਰਹਿਤਾ ਤਹਾਂ ਸੁ ਤਾਸ ।੯।
ਬਰਖ ਆਰਬਲਾ ਮਿਲਾ ਤਬ ਸਰ ਰਵਾਲ ਕੇ ਸਾਥ ।
ਬਰਖ ਰਹਾ ਮਰਨੇ ਸਮੈ ਦੀਨੋ ਬਿਦਿਆ ਪਾਥ ।੧੦।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੬੫।

## ੬੬

ਏਕ ਬੇਰ ਸ੍ਰੀ ਗੁਰੂ ਜੀ ਕੇ ਹਜ਼ੂਰ ਬਾਤ ਚਲੀਠ ਜੋ ਪਾਤਿਸ਼ਾਹ ਜੀ ! ਮੂਰਤੀਆਂ ਪੂਜਦੇ ਹਨ ਬਣਾਇਕੇ, ਏਹ ਭਲੇ ਹਨ ਕਿ ਜਿਹੜੇ ਧਿਆਂਵਦੇ ਹਨ ਸੋ ਭਲੇ ਹਨ ? ਤਾਂ ਸੱਚੇ ਗੁਰੂ ਸਾਹਿਬ ਕਹਿਆ, ਭਾਈ ਸਿੱਖੋ

ਮਨ ਕਾ ਚੌਕ ਸਤਿ ਕਾ ਭਾਇ । ਮੂਰਤਿ ਨਕਲੀ ਅਸਲੀ ਨਾਇ੨।
ਕਰਨੀ ਕਰਮ ਪੂਰਬ, ਧਰਤ ਧਿਆਨ ਜਮ ਕੀ ਗਈ ਭੀਤ੩ ।੧।

**ਸਵੈਯਾ**

ਧਿਆਨ ਧਰੈ ਜਿਹ ਕਾਰਨ ਸਾਧਕ ਸੋ ਜਗਿਆਸੀ ਮੋਖ ਪਛਾਨੋ ।
ਕਾਮਨਾ ਪੁੰਜ੪ ਬਿਨਾਸ ਕਰੈ ਹੀਯ ਸੋ ਤੁਮ ਸਾਧਕ ਅਮਲ ਸਿਰਨੋ ।੧।
ਸੂਰਤਿ ਮੂਰਤਿ ਬਾਂਧ ਧਰੀ ਜਿਨ ਮੂੜ੍ਹਨ ਕੀ ਪਰਤੀਤ ਬਖਾਨੋ ।
ਮੇਰੋ ਸੋਈ ਜਨ ਸਿੱਖ ਸੁਸ਼ੀਲ ਧਿਆਨ ਅਕਾਲ ਕੇ ਬੀਚ ਸਮਾਨੋ ।੨।

**ਦੋਹਰਾ**

ਅਧਿਕ ਧਿਆਨ ਹਰਿ ਨਾਮ ਨਿਤ ਬਾਣੀ ਬਿਨੈ ਸੁਸ਼ੀਲ ।
ਸ਼ਸਤ੍ਰ ਸੂਰਾ ਦਇਆਵਾਨ ਤਾਂ ਸਮ ਔਰ ਨ ਸੀਲੁ ।੩।
ਏਕ ਸਮਾਲੈ ਨਾਮ ਕੋ ਏਕ ਕਰੰਤਾ ਧਿਆਨ ।
ਏਕ ਕਰੰਤਾ ਸਿਲਾ ਪੂਜ ਤੀਨੋ ਭਗਤ ਪਛਾਨੁ ।੪।
ਨਾਮ ਜਪਤ ਹੈ ਹਰਿ ਭਗਤ ਧਿਆਨ ਧਰੈ ਸੁਖ ਗਿਆਨ ।
ਸਿਲਾ ਪੂਜ ਤੇ ਤਾਮਸੀ ਤੀਨੋ ਭਗਤ ਸੁ ਜਾਨ ।੫।
ਹਮਰਾ ਮਤ ਹੈ ਭਜਨ ਕਾ ਧਿਆਨ ਜੁਗਤਿ ਰਹਿਰਾਸ ।
ਕਰਨੀ ਗੁਰੂ ਨਾਨਕ ਕਰੀ ਵਰਤੀ ਗੁਰ ਕੁਲ ਭਾਸ ।੬।
ਕਲਿਜੁਗ ਧਰਮ ਹਰਿਨਾਮ ਅਤਿ ਜਾਂਹਿ ਭਜੈ ਭਵ ਪਾਰ ।
ਸੋ ਕਰਨੀ ਭਰਨੀ ਰਹਤ ਸਿੱਖਨ ਕਰੀ ਸੰਮਾਰ ।੭।
ਸਕਲ ਮੁਲਕ ਕੋ ਮੇਲੀਏ ਦਲ ਕੈ ਤੁਰਕਨ ਪੀਰ ।

ਹਮਰਾ ਆਵਨ ਭੂਮਿ ਪਰ ਸਮਝੋ ਸਿੱਖ ਤਤਬੀਰ ।੮।
ਬਾਣਾ ਕੇਸਹਿ ਮੂੰਡਾ ਤੁਰਕ ਕੱਛੂ ਹਮਾਰਾ ਬਿਰਦ ।
ਤੰਬਾ ਫਾਰਾ ਬਾਂਗ ਹਨਿ ਤੁਰਕ ਨ ਛੋਰੋਂ ਗਿਰਦ ।੯।
ਸੂਰ ਖਾਇ ਸੋ ਖਾਲਸਾ ਸੂਰ ਮਰਦਨੀ ਸਿੱਖ ।
ਗੁਰੂ ਕਾ ਸਿੱਖ ਸੋ ਮਾਨੀਐ ਸਦਾ ਸਮਾਲੈ ਭਿਖ ।੧੦।
ਕਾਲ ਬੁਰਾ ਅਤਿ ਬੁਰਾ ਸੀਤ ਬੁਰੀ ਰਾਂਡ ਕੀ ਪ੍ਰੀਤਿ ।
ਬੁਰੀ ਬਡਾਈ ਆਪਨੀ ਬੁਰੀ ਅਮਾਨੀ ਰੀਤਿ ।੧੧।
ਬੁਰਾ ਕਰਜ਼ ਅਤਿ ਬੁਰੀ ਪ੍ਰੀਤਿ ਸਭ ਸੌਂ ਭੈਦ ਨ ਦੇਇ ।
ਯਾ ਬਿਧਿ ਬਰਤੈ ਜਗਤ ਮੈਂ ਇਸ਼ਟ ਘਟੀ ਨ ਲੇਇ ।੧੨।
ਬੈਦਨ ਕੀਜੈ ਮਿਤ੍ਰਤਾ ਵੈਰੀ ਕਰੈ ਨਾ ਬੈਦ ।
ਜੋਤਿਸ਼ ਬਹੁਤਾ ਸੁਨੈ ਨਹਿ, ਪੂਛੈ ਗ੍ਰਿਹ ਕੀ ਕੈਦ।੧੩।
ਕਾਇਰ ਸਲਾਹੀ ਭਾਰਜਾ੧ ਕਾਰਜ ਫੋਕਾ ਹੋਇ ।
ਪੂਛੈ ਬਿਨ ਕਾਰਜ ਬੁਰਾ, ਪੂਛੈ ਨਹਿ ਮਗੋਇ ।੧੪।
ਥੋੜਾ ਖਾਇ ਘਰ ਮੈਂ ਸੁਖੀ ਲੋਭ ਤਿਆਰੀ ਜੋਇ ।
ਧਨ ਕੋ ਮਨ ਕੋ ਸੁਪਨ ਕੋ ਅਪਨੋ ਕਰੈ ਨ ਕੋਇ ।੧੫।
ਸਲਿਲ੨ ਸੇਵੀਏ ਪ੍ਰਾਤ ਉਠ ਸੀਤ ਮਾਂਝ ਤਪ ਆਗਿ ।
ਜਗੈ ਭੂਖ ਭੁਗਤੀ ਭਖੈ ਅੰਮ੍ਰਿਤ ਘਰ ਕਾ ਸਾਗੁ ।੧੬।
ਪਰ ਸ਼ਸਤਰ ਪਰ ਘੋੜ ਕਾ ਪਰ ਨਾਰੀ ਪਰ ਗ੍ਰੇਹ ।
ਪਰ ਧਨ ਪਰ ਮਨ ਦੇਸ ਪਰ ਇਨਕਾ ਕਿਆ ਅਸਨੇਹ ।੧੭।
ਧਰਤੀ ਧੇਨੁ ਸੁਵਰਨ ਅਸੁ ਨਾਰੀ ਮੰਤ੍ਰ ਪਾਠ ।
ਏਹੀ ਦਾਨ ਸਭ ਦਾਨ ਸਿਰ ਅੰਨ ਸਭਨ ਤੇ ਸਾਠ ।੧੮।
ਨਾਮ ਜਪਨ ਸਭ ਪਾਠ ਤੇ ਅੰਨ ਦਾਨ ਸਭ ਦਾਨ ।
ਸਭ ਜੂਨੀ ਤੇ ਅਧਿਕ ਨਰ ਕਰੀਯੋ ਸਿਧਖ ਸੁਰ ਗਿਆਨੁ ।੧੯।
ਸਭ ਕਾ ਆਸਰਾ ਮੇਘੁਲਾ ਸਭ ਕਾ ਰੱਖੀ ਛਤ੍ਰਿੜ ।
ਘਰ ਕੀ ਰਾਖੀ ਨਾਰਿ ਜਿਉਂ ਅੰਤਰਿ ਰਖ ਹਰਿ ਮਿਤ੍ਰ ।੨੦।
ਬੁਰਾ ਮਰਣ ਜੀਵਣ ਬੁਰਾ ਕਰਣੀ ਬਿਨ ਕਿਹ ਕਾਮ ।
ਸ਼ਸਤ੍ਰ ਹੀਣ ਛਤ੍ਰੀ ਬੁਰਾ ਅਣਪੜ੍ਹ ਦਿਜ ਬੈਰਾਨ੪।੨।
ਬਿਪ੍ਰ ਸ਼ਸਤ੍ਰਧਾਰੀ ਬੁਰਾ ਬੁਰਾ ਬਿਪ੍ਰ ਸਮ ਸਿੰਘ ।
ਵੈਸ਼ ਪੜ੍ਹਾ ਸਭ ਤੇ ਬੁਰਾ ਛਤ੍ਰੀ ਬੇਦੀ ਸਿੰਘ ।੨੨।
ਸ਼ੂਦਰ ਪੜ੍ਹੈ ਜੁ ਬੇਦ ਵਾਕੁ ਤਿਆਗੀ ਧਾਰੈ ਨਾਰਿ ।
ਸਿੱਖ ਤਿਆਗੈ ਸਿਦਕ ਕੋ ਕਿਆ ਤਾਂਕਾ ਇਤਬਾਰ ।੨੩।

ਮੰਤ੍ਰ ਤੰਤ੍ਰ ਕਾ ਬੁਰਾ ਸੰਗ ਪ੍ਰੇਤ ਸੇਵਨੀ ਨਾਰਿ ।
ਬੁਰਾ ਬਾਲ ਸੂਰਾ ਪਿਤਾ ਰਹੀਏ ਤਾਂਹਿ ਸੰਮਾਰ ।੨੪।
ਬਹੁਤਾ ਖਾਣਾ ਬਾਤ ਬਹੁ ਬਹੁਤਾ ਅਮਲ ਤਿਆਗ ।
ਮੇਰਾ ਹੋਇ ਸੁ ਮਾਨਿ ਸਚੁ ਰਹਨੀ ਰਹੈ ਨਿਤ ਲਾਗਿ ।੨੫।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੬੬।

## ੬੭

ਏਕ ਬੇਰ ਮਹਲ ਮੇਂ ਗਏ ਗੁਰੂ ਜੀ, ਤਬ ਮਾਤਾ ਜੀਤੋ ਜੀ ਬੇਨਤੀ ਕਰੀ ਅਤੇ ਮੱਥੇ ਟੇਕੇ ਬਹੁਤ ਵੇਰ, ਤਬਿ ਬਚਨ ਮਨ ਕਾ ਮਤਾ ਕਿਆ ਹੈ ਤੁਮ੍ਹਾਰਾ ਘਰ ਵਾਓਿ ! ਕੁਛ ਕਹੋ, ਤਾਂ ਅਧੀਨ ਹੋਇਕੈ ਬੋਲੈ ਮਾਤਾ ਜੀ, 'ਭਲਾ ਜੀ ! ਅਸੀਂ ਬੀ ਮਨੁੱਖ ਦੇਹ ਹਾਂ । ਕਿਆ ਜਾਮਾ ਤੀਵੀਂ ਦਾ ਹੈ, ਕੁਛ ਸਤਿਸੰਗਤ ਨਹੀਂ ਪ੍ਰਾਪਤ ਹੁੰਦਾ । ਤੁਮ ਹੀ ਗੁਰੂ ਹੋ, ਕੁਛ ਉਪਦੇਸ਼ ਕੀ ਚਾਹਿ ਹੈਗੀ ।' ਤਾਂ ਬਚਨ ਹੋਇਆ:

ਮਨਾਤ ਸਰਬ ਸਾਧਨ ਬਨੈ ਮਨ ਲਗ ਸਭ ਉਪਦੇਸ਼ ।
ਮਨੂਆ ਪਲਟੇ ਗਿਆਨ ਹੁਇ ਮਨ ਲਾਗੈ ਰਤਿ ਸ਼ੇਸ ।੧।
ਮੁਖ ਰੁਧੈ ਲਖ ਸੁਵਾਸ ਕੋ ਬਿਰਤਿ ਅੰਤਰ ਮੁਖ ਦੇਇ ।
ਇਹੈ ਰੀਤਿ ਕਰ ਨਾਦ ਰਤਿ, ਮਨੂਆ ਮ੍ਰਿਗ ਸੁਖ ਲੇਇ ।੨।
ਨੈਨ ਲਗੈ ਬੈਨਨ ਲਗੈ ਸ੍ਰਵਨ ਸ਼ਬਦ ਕੈ ਮੱਧ ।
ਉਪਰਤਿ ਮਨੂਆ੧ ਵਿਖੈ ਤੇ ਬ੍ਰਹਮਾਨੰਦ ਸੁਖ ਸੁਧ ।੩।
ਜਿਹਬੈ ਤਾਲੂ ਮਧ ਦੇ ਨੈਨ ਲਗਾਵੈ ਨਾਕੁ ।
ਪਹਿਲੈ ਐਸੇ ਸੇਵੀਐ ਸਤਿਗੁਰੁ ਪਦ ਮਨਿ ਭਾਖਿ ।੪।
ਠਹਿਰਾਵੈ ਸੁਆਸੁ ਜਬ ਬ੍ਰਿਤਿ ਥੰਭਾਵੈ ਅੰਤ ।
ਬਹੀ ਬਾਸਨਾ ਰੋਕੀਏ ਤੀਨ ਮਾਸ ਲਗ ਸੰਤ ।੫।
ਚੌਥੇ ਮਾਸ ਥਿਤ ਪਾਇਕੈ ਵਸਤੁ ਨਾਮ ਜੁ ਦੇਖ ।
ਸੋਈ ਅੰਗ ਆਪਨੇ ਲਖੈ ਇਹੀ ਜੁਗੀਸ਼ਰ ਭੇਦ ।੬।
ਤੀਬ੍ਰ ਬਾਸਨਾ ਦੂਰਿ ਕਰਿ ਜਿਉਂ ਜਲ ਮਛਲੀ ਧਾਇ ।
ਐਸੀ ਸਾਧੈ ਸਾਧਨਾ ਮਨੂਆ ਚਿੱਤ ਬਿਲਾਇ ।੭।
ਪੰਚ ਭੂਤ ਭੂ ਬਾਰ ਹਰਿ ਬਾਯੂ ਨਭ ਅਸਥੂਲ ।
ਗੰਧ, ਰਸ, ਰੂਪ ਸਪਰਸ਼ ਧੁਨਿ ਸੂਖਮ ਕਰਮ ਵਿਚ ਮੂਲ ।੮।
ਪ੍ਰਾਣ ਅਪਾਨ ਸਮਾਨ ਬਿਆਨ ਉਦਿਆਨੁ ਪੰਚੁ ਅਸਥਾਨ ਬੀਜ ।
ਉਰ ਪਾਉਂ ਹਿਰਦਾ ਸੰਧਿ, ਨਾਂੜੀ ਪਾਂਚਹਿ ਭੀਜੁ ।੯।

ਨਾਗ ਕੁਛ ਓ ਕਿਰਕਿਲੀ ਦੇਵਦਤ ਧਨ ਜੀਤ ।
ਉਦਗਾਰ੧ ਨੇਤਰ ਛਿਕੁ ਜੰਭਣਾ੨ ਮੂਏ ਕਪਾਲੀ ਰੀਤਿ ।੧੦।
ਭਿੰਨ ਭਿੰਨ ਸਬ ਬਾਂਟ ਕਰ ਤੱਤਨ ਧਾਤੂ ਬਾਂਟ ।
ਅੰਤਹਿਕਰਣ ਕੋ ਭਿੰਨ ਕਰਿ ਸ਼ੇਖ੩ ਆਤਮਾ ਸਾਂਟ ।੧੧।
ਇਹੀ ਗਿਆਨ ਇਹ ਜੋਗ ਰੀਤਿ ਇਹੀ ਭਗਤਿ ਕਾ ਕਾਜ ।
ਜੱਗ ਦਾਨ ਤੀਰਥ ਤਪ ਤਜਾ ਇਹ ਬਿਧਿ ਮਨ ਕੋ ਸਾਜੁ ।੧੨।
ਦਿਨ ਅਥਵਾ ਰਾਤੀਂ ਕਰੈ ਅਲਪਹਾਰੀ ਅਕਲ ।
ਦਮ ਸਾਧੈ ਬਾਂਧੈ ਚਿਤਵ ਤਉ ਪਾਵੈਂ ਸੁਭ ਸਕਲ ।੧੩।
ਮਿਥਿਆ ਬਨ ਧਨ ਨਾਰਿ ਸੁਤ ਮਿਥਿਆ ਜਗ ਕੋ ਬ੍ਰਿੰਦ ।
ਅਭਿਆਸੀ ਪਾਵੈ ਸਾਰ ਕੋ ਇਹੀ ਜੁ ਜੋਗ ਨਰਿੰਦ ।੧੪।
ਕਹਿ ਕਰਿ ਦੀਯੋ ਗੁਰ ਭਾਵ ਤੇ ਮਾਤਾ ਲਾਗੀ ਜੋਗ ।
ਯਾ ਬਿਧਿ ਸੰਧਕ ਪ੍ਰਾਣ ਕਰਿ ਏਕ ਬਰਖ ਲਗ ਭੋਗ ।੧੫।
ਬਪੁ ਛੋਡਿਆ ਅਭਿਆਸ ਬਲ ਚਰਚਾ ਚਲੀ ਜਹਾਨ ।
ਮੋਹਿ ਸੁਣਤ ਪੂਛਿਯੋ ਤਿਸੈ ਪਰਸ ਰਾਮ ਬੈਰਾਗੀ ਆਨ ।੧੬।
ਸਤਿਗੁਰ ਕਹਿਓ ਸਮਝਾਇਕੈ ਤਿਨ ਭੀ ਸਤਿ ਗਤਿ ਪਾਇ ।੧੭।
ਹਮ ਪੂਛੀ ਤਬ ਹਸ ਕਹਿਯੋ ਤੁਮ ਭੋਗੋ ਰਤਿ ਨਾਦ ।
ਅੰਤ ਕਾਲ ਹਮੁ ਦਰਸ ਹੁਇ ਤੁਮ ਚਿਤ ਮਮ ਪਦ ਆਦਿ ।੧੮।
ਭਈ ਇਹ ਸਾਖੀ ਸਾਹਿਬ ਸਿੰਘ ਸਤਿਗੁਰ ਦੀਨੀ ਮੋਹਿ ।
ਤੁਮ ਲਿਖ ਸਿਖਨ ਹੇਤ ਧਰਿ ਸਤਿ ਗਤਿ ਅਰਪਤਿ ਤੋਹਿ ।੧੯।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੬੭।

## ੬੮

ਏਕ ਬੇਰ ਗੁਰੂ ਜੀ ਕਹਿਆ ਸੰਗਤ ਨੂੰ ਭਾਈ ਸਿੱਖੋ !
ਧੰਨ ਨਾਰੀ ਧੰਨ ਭਜਨੁ ਹੈ ਧੰਨ ਕਲਿਜੁਗ ਜਗਦੀਸੁ ।
ਮਹਾਂ ਬਿਕਾਰੀ ਜੁਗ ਤਰੇ, ਭਜਨ ਤਰਾਏ ਕੀਸ ।੧।
ਨਾਰੀ ਦਇਆ ਅਨੰਤ ਹੈ ਯਾ ਜੁਗ ਭੀਤਰ ਭਾਖਿ ।
ਖਟ ਸ਼ਾਸਤ੍ਰ ਪਦ ਕਿਆ ਕਰੈ, ਨਾਮ ਜਪਤ ਮਨ ਰਾਖ ।੨।

ਏਕ ਪਾਰਧੀ[1] ਥਾ ਤਾਂ ਉਨ ਏਕੁ ਬੇਰ ਬਹੁਤੇ ਜੀਵ ਮਾਰੇ । ਤਾਂ ਪੀਛੈ ਚਿਰੀਆਂ ਮਾਰੀਆਂ, ਬਹੁਤ ਪੰਛੀ ਲਗੇ ਬਿਰਲਾਪ ਕਰਨ । ਤਬ ਉਹ ਸੋਚਿ ਮਨ ਵਿਚ ਕਹਿਣ ਲਗਾ, ਏਸ ਬਨ ਵਿਚ ਤਪਸੀ ਤਪ ਕਰਤੇ ਹੈਂ । ਰਾਜੇ ਭੀ ਰਾਜ ਛੋਡਕੇ ਬਨ ਵਿਚ

ਆਇ ਤਾਪਤੇ ਹੈ। ਅਸਾਡਾ ਦੇਹ ਪਾਪੀ, ਬਨ ਵਿਚ ਆਇਕੈ ਜੀਵ ਮਾਰੇ ਬਡਾ ਪਾਪ ਕੀਆ। ਤਾਂ ਕਹਿਣ ਲਗਾ ਹੁਣ ਬਿਕ੍ਰਮਾਜੀਤ ਉਪਕਾਰੀ ਹੈ। ਉਸ ਪਾਸ ਚਲੀਏ। ਏਹੁ ਬਿਚਾਰ ਕੇ ਚਲਿਆ, ਤਾਂ ਅਗੇ ਰਾਜਾ ਅਸਵਾਰੁ ਹੂਆ ਸੈਨਾ ਸਾਥ ਆਇਆ, ਪਾਰਧੀ ਨੂੰ ਦੇਖਿ ਕਰਿ ਪਕੜਾਇ ਲੀਆ ਬਾਂਧਾ। ਪੰਜ ਦਿਨ ਸਜ਼ਾਇ ਦਈ। ਤਾਂ ਲੌਂਡੀ੨ ਦੇ ਮਨ ਦਇਆ ਆਈ। ਉਨ ਪੁਰਖ-ਭੇਸ ਕਰ ਆਪ ਬੰਧਾਇਆ ਅਤੇ ਉਸਨੂੰ ਛਡਾਇਆ। ਮਹੀਨਾ ਹੂਆ ਤਾਂ ਰਾਜੇ ਯਾਦਿ ਕਰਿਆ ਪਾਰਧੀ ਨੂੰ। ਤਾਂ ਰਾਜੇ ਪੁਛਿਆ ਤੂੰ ਨਾਰੀ ਵਾ ਪੁਰਖ ? ਤਾਂ ਬੋਲੀ,'ਅਰੇ ਪਾਪੀ ! ਪਾਰਧੀ ਪਾਪੀ ਹਾਂ ਮੈਂ ਤੇਰੇ ਪਾਪੀ ਦੇ ਘਰਿ ਅੰਨ ਪਾਣੀ ਖਾਇਆ, ਮੈਂ ਤੀਵੀਂ ਹੋਈ, ਮੇਰਾ ਸਰੀਰ ਮਰਦ ਦਾ ਕਰਿ, ਨਹੀਂ ਮੈਂ ਮਰਾਂਗੀ।' ਰਾਜਾ ਸੁਣਕੇ ਸ਼ੋਕ ਵਿਚ ਗਲਤਾਨ ਹੂਆ, ਬੋਲਿਆ, 'ਜਤਨ ਕਰਾਂਗਾ, ਮਤ ਮਰ।' ਪ੍ਰਾਤ ਉਠ ਰਾਜਾ ਜੰਗਲ ਨੂੰ ਗਇਆ, ਤਾਂ ਉਹ ਪਾਰਧੀ ਹੋਇ ਬੈਠਾ ਤਪਸੀ। ਰਾਜੇ ਮੱਥਾ ਟੇਕਿਆ ਤਾਂ ਨ ਬੋਲਾ। ਤਾਂ ਰਾਜਾ ਤਪਸੀ ਨੋ ਉਠਾਇ ਲਿਆਇਆ, ਆਦਰ ਕਰਕੇ ਰਾਜ ਸੌਂਪਿਆ, ਮੰਤ੍ਰੀਆਂ ਨੂੰ ਕਹਿਆ 'ਮੇਰਾ ਗੁਰੂ ਹੈਗਾ, ਤੁਸਾਂ ਆਗਿਆ ਮੰਨਣੀ, ਜਾ ਲਗ ਮੈਂ ਨ ਆਵਾਂ'ਕਹਿ ਕਰ ਰਾਜਾ ਗਇਆ ਤਪ ਕਰਨੇ ਲਗਾ, ਪੀਛੇ ਉਸ ਤਪਸੀ ਫੰਧਕ ਕਹਿਆ, ਮੇਰਾ ਕਹਣਾ ਏਹੁ ਹੈ ॥ ਲੌਂਡੀ ਮੰਗਾਇਕੈ ਰਾਜ ਪਰ ਬੈਠਾਈ ਅਤੇ ਆਪ ਛੋਡਕੇ ਊਹਾਂ ਬਨ ਕੋ ਗਇਆ। ਤਾਂ ਮੰਤ੍ਰੀਆਂ ਕਹਿਆ, ਏਹੁ ਗੁਰ ਕੇ ਮੌਜੂਦ ਹੁਕਮ ਹੋਵੇ। ਤਾਂ ਲੌਂਡੀ ਬੋਲੀ, ਬਿਸ਼ਨੁ ਨੂੰ ਪਕੜੋ। ਤਾਂ ਸਭ ਲਗੇ ਜਤਨ ਕਰਨ। ਨਗਰ ਵੈਰਾਨਿ ਗਇਆ। ਏਕ ਗੁਫਾ ਵਿਚ ਢੂੰਡਦਿਆਂ ਪੁਹਕਰ ਵਿਚ ਸਿਧ ਪਾਇਆ ਤਾਂ ਪੁਛਿਆ, ਮਰਮ ਕਹਿਆ, ਹਠ ਦੇਖਿਆ ਜੋ ਮਰਦੇ ਹਨ ਤਾਂ ਸਿਧ ਸਾਥ ਮਿਲ ਗਿਰਨਾਰ ਪਰ ਚੜ੍ਹੇ। ਊਹਾਂ ਜੁਗਰਾਜੁ ਸਿਧ ਕਹਿਆ, ਪੁਰਖ ਹੋਗੁ ਤੁਮਾਰਾ ਰਜਾ। ਤਾਂ ਉਹ ਬੋਲੇ ਬਿਸ਼ਨੁ ਨੂੰ ਚਾਹੀਦਾ ਹੈ, ਤਾਂ ਸਿਧ ਸਾਥ ਹੂਏ ਰਾਜਾ ਨੂੰ ਬੀ ਲਿਆਏ ਬਿਕ੍ਰਮਾਜੀਤ ਸਾਥ, ਨਾਰੀ ਪੁਰਖ ਕੀਤਾ। ਰਾਜਾ ਨੋ ਰਾਜ ਦੀਆ। ਤਾਂ ਮਛੰਦਰ ਨਾਥ ਗੋਰਖੁ ਤੇ ਆਦਿ ਸਿਧ ਬਹੁਤੇ ਆਏ। ਮਿਲ ਕਰਿ ਰਾਜ ਮੰਤ੍ਰੀ ਕਰੀ ਔਰਤ ਤੇ ਜੋ ਪੁਰਖ ਥਾ, ਏਹੁ ਕਹਿਆ ਬਿਸ਼ਨੁ ਮਨੁੱਖ ਦੇਹ ਹੈ। ਦਇਆ ਕਾ ਫਲੁ ਤੁਰਤ ਦਿਖਾਇਆ। ਜੁਗ ਕਾ ਧਰਮ ਪਾਰਧੀ ਗੁਰੂ ਕੀਤਾ, ਪਾਪ ਕੱਟੇ ਉਸਕੇ। ਭਾਇ.ਗ ਸਿੱਖੋ ! ਨਾਮ ਕਾ ਪਰਤਾਪ ਪਾਰਧੀ ਰਾਜ ਗੁਰੂ, ਦਇਆ ਕਾ ਫਲ ਲੌਂਡੀ ਪੁਰਖ ਹੋਇ ਰਾਜਾ ਕਾ ਮੰਤ੍ਰੀ। ਰਾਜੇ ਨੇ ਪ੍ਰਮਾਰਥ ਕੀਆ-ਸਿਧ ਦਰਸ਼ਨ। ਸਬ ਬਿਸ਼ਨੁ ਪੁਰਿ ਬਸੈ।

ਧੰਨ ਇਹ ਕਲਜੁਗ ਜੁਗ ਖਰਾ, ਕਰਨੀ ਥੋਰੀ ਹੋਇ।
ਔਰ ਜੁਗਨ ਤੇ ਅਤਿ ਭਲੋ ਪਾਰ ਉਤਾਰੈ ਸੋਇ।
ਸਾਖੀ ਪੂਰੀ ਹੋਈ। ਬੋਲਹੁ ਭਾਈ ਜੀ ਵਾਹਿਗੁਰੂ।੬੮

ਏਕ ਬੇਰ ਗੁਰੂ ਜੀ ਕੇ ਦਰਸ਼ਨ ਨੋ ਸੰਗਤਿ ਆਈ, ਦਰਸ਼ਨ ਕਰਕੇ। ਨਿਹਾਲ ਹੂਏ। ਬਡੀ ਭੀੜ ਹੋਈ, ਗਰਮੀ ਕੀ ਰੁਤ ਥੀ, ਸਭਨਾਂ ਕੀਆਂ ਭਾਵਨਾ ਪੂਰੀਆਂ ਕਰਤੇ ਥੇ, ਤਾਂ ਭੀੜ ਵਿਚਦੋਂ ਏਕੁ ਫਕੀਰ ਮੰਦਾਰੀ[1] ਬੁਕ ਭਰਿਆ ਹੋਇਆ ਫੁਲਾਂ ਦਾ ਹਜ਼ੂਰ ਆਦਿ ਪਹੁੰਚਿਆ ਬੇਹਾਲ ਹੋਇ ਗਿਆ। ਗਰਮੀ ਕਾ ਪ੍ਰਸੇਵ[2] ਵਗਦਾ ਨੰਗਾ ਦੇਹ। ਆਇਕੈ ਫੂਲ ਚੰਬੇਲੀ ਗੁਲਾਬ ਕੇ ਭੇਟ ਆਣ ਦੀਏ। ਬਚਨ ਹੂਆ ਗੁਰੂ ਕਾ, ਸਾਈਂ ਵਾਲੇ ਸਾਹਿਬ ਲੋਕ। ਬਦਨੜ ਨੋ ਇਤਨਾ ਕਸ਼ਟ ਕਿਉਂ ਦੀਆ, ਫੁੱਲ ਆਣੇ, ਤੁਮਾਰਾ ਦਰਸ਼ਨ ਹੀ ਭੇਟ ਹੈਗਾ। ਏਕ ਜਾਣਿਆ ਤਾਂ ਭੇਟਿ ਕਿਆ। ਤਾਂ ਫ਼ਕੀਰ ਬੋਲਾ :

ਦਸਤ ਖ਼ਾਲੀ, ਰੂਇ ਸਿਆਹ। ਦਸਤ ਆਮਦ ਬੇਪਰਵਾਹਿ।
ਅਵਾਜ਼ ਖ਼ਾਲੀ ਜਹਾਨ ਬੇਪੀਰ। ਬਦਨ ਸੁੰਨ ਕਾਫ਼ਰ ਬੇਵਜ਼ੀਰ।
ਸਤਿਗੁਰ ਬਦਨ ਰੂਹ ਖ਼ੁਸ਼ਹਾਲ। ਬਾਜ਼ੀ ਬਗ਼ੈਰ ਸਾਈਂ ਮੁਰਦਿ ਹਾਲ।
ਖ਼ੁਦਾਇ ਬੰਦੇ ਬਗ਼ੈਰ ਹਵਾਇ। ਖ਼ੁਦਾਇ ਚਸ਼ਮ ਬੇਪਰਵਾਹਿ।
ਬਦਨ ਫ਼ੁਰਮਾਨ ਖ਼ਲਾਸੀ ਜਹਾਨ। ਬੰਦਗੀਦਾਰ ਦਰਗਾਹ ਪਰਵਾਨ।

ਤਾਂ ਸੁਣ ਕਰਿ ਖੁਸ਼ੀ ਹੋਇਆ ਦਰਵੇਸ਼। ਬੋਲਾ-ਮੱਕੇ ਕੀ ਜ਼ਾਰਤ ਹੂਈ, ਬਿਐਬ ਰੋਜ਼, ਖ਼ੂਬ ਦੀਦਾਰ ਖ਼ੁਦਾਇ ਚਸ਼ਮ ਦੀਦਮਹਿ। ਏਕ ਬਾਤ ਹੈਗੀ, ਸੱਚੇ ਗੁਰੂ ਪੀਰ ਜਹਾਨ ! ਬੰਦਾ ਬਦਨ ਕਦਮ ਦਰ ਚੂ ਨਹਿ। ਦਰੀਆਇ ਦਰ ਤਨ ਖੈਰ ਚਾਹਿਕੈ ਮੰਗਾਇਆ ਡੁਬਕੀ ਲਈ ਤਾਂ ਹਮ ਗਏ। ਦੇਖਾਂ ਦੂਰ ਲੇ ਗਇਆ ਕੋਈ। ਤਾਂ ਮੈਂ ਖਾਬ ਜਾਣੀ, ਇਕ ਤੀਵੀਂ ਦੇਖੀ ਉਸ ਦੇ ਦੇਹ ਵਿਚ ਬਹੁਤੇ ਜੀਵ ਦੇਖੈ। ਫੇਰ ਉਹ ਮੰਦਰ ਵਿਚ ਲੈ ਗਈ, ਬਡਾ ਆਦਰੁ ਦੀਆ, ਪੁਜਾ ਭੇਟ ਦਈ। ਤਾਂ ਮੈਂ ਏਕ ਪੁਰਖ ਦੇਖਾ ਮੂੰਹਾਂ ਵਾਲਾ, ਬਾਹਾਂ ਵਾਲਾ, ਨਾਗ ਲਪੇਟੇ ਸਪੇਰੇ ਵਾਂਗੂ ਬੋਲਾ 'ਸੁਖ ਸਾਈਂ।' ਮੈਂ ਬੋਲਾ ਮੈਂ ਜਾਣਿਆ ਨਾਹੀਂ ਤਾਂ ਬੋਲਾ,'ਦਸਵਾਂ ਪਾਤਿਸ਼ਾਹ ਪਾਸ ਜਾਇ ਕਹਣਾ ਪਾਂਚ ਕਰੋੜ ਪਚਾਵਨ ਲਾਖ ਧਨ ਤੁਮਾਰਾ ਹੈਗਾ, ਅਬ ਕਾ, ਤੀਵੀਂ ਪਾਸ। ਦਸ ਕਰੋੜ ਸੱਤਰ ਲਾਖ ਦੂਜੀ ਤੀਵੀਂ ਹੱਥ ਭੇਜਾ। ਪਿਛਲਾ ਦੇਹ ਕਾ, ਇਹਦੀ ਕਿੱਕੁਰ ਗੱਲ ਹੈ। ਸਵਾ ਸੋਲਾਂ ਕਰੋੜ ਦਾ ਮੁਲਖ ਭਾਵੇਂ ਧਨ ਵਾਧੇ ਸਣੇ ਲੇਵੋ। ਜਿਥੇ ਚਾਹੋ ਉਥੇ ਹੀ ਤਲਬੋ।' ਸੁਣਿ ਕਰਿ ਹੱਸੇ, ਭਲਾ ਸਾਈਂ ਫਕੀਰ ਭਲਾ, ਤਾਂ ਫਕੀਰ ਨੈ ਪੁਛਿਆ, ਜੀ ਹਮ ਬੀ ਕੁਛ ਜਾਣੈਂ ਜ਼ਾਹਰ ਕਰੀਏ, ਤਾਂ ਬੋਲਿ ਸੁਣਾਇਆ-ਸਤਿਲੁਦ੍ਰ ਤੀਵੀਂ ਸੀ ਅਤੇ ਪੁਰਖ ਸਮੁੰਦ੍ਰ ਸੀ। ਦੂਜੀ ਤੀਵੀਂ ਗੋਦਾਵਰੀ ਸੀ। ਹਮ ਲੇਖਾ ਸਮਝਾਂਗੇ। ਪਰ ਆਇਕੈ ਸਿੱਖਾਂ ਪੁੱਤਾਂ ਨੋ ਲੈ ਦੇਵਾਂਗੇ, ਜਾਂ ਦਿਨ ਰਾਜ ਲਾਇਕੁ ਹੋਣਗੇ। ਰਜਪੂਤ ਦਾ ਬਾਲਕੁ ਹੈਗਾ, ਉਸਦੀ ਹੱਥੀ ਲੇਵਾਂਗੇ। ਦੇਵਾਂਗੇ ਬੀ, ਲੇਖਾ ਬਹੁਤਾ ਹੈਗਾ। ਹਮਾਰਾ ਬੇਟਾ ਸੀ, ਮਾਈ ਸਮੇਤ ਲੇਖਾ ਸਮਝਣਗੇ, ਏਸ ਵਾਸਤੇ ਕਹਿਆ ਹੈ, ਭਲਾ ਜੀ, ਭਲਾ ਜੀ ਦੋ ਬੇਰ। ਸਾਈ ਫਕੀਰੁ ਸੱਚ ਹੈਗਾ, ਤਾਂ ਫਕੀਰ ਝੁਕ ਬੋਲਾ, ਹਮਾਰਾ ਕਿਆ? ਹੱਸਕੇ ਬੋਲੇ-ਅਗਿਆਤ ਮੂਰਤਿ

ਹਮਾਰੀ ਉਤਰੈਗੀ, ਉਥੇ ਤਬਿ ਤੁਸੀਂ ਭੀ ਤਪ ਕਾ ਫਲ ਭੋਗ ਲੈਣਾ। ਫਕੀਰ ਬੋਲਾ, 'ਭਵਜਲ ਤੇ ਬਚਾਵੋ ।ਭੋਗੁ ਰੋਗੁ, ਸੱਚ ਹੱਕੁ ।' ਮਾਲਕ ਬੋਲੇ, ਸਾਈਂ ਜੀ ਪਰਾ ਤੋਲੇ, ਇਸੇ ਤਰ੍ਹਾਂ ਭਾਣਾ ਹੈਗਾ।

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਤਲ ਤੀਵੀਂ ਉਪਰ ਮਰਦ। ਦੋਨੋ ਦਰ ਚਸ਼ਮ ਦੀਦੰ ਫੈਸਲ।
ਤਾਂ ਫਕੀਰ ਖੁਸ਼ੀ ਹੋਇ ਕਰਿ ਉਠਿ ਗਇਆ।
ਸਾਖੀ ਪੂਰੀ ਹੋਈ। ਬੋਲਹੁ ਭਾਈ ਜੀ ਵਾਹਿਗੁਰੂ ।੬੯।

## ੭੦

ਏਕ ਬੇਰ ਗੁਰੂ ਜੀ ਚਮਕੌਰ ਵਿਚ ਥੇ, ਸੰਗਤ ਜੁੜੀ ਕਾਬਲੀ,ਕੰਧਾਰੀ ਸਿੱਖ ਹੱਥ ਜੋੜੇ, ਜੀ ਕੁਛ ਮਿਲੈ ਅਸਾਨੂੰ, ਬਚਨ ਹੂਆ, 'ਠਹਿਰੋ ਧਨ ਦੇਵਾਂਗੇ, ਮਰਵਾਵਾਂਗੇ ।'ਤਾਂ ਸਿੱਖ ਚੁਪ ਹੋਇ ਡਰ ਗਏ, ਪਿਛੌਂ ਬੋਲੇ ਧੰਧੇ ਦਾ ਹੁਕਮ ਅਤੇ ਜੀਵਣ ਦੀ ਖੁਸ਼ੀ ਬਖਸ਼ੋ। ਤਾਂ ਬਚਨੁ ਹੋਇਆ

ਗਰਜੇ ਮੇਘਲ ਖੁਸ਼ੀ ਕਰ ਜਲ ਲੇਇ ਨ ਖੇਤ।
ਚਾਤ੍ਰਿਕ ਚੁਪਕਾ ਹੋਇ ਰਹਾ ਕਿਆ ਬਾਦਲ ਹੇਤ।
ਚੰਦਨ ਪਰਉਪਕਾਰ ਹਿਤ, ਬਨ ਰਹੈ ਸੁਚੇਤ।
ਗੰਗਾ ਪਾਪਾਂ ਦੂਰ ਹਿਤ, ਕਿਆ ਨ੍ਹਇ ਅਚੇਤ।
ਗੁਰੂ ਬਿਚਾਰਾ ਕਿਆ ਕਰੈ ਸਿੱਖ ਫਸਿਆ ਏਤ ।੧।
ਮੀਠਾ ਦੇਵੇ ਬਾਲ ਨੂੰ ਉਹ ਮਾਂਗੈ ਰੇਤੁ।
ਘੜਾ ਲਜੁ ਹਥਿ ਖਸਮੁ ਦੇ ਕਿਆ ਕੂਪ ਨ ਦੇਤ।
ਬਾਪ ਮਾਇ ਹਿਤ ਕਿਆ ਕਰੈ ਸੂਤ ਦੇਇ ਨਾ ਭੇਤ।
ਲੇਪਨਹਾਰੇ ਦੋਸ਼ ਕਿਆ ਭੀਤ ਗਿਰਦੀ ਰੇਤ।
ਅਟਕਾ ਜਲੁ ਤਾਂ ਬੰਧੀਏ ਜਾਂ ਬੰਧਨ ਕੇਤ।
ਧਨ ਵਡਿਆਈ ਦੇਹਿ ਕਿਸ ਖਰ ਧੂੜੀ ਲੇਤ।
ਭਾੜ ਵਿਚਾਰਾ ਸੀਤ ਕਿਉਂ ਜਾਂ ਝੁਲਕਾ ਦੇਤ।
ਧੰਧੈ ਅਟਕੈ ਸਿੱਖ ਸੁਣਿ ਪਰਵਾਰ ਸਮੇਤ ।੨।
ਕਾਰੀਗਰੁ ਖਾਤੀ[੧] ਕਿਆ ਕਰੇ ਦਾਰ੨ ਨਹੀਂ ਖੇਤ।
ਨਦੀ ਬਾਰ ਕਿਉਂ ਪੀਵੀਏ ਜੁ ਕੁਣੀਆ੩ ਨਾ ਲੇਤ।

ਖਾਣਾ ਕੀਕੂੰ ਪੱਕਣਾ ਜੋ ਅੱਗ ਨ ਨਿਕੇਤ।੪।
ਬਿਨਾ ਸਮੈਂ ਤੇ ਬੁਧਿ ਨਹਿ ਕਿਆ ਹਠ ਕਾ ਹੇਤ ।
ਮਨ ਹੀ ਚੱਕ ਘੁਮਾਰ ਕਾ ਘੜਿ ਭਾਂਡੇ ਦੇਤ ।
ਮੂੰਹ ਕਾ ਆਖਣਾ ਰੀਸ ਹੈ ਫਿਰ ਮਨ ਨਹੀਂ ਚੇਤ ।
ਪਹਿਲਾਂ ਮੰਗੈ ਸੰਗਤੀਂ ਗੁਰ ਦੇਣ ਮਹੇਤ ।
ਕਰਮੁ ਕੜਾਕਾ ਹਾਥ ਕਾ ਮੁਹ ਮਾਰੈ ਸੇਤ ।
ਹਉ ਬਾਰ ਬਾਰ ਬਲਿਹਾਰਣੈ ਜਿਹ ਮਰਮ ਨ ਨੇਤਿ ।੩।
ਭਾਈ ਸਿੱਖੋ ! ਹਮ ਕਹਿਆ, 'ਠਹਿਰੋ !'

**ਅਰਥ** : ਇਹ ਮਨ ਠਹਿਰਾਵੋ । ਮੁਕਤਿ ਧਨ ਸਤਿਗੁਰੂ ਦੇਣਗੇ । 'ਮਰਵਾਵਾਂਗੇ' ਅਰਥ-ਜਨਮ ਕੱਟਾਂਗੇ, ਤਸਾਂ ਘਰਿ ਦਾ ਧੰਧਾ ਹੀ ਚਾਹਿਆ, ਅਜੇ ਕਰਮ ਸ਼ੇਸ਼ ਰਹਿੰਦਾ ਹੈ,ਤਾਂ ਬੀ ਸੰਸਾ ਨਹੀਂ । ਬੇਰ ਹੈ, ਉਤਾਵਲੁ ਨਾ ਕਰੋ, ਪਰਚੋ ਸ਼ਬਦ ਸਾਥ, ਹਰਿਕੀਰਤਨ ਦੀਆ, ਤੁਹਾਡਾ ਸਿਦਕ ਤਾਰੈਗਾ । ਹੁਕਮ ਹੂਆ, ਸੁਚੇਤ ਰਹਿਣਾ ਅਸੀਂ ਬੀ ਨਦੀ[੫] ਨ ਉਤਰੇ ।

ਰਾਮਦਾਸ ਸਰ ਸੰਗਤੀਂ ਨ੍ਹਾਵੈ ਸਭ ਨਿ ।
ਛੇ ਜੋਜਨ ਗੁਰੂ ਨਗਰ ਵਸ ਹਮੁ ਆਵੈਂ ਮਿਤ ।
ਬੈਠੇ ਦੁਲੀਚੇ ਚਮਰ ਢੁਲ ਸਿੱਖ ਦਰਸ਼ਨ ਚਿਤ ।
ਸਿੰਘ ਲਾਖ ਪੰਜ ਏਕਠੇ ਗਜ ਬਾਜ਼ ਸਮੇਤ ।
ਲੂਟ ਪਿਆਰੀ ਮੇਰਿਆਂ ਘਰ ਧਨ ਕਾ ਖੇਤ ।
ਸਭ ਸੰਗਤ ਨੂੰ ਮੇਲ ਲੈ ਕੋ ਕਰੈ ਨ ਛੇਤ ।
ਪਹਿਲਾਂ ਆਵੈ ਉਦੈ ਸਿੰਘ ਫਿਤਕਾਰੀ[੬] ਫੇਤ ।
ਭਾਣਾ ਮੰਨਿਆ ਸੀਸ ਪਰ ਜੀਵਨ ਹੁਇ ਜੇਤ ।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੭੦।

## ੭੧

ਏਕ ਬੇਰ ਗੁਰੂ ਜੀ ਕੇ ਸਰਾਧ ਹੂਅ । ਪੰਡਤ, ਪਾਂਧੇ, ਬਾਂਮ੍ਹਣ ਏਕਠੇ ਕੀਏ,ਸਰਾਧ ਦੀ ਧਰਮ ਸ਼ਾਂਤਿ ਕਰੀ । ਮੋਹਰੁ ਕੀ ਦੱਖਣਾ ਦੇ ਕਰ ਹਜ਼ਰਾਂ ਗਊ, ਘੋੜਾ, ਗਹਿਣ ਜ਼ਨਾਨੇ ਮਰਦਾਨੇ ਦੀਏ । ਤਿਆਰ ਕਰਾ ਤਾਂ ਨੰਦਰਾਮ ਪੰਡਤ ਕਹਿਆ, ਸਰਾਧ ਅਪੜਦਾ ਨਹੀਂ ਤਿਰਾਂ ਨੋ । ਗੁਰੂ ਜੀ ਸ਼ਾਸਤ੍ਰ ਸੰਬਾਦ ਕਰਵਾਇਅ, ਮਲ ਮਾਸ ਕਾ ਨਿਖੇਧ ਕੀਆ, ਪੱਛ ਸ਼ੁੱਧ ਕਾ ਨਿਰਨੈ ਕੀਆ । ਭਾਈ ਸਿੱਖੋ ! ਇਹ ਸਭ ਕਾ ਨਿਰਣਾ ਪੂਛਾ ਗੁਰੂ ਜੀ, ਨਿਰਵਾਦ ਕਹੋ । ਤਾਂ ਸ਼ਾਸਤ੍ਰੀ ਬੋਲੇ, ਸਰਾਧ ਦੁਪਹਿਰੀਂ ਅਤੇ ਰਾਤ ਨੂੰ

ਨਿਮੰਤ੍ਰਣ । ਸਰਾਧ ਨਿਉਂਤਾ ਅੰਗ ਹੀਨ, ਕੁਲ ਹੀਨ, ਪ੍ਰਤੀਗ੍ਰਾਹੀਂ[1] ਮਹਾਂਦਾਨ । ਛਾਇਆ ਮੂਰਤਿ ਤੁਲਾ ਮ੍ਰਿਤਕ ਸੂਤਕ, ਭੋਗੀ, ਪਰਨਾਰੀ, ਰਤਿ, ਚੋਰ ਛਲੀ ਦੂਤ, ਖਤ੍ਰੀ ਕਰਮ ਤੁਲਾ ਧਰ, ਵੈਦਕ ਧਨ ਭੋਗੀ, ਗਣਿਕ, ਧਨੀ, ਗ੍ਰਹਣ ਵਸਤ ਗ੍ਰਾਹੀ ਅਜ, ਅਸ੍ਵ, ਗਜ ਅੰਤੇ ਅਵਸਥਾ ਕਾ ਦਾਨ-ਗ੍ਰਾਹੀ ਜਨੇਊ ਉਤਾਰਿਆ ਤਾਂ ਕਰਮ ਭ੍ਰਿਸ਼ਟੀ, ਅਸੁਚੀ[2] ਸਰਬ ਅੰਨ ਭੋਗਤਾ, ਪਾਣਿਗ੍ਰਹਿਣੀ ਵਿਆਹਿ ਕਾ ਲਾਗ ਲੈਣ ਵਾਲਾ,ਪਰਾਇਆ ਜਪ ਕਰਿਕੈ ਮੁਗਲ ਕੀ ਦੱਖਣਾ ਲੈਣ ਵਾਲਾ । ਧਰਮ ਧੁਜੀ, ਸਰਾਧ ਕਾ ਤਿਆਗੀ, ਰੰਡਾ, ਗੰਡਾ,ਮੁੰਡਿਤ, ਜਟਲ ਬ੍ਰਹਮ ਗਿਆਨੀ, ਸੰਨਿਆਸੀ, ਬਿਪ੍ਰ, ਬਗੈਰ ਪੜ੍ਹਿਆ, ਖਤ੍ਰੀ, ਵੈਸ਼, ਸ਼ੂਦਰ, ਇਸਤ੍ਰੀ ਬਿਭਚਾਰੀ ਬਕਵਾਦੀ ਅਮਲੀ, ਬਿਪਰ ਹੋਇਕੈ ਰਕਤ ਨੀਲ ਬਸਤ੍ਰਧਾਰੀ ਮਲੇਛ,ਅੰਤਰ ਕਾ ਲੇਣੇ ਵਾਲਾ, ਸਰਾਧ ਮੇਂ ਨਿਉਂਤਾੜ ਖਟਪਦੀ ਕਾ ਖਾਵੈ-ਤਾਂ ਪਿਤਰ ਖ਼ਾਲੀ ਰੋਂਦੇ ਸਰਾਪ ਦੇਂਦੇ ਚਲੇ ਜਾਂਦੇ ਹੈਨ । ਗੁਰੂ ਜੀ ਸਭ ਲੋਕਾਂ ਨੂੰ ਬੋਲੇ-ਸ਼ਾਸਤ੍ਰ ਬਿਧਿ ਦਰ ਹੈਗੀ, ਕੋਈ ਬਿਰਲਾ ਈ ਪਾਤਰ ਹੈਗਾ । ਉਧਾਰ ਪਿਤ੍ਰਾਂ ਦਾ ਅਤਿਥਵਾਂ ਤੀਰਥਾਂ ਦੇ ਸਰਾਧ ਕਰਿ ਹੋਂਦਾ ਹੈ । ਗੁਰੂ ਜੀ ਪੁਛਿਆ, ਸੂਤਕ ਗ੍ਰਹਣ ਬਿਧਿ ਕਿਆ ਲਿਖੀ ਹੈ ? ਦੇਵਰਾਜ ਪੰਡਤ ਹਿਮਾਂਦ੍ਰੀ ਧਰਮ ਸ਼ਾਸਤ ਸੁਣਾਇਆ, ਮਹੀਨੇ ਕਾ ਪੁਰਾਣ । ਸੋ ਸਾਨੂੰ ਸਿੱਖੋ ! ਕਹਿਣਾ ਚੁਕ ਗਿਆ, ਕੁਛ ਕਹਿਣ ਦਾ ਪ੍ਰਯੋਜਨ ਬੀ ਨਹੀਂ । ਤਾਂ ਸਾਹਿਬ ਸਿੰਘ ਪੁਛਿਆ ਲਿਖਾਰੀ ਦਸਖਤ ਨਿਰਣਾ ਥੋੜਾ ਬੀ ਸਤਿਗੁਰੂ ਪਾਸਕਾ ਸੁਣਾਈਏ, ਭਲਾ ਸਿੱਖ ਕਿਥੇ ਪੁਛਣ । ਤਾਂ ਬੋਲੇ ਵਾਕ ਗੁਰੂ ਜੀ ਪਾਤਸ਼ਾਹੀ ਦਸਵੀਂ :

ਬ੍ਰਹਮਣ ਦਸ ਦਿਨ ਸੂਤਕੀ, ਮਾਤਾ ਦੂਣੀ ਮਾਨ ।
ਛਤ੍ਰੀ ਬਾਰਾਂ ਵੈਸ਼ ਇਕ ਪਾਂਚ, ਸ਼ੂਦਰ ਤੀਸ ਪਹਿਚਾਨ ।੧।
ਗੋ ਦਸ ਬਾਰਾਂ ਮਹਾਂ ਕਾ ਦੂਧ ਦੇਵ ਨਹਿ ਭੋਗ ।
ਸਰਾਧ ਕਰੀਏ ਜੱਗ ਨਹਿ ਖਾਵਤ ਭਵ ਕਾ ਰੋਗੁ ।੨।
ਸੂਤਕ ਜੀਤੇ ਪਾਤਕੀ ਪਾਤਕ ਕਟੈ ਨਾ ਸੂਤ ।
ਅਗਨਿ ਕਟੈ ਦੋਨੋ ਸੁਖੀ ਬਿਪ੍ਰ ਅਗਨਿ ਮੈਂ ਕੂਤ ।੩।
ਸੂਤਕ ਪਾਤਕ ਗਏ ਬਿਨ ਦਾਨ ਦੇਇ ਦਿਜ ਲੇਇ ।
ਬਾਨਰ ਗ੍ਰਾਹੀ ਦਾਤਾ ਨਰਕੁ, ਮਾਨੁਖ ਦੇਹ ਨਾ ਸੇਇ ।੪।
ਗ੍ਰਹਿਣ ਖਿਆਈ ਅਸ਼ਟਕਾ ਰੋਗੀ ਦੇਵੈ ਤਿਆਗ ।
ਅੰਤ ਦਾਨ ਅਰ ਮ੍ਰਿਤਕ ਕ੍ਰਿਆ ਕਰੈ ਸੂਤਕੀ ਰਾਗ ।੫।
ਤੀਰਥ ਜਾਵੈ ਸਰਾਧ ਬਿਧ ਔਰਨ ਕਰਿਹੈ ਦਾਨ ।
ਰਾਖਸ਼ ਹੋਇ ਚੰਡਾਲ ਘਰਿ ਭੋਗੈ ਦੀਆ ਆਨ ।੬।
ਗ੍ਰਹਣ ਆਦ ਗੰਗਾ ਸਲਿਲ ਪੁਤਰ ਜਨਮ ਜਬ ਹੋਇ ।
ਵਿਆਹ ਸਮੈ ਨੰਦੀ ਕਰੈ ਦੇਖ ਸੰਕਟੈ ਧੋਇ ।੭।

ਆਪਦ ਬਿਪਦ ਬਿਦੇਸ਼ ਮੈਂ ਅਣਸੁਣ ਦੋਖ ਨ ਕੋਇ ।
ਸੁਧ ਬਿਪ੍ਰ ਕਰਮਨ ਕਰੈ ਅਵਰਿ ਦੋਖ ਸਭ ਹੋਇ ।੮।
ਲੋਭੀ ਬਿਪ੍ਰ ਪਾਤਕੀ ਲੋਭੀ ਸਾਕ ਅਰ ਸਿੱਖ ।
ਨਰਕ ਭੋਗ ਪਿਸ਼ਾਚ ਹੋਇ ਇਹੀ ਬੇਦ ਕਹਿ ਰਿਖਿ ।੯।
ਮੇਰਾ ਸਿੱਖ ਸਭ ਜਾਤਿ ਕਾ ਪੰਦਰਾਂ ਦਿਨ ਕੀ ਮਾਨ ।
ਪ੍ਰਿਤ ਦਿਵਸ ਪੱਛ ਏਕ ਕਰਿ ਸੋ ਮਮ ਨਿਕਟੈ ਜਾਨ ।੧੦।
ਭਲਾ ਬਹੁਤ ਅਣਪੜ੍ਹ ਜਨਾ, ਵਾ ਗਿਆਨੀ ਨਿਰਲੋਭ ।
ਪੜ੍ਹਿਆ ਪਾਪੀ ਨਾਰਕੀ ਸੋ ਲੋਭੀ ਬਹੁ ਖੋਭ ।੧੧।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੭੧।

## ੭੨

ਏਕ ਬੇਰ ਗੁਰੂ ਸ਼ਿਕਾਰ ਖੇਲਣ ਆਏ ਤਾਂ ਸਾਧ ਦਰਸ਼ਨ ਨੂੰ ਆਏ ਥੇ । ਦੱਖਣ ਦੇਸ ਕਾ ਏਕ ਸ਼ਾਹ ਉਜੈਨ ਦਾ ਬਾਣੀਆ ਸੁਣਕੇ ਦਰਸ਼ਨ ਨੂੰ ਆਇਆ, ਬੈਸ਼ਨੋ ਥਾ । ਬਾਲਕ ਇਸਤਰੀ ਵਾਲਾ, ਅੱਗੇ ਗੁਰੂ ਜੀ ਸ਼ਿਕਾਰ ਖੇਲ ਕੇ ਆਏ ਥੇ, ਮ੍ਰਿਗ ਪੰਛੀ ਮਾਰਿ ਆਣੇ । ਬਾਜ਼ ਨੂੰ ਚਖੀ੧ ਦੇਂਦੇ ਥੇ ਤਾਂ ਆਇ ਪਹੁੰਚੇ, ਦੇਖਕੇ ਕਿਰਿਆ ਕਲਪਿਆ੨,ਭਵਨਾ ਫਿਰ ਗਈ । ਕੈਸੇ ਗੁਰੂ ਹੈਨ, ਦਇਆ ਕਿਉਂ ਤਿਆਗੀ ? ਤਾਂ ਮਨ ਵਿਚ ਵਿਚਾਰ ਲਗਾ ਕਰਨ । ਤਾਂ ਗੁਰੂ ਜੀ ਬੋਲਿ ਸੁਣਾਇਆ ਸਿੱਖਾਂ ਨੂੰ, ਇਹ ਜਾਨਵਰ ਚੋਰ ਥਾਂ, ਬਾਜ਼ ਏਹੁ ਰਾਜਾ ਥਾ, ਸਹੰਸ੍ਰ ਜਨਮ ਬੀਤਾ ਹੈ, ਹਮ ਤਪਸੀ ਥੇ, ਰਾਜਾ ਆਗੈ ਮੁਕਰਾ । ਰਾਜਾ ਸੌਂਹ ਦਿਵਾਈ, ਝੂਠੀ ਸੌਂਹ ਕਰੀ ਤਪਸੀ ਕੀ, ਉਹ ਬਦਲਾ ਦਿਵਾਇਆ ਅਸਾਂ, ਰਾਜਾ ਸਿੱਖ ਥਾ ਹਮਾਰਾ, ਪ੍ਰਤੀਤ ਕਰੀ ਥੀ ਰਾਜੇ ਨੇ । ਭਾਈ ਸਿੱਖੋ ! ਜੇ ਕੋਈ ਝੂਠੀ ਸਹੁੰ ਕਰਦਾ ਹੈ, ਸੋ ਸਹੰਸ੍ਰ ਕੋਟ ਜਨਮ ਪਾਵੈਗਾ,ਨਰਕ ਭੋਗੈਗਾ । ਸੋ ਹੁਣ ਏਸ ਕਾ ਉਧੱਾਰ ਹੋਇਗਾ । ਮੇਰਾ ਸਿੱਖ ਨਹੀਂ, ਚੋਰ ਹੈ ਗੁਰੂ ਗਾ, ਜੇਹਡਾ ਸੌਂਹ ਗੁਰੂ ਕੀ ਕਰੈਗਾ ।

ਸੌਂਹ ਨਾ ਕਰੀਏ ਸਾਚ ਪਰ ਝੂਠਾ ਟਿਕੋ ਨਾ ਪਾਂਇ ।
ਸਾਚਾ ਜੋਨੀ ਪਰ ਭੁਗੈ ਝੂਠਾ ਕੈਸਾ ਥਾਂਇ ।

ਭਾਈ ਬਦਲਾ ਦੇਵੈ ਪਾਪ ਕਾ ਗੁਰੂ ਕੇ ਜ਼ਾਮਨ ਹੋਏ ਤਾਂ ਭੀ ਪਾਪ ਭਾਗੀ ਹੂਆ ਸਿੱਖੋ ! ਪ੍ਰਸਾਦ ਭੋਗ ਦੇਹ ਕਾ, ਕਰਮ ਪਰ ਮੰਦਾ ਨ ਕਰੀਏ । ਇਹ ਕਹਿਤੇ ਥੇ ਤਾਂ ਪ੍ਰਸਾਦ ਕਾ ਥਾਲ ਆਇਆ । ਬਚਨ ਹੂਆ ਏਸ ਸਿੱਖ ਨੂੰ ਭੀ ਸੁਧ ਚੌਂਕੇ ਵਿਚ ਛਕਾਵੋ । ਤਾਂ ਸਿੱਖਖ ਵਿਚਾਰਿਆ ਸੀ ਪ੍ਰਸਾਦ ਦੇਖਕੇ ਜੋ ਗੁਰੂ ਕੇ ਦੇਣ ਨਹੀਂ ਮੈਨੂੰ, ਤਾਂ ਗੁਰੂ ਜੀ ਕਾ ਬਚਨ ਸੁਣਕੇ ਕੁਛ ਸ਼ਾਂਤ ਪ੍ਰਤੀਤਿ ਆਈ । ਤਾਂ ਸਿੱਖ ਜਾਇਕੈ ਪ੍ਰਸਾਦ ਛਕਿਆ । ਰਾਤ ਸੁੱਤਾ ਅਤੇ ਮਨ ਵਿਚ ਵਿਚਾਰਾ-ਜੋ ਪਾਂਚ ਸੌ ਰੁਪਈਆ ਆਣਾ, ਮੇਰੇ ਬਾਪ ਨੇ ਕੈਸੇ

ਗੁਰੂ ਮਾਸਾਹਾਰੀ ਕੀਏ। ਸ਼ਾਸਤ੍ਰ ਕੀ ਰੀਤਿ ਹਿੰਸਾ, ਪਰ ਨਾਰੀ, ਜੂਆ, ਮਦਰਾ ਤਿਆਗਣ, ਧਰਮ ਸਾਧ ਕਾ। ਸੋ ਗੁਰੂ ਕੀ ਰੀਤਿ ਹਮ ਨਹੀਂ ਜਾਣੀ। ਪ੍ਰਭਾਤ ਚਲੀਏ, ਸਿੱਖੀ ਬੈਸ਼ਨੋ ਕੀ ਲੇਵੇਂਗੇ। ਭਲੀ ਹੈਗੀ। ਰਾਤ ਗਿਣੀ ਮਨ ਵਿਚ। ਮੇਰਾ ਬਾਪ ਸਿੱਖ ਗੁਰੂ ਕਾ, ਸੌ ਰੁਪਈਆ ਉਸ ਕਾ, ਪੰਜ ਸੌ ਮੇਰਾ ਸਹੰਸ੍ਰ ਹੋਰ ਦੇਂਦਾ ਪਰ ਕ੍ਰਿਆਵਾਨ ਗੁਰੂ ਨਾ ਮਿਲਿਆ। ਸਵੇਰੇ ਹੋਈ ਗੁਰੂ ਅੱਗੇ ਮੱਥਾ ਟੇਕਿਆ ਤਾਂ ਬੋਤਲਾਂ ਦੋ ਮੰਗਵਾਈਆਂ। ਉਹ ਸਿੱਖ ਬੀ ਬੈਠਾ ਥਾ ਸਹਿਜਧਾਰੀ ਹਰਿਗੁਪਾਲ ਤਾਂ ਗੁਰੂ ਜੀ ਬੋਲੇ ਸਿੱਖੋ! ਸਬ ਸੁਆਦਿ ਮਨ ਕੇ। ਸਿੱਖ ਬੋਲੇ ਜੀ ਪਾਤਿਸ਼ਾਹ! ਜੀਭ ਕੇ, ਕਿਨੈ ਨ ਕਹਿਆ ਕਰਮ ਕੇ, ਕੋਈ ਕਹੇ ਜੀਭ ਕੇ, ਕੋਈ ਕਹੇ ਸੁਭਾਵ ਕੇ, ਕੋਈ ਕਹੇ ਦੇਹ ਕਾ ਧਰਮ ਹੈਗਾ। ਤਾਂ ਸਿੱਖ ਬਾਣੀਆ ਬੋਲਾ, ਸਿਦਕ ਹੈਗਾ ਇਸ ਜੀਵ ਕਾ। ਤਾਂ ਸੁਣਕੇ ਬੋਲੇ, ਸਿੱਖਾ! ਬਿਸੰਭਰਦਾਸ ਤੇਰਾ ਬਾਪ ਬਡਾ ਸਾਡਾ ਸਿਦਕੀ ਸਿੱਖ, ਉਸ ਨੇ ਤੁਧ ਇਉਂ ਕਹਿਣਾ। ਜੋ ਗੁਰੂ ਜੀ ਕਾ ਹੁਕਮ ਭਾਵ ਕਾ, ਤੇਰੇ ਪਾਸ, ਸੋ ਲਇਅ ਅਸਾਂ। ਤਾਂ ਉਹ ਬੋਲਿਆ, ਜੀ ਮੈਂ ਸਮਝਿਆ ਨਹੀਂ। ਸਮਝਾਵੋ, ਮੈਂ ਭੀ ਸਿੱਖ ਹਾਂ ਤੁਹਾਡਾ! ਬਚਨ ਹੱਸ ਕੇ ਬੋਲੇ, ਭਾਈ! ਤੂੰ ਬੈਸ਼ਨੋ ਕਾ ਸੇਵਕ, ਹਮਾਰਾ ਕਬ ਹੂਆ। ਕ੍ਰਿਆ ਵਾਲਾ ਢੂੰਡ ਤੋ ਸਹੀ ਅਰੁ ਸਨੇਹਾ ਸਮਝੈਗਾ ਤੇਰਾ ਬਾਪ। ਤਾਂ ਉਠਦਾ ਚਰਨੀਂ ਪੜ, ਰੱਖੁ ਲੇਵੋਂ ਸੱਚੇ ਗੁਰੂ! ਨਾ ਛੋਡੋ ਮੇਰਾ ਮਨ ਮੂਰਖ, ਮੈਂ ਨਹੀਂ ਜਾਣੀ। ਬਚਨ ਹੂਆ, ਗੁਰੂ ਕੇ ਹਰਖ ਦ੍ਵੈਖ ਰਹਿਤ ਭਾਈ, ਉਪਰ ਠੋਕਕੇ ਪੀਠ ਬੋਲੇ-ਬਖਸ਼ਾ ਤੂੰ ਆਪ। ਇਸੀ ਤਰਾਂ ਮਹੀਨਾ ਰਹਿਆ, ਚਲਦੀ ਬੇਰ ਗੁਰੂ ਜੀ ਪ੍ਰਸਾਦ ਦਿਤਾ। ਘਰ ਬੀ ਲੇ ਜਾਵੀਂ, ਖਾਵੀਂ ਬੀ, ਤਾਂ ਬਚਨ ਹੂਆ ਕੜਾ ਸਰਬਲੋਹ ਕਾ ਤੋਲੇ ਚਾਰ ਕਾ ਬਖਸ਼ਾ। ਪੂਜਣਾ, ਗੁਰੂ ਭਾਵਨੀ ਪੂਰੀ ਕਰੇਗਾ। ਲੇ ਕਰ ਵਿਦਾ ਹੂਆ।

ਸਾਖੀ ਪੂਰੀ ਹੋਈ। ਬੋਲਹੁ ਭਾਈ ਜੀ ਵਾਹਿਗੁਰੂ।੭੨।

## ੭੩

ਤਾਂ ਬਣੀਆ ਸਿੱਖ ਚਲਾ ਮਨ ਵਿਚ ਕਹਿੰਦਾ ਹੈਗਾ।ਛੇ ਸੌ ਕੀ ਭੇਟ ਦਈ ਗੁਰੂ ਜੀ ਬਖਸ਼ੀਸ ਦੀਆ ਕੜਾਹੁ ਅਤੇ ਬਚਨ ਭਾਇ ਕਾ। ਚਲਦਾ ਹੂਆ ਚਮਕੌਰ ਆਇਆ ਤਹਾਂ ਸੋਚਦਾ ਜਾਵੈ। ਰਾਹੀਂ ਧਿਆਨ ਸਿੰਘ ਮਾਜਰੀਆ ਮਿਲਾ। ਪੁਛਦਾ ਹੂਆ ਤੂੰ ਕੌਣ ਹੈਂ ? ਸਿੱਖਾ! ਕਿਥੋਂ ਤੇ ਆਇਆ ਹੈਂ ਅਤੇ ਪ੍ਰਸਾਦਿ ਦਾ ਵੇਲਾ ਹੈ ਪ੍ਰਸਾਦਿ ਖਾਈ ਜਾਵੀਂ। ਤਾਂ ਸਿੱਖ ਬੋਲਿਆ 'ਸਿਖ ਹਾਂ ਗੁਰੂ ਕਾ,ਦਰਸ਼ਨ ਕਰਨ ਆਇਆ ਥਾ! ਬਣੀਆ ਹਾਂ ਉਜੈਨ ਦਾ। ਪਰ ਸਿੱਖਾ! ਭੇਟ ਦਿਤੀ ਪਰ ਖੁਸ਼ ਨ ਹੋਇਆ। ਕ੍ਰਿਆ ਪਸੰਦ ਨ ਆਈ ਅਤੇ ਗੁਰੂ ਜੀ ਦੀਆ ਕੁਛ ਨਾਹੀ। ਸਿੱਖ ਪੁਛਿਆ ਬਚਨ ਕੀਤਾ। ਬੋਲਿਆ, ਬਾਪ ਮੇਰੇ ਨੂੰ ਭਾਇ ਕਾ ਬਚਨ ਦਿਤਾ। ਰੁਪਈਆ ਛੇ ਸੌ ਭੇਟਾ ਦਈ।ਪਰਦੇਸ ਆਇਆ ਬਾਪ ਦਾ ਭੇਜਿਆ। ਤਾਂ ਸਿੱਖ ਕਹਿਆ, ਮਤ ਪਛੁਤਾਇ, ਸਿੱਖ ਭਾਈ ਹੈਂ, ਤੂੰ ਘਰ ਚਲ। ਘਰ ਲੇ ਚਲਾ। ਜਾਇ ਪਹੁੰਚੇ ਸਿਖ ਕੇ ਘਰਿ। ਸਿੱਖਣੀ ਸਿੱਖ ਨੈ ਬਡੀ ਟਹਿਲ ਕਰੀ, ਭੋਜਨ

ਕਰਿਆ ਖਾਇਆ ਰਾਤ ਨੂੰ , ਸੁੱਤਾ ਸੁਖ ਨਾਲ। ਭਿਆਨ੧ ਭਾਈ ਚਲਣ ਲਗਾ। ਸਿੱਖ ਕਹਿਆ, ਭਈ ਸਿੱਖਾ ! ਤੇਰੀ ਮਰਜ਼ੀ ਹੋਵੈ ਤਾਂ ਬਚਨ ਦੇਇ ਜਾਇ ਅਤੇ ਛੇ ਸੌ ਰੁਪਈਆ ਲੈ ਜਾਇ। ਭਾਈ ! ਗੁਰਾਂ ਕਾ ਵਾਕ ਹੈ :

ਸਿੱਖ ਸਿੱਖ ਕਾ ਸਤਿ ਵਣਜ ਸਿੱਖ ਸਿੱਖ ਕਾ ਭਾਇ।
ਦਗਾ ਸਿੱਖ ਮਮ ਨਾ ਕਰੈ ਪਾਨੀ ਅੰਨੁ ਭੁਗਾਇ।
ਜੇ ਪ੍ਰਤੀਤ ਗੁਰ ਵਾਕ ਪਰ ਤਾਂ ਤੂੰ ਲੇ ਘਰਿ ਜਾਇ।
ਜੇ ਤੂੰ ਭੁਖਾ ਦਾਮ ਕਾ ਤਾਂ ਲੇ ਘਰਿ ਪਾਇ।

ਸਿਖ ਬਾਣੀਆ ਬੋਲਾ, 'ਹਮ ਪ੍ਰਤੀਤਿ ਹੈ ਦਾਮ ਕੀ ਜੋ ਹਮ ਕੋ ਦੇ ਦੇਇ।' ਬਚਨ ਦੀਆ ਤੂ ਦਾਮ ਦੇ ਸਾਢੇ ਪੰਜ ਦਿਵਾਇ। ਤਾਂ ਸਿੱਖ ਉਠਿਆ ਦਾਮ ਘਰ ਕਾ ਗਹਿਣਾ ਜੁ ਥਾ ਜ਼ਿਮੀਨ, ਤੀਵੀਂ ਕੁਟੰਬ ਸਾਰੇ ਗਹਿਣੇ ਗਿਰਵੀ ਧਰੇ ਅਤੇ ਦੀਏ ਦਾਮ ਛੇ ਸਉ, ਪਾਂਚ ਉਤੇ ਬਿਆਜ ਕੇ। ਬਾਣੀਆਂ ਖੁਸ਼ੀ ਹੂਆ, ਮਨ ਵਿਚ ਆਖੈ 'ਮੂਰਖ ਸਿੱਖ ਹਾਰਾ। ਮੈਂ ਜੀਤਾ ਬਾਜ਼ੀ।' ਝਲਾਂਘ੨ ਚਲਾ।

ਸਾਖੀ ਪੂਰੀ ਹੋਈ। ਬੋਲਹੁ ਭਾਈ ਜੀ ਵਾਹਿਗੁਰੂ।੭੩।

## ੭੪

ਸਿੱਖ ਚਲਕੇ ਗਇਆ ਰਸਤੇ ਮਾਂਝ, ਕੜਾਹ ਲਗਾ ਖੋਲ੍ਹਕੇ ਦੇਖਣ। ਉਸਕੋ ਪੋਟ੩ ਬਾਂਧਕੇ ਦਈ ਥੀ।

ਜਾਂ ਵੇਖੈ ਸਿੱਖ ਖੁਲ੍ਹਾਇਕੈ ਜੋ ਕੜਾਹ ਸੋ ਮਾਸੁ।
ਦੇਖਤ ਹੀ ਲੱਜਾ ਕਰੀ। ਧਰੀ ਬਾਂਧ ਗੰਠ ਤਾਸ।੧।
ਪਿਤਾ ਆਪਣੇ ਪਰ ਖਿਝਾ ਭਲਾ ਬਤਾਇਆ ਦੇਵ।
ਮਾਸ ਖਾਇ ਤੇ ਧਰਮੁ ਜਾਇ ਕਿਆ ਕੀਨਾ ਸਤਿ ਸੇਵ।੨।
ਵਣਜ ਕਰਾ ਤਹਾਂ ਪੰਥ ਮੈਂ ਘਰਿ ਮੈਂ ਜਾਤੀ ਬੇਰ।
ਏਕੁ ਹਜ਼ਾਰ ਕੇ ਨਗ ਲੀਏ ਪੰਨੇ ਮੋਤੀ ਹੇਰ।੩।
ਜਾਇ ਪਹੁੰਚਾ ਨਗਰ ਢਿਗੁ ਪਾਲੀ੪ ਵੇਚੇ ਰਤਨ।
ਤੀਨ ਹਜ਼ਾਰ ਕੀ ਜਮ੍ਹਾ ਕਰਿ ਪਿਤਾ ਦਿਖਾਈ ਜਤਨ।੪।
ਮਿਲਾ ਪਿਤਾ ਸਿਉਂ ਇਉਂ ਕਹਾ ਸੁਨੋ ਪਿਤਾ ਤੋ ਅਧੀਨ।
ਸਤਿਗੁਰੂ ਮੋਹਿ ਬਤਾਈਐ ਜਿਉਂ ਪਤਿਆਰਾ ਕੀਨ।੫।
ਦੀਨੀ ਭੇਟ ਕ੍ਰਿਪਾਲ ਕੀ ਲੇ ਲਗਾਵਤ ਸੀਸ।
ਖੁਲ੍ਹੀ ਗਾਂਠ ਤੋ ਮਾਸ ਤੇ ਸੂਛ ਕੜਾਹ ਥੀਈਸੁ।੬।

ਖਾਇਓ ਬਾਂਟਿਓ ਸੁਤ ਨਿਰਖ ਅਚਰਜ ਬਾਪ ਕਹਿ ਦੀਨੁ ।
ਮਾਸੁ ਦਿਖਾ ਊਹਾਂ ਨਵਾਂ ਪਕ ਇਹੁ ਕੈਸੇ ਬਿਧਿ ਚੀਨ ।੭।
ਪਿਤਾ ਧੁਨਕ ਸਿਰ ਇਉਂ ਕਹਾ ਸੁਨ ਸੁਤ ਪੂਰਨ ਸਾਚ ।
ਤੋਕੋ ਭੇਜਾ ਲਾਭ ਹਿਤ, ਤੂ ਲੇ ਆਇਆ ਕਾਚ ।੮।
ਭਲੀ ਨਾ ਕੀਨੀ ਸੁਤ ਕਹਿਯੋ ਦੇਖਾ ਪਰਚਾ ਨੈਨ ।
ਹੀਆ ਮਲਨ ਪ੍ਰਤੀਤਿ ਨਹਿ ਕਿਆ ਕਰੀਗੁ ਗੁਰੁ ਬੈਠ ।੯।
ਪਿਤਾ ਨਿਕਟਿ ਕਰਿ ਜੋਰ ਕੈ ਮਾਤਾ ਕਹਿਤ ਰਿਸਾਤ ।
ਮਾਤਾ ਪਿਤਾ ਸਮ ਸਾਚ ਗੁਰ ਸੁਨੀਓ ਬੈਨ ਸੁਹਾਤ ।੧੦।
ਮੇਰੀ ਖੁਸ਼ੀ ਨ ਕਛੁ ਭਈ ਜੋ ਚਾਹੋ ਸੋ ਹੋਇ ।
ਭੇਟ ਫਿਰੀ ਮਗ ਬਚਨ ਭਾਇ ਬੇਚ ਬਿਹਾਜਾ ਸੋਇ ।੧੧।
ਤੀਨ ਹਜ਼ਾਰ ਤੇ ਸਭ ਸਰੈ ਬਚਨ ਨ ਆਵੈ ਕਾਮੁ ।
ਤੁਮ ਭੋਲੇ ਮਮ ਕੋ ਪੱਕਾ ਮੇਰੀ ਬੁਧਿ ਸੁ ਰਾਮ ।੧੨।
ਪਿਤਾ ਕਹਯੋ ਸੁਣ ਪੁਤ੍ਰ ਤੂੰ ਸਤਿਗੁਰੂ ਪੂਰਨ ਮੋਹਿ ।
ਤੇਰੀ ਬੁਧਿ ਉਤਾਵਲੀ ਮਤਿ ਗੁਰੁ ਨਿੰਦਾ ਹੋਹਿ ।੧੩।
ਹਮ ਤੁਮ ਸਤਿਗੁਰ ਚਰਨ ਲਗ ਤੂੰ ਪਾਵੈਂ ਬਿਸਰਾਮ ।੧੪।
ਧਨੁ ਝੂਠਾ ਇਹੁ ਜਾਨੀਓ ਮਤਿ ਲੋਭੀ ਤੂੰ ਹੋਇ ।
ਚਾਰੁ ਦਿਵਸੁ ਜੀਵਨੁ ਬਨਾ ਕਹਿਆ ਮੋਰ ਸਮੋਇ ।੧੫।
ਪੁਤ੍ਰ ਨ ਬੋਲਾ ਭਾਵ ਨਹਿ ਮਨ ਮੈਂ ਠਹਿਰਨ ਨਾਹਿ।
ਬਣੀਆ ਤੂਸ਼ਨੀ ਹੋ ਰਹਿਆ ਆਪਤਿ ਬੂਝੀਆਹਿ ।੧੬।
ਸੋਚਾ ਅਧਿਕ ਤਬ ਬਾਣੀਆ ਘਰਨੀ ਜੁਤ ਬਿਖਲਾਇ ।
ਪੁਤ੍ਰ ਲਗਾ ਉਠ ਵਣਜ ਕੋ ਦਿਨ ਦਿਨ ਬਢਤੀ ਮਾਇ ।੧੭।
ਦਸ ਹਜ਼ਾਰ ਕਮਾਇਕੈ ਫੂਲਾ ਮਨ ਅਭਿਮਾਨ ।
ਲਗਾ ਖੀਨ ਧਨ ਹੋਨ ਤਬ ਪਰਾ ਪਿਤਾ ਪਗ ਆਨ ।੧੮।
ਸੰਗ ਲੀਏ ਘਰਿ ਲੋਗੁ ਸਭਿ ਆਯਾ ਸਤਿਗੁਰੁ ਸਰਨੁ ।
ਮਾਰਗ ਪ੍ਰਭ ਕੋ ਸਿਮਰ ਕੈ ਆਇਆ ਭੈ ਧਰਿ ਚਰਨ ।੧੯।

ਧਿਆਨ ਸਿੰਘ ਮਾਜਰੀਏ ਦੇ ਘਰ ਆਇਆ ਪੁਤ੍ਰ ਸਣੈ ਬਿਸੰਭਰੁ ਦਾਸ ਮਿਲਾ । ਬਡੀ ਭਗਤੀ ਕਰੀ । ਪ੍ਰਸਾਦਿ ਕਰਕੈ ਰਾਤ ਨੂੰ ਗੁਰ-ਚਰਚਾ ਚਲਾਈ :

ਬਾਣੀਆ, ਬੋਲਿਆ, ਧਿਆਨ ਸਿੰਘ ! ਤੂੰ ਮੇਰਾ ਗੁਰ-ਭ੍ਰਾਤ ।
ਲੀਨਾ ਬਚਨੁ ਮਮੁ ਪੁਤਰ ਤੇ ਘਰਿ ਹੂਆ ਵਿਖਿਆਤ ।੨੦।
ਅਬ ਮੇਰੀ ਗਤਿ ਕਿਉਂ ਹੋਵੈ ਸਤਿਗੁਰੁ ਹੋਇ ਦਿਆਲੁ ।
ਸੋ ਉਪਾਵ ਸਵ ਹਾਥ ਮਿਤ ਮੋ ਪਰਿ ਹੋਹੁ ਖੁਸ਼ਾਲੁ ।੨੧।

ਹੋਈ ਪ੍ਰਾਤ ਸਬ ਸੰਗਿ ਮਿਲਿ ਚਲੇ ਮਿਲਨੁ ਗੁਰ ਸਰਨ ।
ਚਰਨ ਲਗੇ ਸਤਿਗੁਰ ਹਸੇ ਕ੍ਰਿਪਾਵਾਨੁ ਦੁਖ ਹਰਨੁ ।੨੨।
ਉਤਰੇ ਭੋਜਨ ਭਾਇ ਸੁਖ ਰਹਤ ਭਏ ਦਿਨੁ ਤੀਨ ।
ਪੁਤ੍ਰ ਸੰਗ ਕਰਿ ਜੋਰਿ ਸਿੱਖ ਬਖਸ਼ਾਵੈ ਸੁਤ ਭੀਨ ।੨੩।
ਬੀਜ ਭਲਾ ਪੂਰਨ ਪ੍ਰਭੂ ਬ੍ਰਿਖ ਡਾਲ ਨਹੀਂ ਸੂਧ ।
ਕ੍ਰਿਪਾ ਹੋਇ ਸੂਧਾ ਕਰੋ ਕਾਮੀ ਕ੍ਰਿਪਣ ਹਮ ਮੂਢ ।੨੪।
ਹਸਿ ਬੋਲੇ ਜੀਵਨ ਗਤੀ ਦੇਖਣ ਪੁਰਖ ਅਲੇਖ ।
ਗੁਰ ਨਾਨਕ ਤੁਮਰੇ ਗਏ ਸਿੱਧਨ ਮਿਲ ਕਰਿ ਭੇਖ ।੨੫।
ਨਾਨੂੰ ਤੁਮਰਾ ਪਿਤਾ ਪਿਤ, ਭਲੀ ਕਮਾਈ ਕੀਨੁ ।
ਤਬ ਪੂਛਾ ਜਬ ਗੁਰ ਚਲੇ ਪੂਛਿਆ ਚਾਹੋ ਈਨੁ ।੨੬।
ਹਸਿ ਬੋਲੇ ਸਤਿਗੁਰ ਪ੍ਰਭੂ ਦਸਵਾਂ ਹਮਰਾ ਦੇਹ ।
ਤੁਮ ਪਲਟੋਗੇ ਦੇਹ ਕੋ ਤੌਂ ਪੂਛੋ ਸੰਦੇਹ ।੨੭।
ਪੂਤ ਪਿਆਰੇ ਬਚਨੁ ਧਨ ਧਰਾ ਅਮਾਨੀ ਤੋਰ ।
ਨਾਨੋ ਤੁਮ ਹਮੁ ਗੁਰੂ ਤੋਹਿ ਮਿਲੇ ਮਿਲਹੁ ਬਚ ਮੋਰ ।੨੮।
ਹਮਰਾ ਭਾਣਾ ਮਿਲਨ ਕਾ ਤੇਰਾ ਪੁੱਤਰ ਬਿਦੋਖ ।
ਹਿਰਦੈ ਪ੍ਰੇਰਾ ਤਬ ਹਮੈ ਅਬ ਪੂਛਹੁ ਬਹੁ ਘੋਖ ।੨੯।
ਤਬ ਮਮ ਸੁਣਤੇ ਸਿੱਖ ਨੈ ਪੂਛਾ ਬਚਨੁ ਬਿਸਾਲ ।
ਧਿਆਨ ਸਿੰਘ ਕੀ ਵਣਜ ਗਤਿ ਭਈ ਸੰਪਦਾ ਸਾਲ ।੩੦।
ਧਨ ਪਾਇਆ ਭੂਮੀ ਗਡਾ ਆਇ ਪੂਛਿਆ ਮੋਹ ।
ਬਚਨ ਲੀਆ ਬਣੀਏ ਦੀਆ, ਤੁਮਰੀ ਵਸਤੁ ਹੈ ਸੋਹੁ ।੩੧।
ਤੁਮਰਾ ਸਿਦਕ ਤਬ ਹਮੁ ਕਹਾ ਖਾਵੋ ਖਰਚ ਆਪ ਰੇਲੁ ।
ਜਹਾਂ ਨੇਤੁ ਤਹਾਂ ਮੇਘਲਾ ਗਰਜਤ ਨਭ ਮਗ ਕੇਲ ।੩੨।
ਸੋ ਤੂ ਪ੍ਰੇਮੀ ਏਕ ਸਮ ਪੁਤਰ ਬਾਣੀਆ ਜਾਤ ।
ਅਬਿ ਸੇਵਾ ਕੀ ਭਾਵਨਾ ਸਤਿਗੁਰ ਕਰਹੀ ਪ੍ਰਾਤ ।੩੩।
ਪੂਛ ਸਿੱਖ ਕਿਆ ਚਾਹੀਏ ਤੂੰ ਨਿਰਮਲੁ ਹਮ ਪਾਦ ।
ਦੱਛਣ ਦਿਸ਼ ਐਸਾ ਤੂੰ ਹੀ ਅਵਰਿ ਨ ਦੂਜਾ ਯਾਦ ।੩੪।
ਬਿਸ਼ੰਭਰ ਪੂਛਾ ਹੇਤ ਕਰਿ ਘਰਿ ਦਰਿਦ੍ਰ ਹੋਇ ਦੂਰ ।
ਪੀਛੇ ਤੇ ਪ੍ਰਭ ਜੀ ਪੂਛੋ ਮਮਤਾ ਕਰਹੋ ਚੂਰੁ ।੩੫।
ਤਬ ਸਤਿਗੁਰੁ ਹਸਕੈ ਕਹਾ ਘਰਿ ਜਾਇਐ ਜਾਂ ਸਿੱਖ ।
ਕਰ ਕੜਾਹ ਪ੍ਰਸਾਦਿ ਕੌ ਪੜ੍ਹਿ ਅਨੰਦ ਤੈ ਲਿਖ ।੩੬।
ਢਕੈ ਕੜਾਹਾ ਜਪੁ ਪੜ੍ਹੈ ਸਿਖਨ ਪਾਂਚਨ ਦੇਇ ।

ਪੰਚ ਗੁਰੁ ਕੇ ਭਾਗ ਦੇ ਕਰਿ ਅਰਦਾਸਿ ਕਾ ਭੇਇ ।੩੭।
ਅਰਦਾਸਿ ਰਹਿਤ ਜੋ ਜਾਨੀਏ ਕਿਆ ਕਰਹੈ ਤਬ ਮੰਤ ।
ਜਪੁ ਪ੍ਰਯੋਗ ਅਰ ਸਿੱਧਤਾ ਸਭ ਅਰਦਾਸ ਸਿਧ ਸੰਤ ।੩੮।
ਸਿੱਖ ਵਣਜੁ ਕਰੁ ਧਰਮ ਕਾ ਸਤਿਗੁਰ ਦੇਵੈ ਲਾਭ ।
ਬੋਲੁ ਬੁਲਾਵੈਂ ਸੰਗਤੀਂ, ਦੇ ਕੜਾਹ ਕੀ ਸਾਭ ।੩੯।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੭੪।

## ੭੫

ਤਾਂ ਬੋਲਾ ਸਿੱਖ ਗੁਰੂ ਜੀ ਦੇਸ ਹਮਾਰਾ ਕਠਿਨ ।੧।
ਸਭਅਰਦਾਸ ਕਾ ਭੇਦ ਕਹਿ ਜਿਉਂ ਸਿਖਨ ਸੁਖ ਸਦਨ[੧] ।੨।
ਸਤਿਗੁਰ ਬੋਲੇ ਸਿੱਖ ਸੁਨ, ਕਰੋ ਕੜਾਹ ਪ੍ਰਸਾਦਿ ।੩।
ਨਾ ਹੋ ਆਵੈ ਸਿੱਖ ਤੈ ਗੁੜ ਦਾਣਾ ਫਲ ਆਦਿ ।੪।
ਸੁਚ ਪਵਿਤ੍ਰ ਸੁਭ ਦਿਵਸੁ ਮੈਂ ਸੰਤ ਸਾਧ ਮੁਖ ਜਾਪ ।੫।
ਨਾਮ ਪ੍ਰਤਾਪ ਤੇ ਕਾਜ ਸਰ ਸੁਣਿ ਅਰਦਾਸ ਕਲਾਪ ।੬।
ਧਰਮੁ ਬੀਜ ਅਖੰਡ ਬ੍ਰਿਧ ਸਫਲੁ ਪੂਜ ਇਤ ਤੀਨ ।੭।
ਕਸ਼ਟੁ ਹਾਰ ਬੇਲੀ ਫਲੈ ਗੁਰ ਪੂਜਕ ਸਿਧ ਸੀਨ ।੮।
ਆਠੇ ਭੇਜੇ ਪੀਨ ਭੁਗ ਵਸਤ੍ਰ ਮੈਂ ਗੁਸ਼ੇਸ਼ ਦੀਨ ।੯।
ਖਵਾਵੈ ਬਾਲਕ ਤੁਸ਼ਟਿ ਪੁਸ਼ਟਿ ਦਸਵੀਂ ਕਰ ਅਰਦਾਸ ।੧੦।
ਤੀਨ ਗਰਭ ਕੀ ਪ੍ਰਸੂਤਕੀ ਦਰਸ਼ਨ ਗੁਰ ਘਰਿ ਰਾਸ ।੧੧।
ਬੈਠਨ ਮੈਂ ਪ੍ਰਸਾਦਿ ਮੈਂ ਪਹਰਨਿ ਮੈਂ ਹੋਇ ਰੋਗੁ ।੧੨।
ਖੇਲਨ ਮੈਂ ਜੀਵ ਮੇਲ ਕਹਿ ਸ਼ਿਖਰ ਮੈਂ ਕਹੀਐ ਅਰੋਗ ।੧੩।
ਪੜ੍ਹੋ ਤੋ ਰਸਨਾ ਚੇਤ ਗੁਰ ਪਾਹੁਲ ਮੈਂ ਗੁਰ ਘਰਿ ਮੇਲ ।੧੪।
ਦੁਸਟਿ ਭਾਜੈ ਸਿੱਖ ਗਾਜੈ ਪੰਦ੍ਰਵੀਂ ਸ਼ਸਤ੍ਰ ਧਾਰ ਸੇਲ ।੧੫।
ਬਾਜ਼ੀ ਪੀਠ ਸਿੰਘ ਅਚਲ ਮੇਲੁ ।੧੬।
ਮ੍ਰਿਗ ਦੁਸ਼ਟ ਮੇਲ ਹੁਇ ਸ਼ਸਤ੍ਰ ਪੇਲ ।੧੭।
ਤਵ ਪ੍ਰਸਾਦ ਦੁਖ ਦੂਰ ਸੁਖ ਆਦਿ ।੧੮।
ਆਗ ਕਾ ਸੰਜੋਗ, ਵਧੈ ਕਾਯਾ, ਘਟੈ ਸੋਗ ।੧੯।
ਮਿਲੈ ਮੰਤ, ਸਤਿਗੁਰ ਮਹੰਤ ।੨੦।

ਹੁਇ ਕਾਜ ਪੂਰ, ਸਤਿਗੁਰ ਹਜ਼ੂਰ ।੨੧।
ਗੁਰ ਮੇਲੀ ਦਾਸੀ, ਪਾਈਏ ਸੁਖ ਪ੍ਰਗਾਸੀ ।੨੨।
ਰਾਖਾ ਮੇਰਾ ਸਿਦਕ, ਪੂਰੀ ਗੁਰ ਭਗਤਿ ।੨੩।
ਚੋਰੀ ਕਾ ਅੰਧਾ, ਗੁਰੂ ਰਾਖੇ ਘਰਿ ਧੰਧਾ ।੨੪।
ਰਾਜਾ ਕਾ ਮਿਲਾਪ, ਸਹਾਈ ਗੁਰ ਆਪ ।੨੫।
ਸਤਿਗੁਰ ਪਾਵੈ ਮੇਘਠ ਦੁਰਭਿਖ ਵੇਮੁਖ ਗਹੀ ਨ ਮੇਖ ।੨੬।
ਧਰਮ ਕਾ ਡੰਡ, ਤਨਖਾਹੀ ਬਖਸ਼ੀਆ ਦੂਖਨ ਬਿਹੰਡ ।੨੭।
ਮਾਰਗ ਕੀ ਭੂਲ, ਬਖਸ਼ਾ ਗੁਰੂ ਚਲੂਲ ।੨੮।
ਚੂਕ ਸਬ ਜਾਇ, ਪਿਤ੍ਰਨ ਸੁਖ ਭਾਇ ।੨੯।
ਮਨ ਸ਼ੇਰ ਵੇਸ, ਸਤਿਗੁਰ ਬਖਸ਼ ।੩੦।
ਕਹੀ ਗੁਰੂ ਅਰਦਾਸੁ ਤੀਸੁ, ਸੁਨੈ ਸਿੱਖ ਚਿਤ ਲਾਇ ।
ਦਖੂ ਭੂਖ ਸਗਰੀ ਟਰੈ ਸਤਿਗੁਰੁ ਪੂਰੀ ਪਾਇ ।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੭੫।

## ੭੬

ਕਹੈ ਸਿੱਖ 'ਚਰਨੀ ਲਗਾ' ਸਤਿਗੁਰ ਕਹੈਂ ਹੁਲਸਾਇ :
'ਜੋੜੀ ਅਚਲ ਬਰ ਨਾਰਿ ਕੀ' ਕਹੂੰ ਸਿੱਖ ਸਮਝਾਇ ।੩੧।
ਹੀਲੈ ਨਾਸੈ ਬੇਹਾਲ ਬਨੈ ਅੰਨ ਪਥ ਪਚ ਜਾਇ ।੩੨।
ਦੁਸ਼ਟ ਖਪੈ ਸਾਇਆ ਭਗੈ ਪਰੈ ਸ਼ਹੀਦੀ ਧਾਇ ।੩੩।
ਸੋਵੈ ਚੌਤੀਸੁ ਖਾਧੀ ਸੁ ਇਹੁ ਅਰਦਾਸ ਕਰਿ ਲੇਇ ।
ਪੈਂਤੀ ਗੁਰ ਪਸਾਰਾ ਕਰੈ ਵਧੈ ਪਸ਼ੂ ਕੀ ਵੇਇ ।
ਛੱਤੀ ਅਰਦਾਸ ਹੋਇ ਭਾਵਨਾ ਅੰਤ੍ਰ ਭਾਵ ਫਲਦਾਇਕੇਸ ।
ਸੈਂਤੀ ਵੇਲ ਬਾਗ ਫਲੈ, ਅਫਲ ਸਫਲੁ ਵਹਿ ਸ਼ੇਸ਼ ।
ਅਠੱਤੀ ਮਨਮੁਖੈ ਉਠ ਸਨਮੁਖ ਝੁਕੈ ਨਵ ਗੇਹ ਅਰੰਭ ।
ਪ੍ਰਵੇਸ਼ ਉਣਤਾਲੀ ਅਚਲੁ ਸਿੰਘ ਵਸਤੁ ਅਸੰਭ ।
ਖੇਡੀ ਚਾਲੀ, ਮਾਤਾ ਕੇ ਅਮਾਨ ਵਾਧੇ ਕਾ ਅਸਾਨ ।
ਇਕਤਾਲੀ ਕੂਆ ਅਖੰਡ ਬ੍ਰਹਮੰਡ ।
ਬੈਆਲੀ ਵੰਡੇ ਰਿਧ ਬ੍ਰਿਧ ਸਤਿਗੁਰ ਸਿਧ ।

ਤ੍ਰਿਤਾਲੀ ਸਤਿਗੁਰ ਟੇਕ ਰਾਖ, ਦਿਖਾਵੈ ਸਿਦਕ ਸਾਖ।
ਚੌਂਤਾਲੀ ਗੁਪਤ ਕਾਮ ਅੰਤ੍ਰਜਾਮੀ ਸਫਲੁ ਜਾਨੁ।
ਪੈਂਤਾਲੀ ਘਰਿ ਬਾਰ ਈਤ ਊਤ ਜ਼ਾਹਿਰ ਪ੍ਰਦੇਸ ਜਾਵੈ।
ਛਿਆਲੀ ਘਰਿ ਫੂਟ ਮੈ ਘਰਿ ਸਲ ਬਿਹਾਲੁ ਭਗਤ ਪ੍ਰਿਤਪਾਲ।
ਸੈਂਤਾਲੀ ਖਜ਼ਾਨੇ ਆਕਰਖੁ ਟੇਕ ਰਾਖਾ ਤੂੰ ਏਕ।
ਅਠਤਾਲੀ ਰੋਗ ਜੁਰੇ। ਸਤਿਗੁਰ ਸ਼ਾਂਤ, ਸਿੱਖ ਕੋ ਆਨਾ ਰਾਤ।
ਊਨੰਜਵੈ ਅਰਦਾਸ ਮਿਲੈ ਵਿਛਰੇ ਕੋ।
ਆਵੈ ਗਰੂ ਜ਼ਾਲਮ, ਜਾਨੇ ਜਗ ਆਲਮੁ।੪੯।
ਪੰਚਾਸਵੈ ਛਲਿਕ ਸ਼ਾਦੀ ਕੀ ਖੁਲ੍ਹਾ ਦਰਬਾਰ ਇਛਾ ਬਿਹਾਰੁ।੫੦।
ਬਾਜ਼ ਜੰਗ ਗੁਰ ਬਖਸ਼ੀ ਅਸੰਗ।੫੧।
ਗੁਰ ਦੀਨਾ ਗਣੇਸ। ਸੁਫਲ ਕਾਮ ਮਾਨੈ ਆਦੇਸ।੫੨।
ਤ੍ਰੇਪਨਿ ਰਿਤੂ ਥੰਭੈ ਮੈਂ ਦਰੀਆਉ।
ਥੰਭ ਪ੍ਰਵਾਹ ਮਨੁ ਅਸਾਹੁ।੫੩।
ਅਸੁਨੀ ਕੁਮਾਰ ਹਿਰਦਾ ਸੁਖ ਸਾਰ।੫੪।
ਵਿਆਹ ਕੀ ਕਿਰਤ ਮੈਂ। ਅਰੰਭ ਤਵ ਕ੍ਰਿਪਾਲ ਸਿੱਖ ਕੋ ਨਿਹਾਲ।੫੫।
ਬੰਧਨ ਮੈਂ ਅੰਧ ਹੂਆ, ਵਿਰੋਧ ਸਿੱਖ ਕੋ ਸੋਧ।੫੬।
ਮੋਹਨੀ ਮੈਂ ਦੇਖਤ ਖੁਸਾਲੁ, ਸਿੱਖ ਕਾਰਜੁ ਸਮਾਲੁ।੫੭।
ਕੀਰਤਨੁ ਸਤਿਗੁਰੋਂ ਕਾ ਉਚਾਰ, ਨਾਮ ਫਲੁ ਸੁਣ ਹੋ ਅਧਾਰ।੫੮।
ਬਿਘਨ ਹਟਾਵੈ ਸ਼ਹੀਦ ਸਿੰਘ ਉਮਡ। ਵਿਰੋਧੀ ਰੁਕੈ ਵਿਹੰਡ੧।੫੯।
ਸਾਧ ਮਿਲਨ ਮੈਂ ਮਨ ਹੋਵੈ ਅਧੀਨ। ਸੰਤ ਮੇਲ ਫਲ ਪੀਨ।੬੦।
ਸਾਠ ਅਰਦਾਸਾਂ ਮੰਗਲੀ, ਦੀਨੀ ਬਿਸੰਭਰ ਸਿੱਖ।
ਤੇਰਾ ਭਾਵ ਜੈਸਾ ਫਲਾ, ਐਸਾ ਸਿੱਖ ਨ ਦਿਖ।
ਸਾਖੀ ਪੂਰੀ ਹੋਈ। ਬੋਲਹੁ ਭਾਈ ਜੀ ਵਾਹਿਗੁਰੂ।੭੬।

੭੭

੬੧ ਇਕਸਠੇ ਮਨ ਸਾਲ੧ ਹੁਇ ਮੇਰਾ। ਤੁਮ ਰਾਖੋ ਜਗ ਝੇਰਾ।
੬੨ ਬਾਂਸਠੇ ਗੁਰ ਪਦ ਬਿਸ੍ਰਾਂਮ। ਠਹਿਰੈ ਮਮ ਧਿਆਨੁ।
੬੩ ਤ੍ਰੈਸਠੇ ਤਰੁਣ ਕੀ ਤਰਨਾਇ੨।
੬੪ ਚਾਕਰ ਧਾਰਨੇ ਮਨ ਮੈਣ ਪੂਰਾ ਦਿਨ ਰੈਣ।
੬੫ ਅਮਾਨ ਸਚਾਇ ਸਤਿਗੁਰੁ ਸਹਾਇ।
੬੬ ਅਮਲ ਸੁਲਦਾਇ ਤਨ ਸੁਖ ਛਾਇ।

੬੭ ਮੋਹਰਿ ਗੁਰੂ ਕਰੇ ਸੇ ਠਹਿਰ ਮੋਦੀਖਾਨੇ ।
੬੮ ਮੁਲਖ ਮਾਲਕੁ ਸੁਖ ਕਾ ਤਾਲਕੁ ਦਿਵਾਨ ਮੈਂ ।
੬੯ ਸਿਦਕ ਸਾਬਤ ਭਾਵ ਆਗਤਿ ਧਿਆਨ ਮੈਂ ।
੭੦ ਅਗਨਿ ਸੂਰ ਵਪੁ ਮੋਰਾ, ਪੁਰਸ਼ਤਵ ਲੜਾਈ ਮੈਂ ।
੭੧ ਸੁਖ ਸਾਠ ਦਿਨ ਰੈਣ ਆਠ ਨਿਤ ਨਮੈ ।
੭੨ ਪਾਲੋਂ ਕੀ ਪਾਲ ਸਿੱਖ ਸਦਾ ਸੁਖਾਲ ।
੭੩ ਪਾਪ ਪੇ ਤਰਕ ਤੇਲ ਪੀੜਨ ਮੈਂ ।
੭੪ ਬਰਨ ਕਾ ਆਗਮ ਅਤੁਲ ਜਲ ਰਾਗਮ ।
੭੫ ਸਿਰ ਮੁਕਟਿ ਕੀ ਲਾਜ ਬਿਰਦ ਤਵ ਸਾਲ ।
ਸਿੱਖ ਸਖਾ ਸੁਤ ਸਿੱਖ ਸਮ ਸਿੱਖ ਹਮਾਰਾ ਧਿਆਨ ।
ਸੇਵੈ ਸਿੱਖ ਨਿਜ ਰੂਪ ਕੌ ਸਿੱਖ ਸੁਖਾਂ ਕੀ ਖਾਨ ।
ਸੁਨੋ ਬਿਸੰਭਰ ਕੌਡੀਆਂ ਨਿਤ ਗੁਰੂ ਹਿਤ ਪਾਂਚ ।
ਧਨੁ ਹੋਵੈ ਬਖਸ਼ਸਿ ਸਕਲ ਸੁਖੁ ਸੰਪਦਿ ਰਤਿ ਰਾਚ ।
ਮੇਰੋ ਸਿਖਯਾ ਜਾਨ ਕੈ ਨਰ ਨਾਰੀ ਹੀਇ ਚੇਤਿ ।
ਬਾਣੀ ਗੁਰ ਸੁਰ ਕੀ ਰਹਿਤ, ਰਹਿਨੀ ਰਹੋ ਸੁਚੇਤ ।
ਜਾਮ ਨ੍ਹਾਈਏ ਨਾਮੁ ਧਿਆਈਏ ਘਰਿ ਕੀ ਕੀਜੈ ਕਾਰ ।
ਥੋੜਾ ਬੋਲ ਸਾਚ ਰੋਲ ਇਕ ਮਨਿ ਸੰਕਟ ਹਾਰ ।
ਮਨ ਕਾ ਮਾਰਨ ਸੁਗਮ ਹੈ, ਤਨ ਕੋ ਬਾਂਧੋ ਆਦਿ ।
ਸੁਧ ਬਿਹਾਰੀ ਕਾਰ ਗੁਰ ਦੇਖੁ ਛੋਡੀਏ ਬਾਦਿ ।
ਮਾਲ ਲਾਲ ਅਰੁ ਸਾਲ ਮੈਂ ਲਾਖ ਚਾਲਵਾ ਚਾਲ ।
ਸਿਦਕ ਗੁਰੂ ਕਾ ਐਨਿ ਢਿਗ ਇਹੀ ਸਿੱਖ ਕਾ ਸਵਾਲ ।
ਐਂਡਾ ਕੈਂਡਾ ਬੈਨੜਾ ਕੰਨਿਆ ਬੁਰਾ ਮਨਾਇ ।
ਬੇਮੁਖ ਇਨ ਸੌਂ ਬਚ ਰਹੋ ਫੂਲੈ ਸੰਪਦ ਆਇ ।
ਨਾਰੀ ਕੀ ਮਾਨੈ ਨਹੀਂ ਬਾਲ ਨ ਕਰਨਾ ਮੀਤ ।
ਡੋਲੇ ਨਹਿ ਮਨਿ ਜੁੱਧ ਮੈਂ ਨਿਰਦੁਖ ਕਰਨੀ ਰੀਤ ।
ਸਿੱਖ ਕੀਆ ਤਬ ਹਰਿਗੁਪਾਲ ਚਰਨ ਪਾਹਿਲੀ ਦੇਇ ।
ਸਤਿਗੁਰ ਪੂਰਨ ਵਾਕ ਸੁਣਿ, ਸਿੱਖ ਕਹੈਗਾ ਸੇਇ ।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੭੭।

ਜੇ ਨ ਸਿੱਖ ਬਾਹਲ ਹੁਇ ਹ੍ਹੈ ਨਾ ਸਿਦਕੀ ਮੇਲ ।
ਕੈਸੇ ਪਾਹਿਲ ਚਰਨ ਕੀ ਸਿੱਖ ਬਤਾਵਹੁ ਖੇਲ ।੧।
ਸਤਿਗੁਰ ਬੋਲਿ ਸੁਨਾਇਆ ਸੁਨੋ ਬਿਸੰਭਰ ਰੀਤਿ ।
ਬਚਨ ਬਿਸ਼ਵਾਸੀ ਹੋਵਨਾ ਮੋ ਪਦ ਰਾਖੋ ਪ੍ਰੀਤ ।੨।
ਦਸ ਅਵਤਾਰ ਗੁਰ ਏਕ ਸਮ ਇਉਂ ਜਾਨੈ ਜਿਉਂ ਮੇਰੁ ।
ਏਕਾਦਸ ਗੁਰ ਗ੍ਰੰਥ ਜੀ ਬਾਣੀ ਸਤਿਗੁਰ ਹੇਰ ।੩।
ਧੋਇ ਰੁਮਾਲ ਤਬ ਗੁਰੂ ਗ੍ਰੰਥ ਪਾਹਿਲ ਲੇਵੈ ਦੇਇ ।
ਸਿਦਕ ਸਮਾਲੈ ਕਰ ਕੜਾਹ ਬਾਂਟਿ ਅਥਿਤੀ ਲੇਇ ।੪।
ਨਾਮੁ ਧਰੈ ਸਤਿਗੁਰ ਕਹੈ ਤੁਕ ਗਿਆਰਵੇਂ[1] ਮਾਨ ।
ਪੁਤ੍ਰ ਸਿਰੋ ਅੱਖਰ ਧਰੇ ਪੁਨਿ ਪੁਨਿ ਧਰੋ ਸੁਜਾਨ ।੫।
ਆਸ ਗੁਰੂ ਕੀ ਮੰਤ੍ਰ ਸਿੱਖ ਕਾਜ ਸੰਸਾਰੀ ਕੀਨ ।
ਬੋਲ ਗਰੀਬੀ ਸਿੱਖ ਕਰਿ ਕੰਨਿਆ ਦੇਇ ਮਸਕੀਨ ।੬।
ਜਗ ਛੋਡੈ ਖੰਡੇ ਚਰਨ ਪਾਹਿਲ ਸਿੱਖਾਂ ਸਾਰ ।
ਪਾਹਿਲ ਖੰਡੇ ਹੋਇ ਜਿੰਹ ਚਰਨ ਨ ਪਾਹਿਲ ਧਾਰ ।੭।
ਚਰਨ ਪਾਹਿਲੀ ਖੰਡੇ ਦੀਏ ਸਿੱਖ ਕਾ ਨਾਤਾ ਮਾਨ ।
ਜਹਾਂ ਨ ਹੋਵੈ ਤਹਾਂ ਕਰ ਹੁਵੈ ਤੋ ਅਪਨੀ ਸ਼ਾਨ ।੮।
ਉਸ਼ਟ ਦੰਤ[2] ਮੈਂ ਭੇਦ ਨਹਿ ਭੇਦ ਨ ਪਿਤਾ ਅਰ ਸੁਵਨ ।੩।
ਤਿਉਂ ਸਿਖਿਆ ਕੀ ਏਕਤਾ ਪਾਹੁਲ ਭੇਦ ਨ ਤਵਨ ।੯।
ਬਡੋ ਲਘੂ ਕੋ ਭੇਦ ਨਹਿ ਸਿਖਿਆ ਲੇਵੈ ਸਿੱਖ ।
ਬਰਨ ਜਾਤਿ ਕੋ ਦੂਰ ਧਰ ਐਸਾ ਸਿੱਖ ਸੁ ਲੱਖ ।੧੦।
ਦੇਵੈ ਲੇਵੈ ਪ੍ਰੀਤਿ ਕਰਿ ਕਰਿ ਖਾਵੈ ਕਰਜ਼ ਦਿਵਾਇ ।
ਸਿੱਖੀ ਪਦ ਜੇ ਦਗਾ ਕਰ ਠੌਰ ਨ ਕਤਹੂੰ ਪਾਇ ।੧੧।
ਨਾਮ ਕੀ ਪ੍ਰੀਤ ਨਾਮ ਜਪੁ ਨਾਮੁ ਰਮੈ ਵਿਚ ਪ੍ਰਾਣ ।
ਨਾਮ ਉਪਦੇਸੈ ਨਾਮੁ ਸੁਖੁ, ਸਖਾ ਸਾਚੁਲਾ ਨਾਮ ।੧੨।
ਜੀਵਨ ਜਾਂਕਾ ਧਰਮ ਹਿਤੁ ਚਲਨਾ ਗੁਰ ਕੀ ਰੀਤਿ ।
ਭੋਜਨ ਤਾਕਾ ਦੇਹ ਹਿਤ ਰਹੈ ਬੈਰਾਗੀ ਮੀਤ ।੧੩।
ਜਿਉਂ ਰਾਹੀ ਪਰਦੇਸ ਜਾਇ ਨਿਤ ਮਾਰਗ ਕੀ ਆਸ ।
ਤਿਉਂ ਆਤਮ ਹਿਤੁ ਆਚਰੈ੧ ਰਹੀਏ ਚਿਤ ਉਦਾਸ ।੧੪।

ਸੁਨੋ ਸਿੱਖ ! ਚਿਤ ਲਾਇਕੈ ਚਲਨੇ ਕੇਰੀ ਪ੍ਰੀਤਿ ।
ਮੋਹਿ ਤੋਹਿ ਸਭ ਚਲੈਂਗੈ ਚਲਨ ਕੀ ਇਹੁ ਰੀਤਿ ।੧੫।
ਇਹ ਬੈਰਾਗ ਹਿਤ ਕਹਣ ਹੈ ਨਾ ਆਵਨ ਨ ਜਾਇ ।
ਅਪਨੀ ਵਾਸ਼ਨਾ ਆਪ ਮੈਂ ਸਮ ਸੁਪਨੇ ਮਿਲੇ ਦਾਇ ।੧੬।
ਆਦਿ ਅੰਤਿ ਜਿਉਂ ਨੀਂਦ ਮੈ ਆਤਮ ਜਾਨੋ ਭਾਇੰ ।
ਇਹੀ ਜੋਗ ਕੀ ਰੀਤ ਹੈ ਸੋ ਤੁਹਿ ਕਹੀ ਬਨਾਇ ।੧੭।
ਪਾਂਚ ਅਰਦਾਸਾਂ ਜੋਗ ਕੀ ਸੋਹੰ ਹੰਸਾ ਹੇਤ ।
ਕੁੰਡਲੀ ਪ੍ਰਾਣ ਅਪਾਨ ਕੋ ਸਤਿਗੁਰ ਰਾਖੈ ਚੇਤ ।੧੮।
ਅਨਹਦਿ ਉਠੈ ਝੁਨਿਕਾਰ ਸਤਿਗੁਰ ਨਾਮੁ ਚਿਤਾਰ ।
ਗੁਹਯ ਧਿਆਨ ਗੁਰ ਖਿਆਨ ਕੋ ਚੌਥੀ੨ ਲੀਜੈ ਧਾਰ ।੧੯।
ਚਾਰ ਪਦਾਰਥ ਹਾਥ ਗੁਰ ਪੰਜਵੀਂ ਇਹ ਅਰਦਾਸ ।
ਪੂਰਨ ਪੂਰੀ ਪਾਇਗੋ ਛੇਵੀਂ ਛਦਮ ਪਰਕਾਸ਼ ।੨੦।
ਸੱਤਵੀਂ ਸਰਨੀ ਆਇ ਪਰ ਸਤਿਗੁਰੂ ਪੂਰੀ ਧਾਇ ।
ਅੱਠਵੀਂ ਮਾਲਾ ਛੋਰੀਏ ਸਤਿ ਸਵਾਸ ਧਿਆਇ ।੨੧।
ਨਾਵੀਂ ਨਿਤ ਗੁਰ ਸੇਵਨੇ ਨਰਕ ਨਿਵਾਰਨ ਜੋਗ ।
ਦਸਵੀਂ ਦਗਧ ਨ ਹੋਈਏ ਸ਼ਾਂਤਿ ਥੋਰ ਮੈਂ ਹੋਗੁ ।੨੨।
ਸਿੱਖਾ ! ਭਰਮ ਨ ਕੀਜੀਏ ਬੁਧਿ ਰਾਖੀਏ ਠੌਰ ।
ਰਾਖਾ ਸਤਿਗੁਰ ਸਿੱਖ ਕਾ ਜਿਉਂ ਅਚਾਰ ਹਿਤੁ ਤੌਰ ।੨੩।
ਬਾਲੀੜ ਬਿਹਾਇ ਗੁਰੂ ਢਿਗ ਤੇਰੇ ਗੁਰੂ ਨਿਬਾਹੁ ।
ਬਚਨ ਮਾਨ ਹਿਤ ਪੰਦ੍ਰਵੀਂ ਦੀਨਾ ਸਤਿਗੁਰ ਰਾਹੁ ।੨੪।
ਮਾਨ ਦੇਇ ਕੁਲ ਕੀ ਰਹੈ ਬਨੈ ਸਬੰਧੀ ਸੰਤ ।
ਬ੍ਰਿਤਿ ਨਿਭੈ ਥਿਤਿ ਸੁੱਧ, ਇਹੀ ਖ਼ੂਬ ਕਿਲਕੰਤ ।੨੫।
ਤੇਈਵੀਂ ਤਰਗਸ਼ ਗੁਰੂ ਕਾ ਚੌਵੀ ਕਟਾਰੀ ਸਿਧਿ ।
ਪੰਝੀਵੀਂ ਪਤਿ ਸਿਉਂ ਗੁਰੂ ਘਰ, ਛੱਬੀ ਗੁਰ ਢਿਗ ਬ੍ਰਿਧ ।੨੬।
ਏਕ ਸੌ ਅਰਦਾਸ ਕਰਿ ਸੌ ਬਰਸੀ ਕੇ ਦੋਖ ।
ਗੁਰੂ ਗਵਾਂਵੈ ਸਿੱਖ ਕੇ ਪਾਵੈ ਗੁਰ ਪਦ ਮੋਖ ।੨੭।
ਜਬ ਉਤਰੈ ਤਬ ਸਿੱਖ ਘਰਿ ਦਸਵੰਧੀ ਗਤਿ ਪਾਇ ।
ਸੋ ਅਰਦਾਸੀਆ ਜੋਗ ਹੈ ਤਾਂਕੈ ਪੂਜੇ ਪਾਇ ।੨੮।
ਸਿੱਖ ਸੁਖੀ ਸੁ ਹੋਇਗਾ ਸੌ ਅਰਦਾਸ ਕਰਾਇ ।
ਸਤਿਗੁਰ ਪਹਿ ਦਸਵੰਧ ਦੇ ਸਿੱਖੀ ਜੁਗਤਿ ਰਹਾਇ ।੨੯।

ਨਾਰੀ ਪਰਧਨ ਛੋਡਕੈ ਨਿਹਚਾ ਗੁਰ ਪਗ ਸਰਨ ।
ਬਾਣੀ ਸਤਿਗੁਰ ਕੀ ਪੜ੍ਹੈ ਕਾਟੈ ਜਨਮ ਅਰੁ ਮਰਨ ।੩੦।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੭੮।

## ੭੯

ਭੱਦਰ ਨਾਮ ਸਿੱਖ ਕਿਉਂ ਕਰੈ । ਮੂਏ ਬੰਧੁ ਕਿਉਂ ਰੋਦਨ ਧਰੈ ।
ਬੁਰੋ ਕਰਮ ਤੇ ਆਪ ਬਚਾਇ । ਸਗਲ ਕੁਟੰਬੁ ਸ਼ੁਭ ਮਾਰਗ ਪਾਇ ।੧।
ਫਲ ਨ ਬੇਚੀ ਅੰਨ ਬੈਪਾਰ । ਤ੍ਰਿਣ ਕਾਸਟਿ ਅਰਿ ਚਾਮ ਨਿਵਾਰ ।
ਕਰਜ਼ ਨ ਦੇਈ ਨੀਚ ਚੰਡਾਲ । ਵੇਸ਼ਵਾ ਨਾਰੀ ਰਿਨ ਨਾਹਿ ਸਾਲ ।੨।
ਕਾਹੂੰ ਸੌਂ ਝਗਰਾ ਨਹਿ ਮਾਂਡੋ । ਅਪਨੀ ਰਹਿਤ ਮੂਲ ਨਹਿ ਛਾਡੋ ।
ਦੁਰਜਨ ਸੇਤੀ ਪ੍ਰੀਤਿ ਨ ਕਰੋ । ਹਿਰਦੈ ਰੋਸ ਕਾਮ ਪਰਹਰੋ ।੩।
ਚੌਮਾਰਗ ਮੈਂ ਬੈਠੇ ਨਾਹਿ । ਟੂਟਾ ਬਾਸਨ ਮੰਜੀ ਲਾਹਿ ।
ਊਰਧ ਸਵਾਸ ਧੋਇ ਆਧਾ ਪਾਇ । ਦਾਂਤਨ ਸੋ ਨਖ ਦੇਤ ਰੇਤਾਇ ।੪।
ਖਾਵਤ ਬੇਰ ਹਸੈ ਬਕਬਾਦਿ । ਭੋਜਨ ਪੀਛੈ ਪੇਟ ਜੋ ਥਾਪਿ ।
ਰੋਵੈ ਹਸੈ ਨ ਕਬਹੂੰ ਗੁਰ ਆਗੈ । ਲਖਮੀ ਨਾਸ ਦਰਿੱਦ੍ਰ ਪਾਗੇ ।੫।
ਮਗ ਮਹਿ ਸੈਨ ਰਾਹਿ ਮੈਂ ਭੋਜ । ਮਲ ਮੂਤ੍ਰ ਨਹਿ ਮਗ ਮੈਂ ਰੋਜ਼ ।
ਗਾਇ ਬਿਪ੍ਰ ਕੋ ਪਾਂਇ ਨ ਛੁਵੈ । ਅੰਨ ਭੁਗਤਨ ਕੀ ਨਿੰਦ ਨ ਭੁਵੈ ।੬।
ਰਹੈ ਇਕਾਂਤਿ ਬੈਠ ਕਰਿ ਧਿਆਨਾ । ਹਿਰਦੈ ਗਨੈ ਨ ਚਿਤਵਨ ਨਾਨ੍ਹਾ ।
ਪਾਮਰ ਨਾਰੀ ਪਰ ਕੀ ਬੁਰੀ । ਰਾਜਦੂਤ ਕੀ ਮੈਤ੍ਰੀ ਛੁਰੀ ।੭।
ਸਕਲ ਰਾਤਿ ਜਾਗਤ ਨਹੀਂ ਰਹੈ । ਮੈਥੁਨ ਅਧਿਕ ਬੇਰ ਨਹਿ ਕਰਿਹੈ ।
ਸਿਥਲ ਦੂਤ ਅਨਭਿਆਸੀ ਸਿੱਖ । ਕਾਚਾ ਸੂਕਾ ਤਿਆਰੀ ਆਮਿਖ ।੮।
ਪਰ ਕੀ ਰਮਤੀ ਨਾਰੀ ਛੋਰ । ਜੌ ਅਪਨੀ ਇੰਦ੍ਰੀ ਹੈ ਠੌਰ ।
ਦੰਭ ਨਾਸਤਿ ਕੀ ਮਤਸਰਿ ਤਜੈ । ਅਸੂਆ[1] ਨਿੰਦਾ, ਚਿਤ ਨ ਭਜੈ ।੯।
ਖਗ ਤਰੁਵਰ[1] ਜਗ ਬਾਸ ਨਿਹਾਰੈ । ਰੈਨਿ ਦਿਨਾ ਨਿਜ ਤਤ੍ਰ ਬਿਚਾਰੈ ।
ਹੋਇ ਵਿਰਾਗ ਜਗਤ ਕੌ ਅਸਾਰਾ । ਦੇਹ ਪ੍ਰਾਣ ਗੁਣ ਆਤਮ ਨਿਆਰਾ ।੧੦।
ਸੁਨ ਕਰਿ ਸ਼ਾਸਤ੍ਰ ਗਰਬ ਗਵਾਏ । ਕਾਹੂੰ ਵਸਤੁ ਸੋ ਨੇਹੁ ਨ ਚਾਹੈ ।
ਧੀਰਜ ਸਿਉਂ ਬਿਵਹਾਰ ਘਟਾਵੈ । ਸਹਿਜ ਸਹਿਜ ਸਭ ਸੇ ਛਿਟਕਾਵੈ ।੧੧।
ਦੀਸੈ ਕੁਧੀ[2] ਸੁਮਤਿ ਕਾ ਬੋਧਕ । ਪ੍ਰਾਣ ਅਪਾਨ ਕੀ ਗਤਿ ਕਾ ਸੋਧਕ ।

ਬਡੀ ਬੇਰ ਭੋਜਨ ਨਹਿ ਖਾਇ। ਮਾਨ ਬਡਾਈ ਅਪਨੀ ਨਾਹਿ ।੧੨।
ਕੁਸਤ ਕੁ ਭੋਜਨ ਸੁਨਾਰੀ ਸ਼ੋਭਾ। ਇਨ ਕਉ ਤਜੈ ਮਾਨ ਅਪਭੋਗਾ।
ਖਲ ਕੀ ਮਲ ਕੀ ਨਟ ਕੀ ਪੰਗਤਿ। ਪੁਤ੍ਰ ਪਢਾਵੈ ਸਾਧੂ ਸੰਗਤਿ ।੧੩।
ਦੇਵ ਭਵਨ ਮੈਂ ਚਿਰ ਨਹੀਂ ਰਹੈ। ਕਰਨੀ ਭੇਦ ਕਾਹੂੰ ਨਹਿ ਕਹੈ।
ਸਮਤਾ ਬਿਰਤਿ ਸਬਨ ਕੋ ਹੇਰੈ। ਨਿਆਇ ਸਮੈਂ ਕਛੁ ਪੱਛ[3] ਨ ਟੇਰੈ ।੧੪।
ਸੂਧਾ ਅਹਾਰ ਬਿਉਹਾਰ ਅਤਿ ਸੂਧਾ। ਕਰਤਾ ਸਿੱਖ ਘਰ ਧਨ ਨਹਿ ਰੂਧਾ।੧੫।
ਸਾਖੀ ਪੂਰੀ ਹੋਈ। ਬੋਲਹੁ ਭਾਈ ਜੀ ਵਾਹਿਗੁਰੂ ।੭੯।

## ੮੦

ਧਿਆਨ ਸਿੰਘ ਗੁਰਸ਼ਬਦ ਪਰ ਦੀਨਾ ਸਭਿ ਘਰਿ ਬੇਚ।
ਪਾਸ ਹੀ ਬੈਠਾ ਪੂਛਿਆ, 'ਕਹੁ ਸਿੱਖਾ! ਤੂੰ ਚੇਤ ।੧।
ਧਿਆਨ ਸਿੰਘ ਗੁਰ ਹੁਕਮ ਜੋ ਬੋਲਾ ਬਚਨ ਰਸਾਲ।
ਮੇਰੀ ਸਿਖੀ ਦ੍ਰਿੜ੍ਹ ਭਈ, ਸਤਿਗੁਰੂ ਹੂਆ ਕ੍ਰਿਪਾਲ ।੨।
ਜਾਂ ਦਿਨ ਸੌਦਾ ਹਮ ਕੀਆ ਸੁਨੀਏ ਪ੍ਰਭੂ ਦਯਾਲ।
ਹਰਿਗੁਪਾਲ ਬੇਚਤ ਭਇਆ ਮੋ ਕੋ ਕਰਾ ਨਿਹਾਲ ।੩।

### ਚੌਪਈ

ਸਾਤ ਦਿਨਾ ਦਿਨ ਪੀਛੈ ਮੈਹੀ। ਖੇਤ ਜੁਤਵ ਕੇ ਕਾਰਨ ਸੈਹੀ।
ਹਲ ਸੀਖੀ[4] ਨੈ ਦੀਆ ਖਜ਼ਾਨਾ। ਬਿਲਸ ਹਰਖ ਹੁਇ ਮਨ ਠਹਿਰਾਨਾ ।੪।
ਘਰ ਮੈ ਆਇ ਕੜਾਹਿ ਗੁਰ ਦੀਨਾ। ਭੋਜਨ ਬਿਪ੍ਰ ਅਭਿਆਗਤਿ ਚੀਨਾ।
ਗੁਰ ਕੀ ਦਸਵੀਂ ਗੁਰ ਗ੍ਰਿਹਿ ਆਣੀ। ਗੁਰ ਸਨਮੁਖ ਧਨ ਦੀਨ ਵਿਡਾਣੀ ।੫।
ਤੁਮਰੀ ਵਸਤੁ ਕਹੋਂ ਸੋਊ ਕਰਾਂ। 'ਤੁਮ ਗੁਰ' ਅਪਨੀ ਰਸਨ ਉਚਰਾਂ।
ਤੁਮਰਾ ਸੌਦਾ ਨਫ਼ਾ ਇਹ ਆਵਾ। ਗੁਰ ਦਸਵੰਧ ਤੁਹਿ ਦੀਨ ਚੜ੍ਹਾਵਾ ।੬।
ਮਸਤਕ ਟੇਕ ਗਇਆ ਮੈਂ ਤਬ ਹੀ। ਉਚਿਤ ਕਰਮ ਤਬ ਧਨ ਸੋਂ ਕਰਈ।
ਹੂਆ ਭਲਾ ਇਹੁ ਸਿੱਖ ਹੈ ਸਨਮੁਖ। ਤੁਮਰੇ ਚਰਨਨ ਆਯਾ ਗੁਰਮੁਖ ।੭।

ਦੋਹਰਾ

ਚੂਕ ਮੂਕ ਸਿੱਖ ਰੁਕ ਦੂਖ ਵਿਸ਼ਨ ਥਾਨ ਤੁਹਿ ਲੀਨ।
ਗਿਰਾ ਪਰਾ ਸਨਮੁਖ ਖਰਾ, ਨਾ ਟੂਟਾਂ ਨਾ ਹੀਨ ।੮।

ਸਹਿਜਾਧਾਰੀਆ ਆਦਿ ਸਿੱਖ ਗੁਰ ਨਾਨਕ ਕੀ ਛਾਪ ।
ਖੰਡੇ ਪਾਹੁਲ ਸਾਰ ਚਿਤ ਤੁਰਕਨ ਸਿੰਘੀ ਥਾਪ ।੯।
ਆਇ ਸਿੱਖ ਤੂੰ ਸਿਦਕ ਹਦ ਮੋ ਸੋ ਬਢਤੀ ਹੇਤੁ ।
ਮੈਂ ਸਿੱਖ ਤਥਾ ਬਾਪ ਕਾ ਤੂੰ ਸਿੱਖ ਤੁਮ ਨਿਕੇਤ ।੧੦।
ਤਬ ਸਤਿਗੁਰ ਹਸ ਬੋਲਿ ਕਹੁ ਧਿਆਨ ਸਿੰਘ ਕਛੁ ਮਾਂਗ ।
ਸਿਦਕ ਬੋਲ ਕਾ ਸਿੱਖ ਤੂੰ ਸਤਿਗੁਰ ਕਾ ਤੂੰ ਆਂਗ ।੧੧।
ਮਾਂਗਾ ਵਰ ਤਬ ਧਿਆਨ ਸਿੰਘ ਚਿੰਤਾ ਮੋ ਮਨਿ ਮਾਂਝ ।
ਤੁਮਰੇ ਆਗੈ ਬਖਸ਼ਿਆ ਪੀਛ ਭਾਣਾ ਸਾਂਝ ।੧੨।
ਕਿਉਂ ਹੋਵੈਗਾ ਸਿਦਕ ਦ੍ਰਿੜ੍ਹ, ਅਬਹੀ ਸਿੱਖ ਮੁਰਝਾਇ ।
ਸਿਦਕ ਦੀਜੀਐ ਸਿੱਖ ਨੋ ਇਹ ਦੀਜੈ ਮਨਿ ਭਾਇ ।੧੩।
ਹੱਸ ਕਰਿ ਪ੍ਰਭ ਜੀ ਤਬ ਕਹਾ ਸਾਹਿਬ ਸਿੰਘ ਸੁਨਿ ਬਾਤ ।
ਸਿੰਧ ਲਸਨ੧ ਹੀਰਾ ਮੁਕਤ, ਕਹੀਂ ਠੌਰ ਕਾਹੂੰ ਜਾਤਿ ।੧੪।
ਹਮਰੀ ਤਨ ਕੀ ਸੂਰ੨ ਗਤਿ ਅਸਤ ਰਾਤਿ ਹੋਇ ਜਾਇ ।
ਘੂਕ ਉਨਤ ਜਗ ਮਹਿ ਲਸਤਿ ਤਿਉਂ ਸਿੰਘੀ ਮਮ ਆਇ ।੧੫।
ਸਿਦਕ ਦੀਆ ਵਿਭੁਤਾ੩ ਦਈ ਦਈ ਵਿਦਿਆ ਪੂਰ ।
ਰਟਤ ਸਿੱਖ ਮਮ ਤੇਜ਼ ਵਧ ਬੈਠਤ ਮਤ ਹੋ ਮੂਰ ।੧੬।
ਸੂਰ ਹੂਰ ਸਬ ਕੂਰ ਤਜਿ ਦੂਰ ਦੂਰ ਭੂ ਬਨ ਮਾਹਿ ।
ਰਾਜ ਬਾਜ਼ ਗਜ ਸਾਜ ਸਬ ਸਿਦਕ ਦੀਆ ਮੁਹਿ ਪਾਹਿ ।੧੭।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੮੦।

## ੮੧

ਇਕ ਬੇਰ ਗੁਰੂ ਜੀ ਪ੍ਰਭਾਤਿ ਇਸ਼ਨਾਨ ਕਰਿ ਬੈਠੇ ਥੇ । ਤਾਂ ਲੋਗ ਨਰ ਨਾਰੀ ਨ੍ਹਾਵਣ ਲਗੇ ਸਵੇਰੇ । ਤਬ ਸਿੱਖਾਂ ਪੁਛਿਆ, ਜੀ ਸੱਚੇ ਪਾਤਿਸ਼ਾਹ ! ਕਾਤਿਕ ਮਾਘ ਦੇਖ ਦੇਖ ਕੇ ਲੋਕ ਨ੍ਹਾਂਵਦੇ ਹਨ ਸੇਵੇਰੇ । ਹੋਰ ਦਿਨ ਆਂਵਦੇ ਹੈਨ ਤਾਂ ਜਿਸੇ ਕਿਸ ਵੇਲੇ ਨ੍ਹਾਂਵਦੇ ਹਨ, ਏਹੁ ਕਿਕੂੰ ਬਾਤਿ ਹੈ । ਤਾਂ ਗੁਰੂ ਜੀ ਬੋਲੇ, ਭਾਈ ਜਗਤ ਤਮਾਸ਼ਾ ।

ਮਤਲਬ ਕੀ ਕਿਆ ਪ੍ਰੀਤਿ ਚਿਰ ਨਹੀਂ ਠਹਿਰਦੀ ।
ਦੂਧੁ ਦੇਤ ਜਾਂ ਧੇਨੁ ਦੇਵਤਾ ਮਿਹਰ ਦੀ ।
ਪੂਜਾ ਦੇਵੈ ਦੇਵ ਤਾਂ ਪ੍ਰੀਤ ਹੋਇ ਸ਼ਹਿਰ ਦੀ ।

ਪੁਤ੍ਰ ਜਣੰਤੀ ਨਾਰਿ ਘਰ ਭੀਤਰ ਭਾਂਵਦੀ।
ਦਾਨ ਦੇਇ ਜਜਮਾਨ ਦਿਜ ਕਹਿ ਭਾਂਵਦੀ।
ਮਾਲਕ ਦੇਵੈ ਖਾਨ ਤਾਂ ਚਾਕਰ ਚਾਂਦਨੀ।
ਹੋਇ ਮਖੱਟੂ ਪੁਰਖੁ ਨਾਰਿ ਦਿਲ ਮਾਂਦਨੀ।
ਦੇਖਾ ਦੇਖੀ ਰੀਸ ਸਬਹਨਿ ਮਨਿ ਆਂਵਦੀ।
ਸਿੱਖੋ ! ਸੱਚੀ ਪ੍ਰੀਤਿ ਸਦਾ ਹੀ ਭਾਂਵਦੀ।
ਭਾਈ ਮੇਰੇ ਸਿੱਖ ਸੁਨੋ ਸਬ ਕਾਮ ਦੀ।
ਨਿਤ ਜੱਗ ਫਲ ਦਾਨ ਸਿਦਕ ਗੁਰ ਧਾਮ ਦੀ।
ਪਹਿਰ ਰਾਤਿ ਇਸ਼ਨਾਨ ਸਦਾ ਕੀ ਥਾਂਵ ਦੀ।
ਅਸੁਮੇਧ ਗੋਮੇਧ ਘਟੀ ਘਟਿ ਜਾਂਵਦੀ।
ਤੀਜੀ ਅਗਨਿ ਹੋਤ੍ਰ ਜਯੋਤਿਸ਼ਟ[1] ਮਾਂਵਦੀ।
ਸੁਵਰਨ ਚਾਂਦੀ ਅਰੁ ਦੂਧੁ ਤਾਂਬਾ ਦੇਇ ਸਾਮ ਦੀ।
ਰਸਮ ਦੇਖ ਜਲ ਦਾਨ ਪਾਪ ਲਹਿ ਜਾਮ ਦੀ।
ਹੋਇ ਪਵਿਤ੍ਰ ਕਾਇਆ ਨ੍ਹਾਇ ਦੁਪਹਿਰ ਜੋ।
ਤੀਜੈ ਮਲੇਛ ਇਸ਼ਨਾਨ ਚਤੁਰਥੇ ਪਹਿਰ ਜੋ।
ਰਾਤਿ ਰਾਖਸ਼ੀ ਨ੍ਹਾਇ ਅਰਧ ਹੋਇ ਪਾਤਕੀ।
ਹਿੰਸਾ ਸਬ ਕੀ ਪਾਪ ਜਲ ਕਾਲ ਨ ਜਾਤ ਕੀ।
ਇਹੀ ਨੇਮ ਕੀ ਰੀਤ ਭਜ ਨਾਮ ਕੋ।
ਹੂਆ ਜਗਤ ਤੇ ਪਾਰ ਸਤਿ ਬ੍ਰਤ ਅਰਾਮ ਕੋ।
ਹੋਰ ਕਪਟ ਕੀ ਰੀਤਿ ਜੋ ਆਲ ਜੰਜਾਲ ਕੀ।
ਅਰ ਔ ਕੁੰਡੀ ਜਾਲ ਨ ਨਾਮ ਸੰਭਾਲ ਕੀ।
ਸਤਿਗੁਰ ਹੋਇ ਦਿਆਲ ਬ੍ਰਿਤਿ ਰਹੈ ਸੱਚ ਕੀ।
ਸੱਚਾ ਜਗ ਬਿਉਹਾਰ ਤਜੈ ਸਭਿ ਕੱਚ ਕੀ।
ਭਾਈ ਤਰਨਾ ਸੁਗਮ ਤਮਾਸ਼ਾ ਹੈ ਵਿਸ਼ਨ ਕਾ।
ਰਹੈ ਕ੍ਰਿਆ ਮੈਂ ਧਿਆਨ ਦਾਸ ਨਹਿ ਸਿਸੁਨ[2] ਕਾ।
ਏਹੁ ਜੁਗਤਿ ਵਰਤਣੀ ਅਲਗਹਿ ਵਰਤਣਾ।
ਹੋ ਜਗਤ ਕਾ ਮੇਲ ਪਰਕ ਦਿਲ ਪਰਚਣਾ।
ਜਿਉ ਚੌਪੜ ਸ਼ਤਰੰਜ ਗੰਜਫ਼ਾ[1] ਰਾਮ ਚਉਂਕ[2]।

ਲਾਭ ਨਾਹਿ ਕਿਛੁ ਰਿੰਚ ਤਿਉਂ ਇਹ ਮਨ ਕੋ ਸ਼ਉਂਕ ।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੮੧।

## ੮੨

ਸੁਣ ਭਾਈ ਸਿੱਖਾ ! ਪ੍ਰੇਮ ਹੀ ਮੂਲ ਹੈ ।

**ਸਵੈਯਾ**

ਜਾਂ ਤਨ ਪ੍ਰੇਮ ਪ੍ਰਵਾਹਿ ਵਹੈ ਸੁਖ ਸੋ ਨਰ ਪਾਵਨ ਬੇਦ ਉਚਾਰੈ ।
ਕੰਚਨ ਕਸ਼ਪੁ ਪ੍ਰੇਮ ਬਿਨਾ ਖਯ ਨਰਹਰਿ ਸੁਤ ਹਿਤ ਕੋ ਵਪੁ ਧਾਰੈ ।
ਸਿਧ ਅਠਾਰਹਿ ਜਾਂਹਿ ਅਧੀਨ ਹੈ ਸਹਿਸ ਭੁਜਾ ਦਿਜ ਸੁਵਨ ਬਿਡਾਰੈ ।
ਬੇਦ ਉਚਾਰਤ ਵਿਸ੍ਵਾ ਪੁਤ੍ਰ ਹੀ, ਪ੍ਰੇਮ ਬਿਨਾ ਮਰਿ ਲੋਕ ਸਿਧਾਰੈ ।੧।

**ਸਵੈਯਾ**

ਪੁਲਕਤ ਗਤਿ ਅਨਾਹਦਿ ਥਾਤਿ ਸੁ ਭੂਲ ਨ ਆਨਕੋ ਚੇਤਹੁ ਪ੍ਰਾਨੀ ।
ਤੇਰੇ ਹੀ ਭੀਤਰ ਮਾਖਨ ਓਜ ਸੋ, ਸੈਲ ਕੇ ਅੰਤਰ ਪਾਵਕ ਭਾਨੀ ।
ਏਕ ਹੀ ਭਾਸਤਿ ਸ਼ਾਂਤ ਕੋ ਰਾਖਤ ਤਿਉਂ ਤੁਹਿ ਅੰਤਰ ਚੇਤਨ ਪ੍ਰਾਨੀ ।
ਜਾਂ ਲਗ ਨੇਹੁ ਕੀ ਪਾਲ ਟੁਟੀ ਨਹਿ ਸਤਿ ਸਰੂਪ ਸਨੇਹ ਸਮਾਨੀ ।੨।

**ਦੋਹਰਾ**

ਸਤਿ ਸਰੂਪ ਪਰਮਾਤਮਾ ਸਭਿ ਘਟਿ ਰਹਾ ਬਿਆਪ ।
ਜਿਨ ਜਾਨਾ ਤਾਂਕੋ ਅੰਨਦ ਔਰ ਨ ਜਾਨਤ ਆਪ ।੩।
ਸਤਿ ਸੁੰਨਿ ਚੇਤਨ ਅਮਲ ਸਵੈਪ੍ਰਕਾਸ਼ ਅਬਿਨਾਸ ।
ਆਤਮ ਰਾਮ ਸਵੈਛੰਦ ਨਿਤ ਜਾਨਤ ਪੂਰਤ ਆਸ ।੪।
ਦੀਸਤਿ ਜਗ ਜਿਉਂ ਸਸੈ ਸਿੰਗ ਬੰਧਿਆ ਸੁਤ ਕਾ ਭਾਸ ।
ਗਗਨ ਸੁਵਨ ਬਾਰੂ ਸਨਿਗਧ ਤਿਉਂ ਝੂਠਾ ਆਭਾਸ ।੫।[੩]
ਬਿਸ਼ੰਭਰ ਪਿਆਰੇ ! ਸਿੱਖ ਮਮ ਤੁਹਿ ਆਸਾ ਸਭ ਪੂਰਿ ।
ਜੰਮਣ ਮਰਣਾ ਕਟੀਐ ਆਠ ਜਨਮ ਸਿਰ ਭੂਰ ।੬।
ਤਬ ਪੂਛੈ ਸਿਖ ਸੋਚਕੈ ਕਹੀਐ ਜਾਮਾ ਮੋਰ ।
ਸਿੱਖੀ ਮਾਂਗੇ ਗੁਰੂ ਵਿਗਾ ਰਹਹੁੰ ਦਾਸ ਹਉਂ ਤੋਰ ।੭।
ਬੋਲੇ ਸਤਿਗੁਰ ਸਾਹਿਬ ਸਿੰਘ ਸਹਿਜ ਕੀ ਕਰਨੀ ਸਾਚ ।
ਭੂਪਨਾਮਾ ਪੜ੍ਹੈ ਕਰਿ, ਰਹੈ ਸਿੱਖ ਮਮ ਰਾਚ ।੮।

ਗੁਰ ਨਾਨਕ ਅੰਗਦ ਗੁਰੂ ਅਮਰਦਾਸ ਭਲ ਤੇਜ !
ਰਾਮਦਾਸ ਗੁਰੂ ਅਰਜਨ, ਹਰਿਗੁਬਿੰਦ ਸੁਠ ਰੇਜ ।੯।
ਗੁਰੂ ਹਰਿਰਾਇ ਹਰਿਕ੍ਰਿਸ਼ਨ ਗੁਰੂ ਤੇਗ ਬਹਾਦਰ ਰੂਪ ।
ਤਾਂਕਾ ਸੁਤ ਦਸਵਾਂ ਗੁਰੂ ਤੋਹਿ ਦਿਖਾਵਾਂ ਗੂਪ ।੧੦।
ਦੇਹ ਛੋਰ ਪਹਿਰੇ ਅਵਰ ਤਬ ਹਮ ਤੁਮਰੇ ਪਾਸ ।
ਭਾਵੀ ਪੂਰਨ ਕਰਨ ਕੋ ਕਰ ਹੈਂ ਜਗ ਪ੍ਰਕਾਸ਼ ।੧੧।
ਰਾਮਦਾਸ ਪੁਰ ਹਮ ਤੁਮੈ ਗੁਰੂ ਦਾਸ ਹੋ ਤੀਜ ।
ਮਿਲੈ ਸਲਾਹੀ ਹੌਹੁ ਤੁਮ ਬਾਤ ਬਨਾਵੈਂ ਚੀਤ ।੧੨।
ਰਾਮਦਾਸ ਪੁਰ ਜਨਮ ਧਰ, ਉਨੀ ਸੈ ਕੇ ਮਾਂਝ ।
ਬਰਸ ਤ੍ਰਿਯਦਸ ਛਤ੍ਰ ਕੀ ਬਿਦਿਆ ਕਰਹੋ ਸਾਂਝ ।੧੩।
ਏਕਲ ਸੁਤ ਕੇ ਬੰਸ ਮੈਂ ਮਾਇ ਜਣੈ ਮੁਹ ਏਕ ।
ਅੰਸ ਹਮਾਰਾ ਦਹਰ ਅੰਸੁ ਜਨਮੈਗਾ ਸੁਖ ਲੇਖ ।੧੪।
ਖੋੜਸ ਬਰਸ ਕੋ ਹੋਇਕੈ ਜਨਮੁ ਲੀਆ ਪੰਜਾਬ ।
ਅਬਲ ਜੀਤੋਂ ਪੱਛਮਾਂ ਚੌਵਨ ਬਰਸ ਹਿਸਾਬ ।੧੫।
ਕਾਬਲ ਜੀਤਾ ਬਿਆਹ ਕਰ ਮੁਹ ਨ ਦਿਖਾਊਂ ਆਇ ।
ਮੇਰੇ ਦੁਸ਼ਮਨ ਸਭ ਹਨੋ ਦਿੱਲੀ ਬੈਠੋਂ ਜਾਇ ।੧੬।
ਨਿਗਮ ਬੋਧ ਤੀਰਥ ਅਧਿਕ ਤਾਂ ਤੀਰਥ ਪ੍ਰਤਾਪ ।
ਦਿੱਲੀ ਦੇਹੀ ਛੋਰਕੈ ਜਨਮੇ ਮਾਂਝੇ ਥਾਪ ।੧੭।
ਬਡੇ ਜਤਨੁ ਤੇ ਬਿਆਹ ਤਿਸ, ਬਿਛੁਰੀ ਲੇਵੈ ਮੇਲ ।
ਬਲਸ਼ੋਂ ਪਿਛਲੀ ਬਿਮੁਲਤਾ, ਕਰਹੋ ਐਸਾ ਖੇਲ ।੧੮।

## ਚੌਪਈ

ਸਕਲ ਕਥਾ ਤੁਹਿ ਭਾਖਿ ਸੁਨਾਊਂ । ਤੇਰੇ ਮਨ ਸੰਦੇਹ ਮਿਟਾਊਂ ।
ਗੁਰਬਖਸ਼ ਸਿੰਘ ਹੋ ਰਾਮ ਕੌਰ । ਤਾਂ ਪੀਛੈ ਖਤ੍ਰੀ ਇਹ ਮੋਰ ।੧੯।
ਦੂਜੇ ਜਨਮ ਕਾਂਸ਼ੀ ਮਰਿ ਆਵੈ । ਮਮ ਜਨਮੈ ਕੌਰ ਲਾਵੈ ।
ਸਭਹਨ ਕੋ ਲੈ ਕਰਕੇ ਹੇਤ । ਭੋਗ ਭੁਗਾਵੋਂ ਰਹੋ ਸੁਚੇਤ ।੨੦।
ਜੋ ਜੋ ਪੰਥ ਮ੍ਰਿਜਾਦੀ ਮੇਰਾ । ਤਿਨ ਕੋ ਜਮਪੁਰਿ ਕੀਨ ਨਿਹੋਰਾ ।
ਮਰੈਂ ਸਬੀ ਸ੍ਰਦਾਰੀ ਦਾਰ । ਜੇ ਜੇ ਮੁਸ ਮੁਸ ਬਾਂਧੈ ਰਾਰ ।੨੧।
ਬਾਧੋ ਬਾਧ ਹਮਾਰਾ ਸਿੱਖ । ਕਰੈ ਕ੍ਰੋੜੀ ਧਰੀ ਜੁ ਲਿਖ ।
ਜੋ ਅਮਾਨ ਧਰੀ ਜਲ ਮਾਂਝ । ਸਿੰਧ ਦੇਹਿਗਾ ਮੋ ਮਨ ਸਾਂਝ ।੨੨।
ਤਬੈ ਪਹਾੜੀ ਮੇਰਾ ਸ਼ਤ੍ਰ । ਤੋੜ ਤਾੜ ਧਨੁ ਲੇਵਾ ਖਤ੍ਰ ।੨੩।

## ਦੋਹਰਾ

ਸੰਬਤ ਹੋਗੁ ਸਤਾਨਵਾਂ ਨਵੈ ਹੂਆ ਕਛੁ ਕਾਲ ।
ਉਨੀ ਸੈ ਕੇ ਭੀਤਰੇ ਸੂਰਦਾਸ ਤਨ ਪਾਲ ।੨੪।

## ਚੌਪਈ

ਅਠਾਰਾਂ ਭਗਤ ਆਹਿ ਅਵਤਾਰ । ਤਾਂ ਦਿਨ ਦਿੱਲੀ ਆਵਾਂ ਮਾਰ ।
ਮੇਰੀ ਸੰਗਤਿ ਸਿੱਖ ਦੁਖ ਪਾਵਾ । ਤਬੈ ਫਿਰੰਗੀ ਪ੍ਰਜਾ ਦੁਖਾਵਾ ।੨੫।
ਰਾਜ ਰੀਤਿ ਮਮ ਪੰਥ ਨਿਵਾਰੈ । ਤਾਂ ਦਿਨ ਐਸੀ ਕਲਾ ਸਵਾਰੈ ।
ਜੁੱਧ ਹੀ ਬਿਨ ਕਛੁ ਥੋਰਾ ਜੁੱਧ । ਮੇਰਾ ਮੰਤਰ ਫਿਰੈਗਾ ਸੁੱਧ ।੨੬।
ਬੇਚ ਜੇਸ ਕਰ ਜਾਂਹਿ ਫਿਰੰਗੀ । ਗਾਜੈਂਗੇ ਤਬ ਮੋਰ ਭੁੰਜਗੀ ।
ਬੋਲਾ ਸਿੰਘ ਭੋਜੰਗਲ ਨਾਮ । ਮੇਰੇ ਕੋ ਸਮਝਾਵੋ ਸਿਆਮ ।੨੭।
ਹਸ ਬੋਲੇ ਹੁਇ ਆਪ ਦਿਆਲ । 'ਉਦੈ ਸਿੰਘ ਕੀ ਕਰਨੀ ਭਾਂਲ ।'
ਕੇਸੋਦਾਸ ਬ੍ਰਿਪ ਕੀ ਵਰਤਣ । ਨਾਰਿ ਮਲੇਛੀ ਘਰ ਕੀ ਸਰਤਣ ।੨੮।
ਗਨਿਕਾ ਮੁਸਲੀ ਸਵੈਂ ਸਰਦਾਰ । ਤਾਂ ਘਰ ਜਨਮੈਂ ਕਾਮ ਗਵਾਰ ।
ਜਾਰਣ ਕੇ ਸੁਤ ਹੋਇ ਭੁਯੰਗੀ । ਬੇਦ ਅਰਥ ਮੈਂ ਲਿਖਾ ਤੁਰੰਗੀ ।
ਜਿਉਂ ਅਸਤ੍ਰ ਤਿਉਂ ਹੋਵਗੁ ਬਲੀਆ । ਭਾਣਾ ਸੁਣੋ ਵਰਤੈ ਜਿਉਂ ਭਲੀਆ ।
ਨਾਰਿ ਫਿਰੰਗਣ ਭੋਗੈਂ ਸਿੱਖ ਏਕ । ਤਾਂ ਦਿਨ ਸਿੰਘ ਗਰਜ ਕਾ ਸੇਕ ।੩੦।
ਸੁਨੋ ਬਾਤ ਸੁਭ ਵਰਤੈ ਜੋਈ । ਇਸ ਕਰਨੀ ਕੋ ਜਾਨੈ ਕੋਈ ।
ਗਿਆਨੀ ਧਿਆਨੀ ਗੁਣੀ ਧਨਾਢ । ਨਾਮ ਜਪਤ ਘਰ ਘਰ ਮੈਂ ਆਢ ।੩੧।
ਕਾਂਸੀ ਮੈਂ ਅਰ ਨੁਰੰਗ ਪੁਰੇ ਹੀ । ਸ਼ਹਿਰ ਕੰਧਾਰੀ ਦਾਮ ਜੁਰੇ ਈ ।
ਸਬ ਖਰਚੈਂ ਹਮ ਧਰਿ ਅਵਤਾਰਾ । ਕਾਮ ਭੋਗ ਕਰਮਨ ਕਉ ਸਾਰਾ ।੩੨।
ਰਹਿਤ ਹਮਾਰੀ ਐਸੀ ਹੋਗੁ । ਨਾਰੀ ਚਾਹੇ ਨ ਕਬਹੂੰ ਸੋਗ ।
ਜਾਨੈਗਾ ਮੁਹਿ ਕੋਈ ਭਾਈ । ਮੇਰਾ ਸੁਤ ਇਕ ਪਾਟਲ ਜਾਈ ।੩੩।
ਰਾਜਪੂਤ ਕੇ ਦੂਜਾ ਜਾਇ ।,,,,,,।੩੪।
ਰਾਜਪੂਤ ਗੜ੍ਹ ਕਾਮ ਪੁਰ ਨਿਕਸਾ ਮਰਹੈ ਰੰਗ ।
ਸੋ ਮੇਰਾ ਹੁਇ ਜਨਮ ਧਰਿ ਜੀਤੇ ਰਾਜ ਨਿਸੰਗ ।੩੫।
ਮੇਰਾ ਚਾਕਰ ਜੀਤੈ ਕਾਂਸ਼ੀ । ਰੁਦ੍ਰ ਸੇਵ ਕੀ ਬਾਂਛਾ ਰਾਸੀ ।
ਜੰਬਕ ਨਗਰ ਭੂਪ ਇਕ ਹੋਈ । ਮੇਰੇ ਸਿੱਖ ਸਮਾਲੈ ਸੋਈ ।੩੬।
ਦਾਮ ਦੇਸ ਲੇਵਹਿੰਗੇ ਸਗਰੇ । ਪਰਬਤ ਮਾਹਿ ਖਾਲਸਾ ਮਗਰੇ ।
ਹਜ਼ਾਰ ਤੀਨ ਕੋਸ ਕੇ ਅੰਦਰ । ਘੁਮੇ ਖਾਲਸਾ ਪਾਵਤ ਦੁੰਦਰ ।੩੭।
ਪੀਲੀ ਕੀਲੀ[੧] ਲੇਵੈਂ ਸਿੱਖ । ਆਸ੍ਰਮ ਚਾਰ ਬਰਨ ਕੋ ਰਿਖਿ ।

ਇਤਹਿ ਐਰਾਨੀ ਸ਼ਹਿਰ ਕੰਧਾਰ । ਸੰਬਤ ਬੀਤੇ ਬਾਨਵੈ ਚਾਰ ।੩੮।
ਸਤਾਨਵੇਂ ਫ਼ੌਜ ਪੂਰਬੀ ਗਾਜੈ । ਗੁਜਰ ਸੂਰਜ ਨਾਮ ਬਿਰਾਜੈ ।
ਮੇਰੇ ਘਰ ਚਾਕਰ ਦੁਹਿ ਰੰਗੀ । ਗਿਲਜੇਂ ਮੁਸਲੈ ਡੋਗਰ ਫਿਰੰਗੀ ।੩੯।
ਖਤ੍ਰੀ ਸਿੰਘ ਬਿਪ੍ਰ ਇਕ ਮੇਰਾ । ਦਇਆ ਸਿੰਘ ਜਨਮੈਗਾ ਫੇਰਾ ।
ਰਾਜ ਠਹਿਰਾਊਂ ਉਨੀ ਪੁਰ । ਕਿਲਕ ਪੁਰੀ ਫਿਰ ਜਾਊਂ ਤੁਰ ।੪੦।
ਜਨਮ ਭੂਮਿ ਮੇਰੀ ਹੈ ਪਟਨਾ । ਦੇਖੋਂਗਾ ਜਿਉਂ ਰਾਤੀ ਸੁਪਨਾ ।
ਕਾਹੂੰ ਦੇਸ ਦਾਮ ਲੈ ਭੇਟ । ਕਾਹੂੰ ਲਿਆਊਂ ਰਾਜਾ ਸਮੇਟਿ ।੪੧।
ਗੁਰ ਨਾਨਕ ਜੀ ਜਹਾਂ ਵੈ ਗਏ । ਕਰੀ ਫਕੀਰੀ ਦੇਸਨ ਵਏ ।
ਸੋ ਸੋ ਦੇਸ ਰਾਜ ਧਰ ਜੀਤੋਂ । ਵਧੈ ਖਾਲਸਾ ਲੋਗ ਪ੍ਰਤੀਤੋਂ ।੪੨।
ਮੇਰਾ ਰੂਪ ਲਖੈ ਨ ਕਾਹੂੰ । ਮੋਹਿ ਦਿਖਾਊਂ ਰਵਿ ਜਿਉਂ ਰਾਹੂ ।[2]
ਝੰਡ ਗੰਡ ਸੂਜਾ ਸੁਖ ਨਾਮ । ਸਿੰਘ ਨਾਮ ਦਾਨਾ ਬੁਧ ਸਾਮ ।੪੩।
ਸੁਧਿ ਸਾਹਿਬ ਨੁਰੰਗ ਸਿੰਘ ਏਹੀ । ਪਾਟਲ ਨਗਰ ਜਨਮੈ ਸੁ ਸਨੇਹੀ ।
ਕਹੂੰ ਕਹਾਂ ਲਗ ਆਗਲ ਬਾਤ । ਸਭ ਸਿਖਨ ਕੋ ਭਲੀ ਸੁਹਾਤ ।੪੪।
ਤੁਰਕ ਚਾਕਰਾ[3] ਮੇਰਾ ਬਾਲਾ । ਜੀਤੈ ਪਸ਼ਚਮ ਮਮ ਹੋਇ ਚਾਲਾ ।
ਯਾ ਬਿਧਿ ਭੂਪਨਾਮਾ ਪੜ੍ਹ ਮੇਰਾ । ਦੇਹ ਸੁਧ ਨਿਸਿ ਸਾਂਝ ਸਵੇਰਾ ॥੪੫।
ਜੇ ਕੋ ਸਿੱਖ ਪੜ੍ਹੈ ਉਠ ਪ੍ਰਾਤ । ਕਲਿ ਕੈ ਦੋਖ ਨ ਬਿਆਪੈ ਤਾਤ ।
ਜਾਹਿ ਆਪਣੇ ਡੇਰੇ ਸਿੱਖ । ਤੋਕੋ ਦੀਸੈ ਭੂਤ ਭਵਿਖ ।
ਸਕਲ ਸਿਧ ਹੋਵੈ ਤੁਹਿ ਕਾਮ । ਹਮਰਾ ਦਰਸ਼ਨ ਤੁਮਹੋ ਆਮ ।੪੬।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੮੨।

## ੮੩

ਤਾਂ ਭਲਕ ਹੋਇਆ ਸਵੇਰੇ ਬੈਠੇ ਸਤਿਗੁਰ ਤਾਂ ਮੈਨੂੰ ਕਹਿਆ, ਜਲ ਲਿਆਇ । ਚਾਰ ਘੜੀਆਂ ਦਿਨ ਚੜ੍ਹੈ ਸਿੱਖ ਉਜੈਨੀ, ਨੋ ਲਿਆਵੀਂ ਬੋਲਾਵੀਂ ਤਾਂ ਮੈਂ ਤਿਵ ਹੀ ਕਜੀ । ਸਾਹਿਬ ਸਿੰਘ ਲਿਖ ਤੂ ਤਾਂ । ਤਾਂ ਮੈਂ ਬੁਲਾਇ ਲਿਆਇਆ । ਸਿੱਖ ਬੇਟੇ ਸੁਧੇ ਹਜ਼ਾਰ ਰੁਪਏ ਸ਼ਾਹਜਹਾਨੀ ਭੇਟ ਧਰ ਖੁਸ਼ੀ ਲੱਧੀ, ਖੁਸ਼ੀ ਹੂਆ । ਉਸਕੀ ਜ਼ਨਾਨੀਆਂ ਸਿੱਖਣੀਆਂ ਸਭ ਔਰਤਾ ਥੀਂ ਪੰਜ, ਅੰਦਰ ਮਹਿਲੋਂ ਕੀ ਪੂਜਾ ਦਈ ਖੁਸ਼ੀ । ਚਲਾਦੀ ਬੇਰ ਗੁਰੂ ਕੇ ਹਜ਼ੂਰ ਮਦਨਵੰਤੀ ਸਿਰ ਚਰਨਾਂ ਪਰ ਧਰਾ ।

ਪਗਾਂ[1] ਪਰ ਹੰਝੂ ਪਈਆਂ । ਗੁਰੂ ਕੇ ਚਰਨਾ ਹਟਾਇ ਰਹੇ ਥੇ ਪਰ ਉਹ ਅਗਾੜੀ ਹੁੰਦੀ ਗਈ । ਹਸਕੇ ਬੋਲੇ, ਅਬ ਕਿਕੂੰ ? ਤੂੰ ਨਾ ਸੋਚ, ਗੁਰੂ ਕਾ ਘਰ ਦੇਂਦਾ ਹੈ, ਲੈਂਦਾ

ਨਾਹੀ। ਤੇਰਾ ਪੁੱਤ ਸਾਡਾ ਟਹਿਲੀਆ ਹੋਵੇਗਾ ਅਗਲੇ ਜਨਮ, ਹੁਣਿ ਤੈਨੂੰ ਦਿਤਾ ਸਾਬਤ ਹੂਆ। ਗੋਰਖ ਜਾਣੈ ਤੂ ਜਾਣ। ਤਾਂ ਬੋਲੀ, ਮੋਹ ਨ ਹੋਇ। ਗੁਰੂ ਕੇ ਬੋਲੇ, ਉਸਨਾਕੇ[੨] ! ਗੁਰਬਖਸ਼ ਸਿੰਘ ਦੀ ਰੰਨੇ। ਪਛਤਾਵੇਂਗੀ ਪੁੱਤਰ ਨੂੰ। ਸੁਭਾਵ ਤੇਰਾ ਪੁਰਖ ਦਾ, ਜਾਮਾ ਤੀਵੀਂ ਦਾ। ਤਾਂ ਹੱਸੀ, ਰਾਜ਼ੀ ਹੂਈ। ਮੋਦਨੀ ਦੂਜੀ, ਮੱਥਾ ਟੇਕਿਆ। ਤਾਂ ਗੁਰੂ ਕੇ ਚੁਪਕਾ ਹੀ ਰਹੇ। ਸਿਰ ਹਿਲਾਇਆ, ਸਭ ਮੱਥਾ ਟੇਕਿ ਵਿਦਾ ਹੋਈ। ਤਾਂ ਪੀਛੇ ਤੇ ਗੁਰੂ ਜੀ ਹੱਸਣ ਲਗੇ, ਖੁਸ਼ੀ ਦੇਖ ਕੇ ਮੈਂ ਪੁਛਿਆ, ਜੀ ਪਾਤਿਸ਼ਾਹ ! ਹੁਕਮ ਕਿਕੂੰ । ਬਚਨ ਹੂਆ ਮੋਦਨੀ ਸਿਖਣੀ ਲੜਕੇ ਤੇਰੀ ਹੋਇਗੀ। ਜੁਵਾਲਾ ਲਗ ਰਾਜਾ ਦੀਆਂ, ਜੀਵਣਾ ਥੋੜ੍ਹਾ।

ਸੁਣ ਨੀਂਗਰਾ ! ਤੂ ਸੱਦਣ ਗਇਆ ਅਤੇ ਸੋਹਣੀ ਦੇਖ ਲੋਭਾ, ਗੁਰੂ ਕਿਆਂ ਮੈਨੂੰ ਨਾ ਬਖਸ਼ੀ, ਤੂ ਕਿਆ ਭੁੱਲਾ, ਹੁਣ ਤਾਂ ਬਖਸ਼ੀ, ਗੁਰਬਖਸ਼ ਸਿੰਘ ਹੋਵੈਗਾ। ਦੂਜੀ, ਲੜਕੇ ਕੀ ਸਿਖਣੀ ਸੋ ਰਜਤ਼ ਵਾਲੀ ਛਹੀ ਹਮਰੇ ਪਗਾਂ ਨਾਲ। ਹਮ ਨਾ ਬੋਲੇ, ਆਦਰ ਦੀਆ, ਪਰ ਏਹ ਮੁਸਲੀ ਵੇਸੁਵਾ ਹੋਗੁ। ਕਰਤਾਰ ਕੀ ਨੇਤਿ। ਪਰ ਸਿਦਕ ਕਾ ਫਲ ਰਣ ਸਿੰਘ-ਕੇਸੋਦਾਸ ਅੰਗੀਕਾਰ ਕਰੈਗੇ, ਫੇਰ ਹਿੰਦਵਾਣੀ ਜਨਮੈਗੀ, ਰਜਪੂਤਣੀ, ਸਿੱਖ ਮੇਰਾ ਏਕ ਹੀ ਜਨਮਾ, ਮੈਂ ਕੇਸੋ ਬਿਪ੍ਰ ਨੋ ਬਖਸ਼ੀ ਹੁਣ ਬਸ ਪੁਛਿ ਨਹੀਂ, ਅਵਰਿ ਖ਼ਿਆਲ ਦਾ ਵੇਲਾ ਹੈ। ਤਾਂ ਮੈਂ ਨ ਬੋਲਾ।

ਸਾਖੀ ਪੂਰੀ ਹੋਈ। ਬੋਲਹੁ ਭਾਈ ਜੀ ਵਾਹਿਗੁਰੂ।੮੩।

## ੮੪

ਰਾਤ ਨੋ ਗੁਰੂ ਜੀ ਸੋਏ, ਸਵੇਰੇ ਪੰਡਿਤ ਬੁਲਾਏ, ਅਤੇ ਕਵੀਸਰ, ਕੁੰਵਰ, ਬੱਲਭ, ਗੁਣੀਆ, ਸੁਖੀਆ ਅਵਰ ਬੁਲਾਇ, ਪੂਛਿ ਸੁਨਾਇਆ, ਭਾਈ ਸੁਣਿਓ ! ਏਹ ਸੁਫ਼ਨਾ ਕਿਥੇ ਤੇ ਆਂਵਦਾ ਹੈਗਾ। ਤੁਸੀਂ ਸਿਆਣੇ ਹੋ। ਚੰਦ ਵਿਚ ਕਾਲਖ ਕਿਉਂ ਲਗੀ ਅਤੇ ਪੱਗ ਲੋਗ ਗੋਡੇ ਪਰ ਕਿਉਂ ਧਰਦੇ ਹਨ, ਚੀਤੇ ਪਿਛੋਂ ਥੁਕਦੇ ਕਿਉਂ ਹੈਨ, ਰੁਕ ਬਗੈਰ ਬੋਲਦੇ ਕਿਉਂ , ਆਟੇ ਕੀ ਤਵਣ ਕੀ ਪਿਛਾੜੀ ਆਟਾ ਕਿਉਂ ਜੋੜਦੇ ਹਨ, ਕਮਾਨ ਕਿਉਂ ਟੰਕਾਰਦੇ ਹਨ ਅਤੇ ਤਮਾਕੂ ਕਿਉਂ ਛੁੰਹਦ ਹਨ, ਅਤੇ ਦੁਆਦਸ਼ੀ ਨੋ ਕਿਉਂ ਕਥਾ ਹਰਿ ਕੀ ਨਹੀ ਪੜ੍ਹਦੇ ? ਏਹ ਸੁਣਕੈ ਕੁੰਵਰ ਕਹਿਆ :

ਖਾਇ ਸਕਲ ਰਸ ਅੰਨ ਤੇ ਦਪਟੇ ਨਾਰੀ ਭਾਵ।
ਘੁਰਮ ਨੀਂਦ ਪੀਛੈ ਪਚੈ ਜੀਵ ਕਲਾ ਛੁਟਿ ਦਾਬ।੧।
ਫੁਰੇ ਫੁਰਨ ਸਭ ਜੰਤ ਕੋ ਨਰ ਕੋ ਸਾਚਾ ਝੂਠ।
ਇਤਨੀ ਬੂਝੀ ਗਿਆਨ ਤੇ ਤਾਂ ਪਰ ਤੁਮਰੀ ਸੂਝ।੨।

'ਬੱਲਭ' ਕਾਲਖ ਪਾਪ ਫਲ ਗੋਤਮ ਪਤਨੀ ਪ੍ਰੀਤ ।
ਚੰਦ ਉਠਾਇ ਰਿਖ ਨ੍ਹਾਣ ਕੋ ਕਾਮੀ ਬਾਸਵ[1] ਮੀਤ ।੩।
'ਗੁਨੀਆਂ' ਜਾਨੋ ਜਾਨ੍ਹਵੀ[2] ਸੁਧ ਠੌਰ ਵਰ ਈਸ ।
ਮੀਤ ਪਾਗ ਸਰਨਾਗਤੀ ਗੋਡ ਲਾਗ ਸੁਖ ਸੀਸ ।੪।
'ਸਾਖੀਆ' ਤੰਤ੍ਰ ਮੰਤ੍ਰ ਕੋ ਨਾਸ ਕਰਨ ਕੇ ਹੇਤ ।
ਥੂਕ ਕੀਏ ਹਤਿ ਹੋਤ ਹੈ, ਜਾਂਤੇ ਕੀਨਾ ਚੇਤ ।
'ਗੁਰਦਾਸ' ਦਾਸ ਪਗ ਸਤਿਗੁਰੂ ਅਹੰੜ ਮਿਟੈ ਤੁਮ ਸਰਨ ।
ਤਵਨ੪ ਕ੍ਰਿਮਾ ਬਿਨ ਅਹੰਮਤੀ ਬੋਲਤ ਪ੍ਰੀਤਿ ਕੀ ਹਰਨ ।੬।
ਸੈਨਾਪਤਿ ਕਹਿਤਾ ਇਹੀ ਪ੍ਰਿਥਮ ਬਿਰਕਤੀ ਜਾਨ ।
ਗਣਪਤਿ ਆਦਿ ਮਨਾਈਏ ਆਦਿ ਤਵਨ ਕੀ ਕਾਨ ।੭।
'ਸੁਖਾ ਸਿੰਘ' ਟੰਕਾਰ ਕੀ ਸ਼ਤ੍ਰੂਨ ਦੀਯੋ ਵੰਗਾਰ ।
ਹੈ ਬਲ ਬਿਦਿਆ ਜਾਸ ਕੇ ਆਵੈ ਮਮ ਢਿਗ ਸਾਰ ।੮।
'ਕਲੂਆ' ਤੁਰਕਨ ਰਾਜ ਜਬ ਰਹਾ ਭੂਮਿ ਪਰ ਛਾਇ ।
ਜੂਠ ਖਾਇ ਜਪ ਮੰਤ੍ਰ ਬਲ ਹਿੰਦੂ ਕੋ ਛਪ ਜਾਇ ।੯।
ਸਕਲ ਪਾਪ ਜੇ ਭੂਮਿ ਕੇ ਹਰਿ ਪਏ ਗਏ ਫਰਿਆਦ ।
ਕਲਿ ਮੈਂ ਤੁਮਰੀ ਮਹਿ ਹਨਨ ਹਰਿ ਕਹਿ ਸ੍ਰਤ ਕਥ ਦਾਦ ।੧੦।
ਨਾਨਕ ਜਾਂ ਤੁਮ ਦਿਆਲ ਹੋਇ ਸਕਲ ਦੋਖ ਮਿਟ ਜਾਂਹਿ ।
ਸੰਕਰ ਬਿਦਰ ਦਾਰਿਦ ਬਿਪ੍ਰ ਅਜਾਮਲੁ ਕੁਬਜ ਭਿਲਾਇ ।੧੧।
ਚੁਪ ਹੂਏ ਸਭ ਗੁਰ ਕਹੈਂ ਲੜਕੇ ਗੁਰਬਖਸ਼ ਸਿੰਘ ।
ਤੂ ਕਿਉਂ ਬੋਲਤ ਨਾਹਿ ਅਬ ਕਹਿਨੀ ਹੋਗੁ ਮਮ ਸਿੰਘ ।੧੨।
ਤਾਂ ਮੈਂ ਬੋਲਾ ਸਮਝਕੈ ਮਨ ਪਰਚਾ ਤੁਮ ਚਰਨ ।
ਜੰਤੀ ਕੇ ਕਿਆ ਬਸ ਸਹੀ ਕਰਤਾ ਤੁਮਰੀ ਸਰਨ ।੧੩।
ਆਲ ਪਹਿਰ ਕੀ ਚੇਸ਼ਟਾ ਰੈਨ ਸਮਰਪੋਂ ਧਿਆਨ ।
ਨੱਥ ਹਮਾਰੀ ਹੱਥ ਕਰ, ਤੁਮ ਹੋ ਹਮਰਾ ਗਿਆਨ ।੧੪।
ਹਟਿ ਉਤਰ ਅਬ ਨਾਲ ਮੁਖ ਕਹੀਏ ਸੰਗਤਿ ਤੋਰ ।੧੫।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੮੪।

## ੮੫

ਬੋਲੇ ਪ੍ਰਭ ਦਿਆਲ ਹੋਇ ਜਨਮ ਜੋਨਿ ਭ੍ਰਮ ਜੀਵ ।

ਨਿੰਦ੍ਰਾ ਵਸ ਏਕਾਂਤ ਚਿਤ ਲਖੈ ਭ੍ਰਮੈ ਸੁਪਨੀਵ ।੧।
ਤਾਰਾਪਤਿ[੧] ਪਤਨੀ ਭੁਗੀ ਚੰਦ ਕਾਲਖਾਂ ਦੇਖ ।
ਪਰ ਨਾਰੀ ਪਰਸਨ ਅਘੀ[੨] ਲੋਗ ਦਿਖਾਯੋ ਲੇਖ ।੨।
ਰਾਮ ਲਖਨ ਮ੍ਰਿਗੀਆ[੩] ਗਏ ਬਿਛੁਰੇ ਦੋਨੋ ਭ੍ਰਾਤ ।
ਨਿਸ ਗੋਡੇ ਪਗੜੀ ਧਰੀ ਮਿਤ੍ਰ ਕਹਾਨੀ ਬਾਤ ।੩।
ਭਿਆਨ੪ ਮਿਲੈ ਪਰਚਾ ਪਗੜ ਵਰੁ ਦੀਨਾ ਤਬ ਏਹੁ ।
ਗੋਡੇ ਪਰ ਦਸਤਾਰ ਫਲ ਪਾਵੈ ਨਿਰਦੁਖ ਦੇਹ ।੪।
ਭੂਤ ਜਾਤਿ ਭੂ ਪਰ ਜਿਤੇ ਮੂਤ੍ਰ ਦੋਖ ਮਿਟਾਵਇ ।
ਥੂਕ ਦੀਏ ਸੁਧ ਕਾਇ ਹੋਇ ਪੀਛੈ ਸਹੀ ਬਨਾਇ ।੫।
ਪਾਪ ਗ੍ਰਸੈ ਜਬ ਆਨਕੈ ਤ੍ਰਿਸਕਾਰੈ ਬਿਧ ਆਨ ।
ਬਿਨਾ ਬੁਲਾਈ ਬੋਲੀਐ ਜਾ ਬਿਧਿ ਭਲਾ ਨ ਮਾਨ ।੬।
ਆਦਿ ਅੰਤ ਰੋਟੀ ਗ੍ਰਾਹੀ ਦੇਵ ਪਿਤਰ ਹਿਤ ਦੈਨ ।
ਬੇਦ ਉਕਤਿ ਤੇ ਧਰਮਵਾਨ ਏਕ ਪਿਛਾੜੀ ਲੈਨ ।੭।
ਸ਼ਗਨ ਹੋਹਿ ਸਬ ਸੂਰਮੇ ਦੇਵ ਦਾਹਿਨੇਪ ਹੋਇ ।
ਰਣ ਸ਼ਤ੍ਰਨ ਕੇ ਸਾਮ੍ਹਨੇ ਕਰੈ ਟੰਕਾਰੀ ਰੋਹ ।੮।
ਅਜਮੇਰ ਸ਼ਾਹ ਕੀ ਕੰਨਿਕਾ ਉਛ ਬ੍ਰਿਤ[੬] ਦਿਜ ਮਾਂਡ ।
ਪਕੜ ਸੁਵਾਵੈ ਰੈਨ ਕੋ ਮੰਤ੍ਰ ਕੋਟਿ ਬਚ ਰਾਂਡ ।੯।
ਪੀਰ ਮਲੇਛੀ ਬੈਠਕੇ ਕਰਿ ਆਦਰ ਬੈਠਾਇ ।
ਤਮਕ ਤਮਾਕੂ ਸਭਾ ਸਬ ਪੀਵਤ ਦੀਨ ਅਣਾਇ ।੧੦।
ਅਤਿ ਪਵਿਤ੍ਰ ਸੁ ਵਰਨ ਗੁੜ ਬਿਪ੍ਰ ਹਾਥਿ ਪਵਾਇ ।
ਰੈਣ ਅਮੰਤ੍ਰ ਕੋਟਿ ਖਿਸ ਮਿਲੀ ਮਲੇਛੀ ਧਾਇ ।੧੧।
ਤਾਂ ਰਿਖਿ ਸੁਤ ਗੋਪਦ ਸ੍ਰੂਨ ਦੀਨਾ ਸ੍ਰਾਪ ਬਨਾਇ ।
ਮਰਨ ਕਾਲ ਨਭ ਸ਼ਬਦੁ ਹੁਇ ਗੋ ਕਰਨ ਤਜ ਜਾਇ ।੧੨।
ਸਕਲ ਪਾਪ ਜੇ ਭੂਮਿ ਮੈਂ ਬਸੈ ਆਇ ਪਦ ਮਾਂਝ ।
ਸ੍ਰੋਤਾ ਬਕਤਾ ਕੋ ਲਗੈ ਕਥੈ ਨ ਪੂਜ ਕਰਾਂਝ ।੧੩।
ਅਨਧਿਆਇਨ[੭] ਬਿਦਿਆ ਘੁਖੈ ਸੇ ਬਾਦੀ ਜਗ ਮਾਹਿ ।
ਦਾਰਿਦ ਆਰਬਲ ਨਾਸ ਹੁਇ ਆਪਦ ਇਹੁ ਉਹ ਆਹਿ ।੧੪।
ਰਜ ਨਾਰੀ ਤਿਆਗਨ ਬਨੈ ਤਜੈ ਰਾਂਡ ਕਾ ਭੋਗ ।
ਬਿਗਰ ਬਿਆਈ ਅਰੁਚਿ ਤ੍ਰਿਯ ਤਿਆਗੈ ਕੁਲ ਅਰਿ ਰੋਗ ।੧੫।
ਸੌਚ ਸ਼ੇਖ ਜਲ ਅਸੁਚਿ ਹੋਇ ਨਿਗੁਰੇ ਕਰ ਅਪਵਿਤ ।

ਸੁਵਾਨ, ਸੁਪਚ੧ ਜੂਠਾ ਅਲਪ ਘਟਿ ਬੰਧਾ ਜਲ ਅਸਿਤ ।੧੬।
ਐਸੇ ਬੇਦ ਪੁਰਾਨ ਸੁਚਿ ਸ਼ੰਕਰ ਮਲਨ ਨ ਜੋਗ ।
ਸ੍ਰੋਤਾ ਸੁਨਿ ਨਾਰਕ ਪਸ਼ੂ ਹਾਨ ਕੁਲੀਨੀ ਹੋਗੁ ।੧੭।
ਪੰਥ ਰਚਾ ਮੈਂ ਧਰਮ ਹਿਤ ਪੂਜਾ ਦਾਨ ਨਾ ਖਾਇ !
ਲੋਭ ਬੰਧ ਮਾਨਤ ਨਹੀਂ ਸੂਕਰ੨ ਜੋਨੀ ਜਾਇ ।੧੮।
ਦਿਵਸ ਰੈਨ ਗੁਰ ਚਰਨ ਭਜ ਕੁਲ ਕੀ ਕਰਹੈ ਕਾਰ ।
ਪਾਪ ਬਿਡਾਰੇ੩ ਸਿੱਖ ਮਮ ਸਾਖੀ ਸੁਨ ਉਪਕਾਰ ।੧੯।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੮੫।

## ੮੬

ਏਕ ਬੇਰ ਗੁਰ ਆਗਿਆ ਜਨਮ ਹੂਆ ਫਤੇ ਸਿੰਘ ।
ਸਨਿ ਸਤਿਗੁਰ ਬੋਲਤ ਭਏ ਭਲੀ ਭਈ ਸੁਖ ਸਿੰਧੁ ।੧।
ਤਾਂ ਦਿਨ ਬੋਲੇ ਮੁਸਕ ਮੁਹਿ ਅਬ ਨਹਿ ਦੂਜੀ ਵਾਰ ।
ਸਭਿ ਪੂਛੇ ਸੁਨੀਏ ਪ੍ਰਭੂ ਖੋਲ੍ਹਿ ਹੁਕਮ ਕਹੁ ਸਾਰ ।੨।
ਭਗਵਾਨ ਸਿੰਘ੪ ਹੋਇ ਜਾਨੀਯੋ ਪੀਛੈ ਹੋਇ ਭੂ-ਮੱਧ ।
ਪੰਥ ਨੇਮ ਸੰਜਮੁ ਧਰੈ ਕਰੈ ਹੁਕਮ ਸੁਖ ਸੁਧ ।੩।
ਹਮਰੈ ਦੇਖਤਿ ਇਹ ਕਰੈ ਹੁਕਮ ਖਾਲਸਾ ਆਨ ।
ਹਮ ਭੀ ਵਪੁ ਧਾਰੈਂ ਅਵਰਿ ਕਰੈਂ ਫਿਰੰਗੀ ਹਾਨ ।੪।
ਨਾਰਿ ਫਿਰੰਗਣ ਸਿੱਖ ਮਮ ਘਰ ਮੈਂ ਲੇਵੈਂ ਰਾਖ ।
ਧਰਮ ਮਲੇਛੀ ਵਧੈਂਵੋ ਤੁਰਗ ਪਠਾਣੀ ਸਾਖ ।੫।
ਵਧੈ ਪੰਥ ਪਰ ਧਰਮ ਨਹਿ ਯਾ ਬਿਧਿ ਕਲਿ ਕਾ ਕਰਮ ।
ਵਰਤੈ ਸਗਲ ਜਹਾਨ ਮੈਂ ਵਿਰਲਾ ਜਾਨੈ ਮਰਮ ।੬।
ਕਰਤਾ ਹੁਕਮ ਹੂਆ ਹਮੇ ਤਬ ਕਲਿ ਜੋਰੇ ਹਾਥ ।
ਰਾਜ ਤੁਮਾਰਾ ਬੇਰ ਹਮ ਹਮੈ ਪੰਥ ਕੇ ਸਾਥ ।੭।
ਜਗਨਨਾਥ ਕੀ ਠਵਰੁ ਮੁਹ ਦੁਆਰਕਾ ਮੈਂ ਰਨ ਛੋਰ ।
ਕਾਂਸ਼ੀ ਵਿਸਵਾਨਾਥ ਨੈ ਕੁਰੁ ਮੈਂ ਧਰਮ ਨਿਵੋਰ ।੮।
ਤੈਸੇ ਤੁਮ ਮਹਿ ਰਾਖੀਓ ਸ਼ਕਲ ਕਰਉਂਗਾ ਕਾਜ ।
ਸਗਲ ਲੋਗ ਮੋ ਜਾਨੀਯੋ ਮੋਹਿ ਤੁਮਾਰਾ ਰਾਜ ।੯।
ਤਬ ਹਮ ਐਸੇ ਕਹਿਆ ਤਿਹ ਤੁਮ ਕੋ ਕਰਨੀ ਸਿਧ ।

ਬੋਲਾ ਕਰਨੀ ਨਾਹਿ ਕੋ ਕਰੋਂ ਨਾਮ ਕੀ ਬ੍ਰਿਧ ।੧੦।
ਕਲਹਿ ਕਰਾਵੌਂ ਬਾਪ ਸੁਤ ਨਾਰਿ ਪੁਰਖ ਕਾ ਜੁੱਧ ।
ਭੈਣ ਮਾਇ ਕੋ ਛੋਡਕੈ ਗੇਹਨ ਪਾਲੈ ਸੁਧ ।੧੧।
ਸੁਤ ਨਾਰੀ ਸਸੁਰਾ ਭਜੈ ਸਾਸੂ ਭਜੈ ਜਮਾਤ ।
ਦਾਸ ਭਜੈ ਭੂਪਤਿ ਜੁਵਤਿ ਬਿਪ੍ਰ ਨ ਉਪਜੈ ਸ਼ਾਂਤਿ ।੧੨।
ਸੂਦ ਨੇਂਵਦਾ ਜੇਂਵਦੇ ਬਿਪ੍ਰ ਦੇਂਹ ਧਿਧਕਾਰ ।
ਉਪਕਾਰੀ ਸੂਝੈ ਨਹੀਂ ਬਹੁਤੇ ਬਧੈ ਬਿਕਾਰ ।੧੩।
ਪੁਤ੍ਰ ਜਨ ਨਾਰੀ ਭਲੈ ਕੰਨਿਆ ਜਨਨੀ ਦੂਰ ।
ਪੁਤ੍ਰ ਸਮਝਾਵੈ ਬਾਪ ਕੋ ਨੂੰਹ ਕਹਿ ਸਾਸੁ ਕੂਰ ।੧੪।
ਸਿੱਖ ਉਪਦੇਸ਼ੈ ਗੁਰੂ ਕੋ ਅੰਨ ਅਪਵਿਤ੍ਰ ਖਾਹਿ ।
ਨ੍ਹਾਣ[1] ਤਜੈ ਕਾਇਆ ਦੁਖੀ ਖਾਵੈ ਰੁਚਿ ਬਹੁ ਭਾਇ ।੧੫।
ਪ੍ਰੀਤ ਥੋਰ ਖੁਸ਼ਮਤਿ[2] ਬਚਨ ਉਦਰ ਭਰਨ ਕੇ ਕਾਜ ।
ਨਾਰੀ ਮਿਲਨਾ ਭੋਗ ਕਰਿ ਗ੍ਰਿਹਿ ਗ੍ਰਿਹਿ ਜਜੀਏ[3] ਸਾਜ ।੧੬।
ਬੇਦ ਬੇਚਦੇ ਬੇਦਧਰ[4] ਭੂਮ ਬੇਚੰਤੇ ਛਤ੍ਰਿ ।
ਘਰ ਬੇਚੈਂ ਬਨੀਏ ਸਕਲ ਸੂਦ੍ਰ ਬੇਚਤੇ ਪੁਤ੍ਰ ।੧੭।
ਭੂਖੇ ਮਰਤੇ ਕਾਮ ਬਿਨ ਭਗਵਾ ਕਰਹੈਂ ਭੇਸ ।
ਜਟਾਂ ਬਾਂਧ ਕਰਤੇ ਸੁ ਰਸ ਮ੍ਰਿਗਛਾਲ ਖੜਾਵਾਂ ਏਕ ।੧੮।
ਲੋਗਨ ਕੋ ਐਸੇ ਠਗੈਂ ਕਥੈ ਗਿਆਨ ਕੀ ਬਾਤ ।
ਸਿਰ ਧੁਨਿ ਨੈਨਨ ਜਲ ਸ੍ਰਵਤ ਕਪਟੀ ਅਧਿਕ ਸੁਹਾਤਿ ।੨੦।
ਗਰਭ ਗਿਰਾਵੈ ਰੰਡਿ ਕਾ ਸੁਭਗ ਹੋਹਿ ਨ ਗਰਭ ।
ਜਹਾਂ ਚਾਹ ਤਹਾਂ ਬਿਘਨ ਬਹੁ ਬਿਨਾ ਚਾਹੁ ਹੋਇ ਕਾਮ ।
ਮਿਤ੍ਰ ਬਨੈ ਅਤਿ ਸ਼ਤਰੁਤਾ ਸ਼ਤਰੁ ਮੀਤ ਕਾ ਕਾਮ ।੨੧।
ਸੁਨ ਬੋਲੈ ਕੌਤਕ ਭਲੇ ਤੂ ਤਾਂ ਨਟ ਜਿਉਂ ਪੰਥ ।
ਨਾਮ ਦਾਨ ਹੋਇ ਪੰਥ ਮੈਂ ਕਰੀਯੋ ਅਪਨੀ ਸੰਥ ।੨੨।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੮੬।

## ੮੭

ਤਬਿ ਬੋਲੇ ਸਤਿਗੁਰ ਸਹੀ ਸੁਨੋ ਸੁਨਾਵੌਂ ਉਦਾਤ ।
ਹਮ ਹਮਰੇ ਸੰਗਤਿ ਭਗਤ ਕਹਾਂ ਤਮ੍ਹਾਰੀ ਬਾਤ ।੧।

ਕਲਿਜੁਗ ਬੋਲ ਸੁਨਾਇਆ ਸੁਨੋ ਹਮਾਰੀ ਖਯਾਤ ।
ਕਥਾ ਸੁਨਾਵੋਂ ਆਦਿ ਕੀ ਮਤਿ ਕਰੀਯੋ ਵਿਖਿਆਤ ।੨।
'ਕਲਿਨਾਮਾ' ਗੁਰਬਖਸ਼ ਸਿੰਘ ਦੀਨਾ ਤੋਕੋ ਏਹੁ ।
ਸਤਿਗੁਰ ਆਪ ਸੁਣਾਇਆ ਸਾਚ ਸੁਨਾਵੋ ਤੇਹਿ ।੩।
ਕਲਿਜੁਗ ਕਹਿਨਾ ਆਦਿ ਮੈਂ ਬ੍ਰਹਮਾ ਜਨਤਾ ਕੀਨ ।
ਕਹੈ ਸਭੈ ਹਮ ਹੈਂ ਅਧਿਕ ਅਹੰਕਾਰੀ ਲਖ ਲੀਨ।੪।
ਤਬ ਬ੍ਰਹਮਾ ਸਮਝਾਇਯੋ ਤੁਮਰਾ ਨਿਆਇ ਸਮਾਜ ।
ਕਹਿ ਸਮਾਧਿ ਕਰ ਮੋਨ ਹੋਇ ਚਿਤਵਾ ਪੁਰਖ ਜੁ ਰਾਜ ।੫।
ਏਕ ਖਰੀ ਦੂਜਾ ਹੂਆ ਤੀਜਾ ਚੌਥਾ ਸੁਠ ।
ਪ੍ਰਿਥਮ ਜਨਮ ਕੌ ਸੌਂਪ ਕਰਿ ਨੀਤਿ ਪੜ੍ਹਾਈ ਗੁਠ ।੬।
ਪੂਛਾ ਦ੍ਰਹਿਣ ਕਿਉਂ ਵਰਤਣੀ ਪੁੱਤ੍ਰ ਕਰੈਂਗਾ ਜਾਇ ।
ਸੋ ਈਹਾਂ ਕਹੁ ਮੋਹ ਢਿਗ ਹੁਕਮ ਰਾਜ ਮੁਹ ਦਾਇ ।੭।
ਸਤਿ ਕਹਾ ਤਬ ਪੁਰਖ ਨੇ ਦੇਸ ਦੇਸ ਦਿਉਂ ਬਾਂਟਿ ।
ਜਿਸੈ ਦੇਸ ਤਾਂਕਾ ਲਿਖੂੰ ਪਾਪ ਪੁੰਨ ਕੀ ਸਾਂਟ ।੮।
ਤਪ ਸਤ ਜੱਗ ਅਰ ਅਰਚਨਾ ਲੋਗ ਕਰਾਊਂ ਰੋਜ਼ ।
ਬ੍ਰਹਮਣ ਬ੍ਰਹਮ ਪਰਾਇਣੀ ਊਚਾ ਬਨਬਸ ਜੋਗ ।੯।
ਬੀਉ ਫਲਾਊਂ ਸਉ ਬੇਰ ਉਮਰ ਲਾਖ ਇਕ ਬਰਖ ।
ਸ਼ਸਤ੍ਰ ਧਰਮ ਛਤ੍ਰੀ ਕਰੋਂ ਪੁੰਨ ਵਿਹਾਰੀ ਵੇਸ ।
ਤੀਨ ਬੇਦ ਤੀਨੋ ਬਰਨ ਸਬਨ ਖਿਲਾਊਂ ਐਸ ।੧੦।
ਦੂਜਾ ਬੋਲਾ ਪਿਤਾ ਜੀ ! ਸ਼ਸਤਰ ਧਰਮ ਮੁਹ ਖੂਬ ।
ਸਬੈ ਚਲਾਊ ਨੀਤਿ ਮੈਂ ਦੇਊਂ ਸੇਵਾ ਹੂਬ ।੧੧।
ਜੱਗ ਕਰਾਊਂ ਅਰਥ ਸੰਚ ਪਾਪ ਮਿਟਾਊਂ ਲੋਗ ।
ਸੁਵਰਗ ਲੋਗ ਲਗ ਕਰਮਠੀ ਦਸ ਬੋਈਲੇ ਭੋਗ ।੧੨।
ਦਸ ਸਹਿਜ ਜੀਵੈ ਸਕਲ ਪਾਪ ਡਰਨ ਸਬ ਆਹਿ ।
ਬਡੇ ਭ੍ਰਾਤ ਤੇ ਊਨ ਦਸ ਧਰਮ ਚਲਾਊਂ ਰਾਹ ।੧੩।
ਚੁਪ ਹੋਏ ਤੀਜਾ ਕਹੈ ਅਰਚਾ ਘਰ ਕੀ ਵੰਡ ।
ਸਹਿਸ ਜੀਵਨਾ ਚਾਰ ਬੀਚ ਆਧਾ ਪੁਨ ਅਘ ਖੰਡ ।੧੪।
ਅਧਿਕ ਬਿਪ੍ਰ ਅਰ ਛਤ੍ਰਿ ਕੀ ਵਣਜ ਕਰੈ ਜਨ ਆਪ ।
ਰਾਜਾ ਕੋ ਗੁਰ ਮਾਨ ਕੈ ਨਿਆਇ ਕਰਾਵੈ ਜਾਪੁ ।੧੫।
ਚੁਪ ਹੂਆ ਚੁਪ ਚਤੁਰ ਥ ਬ੍ਰਹਿਮਾ ਕਹੈ ਤੂ ਬੋਲ ।

ਤਬ ਹਮ ਕਰ ਜੋਰੇ ਨਮ੍ਰ ਆਇਸੁ ਤੁਮਰੀ ਕੋਲ ।੧੬।
ਹਸ ਕਰ ਬ੍ਰਹਿਮਾ ਬੋਲਿਠਾ ਪੁਤ੍ਰ ਪਿਛਾੜੀ ਮੋਰ ।
ਤੇਰੀ ਇਛਾ ਹੋਇ ਜੋ ਸੋ ਮੇਰੋ ਮਨ ਲੋਰ ।੧੭।
ਕਹਿਤੋ ਹਉਂ ਕਹਿਨੇ ਲਗਾ ਜਨ ਕਰੁ ਪੁੰਨ ਅਰੁ ਪਾਪ ।
ਆਪ ਕਰੈਂ ਭੁਗਵੈ ਅਪਨ ਸੌ ਵਰਖੀ ਦੇਵੀ ਜਾਪ ।੧੮।
ਬਹੁ ਪੁਤ੍ਰ ਬਹੁ ਬਾਸ਼ਨਾ ਇਛਿਆ ਸਿਛਿਆ ਸਾਰ ।
ਸ਼ੂਦਰ ਰਾਜ ਘਰ ਹੀਅਰਨ ਬੇਦ ਜਾਪੁ ਹਰਿ ਧਾਰ ।੧੯।
ਭਗਤਿ ਕਰੈ ਪਾਪੀ ਤਰੈ ਨਰ ਨਾਰੀ ਦਿਜ ਸੂਦ ।
ਨੀਚ ਬਾਲ ਜਵਨੀ ਤੁਰਕ ਸ਼ੰਕਰ ਆਸ਼੍ਰਮ ਖ਼ੂਬ ।੨੦।
ਨਾਮ ਬਿਨਾ ਦੰਡੇ ਸਕਲ ਨਰਕ ਸੁਰਗ ਮਮ ਰਾਜ ।
ਭੂ ਹੀ ਦੋਨੋ ਗਤਿ ਰਟੇ ਜੋਨੀ ਅਰਥ ਸਮਾਜ ।੨੧।
ਏਹ ਭਾਵੀ ਪੂਰਨ ਕਰੌਂ ਤਬ ਜਾਨੋਗਾ ਖ਼ੂਬ ।
ਏਕ ਤੁਮਾਰਾ ਦੰਡ ਸਹੁ ਔਰ ਨ ਜਾਨਹੁ ਦੂਬ ।੨੨।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੮੭।

## ੮੮

ਏਕ ਬੇਰ ਸਤਿਗੁਰ ਕਹੈ ਬ੍ਰਹਮਾ ਕਹਿਤ ਸੁਹਾਤ ।
ਸੁਨ ਸੁਤ ਭੂਮੀ ਜਾਈਓ, ਧਰਮ ਕਰਮ ਵਿਖਿਆਤ ।੧।
ਸੁਨ ਕਲਿਜੁਗ ਮੇਰਾ ਹੁਕਮ ਤੂ ਮੇਰਾ ਆਗਿਆਰ[੧] ।
ਸਭ ਮੰਤ੍ਰ ਤੁਹਿ ਰਾਜ ਰਦ, ਨਾਮ ਮੰਤ੍ਰ ਸਿਧ ਸਾਰ ।੨।
ਔਰ ਜੁਗਨ ਮੈਂ ਆਸਰਾ ਬਹੁਤ ਜੱਗ ਤਪ ਅਰਚ ।
ਰਾਮ ਨਾਮ ਜਪੁ ਰਸਨ ਸੁਆਸ ਕਲਿ ਮੈਂ ਕਾਰਜ ਸਰਚ ।੩।
ਤੇਰਾ ਰਾਜ ਹੁਇ ਪੁਤ੍ਰ ਜਬ ਸਬ ਦੇਵਨ ਦਿਊਂ ਵਰਜ ।
ਜਿਉਂ ਇਛਾ ਤਿਉਂ ਵਰਤੀਏ ਨਾਮ ਮਹਾਤਮ ਗ਼ਰਜ਼ ।੪।
ਭਲਾ ਤੁਮਾਰਾ ਰਾਜ ਹੁਇ ਸਕਲ ਸਿਧਿ ਤੁਹਿ ਵਾਰ ।
ਥੋੜੀ ਕਰਨੀ ਫਲ ਅਧਿਕ ਤੀਨ ਰਾਖੀਯੋ ਸਾਰ ।੫।
ਪਰ ਅੰਸੀ ਪਰ ਨਾਰਿ ਤਜਿ ਨਾਮ ਸਰਾਹੈ ਸੁਆਸ ।
ਹਰਿ ਭਜ ਹਰਿ ਚਿਤ ਹੇਤੁ ਧਰਿ ਹਰਿ ਸਿਦਕੀ ਕੁਲ ਆਸ ।੬।
ਦੇਹ ਅੰਤ ਭੀ ਹਰਿ ਭਜੈ ਤਉ ਭੀ ਹੋਇ ਨਿਸਤਾਰ ।

ਐਸੇ ਹਰਿ ਕੋ ਨਿਤ ਭਜੈ ਭਵਜਲ ਉਤਰੈ ਪਾਰ ।੭।
ਬ੍ਰਹਮ ਪ੍ਰਾਇਣ ਹੋਇਕੈ ਤਨ ਮਨ ਅਰਪੈ ਜੋਇ ।
ਤਾਂਕਾ ਬੀ ਤੂੰ ਭੈ ਕਰੀਂ ਇਹੀ ਹਮਰੀ ਖੋਇ ।੮।
ਅਵਰਿ ਟੇਕ ਤਜਿ ਆਸਰਾ ਏਕ ਨਾਮ ਕਾ ਪ੍ਰੇਮ ।
ਤੀਨ ਲੋਕ ਕੋ ਬੇਧ ਕੈ ਜਾਇ ਸਾਜੁਜੀ[1] ਖੇਮ ।੯।
ਅਪਨੀ ਨਾਰੀ ਸਚੁ ਬ੍ਰਤ ਖਾਜ ਅਖਾਜੀ ਬ੍ਰਿਤ ।
ਸੋਈ ਸੰਤ ਗੁਰ ਮਾਨੀਓ ਕਲਿ ਪੁਤ੍ਰ ਸਤਿ ਚਿਤ ।੧੦।
ਸਤਿਜੁਗ ਮੇਰੇ ਸਿਰ ਵਸੋ, ਭੁਜਾ ਵਸੋ ਤ੍ਰਿਤੇਯ ।
ਦੁਆਪੁਰ ਬਸੀਯੋ ਜੰਘ[2] ਮਮ, ਤੂ ਚਰਨਨ ਕੋ ਸੇਯ ।੧੧।
ਅੰਗ ਅੰਗ ਕੀ ਮੁਕਤਿ ਇਹ ਬੇਦ ਮਾਂਝ ਲਿਖ ਦੀਨ ।
ਸੋਈ ਸੋ ਸਾਚੀ ਭਲੀ ਸਕਲ ਸਮਾਲਾ ਕੀਨ ।੧੨।
ਅਪੁਨੇ ਅਪੁਨੇ ਰਾਜ ਕਰ ਆਈਯੋ ਮਮ ਤੁਮ ਧਾਮ ।
ਕਰ ਕਰ ਕਰਨੀ ਕਲਪ ਲਗ ਮਿਲੀਯੋ ਅੰਗ ਅਰਾਮ ।੧੩।
ਬ੍ਰਹਿਮਾ ਵਾਕ ਕਹੀ ਸੰਘਿਤਾ ਪਰ ਪਸੰਤੀ ਜਾਪੁ ।
ਮੱਧਮਾ ਵੈਖਰੀ[3] ਜਾਪ ਰਸ ਚਾਰ ਦੇਵ ਅਸ ਥਾਪ ।੧੪।
ਨਾਰਾਇਨ ਦੇਵ ਹੈ ਪਰ ਕਾ, ਨਰ ਪਸੰਤੀ ਇਸ਼ਟਿ ।
ਵਾਗਦੇਵੀ ਮੱਧਮਾ ਵਸੈ ਬਿਆਸ ਵੈਖਰੀ ਸਿਸ਼ਟ ।੧੫।
ਸੁਆਸ ਠਹਿਰਾਵੈ ਨਾਭਿ ਘਰਿ ਉਠੈ ਤੁਰੰਗੀ ਓਜ ।
ਨਾਮ ਭਜਨ ਕੀ ਜੁਗਤਿ ਇਹ, 'ਮਥਰਾ'[4] ਬਖਸ਼ੀ ਮੌਜ ।੧੬।
ਕਹਿ ਕਰ ਸੁਨ ਤੂ ਸਾਹਿਬ ਸਿੰਘ ਚੁਪ ਕੀਨੀ ਕਲਿ ਗੰਮ ।
ਇਹ ਸਾਖੀ ਸਤਿਗੁਰ ਕਹੀ ਪੜ੍ਹਤ ਸੁਨਤੁ ਸੁਲ ਸੰਮ ।੧੭।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੮੮।

## ੮੯

ਏਕ ਸਮੇਂ ਗੁਰੂ ਮੌਜ ਮੈਂ ਬੈਠੇ ਸਿੱਖ ਸਮਾਜ ।
ਕਰਨੀ ਕਹਿ ਗੁਰ ਦੀਆ ਹਸ ਪੂਛਤ ਸਭ ਕੋ ਲਾਜ ।੧।
ਏਕ ਬੇਰ ਗੁਰ ਜੀ ਕਹਿਆ ਗੁਰ ਅਰਜਨ ਕੀ ਰਹਿਤ ।
ਸੁਖਮਨੀ ਮਹਿਮਾ ਭਲੀ ਕਲਿ ਜਪੁ ਕੀ ਕਹਿਨੀ ਮਹਿਤ ।੨।

ਏਕ ਸਮੈ ਸ੍ਰੀ ਗੁਰੂ ਜੀ, ਅਰਜਨ ਜੀ ਕੈ ਹਜ਼ੂਰ ਕੀ ਖਯਾਤ ਪਿੰਡੀ ਲਾਲ ਨੰਦ ਲਾਲ ਜੀ ਪੁਛਿਆ। ਜਾ ਲਗੈ ਗੁਰੂ ਜੀ ਕਹਨ ਤਾਂ ਸਿੱਖ ਨੰਦ ਸਿੰਘ ਹਜ਼ੂਰ ਪਛਣ ਵਾਸਤੇ ਸੁਨਾਇਆ, ਜੀ ਸੱਚੇ ਪਾਤਿਸ਼ਾਹ! ਅਚਰਜ ਦੇਖਿਆ ਹੈ, ਏਕ ਸਿੱਖ ਨੂੰ ਸਰਾਇ ਵਿਚੋਂ ਦੇਉ ਲਗਾ ਹੈ ਦੇਖਿਆ, ਇਤਨੇ ਪ੍ਰਸਤਾਵ ਮਾਹਿ ਗੁਰੂ ਕੇ ਹਜ਼ੂਰ ਬ੍ਰਿਜ ਲਾਲ ਪਾਂਡਾ, ਨਿਹਾਲ ਚੰਦ, ਬਿਧੀ ਚੰਦ, ਖਾਨ ਚੰਦ, ਸੁਖਦੇਵ ਪੰਡਿਤ, ਮਾਨ ਦਾਸ ਬੈਰਾਗੀ , ਮਦਨ ਗਿਰਿ, ਆਲਮ ਸ਼ਾਹ, ਹੁਸੈਨ ਅਲੀ, ਬ੍ਰਿਖਾ, ਸੁਖਾ, ਗੁਣੀਆ ਗੁਨੇ ਚੰਦ, ਲੱਖਾ ਗੁਰੂ ਜੀ ਕੇ ਪਰਚਣੀਏ ਆਇ ਪਹੁੰਚੇ। ਜਾਂ ਮੱਥਾ ਟੇਕ ਚੁਕੇ ਤਾਂ ਪਿਛੌਂ ਭਾਈ ਸੱਦੂ ਆਈ ਹਜ਼ੂਰ, ਕੀਰਤਨ ਕੇ ਸਮੈ ਬਚਨ ਹੋਇਆ, ਭਾਈ ਸਿੱਖਾ! ਜਪੁਜੀ ਨ ਪੜ੍ਹਦਾ ਹੋਵੈਗਾ। ਤਾਂ ਸਿੱਖਾਂ ਪੁਛਿਆ, ਜੀ ਜਪੁ ਮੈਂ ਮੁਕਤ ਅਥਵਾ ਸਰੀਰ ਕੀ ਰਛਿਆ ? ਬਚਨ ਹੋਇਆ, ਭਾਈ ਅੰਮ੍ਰਿਤ ਫਲ ਅਮਰ ਬੀ ਕਰੇ, ਭੂਖ ਤ੍ਰਿਖਾ ਬੀ ਦੂਰ ਕਰੈ। ਫੇਰ ਬ੍ਰਿਜ ਲਾਲ ਪਾਂਡੇ ਬਿਨਤੀ ਕਰੀ ਸੱਚੇ ਪਾਤਿਸ਼ਾਹ! ਮੇਰੀ ਬਾਤ ਸੁਣਨੀ। ਏਕ ਦਿਨ ਸੁਪਨੇ ਵਿਚ ਮੈਂ ਗੁਰੂ ਨਾਨਕ ਜੀ ਕਾ ਦਰਸ ਕੀਆ, ਊਹਾਂ ਜੀ ਅਜਾਣਾ ਕਿ ਜਾਣਿ, ਮੈਂ ਭੀ ਜਪੁਜੀ ਕਾ ਪ੍ਰਮਾਰਥ ਸੁਣਿਆ ਆਹਾ, ਜੀ ਮੈਂ ਭੀ ਸਲੋਕ ਸੁਣਾਵਾਂ। ਬਚਨ ਹੋਆ, ਭਾਈ ਸੁਣਾਇਅ !ਤੂੰ ਭੀ ਪ੍ਰਤੀਤ ਵਾਲਾ ਗੁਰ ਕੇ ਘਰ ਕਾ ਪੰਡਤਿ ਹੈਂ। ਤਾਂ ਬ੍ਰਹਮਣ ਬੋਲਿਆ, ਅਸੀਰ ਬਚਨ ਪੜ੍ਹਿਆ :

ਹਰਿ ਸ਼ਤ੍ਰਨ ਮਮ ਗ੍ਰਿਹੇ ਦਿਵਾ ਰਾਤ੍ਰੋਹਿ ਦੁਖ ਦਾਨ।
ਤ੍ਰਾਹਿ ਮਾ ਦ੍ਰਿਸ਼ਯ ਗੁਰੋ ਸੂਪਨ ਸਲੋਕੋਕਤਿਰੁਕਤਵਾਨ ।੧।

ਤਬ ਬ੍ਰਿਜ ਲਾਲ ਪੜ੍ਹਿਆ, ਸੰਗਤ ਸਬ ਗੁਰ ਨਾਨਕ ਜੀ, ਅਰਜਨ ਜੀ ਸੁਪਨੇ ਮਾਂਝ ਦੇਖੇ ਤਬ ਸੁਣਾਂ ਸੋ ਸੁਣਾਵੋ।

ਮੋਖ ਚ ਪ੍ਰਾਣੇ ਗੁਣ ਦ੍ਰਭ ਲਾਭੇ ਧਰਮੇ ਵਿਰਕਤੇ ਸੁਰ ਸੇਵਨੇ ਵਾ
ਯੋਖਤਿ ਸੁਦਾਸੇ ਸਤਿ ਪੁਤ੍ਰਯਾਨੇ ਸੰਗ੍ਰਹਿ ਸੁਭਾਵ ਰਿਸ਼ਟੋ ਪਰਮਦੇ
ਮਨੋ ਨਿਰੋਧੇ ਯੁਧਿਸ਼ਤਿਪ੍ਰਗਹੇ ਧਰਮ ਚ ਨੀਤੌ ਦਾਨੇ ਗੁਣਕਾਰੇ
ਏਤੇਖੁ ਕੁਰਯਾਤਿ ਸਤਿਨਾਮ ਬਾਨਿ ਮੋਂਕਾਰਮਾਂਦੋ ਕਲਿ ਸੂਦਧਾਨ ।੨।

ਪੀਛੇ ਪੁਛਣ ਲਗੇ ਸਿਖਿਆ ਸੁਪੁਨ ਸਲੋਕ। ਭਾਵਾਰਥ ਸਮਝਾਵੋ ਤਾਂ ਬਚਨ ਹੋਇਆ ਭਾਈ ਏਹ ਜਪੁਜੀ ਕਾ ਮਾਨਸੀ ਪਰਮ ਮੰਤ੍ਰ ਕਾ ਅਰਥ ਹੇਗਾ।

੧ਓਂ ਸਤਿਨਾਮੁ ਪੰਜੀ ਅਛਰ ਪੜ੍ਹੇ।
ਤਾਂ ਤਬਿ ਦੋਖ ਵਾਤ ਪਿਤ ਕਫ ਨਾਸ ਕਰੈ।

ਮੁਕਤ ਹੋਇ, ਅਵਗਤਿ ਨਾ ਹੋਇਗੀ। ਜੋ ਭੋਜਨ ਉਪਰ ਪੜ੍ਹੇ ਰਿਧਿ ਵਧੇ, ਅੰਨ ਪਚੇ, ਕਾਲ ਰਹਿਤ ਹੋਇ, ਧਨ ਕੇ ਲਾਭ ਮੇਂ, ਧਰਮ ਮੈਂ, ਉਦਾਸੀ ਦੇਵਤਾ ਕੀ ਪੂਜਾ ਮੈ। ਅਰ ਨਾਰੀ ਸੁਤ ਮੈ ਬਾਦ ਮੈ ਮੋਹਨੀ ਲਿਖੈ ਦਸ ਸਹੰਸਰ ਪੜੇ ।੧।

ਗੁਰੂ ਅੱਗੇ ਮੱਥਾ ਨਿਵੈ ਪਰਤੀਤ ਕਰੇ ਦਸਵੰਧ ਅਵੰਧ ਦੇਵੇ ਗੁਰ ਕਾ ਸਿੱਖ। ਚਲਨ ਮੈਂ ਸੰਗ੍ਰਹ ਮੈ, ਦਾਨ ਲੇਨ ਦੇਨ ਮੈਂ, ਸਤਿ ਸੁਭਾਵ ਕੀ ਪਲਟ ਮੈ। ਭੂਤ ਡਾਕਨੀ ਕੀ ਦ੍ਰਿਸਟਿ ਮੈ ਪੜੇ। ਸੁਪਨੈ ਗੁਰੂ ਅਰਜਨ ਜੀ ਕਾ ਵਾਕ। ਪਾਤਿਸ਼ਾਹੀ ਦਸ ਲਿਖਾਇਆ ਸੋ ਲਿਖਾ।

ਆਗੇ ਬਚਨ ਲਿਖਾਰੀ ਲਿਖਾ। ਸਾਹਿਬ ਸਿੰਘ, ਬਚਨ ਗੁਰੂ ਜੀ ਕਾ।
ਚਲਨ ਸਮੈ ਸੰਗ੍ਰਹਿਨ ਮੈਂ ਦਾਨ ਲੇਨ ਔ ਦੇਨ।
ਅਤਿ ਸੁਭਾਵ ਕੀ ਪਲਟ ਮੈਂ ਭੂਤ ਡਾਕਨੀ ਸੇਨ।੧।
ਮਨ ਜੀਤਨ ਜੁਧ ਮੈਂ ਧਰੇ ਰਾਜ ਕਾਜ ਸੁਖ ਵਾਹਿ।
ਮਿਲਨੇ ਗਿਲਨੇ ਬੰਧ ਮਹਿ ਰਾਜ ਜੋਗੁ ਉਤਸ਼ਾਹ।੨।
ਇਨ ਕਾਰਜ ਕੀ ਅਟਕ ਮੈ ਪਾਂਚ ਪਚੀਸਾ ਜਾਪੁ।
ਛਤੀ ਅਠੱਤੀ ਜਾਪ ਕਰ ਲਖ ਅਰਧ ਤੇ ਲਾਖ।੩।
ਸਾਖੀ ਪੂਰੀ ਹੋਈ। ਬੋਲਹੁ ਭਾਈ ਜੀ ਵਾਹਿਗੁਰੂ।੮੯।

## ੯੦

ਪੰਜ ਅਖਰ ਅਥਵਾ ਪੰਜੀ ਅਥਵਾ ਛੱਤੀ ਵਾ ਅਠੱਤੀ।
ਸਭ ਕੇ ਬਰੋਬਰ ਜਪੁ ਹਜ਼ਾਰ ਅੱਖਰਾਂ ਜੇਡ ਕਰਣਾ।੧।
ਕਰੈ ਹੋਮ ਗੁਰਮੰਤ੍ਰ ਕੋ ਗੁਰੂ ਜੀ ਕੀ ਖਯਾਤ।
ਕਾਰਜ ਹੋਇ ਬੰਧਨ ਤੁਟੈ ਸ੍ਰੀ ਮੁਖ ਗੁਰ ਪਰਤਾਪ।੨।
ਬ੍ਰਹਮਣ ਵਿਦਿਆ ਯੁਤ ਜਪੈ ਏਕ ਭਾਗ ਦੁਇ ਮੂੜ੍ਹ।
ਛਤ੍ਰੀ ਤ੍ਰਯ ਸ਼ੂਦਰ ਚਤੁਰ, ਸਾਢੇ ਤ੍ਰਯ ਵਿਸ ਗੂੜ੍ਹ।੩।
ਗਿਆਨੀ ਧਿਆਨੀ ਜੋਗ ਧਰਮ ਕਰਮੀ ਸੁਕ੍ਰਿਤੀਯ ਮਧਯ।
ਉਤਨਾ ਹੀ ਲਿਖਿਆ ਸਹੀ ਜੋ ਗੁਰ ਸਰਧਾ ਸਿੱਖ।੪।
ਗੁਰ ਪ੍ਰਸਾਦਿ ਲਗ ਮੁਕਤ ਮੈ ਪਾਂਚ ਗਿਆਨ ਮੈਂ ਜੋਗ।
ਹਿਰਦੇ ਸੋਧਨ ਸੰਗ੍ਰਹਿ ਮੈ ਪੰਜੀ ਲਗ ਸੰਜੋਗ।੫।
ਪ੍ਰਿਥਮੈ ਇਹੋ ਹੋਮ ਮਾਰਜਨ ਵਿਧਿ ਲਿਖਯਤੇ।

ਓਅੰਕਾਰਾਯ ਨਮ: ।੧। ਸਤਯਾਯ ਨਮ: ।੨। ਤਗਯਾਯ ਨਮ: ।੩। ਨਾਰਾਯਣਾ ਨਮ: ।੪। ਮਖਾਯਾ ਨਮ: ।੫। ਕਰਤ੍ਰੇ ਨਮ: ।੬। ਰਖਤ੍ਰੇ ਨਮ: ।੭। ਤਾਰਕਾਂਯ ਨਮ: ।੮। ਪੁਰਖੋਤਮਾਯ ਨਮ: ।੯। ਰੁਕਮਾਕ੍ਰਿਤਯ ਨਮ: ।੧੦। ਖਾਤਨਮੇਯ ਨਮ: ।੧੧। ਨਿਰੰਜਨਾਯ ਨਮ: ।੧੨। ਰਥਾਂਗਾਤ ਨਮੋ ਨਮ: ।੧੩। ਭਵਾਤਕਾਯ ਨਮ: ੧੪। ਉਤਮਾਯ ਸਸੇਯ ਨਮ: ।੧੫। ਨਿਤਯ ਰੁਪਾਯ ਨਮ: ।੧੬। ਰਜਾਤਮਨੇ ਨਮ: ।੧੭।

ਬੈਕੁੰਠਾਯ ਨਮ: ।੧੮। ਰਾਮਾਯ ਨਮ: ।੧੯। ਅਖਰਾਯਿ ਨਮ: ।੨੦। ਕਾਲਾਯ ਨਮ: ।੨੧। ਲਖਮੀਪਤੇਯ ਨਮ: ।੨੨। ਮੂਕਤਿ ਧਰਾਯ ਨਮ: ।੨੩। ਰਮਾਪਤਿਯ ਨਮ: ।੨੪। ਤ੍ਰਿਲੋਕੇਸਾਯ ਨਮ: ।੨੫। ਅਖਰਯਾਯ ਨਮ: ।੨੬। ਜਗਦੀਸਾਯ ਨਮ: ।੨੭। ਨਿਰਾਕਾਰਾਯ ਨਮ: ।੨੮। ਸਦਮੇਸ਼ਾਯ ਨਮ: ।੨੯। ਇਕਾਰਵਾਗ ਵਾਦਨੇ ਨਮ: ।੩੦। ਭੰਜਨਾਯ ਨਮ: ।੩੧। ਓਅੰਕਾਰਇੰ ਨਮ: ।੩੨। ਸ੍ਵਾਹਾ ਪ੍ਰਾਣਾ ਹੁਤੋ ਜਪੁ ਇਤਿ । ਸਿਖ ਸੁਖਾਯਮ: । ਛਤ੍ਰੀ ਬਰਣੀ ਅਰ ਪੰਜ ਵਰਣ । ਪੰਝੀ ਤੱਤ, ਗੁਰਪ੍ਰਸਾਦਿ, ਤੀਨ ਕੇ ਆਗੇ ਪੜ੍ਹੇ, ਅਰ ਲਿਖਨੈ ਮੈ ਆਠ ਅੱਖਰ ਪੜ੍ਹੇ, ਪਾਂਚ ਪ੍ਰਾਣ ਕੇ ਮਾਂਝ; ਪੰਝੀ ਸਭਿ ਬਿਵਹਾਰ ਮੈ, ਛਤ੍ਰੀ ਅਠੱਤੀ ਗੁਣ ਸਾਂਝ ।

ਸੁਣ ਭਾਈ ਤੂ ਜਾਤ ਤੇ ਉਤਮ ਬ੍ਰਹਿਮਣ ਗੋਤ ।
ਜੁਗ ਕਾ ਧਰਮ ਪਛਾਣ ਜਪੁ ਕੀ ਪਉੜੀ ਸੋਧ ।
ਅਰ ਹੋਮ ਕਰੈ ਛਤ੍ਰੀ ਕਰੈ ਲਖ ਮੁਕਤਿ ਹੋਇ ਤਤਕਾਲ ।
ਜਪੁ ਤੇ ਆਤਮ ਸੁਧ ਹੋਇ ਮਾਰਜਨ ਦੂਖਨ ਟਾਲ ।
ਆਸਾ ਪਰ ਦੂਜੀ ਪੜ੍ਹੇ ਆਦਿ ਸਚੁ ਜਿਹ ਨਾਮ ।
ਦੇਵ ਮੰਤ੍ਰ ਅਰ ਚਲਨ ਮੈਂ ਔਖਧਿ ਰਸਾਇਣ ਸਾਮ ।
ਵਿਪਤਾ ਕਾਰ ਜਹਾਨ ਮੈਂ ਗਾਵੈ ਕੋ ਰਹਿ ਲਾਗ ।
ਕਾਰਜ ਕਾਹੂੰ ਅਟਕ ਮੈਂ ਦੇਇ ਭੇਟ ਗੁਰ ਭਾਗ ।
ਨਵ ਘਰ ਨਵ ਗੁਣ ਸੰਗ੍ਰਹੈ ਚੌਥੀ ਕਾ ਕਰ ਧਿਆਨ ।
ਜਪੁ ਜਪ ਸਮ ਪੜ੍ਹ ਸਾਤ ਦਿਨ ਸ਼ਾਂਤ ਭੇਟ ਪ੍ਰਮਾਨ ।
ਉਦਮ ਪੰਜੇ ਜੁਧ ਮੈ ਛੇਵੀਓ ਸਪਤਮਿ ਬੰਧ ।
ਅਟਕੀ ਨਾਰੀ ਆਠਵੀਂ ਨਾਂਵੀ ਮੰਤ੍ਰ ਸੰਧਿ ।
ਦਸਵੀਂ ਦਸ ਦੇਵਨ ਜਜੈ ਵਾਹਿਨ ਲੇਵੈ ਬੀਚ ।
ਚੜ੍ਹਨੇ ਕ੍ਰਿਯ ਵਿਕ੍ਰਯ ਵਿਖੈ ਗਿਅਰਾਂ ਪਵੜੀ ਖੀਂਚ ।
ਬਾਰ੍ਹੀ ਪੜ੍ਹ ਕਲਪਨ ਕਰੈ ਦੁਖ ਅਰਿਸ਼ਟ ਕੋ ਨਾਸ ।
ਤੇਰ੍ਹੀ ਤੇ ਸਿਧਨ ਭਜੈ ਕਾਰਜ ਰਾਜ ਸੁ ਰਾਸ ।
ਜੰਤ੍ਰ ਮੈ ਚੌਦਸ ਕਹਿਯੋ ਪੰਚਦਸੀ ਤੇ ਭੂਤ ।
ਖੋੜਸ ਤੇ ਡਾਕਨਿ ਤਜੈ ਸਤ੍ਰਿਦਸ ਮੋਹਨ ਕੂਤ ।
ਪੜ੍ਹੈ ਅਠਾਰਹਿ ਆਠ ਦਸ ਨਿਤ ਉਠ ਵਿਦਿਆ ਹੇਤ ।
ਖਟ ਮਾਹੈ ਵਿਦਿਆ ਵਧੈ ਨਿਰਮਲਿ ਬੁਧ ਸੁਚੇਤ ।
ਉਨੀ ਸੁੰਨੀ ਜੋਗ ਮੈ ਵਿੰਸੀ ਨਾਰਿ ਸੰਜੋਗ ।
ਸੰਤਤਿ ਹਿਤ ਇਕੀਸਵੀਂ, ਮ੍ਰਿਤ ਬਾਈਵੀਂ ਜੋਗ ।
ਤੇਈ ਰਿਪੁਨ ਅਖੁਟ ਮੈ ਚੌਵੀ ਚਾਤੁਰ ਪ੍ਰੀਤ ।

ਪੰਚ ਵਿੰਸਤੀ ਆਦਰੇ ਮੋਹਨ ਸੋਹਨ ਰੀਤਿ ।
ਛੱਬੀ ਛਲ ਮੈ ਬਲ ਧਰੋ ਸਪਤ ਵਿੰਸ ਕਾ ਜਾਪ ।
ਆਠਵਿੰਸ ਭਯ ਦੂਰ ਕੋ ਹੋਇ ਬੱਜਰ ਸਮ ਮਾਪ ।
ਵਿਖ ਪੀੜੈ ਵਿਖਿਆ ਕਟੈ ਉਨਤੀਸੇ ਕਾ ਝਾੜ ।
ਦੁਧ ਬਧਾਵੈ ਵਜ਼ਨ ਮੈ ਤੀਸ ਪਉੜੀਆ ਗਾੜ੍ਹ ।
ਏਕੀ ਛੇਕੇ ਦੋ ਕੀ ਭਾਗ ਤ੍ਰੈ ਤੇਤੇ ਇਕ ਤਾਪੁ ।
ਨਿਤ ਜੁਰੀ ਚੌਂਤੀ ਪੜ੍ਹੈ ਚਾਲੀ ਚਾਲੀ ਮਾਪ ।
ਕਰਮ ਮਾਂਝ ਦਸ ਕੋ ਪੜ੍ਹੈ ਅਰਥ ਮਾਹ ਵੀਹ ਪਾਠ ।
ਤੀਹ ਕਾਮਨਾ ਸੰਚ ਰਤ ਚਾਲੀ ਮੁਕਤਿ ਸੁਰਾਟ ।
ਪੈਂਤੀ ਪੰਕਤਿ ਛੱਤੀ ਗੜ ਸੂਰ ਕਾਜ ਸੈਂਤੀਸ ।
ਅਠੱਤੀ ਮਿਲਨੇ ਸਾਧ ਕੇ ਰਾਜ ਕੈ ਦਰ ਅਸੀਸ ।
ਉਨ ਚਾਲ ਤਨ ਦੇਵ ਕੌ ਚਾਲੀ ਚਤੁਰ ਭੁਜ ਰੂਪ ।
ਚਾਰ ਭਾਂਤ ਜਪੁ ਜਪੁ ਲਿਖਹੁ ਤੇ ਭੋਜਨ ਅਖਯ ਸਰੂਪ ।
ਜਪੁ ਮਹਿਮਾ ਪੌੜੀ ਪੜ੍ਹੈ ਕਰਹੈ ਗੁਰ ਸਨ ਪ੍ਰੀਤਿ ।੧
ਨਿਹਚਾ ਜਾਂਕਾ ਗੁਰਨ ਮੈਂ ਹੋਇ ਸੁਫਲ ਤਿੰਹ ਰੀਤਿ ।
ਏਹੁ ਜਪੁ ਗੁਰ ਅਰਜਨ ਮਮ ਗੁਰਨਾਨਕ ਮੁਖ ਮੰਤ ।
ਲਿਖਯੋ ਸ਼ੁਕ੍ਰ ਗੁਰਰਾਜ ਸਤਿਗੁਰ ਸਨਮੁਖ ਸੁਖ ਸੰਤ ।
ਸਭ ਸਾਧਨ ਪ੍ਰਗਟਿ ਕੀਯੋ ਦੁਸਟ ਨ ਦੀਜੋ ਏਹੁ ।
ਫਲੈ ਸਿੱਖ ਪ੍ਰਤੀਤ ਤੇ ਬਿਪ੍ਰ ਸਾਧ ਕੀ ਸੇਵ ।
ਉਸਤਤਿ ਨਿੰਦਾ ਪਰਹਰੈ ਦੰਭ ਈਰਖਾ ਮਾਨ ।
ਬੇਦ ਬਚਨ ਸਮ ਗੁਰ ਬਚਨ ਸਭ ਸੰਤਨ ਪਰਵਾਨ ।

**ਸਵੈਯਾ**

ਜਪੁ ਜਾਪ ਕੀਏ ਅਘ ਕੋਟ ਹਰੈ ਨਿਤ ਦਾਨ ਵਧੈ ਮਤਿ ਸਾਰ ਧਰੈ ।
ਮਨ ਭਾਵ ਵਧੈ ਸੁਖ ਕਾਮ ਸਧੈ ਸੁਰ ਸਾਧਨ ਮੈਂ ਤਮ ਪੁੰਜ ਹਰੈ ।
ਧਨ ਮੈ ਤਨ ਮੈਂ ਸੁਤ ਰੋਹ ਗ੍ਰਿਹੈ ਅਰ ਨਾਰੀ ਮੈਂ ਸਭ ਦੋਖ ਟਰੈ ।
ਨਹਿ ਪ੍ਰੀਤ ਕਰੈ ਵਿਸ਼ਵਾਸ ਨਹੀਂ ਜਿਹ ਤਾਂਹਿ ਕੋ ਦੇਇ ਸੁ ਦੋਖ ਕਰੈ ।
ਯਾਕੀ ਵਿਧਿ ਏਹੁ ਕਹੀ ਗੁਰ ਨੈ ਜੁ ਕੋਈ ਸੁ ਸਿਖਯ ਸੁ ਸੋਧਨ ਤੇ ।
ਸਭ ਪਾਠਨ ਗੀਤ ਖੜੰ ਗਨ ਤੇ ਉਪਜਯੋ ਫਲ ਕੌਤਕ ਜੋਗਨ ਤੇ ।
ਤਿਉਂ ਸਾਧਨ ਸਿਧ ਸੁਚੇਤ ਭਲੀ ਬਿਧ ਕਾਜ ਸਰੈ ਸੁਖ ਭੋਗਨ ਤੇ ।
ਸਬ ਸਿਧ ਕੀਏ ਗੁਰ ਭੇਟ ਦੀਏ ਏਹੁ ਬੀਜ ਧਰੈ ਗੁਰ ਮੋਦਨ ਤੇ ।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੯੦।

ਗੁਰ ਨਾਨਕ ਕ੍ਰਿਪਾ ਕਰੀ ਪੰਥ ਬਤਾਯੋ ਸਿੱਖ ।
ਗੁਰ ਅਰਜਨ ਗੋ ਬਰਨਨੰ ਅਰਥ ਖਿਆਤ ਭਯੋ ਸਿੱਖ ।੧।
ਸੁਪਨ ਬਾਤ ਪ੍ਰਗਟਿ ਕਰੀ ਸਤਿਗੁਰ ਪੂਰਨ ਖਿਯਾਤ ।
ਸੋਊ ਅਰਥ ਈਹਾਂ ਪ੍ਰਗਟਿ ਲਿਖਿਯੋ ਸਿੱਖ ਸੁਹਾਤ ।੨।
ਪਾਠਕ ਪਰ ਪੂਰਨ ਕ੍ਰਿਪਾ ਸਤਿਗੁਰ ਅਰਜਨ ਵਾਕ ।
ਵੇਖੇ ਪੜ੍ਹੇ ਲਿਖੇ ਸੁਣੇ ਦੇਇ ਪੂਜ ਗੁਨ ਜਾਪੁ ।੩।
ਕਲਿਜੁਗ ਮੈਂ ਚਤ੍ਰ ਵਰਨ ਕੋ ਚਾਰ ਭਾਂਤ ਕਾ ਜਾਪ ।
ਪਰਾ ਮੱਧਮਾ ਵੇਦ ਕਹਿ ਪਸੰਤੀ ਜਿਹ ਮਾਪ ।੪।
ਵੈਖਰੀ ਚਾਰੇ ਥਾਨ ਮੈ ਤਨ ਮੈਂ ਕਰਹੇ ਵਾਸ ।੫।
ਨਾਭੀ ਪਹਿਲੀ ਹਿਰਦੇ ਪੁਨ ਕੰਠ ਪੁਨਾ ਮੁਖ ਬੋਲ ।
ਜਿਉਂ ਤਿਉਂ ਪਠ ਫਲ ਅਧਿਕ ਹੋਇ ਇਹੀ ਜਾਪ ਕਾ ਮੋਲ ।੬।
ਅਜਪਾ ਜਾਪ ਕਰ ਜਪੁ ਪਠੋ ਦਿਜਵਰ ਕੁਲ ਨੰਦ ।
ਗੁਰ ਢਿਗ ਅਰਜਨ ਦਾਸ ਕੇ ਪਾਯੋ ਪਰਮਾਨੰਦ ।੭।
ਨੰਦ ਲਾਲ ਪਿੰਡੀ ਲਾਲ ਖਾਨ ਚੰਦ ਬਿਧੀ ਚੰਦ ।
ਆਲਮ, ਮਾਨ ਦਾਸ, ਸੁਕਵਿ ਮਦਨਗਿਰਿ ਸੁਖ ਸੰਦਿ ।੮।
ਮਾਨਿਯੋ ਗੁਰ ਤੇ ਰਾਤ ਕੋ ਉਡਿਯੋ ਬਿਹੰਗਮ ਭਾਂਤ ।
ਭੇਟਿਯੋ ਪੁਰਖ ਪੂਰਨ ਤਹਾਂ ਪਠਿਯੋ ਪੁਨਿ ਕੋ ਸ਼ਾਂਤਿ ।੯।
ਤੀਨ ਵਾਰ ਗੁਰ ਇਹ ਕਈ ਇਹ ਜਪੁ ਰਤਨ ਅਮੋਲ ।
ਜਾਂਤੇ ਮੋਕੋ ਭੇਟਿਓ ਇਹੀ ਅੰਤ ਕਾ ਚੋਲ ।੧੦।
੧ੴ ਸਤਿਗੁਰ ਪ੍ਰਸਾਦਿ, ਕਰਤਾ ਪੁਰਖ ਜੋੜੇ ਜਾਪ ।
ਵਧੈ ਆਰਬਲਾ ਜਲ ਮੰਤ੍ਰ ਦੇ, ਹਰੈ ਰੋਗ ਤਨ ਤਾਪ ।
ਨਾਰੀ ਵਸ ਕੇ ਕਾਰਨੇ ਅੱਖਰ ਜਾਪ ਅਧਰੈਨ ।
ਸਫਲ ਕਾਮ ਸਾਧਨ ਸਿਧੈ ਸਾਧਕ ਸੁਖ ਬਹੁ ਚੈਨ ।
ਸਭੇ ਪ੍ਰਭਾਤੇ ਸੁਵਰੁੱਥੇ ਚੇ ਮਧਯੇ ਕਾਮੇ ਪਰਾਯਣੇ ਖਲੂ ਮੋਖ ਸਿਧਯੈ
ਮੋਹਨ ਪਰਦੋਖੇ ਵਸਤੈਕ ਯਾਮੇ, ਰਿਪੁਦ ਘਾਤੇਹਿ ਰਜਨਿਯਰੁ ਧਵੀਤੇ
ਮੁਕਤ ਪਰਾਯਣੇ ਪ੍ਰਹਰੇ ਚ ਸ਼ੇਸੇ, ਸੂਰਯੋਦਯੇ ਚ ਕਿੰ ਨੈਵ ਸਿਧਯੰ

ਇਦੰ ਫਲੰ ਵੈਰਚਿਤੰ ਦਿਜਨ ਸ੍ਰੀ ਗੁਰੂ ਕਰੋਤਿ ਕੇਸਵੇਨ ।

**ਦੋਹਰਾ**

ਸ੍ਰੀ ਗੁਰੂ ਅਰਜਨ ਬਚਨ ਜਬ ਸੁਨਿਯ ਸਿੱਖ ਸੁਖਦਾਇ ।੧।
ਤਾਂ ਦਿਨ ਤੇ ਘਰ ਸੁਰ ਪੜੈ ਮਿਟਯੋ ਦੂਖ ਕੋ ਭਾਇ ।੨।
ਅਬ ਸੁਨੀਏ ਇਕ ਜਪੁ ਪੜ੍ਹੈ ਸਤਿਗੁਰ ਸਿੱਖ ਕੇ ਸੰਗ ।
ਭੁਗਤਿ ਮੁਕਤਿ ਬਖਸੀ ਗੁਰੂ ਦਰਗਹਿ ਜਾਇ ਨਿਸੰਗ ।੩।

ਤਬ ਸ੍ਰੀ ਗੁਰੂ ਜੀ ਕਹਿਆ ਭਾਈ ! ਜੇ ਕੋ ਸਿੱਖ ਜਪੁ ਪੜ੍ਹੈਗਾ ਨਿੱਤ, ਸੋ ਆਤਮ ਦਰਸੀ ਕੀ ਗਤਿ ਪਾਏਗਾ, ਅਰ ਸਤਿਗੁਰ ਉਸ ਦੇ ਸੰਗਿ ਰਹੈਗਾ ।

ਜਿਉਂ ਧੰਨਾ ਕੀ ਗਾਇ ਕੋ ਠਾਕੁਰ ਚਾਰੇ ਨਿਤ ।
ਕਰੇ ਪ੍ਰੀਤਿ ਨਿਤ ਜਪੁ ਪੜੈ ਸੋ ਤਿਉਂ ਸਤਿਗੁਰ ਮਿਤ ।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੯੧।

## ੯੨

ਸੰਬਤ ਬਿਕ੍ਰਮ ਰਾਇ ਕੋ ਸਤਰਹਿ ਸੈ ਤ੍ਰਿੰਸ ਮਾਸ ।
ਜਪ ਪਰਮਾਰਥ ਫਲ ਲਿਖਯੋ ਕਰੀ ਸਰਲਤਾ ਰਾਸਿ ।
ਪੜ੍ਹੈ ਸੁਨੈ ਹਿਤ ਲਾਇਕੈ ਜੋ ਲਿਖ ਦੇਵੇ ਪ੍ਰੀਤ ।
ਮਨ ਚਿੰਤਤ ਫਲ ਪਾਇਕੈ ਤਬਹੂੈ ਸੁਖ ਭੈ ਭੀਤ ।੧।
ਭੇਟਾ ਕਰ ਉਪਦੇਸ ਗੁਰ ਤਬੀ ਫਲੈ ਗੁਰ ਸਿੱਖ ।
ਕਰੇ ਜਾਪ ਪੁਨਿ ਯਥਾਸ਼ਕਤਿ ਸਿਰ ਹੋਇ ਗੁਰਮੁਖ ।੨।

ਆਦਿ ਸਚੁ ਜੁਗਾਦਿ ਸਚੁ ਹੈਭੀ ਸਚੁ, ਨਾਨਕ ਹੋਸੀ ਭੀ ਸਚੁ ਏਹੁ ਪਵੜੀ ਫੇਰ ਪੜ੍ਹਨੀ। ਬਚਨ ਹੋਇਆ ਏਕ ਸਮੈ ਪਾਤਸ਼ਾਹੀ ਦਸ :

ਸਿਰ ਪਉੜੀਆਂ ਮੰਤ੍ਰਾਂ ਦੇ ਏਹੁ ਪਉੜੀ ਚਲਾਣੇ ਕੇ ਸਮੈ ਪੜ੍ਹ ਸਮਾਏ । ਸ੍ਰੀ ਗੁਰੂ ਜੀ ਸਤਿਨਾਮੁ ਸਤਿਗੁਰ ਪ੍ਰਸਾਦਿ ਸਿਧ । ਭਾਈ ਸਿੱਖ ਸਾਹਿਬ ਸਿੰਘ । ਹਮ ਭੀ ਯਾਦ ਗੁਰਮੰਤ੍ਰ ਕਰਨੇ ਹਾਂ ।

ਸਤਿਗੁਰੂ ਚਲਿਤ ਦਿਖਾਇਆ ਦੇਹ ਧਾਰ ਕੇ ਮੀਤ ।
ਸਭ ਦੇਖਾਂ ਸਤਿਗੁਰ ਚਲਿਤ ਸਿਮਰੈ ਅਹਿਨਿਸ ਰੀਤ।
ਏਕ ਬਾਰ ਸਤਿਗੁਰ ਕਹਾ ਮੰਤ੍ਰ ਜੰਤ੍ਰ ਕਲਿ ਮਾਹਿ ।
ਲੋਗ ਕਰੈਂਗੇ ਜਗਤ ਮੈਂ ਮੇਰਾ ਸਿੱਖ ਨਾ ਚਾਹਿ ।

ਏਕ ਸਮੈਂ ਮੰਤਰੀ ਬਹੁਤ ਘਰਿ ਘਰਿ ਬਾਜੈ ਬਾਜ ।
ਜਪੁ ਤਪੁ ਨਿਹਚਾ ਨ ਰਹੈ ਕਰਹੈ ਦੇਖਤ ਸਾਜ ।
ਜੈਸੀ ਗੁਰ ਕੀ ਭਾਵਨਾ ਤੈਸੀ ਗਤਿ ਇਹੁ ਸ਼ਕਤਿ ।
ਸ਼ਰਨ ਭਜੋ ਸ੍ਰੀ ਰਾਮ ਜੀ ਕਲਿ ਮੈਂ ਨਿਹਚਾ ਮੁਕਤਿ ।
ਵਹਿਗੁਰੂ ਇਹ ਮੰਤ੍ਰ ਜਪੁ ਸਕਲ ਸਰੈਂਗੇ ਕਾਮ ।
ਸਿੱਖ ਗੁਰੂ ਕੇ ਹਿਤ ਕਰੈਂ ਨਿਤ ਸੁਵਾਰ ਅਰਾਮ ।
ਘੋੜਾ ਅਟਕਾ ਚਲਤ ਹੀ ਬਡਾ ਜੁਧ ਇਕ ਬੇਰ ।
ਸਤਿਗੁਰ ਬੋਲੇ ਮਦਨ ਸਿੰਘ ! ਘੋੜਾ ਘਾਹ ਅਹੇਰ ।
ਦੇਖਤ ਨਿਕਸਾ ਘਾਸ ਸੋਂ ਪੱਠਾ ਤਮਾਕੂ ਰੰਚ ।
ਬੋਲੇ ਸਤਿਗੁਰ ਪਾਹਿਲੀ ਇਸ ਤੇ ਰਹੋ ਸੰਕੁਚ ।
ਮੇਰੋ ਘੋਰੇ ਘਾਹ ਮੇਂ ਦੇਖ ਸਮਾਰੋ ਸਿੱਖ ।
ਦੁਸ਼ਟ ਬੀਜ ਤੁਰਕਨ ਕਰਾ ਹਿੰਦੀ ਤੋਰੀ ਰਿਖ ।
ਹਿੰਦੂ ਹਲਕਾ ਮੁਕਤ ਹੈ ਤਜੈ ਦੁਸ਼ਟ ਗੁਰ ਵਾਕ ।
ਜਹਾਂ ਤਮਾਕੂ ਹੋਂਤ ਹੈ ਸੋ ਖੇਤੀ ਨਾਪਾਕ ।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੯੨।

## ੯੩

ਭਲਕ ਹੂਆ ਸਤਿਗੁਰ ਸਭਾ ਸਿੱਖ ਸੰਗਤ ਕੀ ਭੀਰ ।
ਹਾਥ ਜੋੜ ਸਨਮੁਖ ਪੁਛੇ ਮੁਲਤਾਨੀ ਸਿੱਖ ਬੀਰ ।੧।
ਦੋਇ ਭਰਾਤ ਕਉ ਉਮਗਤਾ ਖਤ੍ਰੀ ਜਾਤ ਮੁਲਤਾਨ ।
ਪਾੜੇ ਸੰਗਤ ਸੁਵਨ ਦੋ ਕਹੋ ਤਮਾਕੂ ਕਾਨ ।੨।
ਸ੍ਰੀ ਸਤਿਗੁਰ ਬੋਲਤ ਭਏ ਮੇਰੀ ਬਾਤ ਪ੍ਰਤੀਤ ।
ਸਕੰਦ ਸੰਘਤਾ ਸ਼ਿਵ ਕਹੀ ਕਥਾ ਭਵਿਖਤ ਰੀਤ ।੩।
ਸਕੰਦ ਪੂਛਾ ਹੇ ਤਾਤ ਜੀ ! ਜਗਤ ਜੂਠ ਕਿਉਂ ਨਿੰਦ ।
ਕਲਿਜੁਗ ਕੈਸੇ ਵਰਤੀਏ ਕਿਹ ਕਿਨ ਕੀਨ ਮੁਨਿੰਦ ।੪।
ਸ਼ਿਵ ਕਹਿਨਾ ਸੁਨ ਪੂਤ ਹਿਤ ਜਾਂਕੀ ਚਰਚਾ ਜਾਹਿ ।
ਅਘ ਮਰਖਣ ਤੋ ਸੁਧ ਮਨ ਛੁਹੈ ਗੰਗ ਜਲ ਨ੍ਹਾਇ ।੫।
ਖਾਵਤ ਜਪ ਤਪ ਨਾਸ ਹੋਇ ਮੰਤ੍ਰ ਭ੍ਰਿਸ਼ਟ ਕੀਏ ਪਾਨ ।
ਖੇਤੀ ਮਗਹਰ ਸਮ ਜ਼ਿਮੀ ਸੁਧ ਬਰਸਤੇ ਜਾਨ ।੬।

ਕਥਾ ਸੁਨੋ ਸਤਿਜੁਗ ਨਹੀਂ ਤ੍ਰੇਤਸ ਨਹਿ ਜੁਗ ਦੂਜ ।
ਪਾਂਡਵ ਬੰਸ ਨੇਮਨਾਥ ਨ੍ਰਿਪ ਪ੍ਰਜਾ ਦੁਖਾਇ ਅਰੂਜ ।੭।
ਪਰਜਾ ਵਾਰ ਤੂਟੀ ਜਬੈ ਦੁਖਤ ਭਏ ਸਭ ਲੋਗ ।
ਮਲੇਛ ਪੀਰ ਪਸ਼ਚਮ ਤਬੈ ਤਾ ਪਹਿ ਗਏ ਸੁ ਸੋਗ ।੮।
ਤਿਨ ਮੇਲੇ ਬੁਰਕਾਨ ਨ੍ਰਿਪ ਬਡਾ ਮਲੇਛਨ ਰਾਜ ।
ਤਾਂਕੇ ਘਰ ਅਜਮੇਰ ਸੁਤ ਸੰਗੀ ਪ੍ਰਜਾ ਸਮਾਜ ।੯।
ਮੁਨੀ ਰੂਪ ਦਿਖ ਮਨੂ ਦੇਸ, ਗਇਆ ਪੁਹਕਰੇ ਮਾਂਝ ।
ਬਨ ਸ਼ਿਵ ਗਹਿਬਰ ਗਵਾਲ ਅਜ ਪਾਇ ਖੋਜ ਇਕ ਸਾਂਝ ।੧੦।
ਉਨ ਕਹਿਆ ਸੁਨਿ ਸਾਧ ਜੀ ਮੁਹਿ ਜਲ ਪਾਤਰ ਚੋਇ ।
ਪ੍ਰਗਟਿ ਨਰ ਮੁਹਿ ਕਹਿ ਉਠਾ ਮਾਂਗ ਧਰਨਿ ਜਸ ਹੋਇ ।੧੧।
ਲੇ ਤਾਂਕੋ ਤਪ ਕਰ ਤਪਾ ਇਕ ਦਿਨ ਤਹਾਂ ਅਜਮੇਰ ।
ਪੁਰਖ ਵਾਚ ਗੋਮੇਧ ਕੀ ਔਖਧਿ ਤੇ ਸਿਧ ਤੇਰ ।੧੨।
ਪਸ਼ਚਮ ਗੋਮੇਧੀ ਧਰਨਿ ਸਿਧ ਖਾਲ ਤੇ ਲਿਆਇ ।
ਈਹਾਂ ਆਨਿ ਪ੍ਰਗਟ ਕੀਆ ਵਧੀ ਮਲੇਛੀ ਦਾਇ ।੧੩।
ਅਜਾਪਾਲ ਰਾਜਾ ਭਇਆ ਤਾਂਕੀ ਬੇਟੀ ਸੁੰਡ ।
ਮੁਨਿ ਸੁਤ ਜੀਤਾ ਪਾਨ ਤੇ ਪੂਛਾ ਪੀਰ ਸਮੁੰਡ ।੧੪।
ਗੋਮੇਧਾ ਕੈ ਕੁੰਡ ਤੇ ਉਪਜੀ ਪਾਪਨ ਪਾਤ ।
ਜਪ ਤਪ ਬ੍ਰਤ ਸੰਜਮ ਰਹੈ ਤੀਰਥ ਫਲ ਸਬ ਖਾਤ ।੧੫।
ਗੋ ਹਤਯਾ ਸਮ ਜਗਤ ਜੂਠ ਪੀਰ ਅਜਮੇਰ ਲਿਆਇ ।੧
ਹਿੰਦ ਦੇਸ ਫੈਲਤ ਰਹੀ, ਕਲਿ ਕੀ ਐਸੀ ਵਾਇ ।੧੬।
ਪੋਤੇ ਥੋਮ ਅਰ ਕਰਨ ਤੇ ਹੂਆ ਤਮਾਕੂ ਨਿੰਦ ।
ਮਨ ਮੂਰਤ ਸੁਇਸ਼ਟ ਤੇ, ਤਾਂ ਤੇ ਤਜੀਏ ਪੂਤ ।੧੭।
ਜਾਂ ਦਿਨ ਆਯਾ ਬੀਜ ਤਿਸ, ਤਿਆਗੋ ਭੂ ਸੁਰ ਪਿਤ ।
ਸੋਈ ਦਿਜ ਕੇਸਵ ਕਹਾ, ਸਾਚ ਤਿਆਗੋ ਮਿਤ੍ਰ ।੧੮।
ਤਾਂਤੇ ਹਮ ਛੋਰਾ ਸੁਨਾ ਕਰਾ ਸੰਗਤੀਂ ਵਰਜਿ ।
ਕਥਾ ਏਹੁ ਵਰਨਨ ਕਰੀ, ਦੋਖ ਕਲੰਕੀ ਖਰਜ ।੧੯।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੯੩।

## ੯੪

ਸੁਨੋ ਸਿੱਖ ਮਮ ਰਤਨ ਜੋ ਤਜੋ ਤਮਾਕੂ ਸੰਗ ।

ਮਰਨ ਮਰੋ ਤੋ ਅਤਿ ਭਲਾ ਜਗਤ ਜੂਠ ਨਹਿ ਅੰਗ ।੧।
ਤਨਿਕ ਤਮਾਕੂ ਸੇਵੀਐ ਦੇਵ ਪਿਤ੍ਰ ਤਜ ਜਾਂਹਿ ।
ਪਾਨੀ ਤਾਂਕੇ ਹਾਥ ਕਾ ਮਦਰਾ ਸਮ ਹੁਇ ਆਹਿ । ੨।
ਮਦਰਾ ਦਹਤਾ ਸੱਤ ਕੁਲ ਭੰਗ ਦਹੈ ਤਨ ਏਕ ।
ਸੱਠ ਕੁਲ ਦਹਿਤਾ ਜਗਤ ਜੂਠ ਨਿੰਦਾ ਦਹੈ ਅਨੇਕ ।੩।
ਤਜੈ ਤਮਾਕੂ ਮਨੁਖ ਕਲਿ ਉਧਰਿਆ ਦਰਿ ਪਰਵਾਨ ।
ਪੂਰੀ ਪਰੀ ਤਿਸ ਭਾਵਨਾ ਸਫਲ ਕਮਾਈ ਮਾਨ ।੪।
ਸ਼ਾਸਤ੍ਰ 'ਅਖਾਜਯ'ਯਾ ਕਹੈਂ ਕਹੈ ਅਪੇਯਾ ਮਦ ।
ਨਿੰਦਾ ਕਰੈ ਇਹੁ ਨੀਚਨੀ ਪੁਰਖ ਸੰਗ ਇਹੁ ਕੁਬੁਧਿ ।੫।
ਘੋੜੀ ਚੜ੍ਹਨਾ ਖਤਰੀ ਕਾ ਬਿਪ੍ਰ ਚੜ੍ਹੈ ਜੋ ਬੈਲ ।
ਘੋੜੇ ਚੜੇ ਸੰਨਿਅਸਤ੨ ਜੋ, ਨਾਰੀ ਪੁਰਖ ਨ ਖੇਲ ।੬।
ਪੰਡਿਤ ਈਰਖਵਾਨ ਜੋ ਪੱਛ ਸ਼ੂਦਰ ਬੋਲਹਿ ਵਿਪ੍ਰ ।
ਰਾਜਾ ਹੋ ਵੱਢੀ ਲਏ ਗਿਆਨੀ ਮਤਸਰ੩ ਖਿਪ੍ਰ ।੭।
ਕੰਨਿਆ ਜਾਰੀ ਬਿਰਧ ਕਾਮ ਬਹੁ ਨਾਰੀ ਪਰ ਸੰਗ ।
ਬਿਆਂਹ ਦਾਮ ਦੇ ਖਰਵੀਰਜ ਲੇ ਬੈਲ ਨਪੁੰਸਕ ਪੰਗ ।੮।
ਧੇਨੁ ਲਾਦ ਪਰਵਸਤ੍ਰ ਲੈ ਉਛਿਸਟ ਭੋਗ ਕੁਲ ਰੀਤ ।
ਜੀਵ ਜੀਵਕਾ ਅਪਹਰੈ ਚੁਗਲੀ ਤੋਰੈ ਪ੍ਰੀਤ ।੯।
ਧ੍ਰਿਗ ਜੀਵਨ ਇਹ ਪਾਪ ਹੈ ਇਨਹਿ ਸੁਰਗ ਕਹਾਂ ਕਾਲ ।
ਸਿਦਕ ਛੋਰ ਗੁਰਬਚਨ ਹਤ ਦੋਖ ਅਣਗਣੇ ਭਾਲ ।੧੦।
ਦਸ ਕਰਮਨ ਕੇ ਸਾਲਸੀ ਕਾਯਾ ਮਨ ਅਰੁ ਬਾਚ ।
ਚਾਰ ਬਰਨ ਮੈਂ ਸਾਧ ਜੋ ਜਮ ਗ੍ਰਿਹਿ ਜਾਇ ਨਾ ਸਾਚ ।੧੧।
ਹਿੰਸਾ ਪਰ ਤ੍ਰਿਯ, ਪਰ ਦਰਬ ਤੀਨ ਤਜੈ ਇਹ ਦੇਹ ।
ਬੁਰਾ ਨ ਚਿਤਵੈ ਆਨ ਕਾ ਅਸਤ ਵਯਸਤ ਨਹਿ ਕੇਹ ।੧੨।
ਪਰ ਨਾਰੀ ਚਿੰਤਾ ਤਜੇ, ਤੀਨ ਮਾਸ ਸੀ ਤਿਆਗ ।
ਪੁਰਖ ਅਸਥ ਸਲਾਘਾ ਨਹੀਂ ਅਰਿਤੁਮੰਦ ਤਜ ਵਾਗ ।੧੩।
ਪੀਛੈ ਭੂਲਾ ਬਖਸ਼ੀਏ ਸਦਾ ਕਰੇ ਦ੍ਰਿੜ੍ਹ ਮੂੜ੍ਹ ।
ਕਹਿਨੀ ਇਹ ਰਹਿਨੀ ਸਿਦਕ ਗੁਰ ਨਾਨਕ ਬਖਸ਼ੀ ਗੂੜ੍ਹ ।੧੪।
ਨਾਮ ਜਪਤ ਦਮ ਸਾਧਨਾ ਸਿੱਖ ਹਮਾਰਾ ਸੋਇ ।
ਤਰਨ ਉਪਾਵ ਤੌਂ ਇਹੁ ਕਹੂੰ ਡਬਨ ਕਹਿ ਨ ਕੋਇ ।੧੫।
ਸਮਤਾ ਨਮਤਾ ਬੰਕਤਾ ਸਿਦਕ ਸਾਬਤੀ ਜਾਂਹਿ ।
ਸੋ ਮੇਰਾ ਨਿਤ ਮਿਲਨ ਕੋ ਤਨ ਮਨ ਸੌਂ ਤਿਸ ਆਹਿ ।੧੬।

ਮਰਨੈ ਕਾ ਸਹਿਸਾ ਨਹੀ ਜੀਵਨ ਲੀਲ੍ਹਾ ਨਾਮ ।
ਸਭੀ ਦੁਖ ਸੰਸਕਤ ਮੈਂ ਮੋਹ ਬਿਗਾਰਾ ਕਾਮ ।੧੭।
ਖਾਂਹਦੇ ਕੀ ਉਪਮਾ ਬੁਰੀ, ਬੁਰੀ ਖੁਸ਼ਾਮਤ ਨੀਤ ।
ਬੁਰਾ ਬਹੁਤ ਬੋਲਨੁ ਅਧਿਕ ਬੁਰਾ ਪਰਬਤੀ ਮੀਤ ।੧੮।
ਨਾਮ ਨ ਛੋਰੈ ਸ਼ਸਤ੍ਰ ਹਿਤ ਸਿੱਖ ਸਮਾਲਾ ਹੋਇ ।
ਖੁੱਜਤ ਤਰਕ ਨ ਕੀਜੀਏ, ਮੇਰੀ ਕਹੈ ਨ ਸੋਇ ।੧੯।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੯੪।

## ੯੫

ਏਕ ਬੇਰ ਸਿਖਨ ਅਰਜ਼, ਗੁਰੂ ਕਹੀ ਜੋ ਏਹੁ ।
ਸਕੇਸੀ ਜਟਾ ਜੂਟ ਥੇ ਤੀਨ ਜੁਗਨ ਲਗਿ ਭੇਇ ।੧।
ਕਲਿਜੁਗ ਬਿਪ੍ਰ ਸਾਧ ਜਨ ਮੁੰਡਨ ਪੰਥ ਗ੍ਰੰਥ ।
ਕਰੈ ਸੁਨਾਵੈ ਪ੍ਰਜਾ ਕੋ ਕਿਆ ਕੀਨਾ ਮਨਿ ਮੰਥ ।੨।
ਸਤਿਗੁਰ ਬੋਲੇ ਨੰਦਰਾਇ ਦਿਜ ਸਭ ਕੀਨ ਅਧੀਨ ।
ਛਤ੍ਰੀ ਮਾਰੇ ਰਾਮ੧ ਸਭ, ਮੁੰਡੇ ਪੰਡਿਤ ਕੀਨ ।੩।
ਦੰਡ ਕੀਆ ਮੇਰੀ ਸਹੀ ਸ਼ੂਦ੍ਰ ਛਾਪ ਥੀ ਮੁੰਡ ।
ਤੇਜਸ੍ਵੀ ਮਤ ਬਿਪ੍ਰ ਹੋਇ ਮੋਹਨ ਮਾਰੇ ਕੁੰਡ ।੪।
ਮਲੇਛਨ ਆਧਾ ਮੁੰਡ ਸਿੱਖ ਤ੍ਰਿ ਮੁੰਡੀ ਕਰਿ ਆਨ ।
ਅਪਨੀ ਡਿਵਢੀ ਕੀਨ ਤਬ ਜਗ ਮੈ ਸ਼ੂਦ੍ਰ ਕਾਨ ।੫।
ਧਨ ਲੀਨਾ ਚੀਨਾ ਨਹੀਂ ਮਦ ਕਾ ਪੂਰਾ ਦੇਹੁ ।
ਤਾਂ ਦਿਨ ਡਰਤੇ ਆਨਤੇ ਦੀਨ ਪੋਥੀਆਂ ਤੇਹ ।੬।
ਚੋਰ ਠਗ ਕੇ ਕਾਰਨੇ, ਬੰਧਨ ਸੰਗਲ ਕੀਨ ।
ਤਿਉਂ ਨਿਖੇਧ ਵਿਧਿ ਸੇਵਕਨ ਨਰਕ ਸੁਰਗ ਬਿਧਿ ਈਨ ।੭।
ਜਿਨ ਜਾਨਾ ਤਿਨ ਜਾਨਿਆ ਬਹੁਤਾ ਕਿਆ ਬਕਬਾਦ ।
ਕਰਨੀ ਵਾਲਾ ਤਰ ਗਇਆ ਡੂਬਾ ਬਕਨੇ ਲਾਗ ।੮।
ਸਗਲਿ ਈਸ਼ਤਾ ਗਿਆਨ ਕੀ ਭਗਤਿ ਰਾਜ ਕੀ ਮੰਡ ।
ਬਿਕਾਂਰ ਸਹਿਤ ਪਰਜਾ ਸਕਲ ਵਿਪੁਲ੨ ਦੁਖ ਕਰਮ ਕੰਡ ।੯।
ਲਵਨ ਦੇਹ ਤਹਾਂ ਕਰਮ ਥਾ ਸੁਪਨ ਦੇਹ ਕਹਾਂ ਕਰਮ ।
ਬ੍ਰਹਮਾ ਕੇ ਕਹਾਂ ਕਰਮ ਥੇ ਦੇਹ ਬੰਧ ਵਪੁ ਧਰਮ ।੧੦।
ਤੀਰਥ ਜਪ ਤਪੁ ਦੱਖਨਾ ਨੇਮ ਸੰਜਮ ਅਰੁ ਦਾਨ ।

ਵਰਨ ਆਸ੍ਰਮ ਇਹੁ ਵੇਦ ਵਿਧਿ ਰਚਾ ਬਿਧਾਤਾ ਥਾਨ ।੧੧।
ਮਨ ਕੋ ਮਨ ਇੰਦ੍ਰਅਨਿ ਇੰਦ੍ਰ ਮਤਿ ਮਤਿ ਸੋਂ ਅਨੁਰਾਗ ।
ਈਸ ਜੀਵ ਕੀ ਭੇਦਤਾ ਮੂਰਖ ਹੀਅ ਰਹੀ ਲਾਗ ।੧੨।
ਸਾਹਿਬ ਸਿੰਘ ਤੂੰ ਜਾਨਿ ਅਬ ਹਮੈ ਦ੍ਵੈਤ ਨਹੀ ਦ੍ਰਿਸ।
ਸਤਿਗੁਰ ਦਰਸਨ ਫਲ ਹੂਆ, ਪਾਇ ਰੂਪ ਹੀਅ ਸਰਸ ।੧੩।
ਸੁਨੋ ਕਥਾ ਅਬ ਦੱਖਣੀ ਸਾਖੀ ਵਰਤੀ ਅਵਰਿ ।
ਸਾਖੀ ਪੰਜ ਸੌ ਗੁਰ ਕਥੀ, ਤਬ ਹਜ਼ੂਰ ਕਹਿ ਕੁੰਵਰ ।੧੪।
ਸੌ ਸਾਖੀ ਹਮ ਕੋ ਹੁਕਮੁ ਸੌ ਕਾਬਲੀ ਮੱਲ ।
ਮੁਲਤਾਨੀ ਸੂਰੇ ਦਈ ਰਤੀਏ ਪੂਰਬ ਭੱਲ ।
ਸੌ ਆਗਰੀਏ ਸੂਰਤ ਸਿੰਘ, ਦਈ ਬਖਸ਼ ਕਰ ਆਪ ।
ਦੱਖਣ ਬਸ ਭਾਣਾ ਕਰਾ, ਸੁਣੋ ਗੁਰੂ ਕੀ ਥਾਪਿ ।੧੫।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੯੫।

## ੯੬

ਦੱਖਣ ਜਾਂਦੇ ਗੁਰ ਗਏ ਦਾਦੂ ਦੁਵਾਰ ਸੰਬੂਹ ।
ਧਰੇ ਕਮਾਨ ਲਿਲਾਰ[1] ਮੈਂ ਸਿੱਖ ਬਿਸਮ ਏ ਹੂਹ ।੧।
ਸਾਖੀ ਹਰੀਏ ਹਸਨ ਕੇ ਸਿੱਧ ਬਤਾਈ ਮੁਝ ।
ਏਕ ਅੰਗੋਛਾ ਇਹ ਦੀਆ ਰਾਮ ਕੁੰਵਰ ਦਈ ਤੁਝ ।੨।
ਝੁਕੇ ਹਸੇ ਤਬ ਖਾਲਸੇ ਪੂਛਾ ਇਹ ਬਿਰਤੰਤ ।
ਸਿੱਖ ਪਿਆਸੇ ਬਚਨ ਕੇ ਅਬੈ ਪੂਛਤੇ ਮੰਤ ।੩।
ਤੁਮਰਾ ਕਹਿਨਾ ਸਿੱਖ ਕੌ ਮੜ੍ਹੀ ਮਸਾਣ ਨ ਮਾਨ ।
ਆਪੁ ਅਭੁਲ ਜੋ ਭੁਲ ਪਰੇ ਇਹੁ ਅਚੰਭਾ ਜਾਨ ।੪।
ਹੱਸ ਬੋਲੇ ਪ੍ਰਭੂ ਦਯਾਲ ਜੀ ਹਮ ਤਨਖਾਹੀ ਹੇਤੁ ।
ਗੁਰੂ ਖਾਲਸਾ ਸੋਇ ਗੁਰੂ ਇਹੁ ਬਾਣੀ ਸੰਕੇਤ ।੫।
ਪਾਂਚ ਸੌ ਕੀ ਭੇਟ ਦੇ ਪ੍ਰਭ ਜੀ ਸਿੱਖ ਤਨਖਾਹਿ ।
ਹਮ ਦੀਨੀ ਜੋ ਦੇਇ ਨਹਿ ਤਿਸਕੀ ਪੂੰਜੀ ਸੁਆਹ ।੬।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੯੬।

## ੯੭

ਸੁਨੀ ਬਹਾਦਰ ਬਾਦਸ਼ਾਹ ਇਕ ਦਿਨ ਬੂਝਾ ਏਹੁ ।
ਹਿੰਦੂ ਧਰਮ ਕਾਚਾ ਅਧਿਕ, ਮਾਨਹੁ ਭੀਤ ਲਿਖ ਦੇਹ ।੧।
ਜਲ ਸੀਂਚੈ ਬਡਿਅਨ ਕਹਾਂ ਸਰਾਧ ਆਗ ਘ੍ਰਿਤ ਮੇਲ ।
ਤਬ ਬੋਲੈ ਭਗਵਾਨ ਗੁਰ, ਹਿੰਦੂ ਕਰਮ ਸੁਜੇਲ ।੨।
ਸੇਵਾ ਕਰੈ ਕ੍ਰਿਸਾਨ ਫਲੁ ਸੇਵਾ ਫਲੁ ਦੇ ਧੇਨ ।
ਸਵਾ ਫਲੁ ਦੇ ਭੂਪਤੀ, ਸੁਆਮੀ ਸੇਵਕ ਦੇਨ ।੩।
ਧਰੈ ਧਿਆਨ ਦਿਲ ਮਾਂਝ ਸਭ ਚਿਤਵਤ ਕਰਿ ਹੈ ਕਾਮ ।
ਜੇ ਲਿਖ ਪੂਜਾ ਦੇਹ ਲੇ ਸੇਵਕ ਸੇਵਾ ਭਾਮ ।੪।
ਆਸਤਿ ਨਾਸਤਿ ਦੋ ਰਚੇ ਬਿਧ ਨੈ ਸੁਰਤਿ ਸਮਾਨ ।
ਆਸਤਿ ਤੇ ਹਿੰਦੂ ਭਏ ਨਾਸਤਿ ਮੁਸਲਮਾਨ ।੫।
ਤੁਮਰੀ ਆਸਾ ਰੋਗ ਕੀ ਹਿੰਦੂ ਨਿਰੁਜ ਪਛਾਨ ।
ਖਾਵਤ ਰੋਗੀ ਕਾਮ ਬਿਨੁ ਹਿੰਦੂ ਕਿਰਤ ਮਿਹਰਾਨ ।੬।
ਜੜ ਸੀਂਚੈ ਜੋ ਬ੍ਰਿਛ ਕੀ ਫਲ ਲੁਨੀਏ ਸਿਰ ਤਾਸ ।
ਤਿਉਂ ਭੂ ਸਿੰਚੈਂ ਵਿਪ੍ਰ ਵਰ ਫਲ ਲੇਵਤ ਆਕਾਸ਼ ।੭।
ਤੁਮਰਾ ਮਤਿ ਕਾਚਾ ਅਧਕ ਕਬਰ ਪੂਜਤੇ ਨਿਤ ।
ਕਹੋ ਪੂਜੈ ਨਾਹਿ ਦੇਤ ਕਿਉਂ ਮੁਖ ਕਹਨ ਹੋ ਅਮਿਤ ।੮।
ਏਕ ਪੱਛ ਹਮਰੈ ਵਿਖੈ ਕਰੈ ਕਰਾਵੈ ਨਾਂਹਿ ।
ਤਉ ਭੀ ਦ੍ਰਿੜ੍ਹ ਭ੍ਰਮੈ ਨਹੀਂ ਕਰਤਾ ਪ੍ਰੀਤ ਸਹਾਇ ।
ਤੁਮ ਬੰਦਾ ਹੋਇ ਬੰਦਗੀ ਕਾਹੇ ਕਰਤੇ ਰੋਜ਼ ।
ਦੇਖਾ ਸੁਨਾ ਨ ਰੱਬ ਤੁਮ ਕਰੋ ਨਿਵਾਜ਼ੀਆ ਖੋਜ ।੧੦।
ਜਾਂਕਾ ਰੂਪ ਨਾ ਥਾਂਵ ਨਹਿ ਏਕ ਅਲਾਹੁ ਕਹੰਤ ।
ਦਰੂਦ ਨਿਵਾਜ਼ ਸਿਜਦੇ ਕਿਸੈ ਰੋਜ਼ਾ ਮੱਕਾ ਮਹੰਤ ।੧੧।
ਜੋ ਕਹਿਨਾਂ ਤੋ ਹਿਰਸ ਕਿਉਂ ਕਰਨੀ ਕ੍ਰਿਤ ਜਮਾਲ ।
ਉਤਰ ਹਮਰਾ ਬਾਦਸ਼ਾਹਿ ! ਦਿਲ, ਸਮਝੋ ਸੁ ਕਮਾਲ ।੧੨।
ਬਡੇ ਪੀਰ ਪੈਗੰਬਰਾਂ ਦਰੂਦ ਫਾਇਤਾ ਮੁਸਲਮਾਨ ।
ਤੀਨ ਤ੍ਰਿਵੇਲੇ ਹਿੰਦੂ ਕੇ ਦੋਨੋ ਤਜੈ ਸਮਾਨ ।੧੩।
ਖਾਲਸਾ ਤੀਜਾ ਹਮ ਕਰਾ ਦੋਨੋ ਝੂਠੇ ਛੋਰ ।
ਏਕ ਅਕਾਲ ਅਗੰਮ ਮੁਹਿ ਕਥਾ ਖਾਲਸੇ ਤੋਰ ।੧੪।
ਅਬ ਜਨਮਾ ਜਬ ਜਵਾਂ ਹੋਇ ਤੋਰੇ ਮੜ੍ਹੀ ਮਸਾ।
ਦੇਵਲ ਬੁਤ ਫਰੇਸ਼ਤੀ ਛੋਡੈ ਕਰੈ ਨਿਦਾਨ ।੧੫।
ਤੁਮਰਾ ਬਾਪ ਬਿਦੇਸ ਬਸ ਲੀਨਾ ਤਮ ਨਿਪ੍ਰ ਜਾਨਿ ।

ਪੀਛੇ ਖਰਚ ਨ ਭੇਜਦੇ ਨਾ ਹੋਵਨ ਪਰੇਸ਼ਾਨ ।੧੬।
ਤੁਮਰਾ ਬਿਖਰਚ ਦਰਗਾਹ ਹੈਂ ਹਮਰਾ ਖਰਚ ਮੁਬਾਹ ।
ਪਿਦਰ ਤੁਮਾਰਾ ਦੀਨ ਹੁਇ ਲੇਇ ਸੁ ਆਸ ਦਰਗਾਹ ।੧੭।
ਬਿਖਰਚ ਗੁਲਾਮੀ ਕਰਤ ਹੈਂ ਬਿਖਰਚ ਚੋਰ ਠਗ ਮਾਰ ।
ਬਿਖਰਚ ਹਾਰ ਭੁਪਤਿ ਮੁਸੈ, ਮਾਇਨਾ ਇਹ ਸ਼ੁਮਾਰ ।੧੮।
ਗਇਆ ਲਿਖਾ ਅਜ਼ਮਤਿ ਕਰੀ ਅਰਜ਼ੀ ਲਿਖੀ ਅਧੀਨ ।
ਕਦਮ ਪਲੋਸੀ ਬਹੁਤ ਪੀਰ ਤੁਮਰੀ ਸੇਵਾ ਚੀਨ ।੧੯।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੯੭।

## ੯੮

ਏਕ ਸਮੈ ਸੁਤ ਪੈਂਡ ਸੁਤ੧ ਕਰੀ ਸਲਾਮ ਦਿਵਾਨ ।
ਲੜਕਾ ਅਣਦਾੜ੍ਹੀ ਪਿਖਾ ਪੂਛਾ ਆਪ ਪਛਾਨ ।੧।
ਕੌਨ ਮਰਦ ਕੈਸੇ ਅਵਨੁ ਕੌਨ ਤੁਮਾਰਾ ਨਾਮ ।
ਆਵਨ ਕਹੁ ਕੈਸੇ ਹੂਆ ਕਹੋ ਸਤਿ ਸੁਠ ਧਾਮ ।੨।
ਤਬੈ ਬੋਲਿ ਲੜਕੇ ਕਹਾ ਪੈਂਦਾਖਾਨ ਮਮ ਦਾਦ ।
ਸੈਦਾ ਖਾਂ ਮਮ ਪਿਦਰ ਥਾ ਮੈਂ ਨਾਤੀ ਗੁਲ ਖਾਂਦ ।੩।
ਗੁਰੂ ਪੀਰ ਤੁਮ ਜਾਨਿ ਕੈ ਮਾਇ ਸਿਖਾਯੋ ਮੁਝ ।
ਦਰਸਨ ਕਰਾ ਜਮਾਲ ਦਿਲ ਹੋਇ ਆਗਿਆ ਤੁਝ ।੪।
ਬੋਲੇ ਸਤਿਗੁਰ ਸਮਝਕੈ ਆਵੋ ਤੁਮ ਹੀ ਰੋਜ਼ ।
ਬਾਜ਼ੀ  ਖੇਲਹਿਂ ਪ੍ਰੀਤ ਕੀ ਜੋ ਜਾਨਤ ਹੀ ਖੋਜ ।੫।
ਪਾਂਚ ਮੁਹਰ ਬਖਸ਼ੀ ਤਬੈ ਪਾਇ ਰੁਜ਼ੀਨਾ ਗੰਮ ।
ਦਿਲ ਹਰਖਾ ਬਿਲਖੀ੨ ਗਈ ਸਹਸਾ ਪਾਇਨ ਨਮ ।੬।
ਨਿਤ ਆਇ ਗੁਰ ਦੇਨ ਨਿਤ ਪਾਂਚ ਰੁਪਈਏ ਚਿਤ ।
ਏਕ ਦਿਨ ਸਤਿਗੁਰ ਮੰਤ੍ਰ ਕਹਿਆ ਬੁਧਿ ਦ੍ਰਿੜ੍ਹ ਹਿਤ ।੭।
ਪ੍ਰੀਤ ਆਦਰ ਬਹੁਤਾ ਕਰੈ ਕਹਾ ਖਾਲਸੇ ਖੋਰ ।
ਮੁਸਲ ਜੋ ਵੈਰੀ ਖਾਲਸੇ ਤੁਮਰੇ ਬਚਨ ਅਮੋਰ ।੮।
ਹਸ ਬੋਲੇ ਇਕ ਕਾਮ ਹੈ, ਜਾਨਹੁਗੇ ਤੁਮ ਸਿੱਖ ।
ਜਾਂਕਾ ਦਾਦਾ ਸੂਰਮਾ, ਸਤਿਗੁਰ ਰਾਖੋ ਪਿਖ ।੯।
ਤਬੈ ਬਡਾਈ ਜੰਗ ਕੀ ਖੈਂਚ ਸਮਸ਼ੇਰ ।
ਕਰੁਣਾ ਐਸੀ ਮਨਿ ਵਸੀ ਲੜਕਾ ਭਲਾ ਸੁਮੇਰ ।੧੦।

ਏਕ ਦਿਨਾ ਦੋ ਸਿੱਖ ਥੇ ਬਸਹਿੰ ਪਾਲੀ ਸ਼ਹਿਰ ।
ਜਮਧਰੜ ਜੁਗ ਭੇਟਾ ਕਰੀ, ਅਦਭੁਤ ਜਮ ਕੀ ਕਹਿਰ ।੧੧।
ਖੁਸ਼ੀ ਲੇਇ ਡੇਰੇ ਗਏ ਚੌਂਪੜ ਖੇਲ ਬਨਾਇ ।
ਬੈਠੇ ਪੀਛੇ ਪਲੰਘ ਪਰ ਤਾਂਕੋ ਦੀਨ ਬਿਠਾਇ ।੧੨।
ਨਿਤ ਕਹੈ ਥੇ ਖੇਲ ਮੈਂ ਬਦਲਾ ਵੈਰੀ ਲੇਇ ।
ਦਾਇ ਲਗੈ ਨੌਕਰ ਹੁਵੈ ਜਿਸ ਕਿਸ ਬਿਧਿ ਸੁਧ ਲੇਇ ।੧੩।
ਮਾਇ ਪੂਛੀ ਤਿਨਿ ਵਰਜਿਆ ਤਾ ਦਿਨ ਗੁਰ ਕਹਿ ਏਹੁ ।
ਬਾਪ ਪਿਸਰ ਬਦਲਾ ਕਰੈ, ਹੱਕ ਉਤਰੈ ਸੇਇ ।੧੪।
ਬੋਲੇ, ਸ਼ਸਤ੍ਰ ਹਥਿ ਹੋਇ, ਵੈਰੀ ਮਿਲੈ ਇਕੰਤ ।
ਵਾਰ ਨ ਕਰੈ ਤਿਸ ਥੂਕ ਮੁਖ ਲਾਨ੍ਹਤ ਜੀਵੈ ਨਿੰਤ ।੧੫।
ਕਹਿ ਕਹਿ ਕਰ ਚਖ ਮੀਚ ਕੈ ਸਾਤ ਬਾਰ ਇਹ ਬੈਨ ।
ਲੇਇ ਹਾਥਿ ਦੇਵਤ ਤਿਸੈ ਪ੍ਰੇਰਤ ਆਪ ਸੁਖੈਨ ।੧੬।
ਤਬੀ ਕਟਾਰੀ ਹਿਰਦੇ ਦਈ ਬਾਰ ਤੀਨ ਕਰ ਲੀਨ ।
ਇਤਨੇ ਮੈਂ ਬੋਲੈ ਤਿਸੈ ਵਾਰ ਪਠਾਣੀ ਕੀਨ ।੧੭।
ਮਾਰਿਆ ਪੁਤ੍ਰ ਪਠਾਨ ਕਾ ਆਪ ਰੱਛਿਆ ਕੀਨ ।
ਲੱਖਾ ਸਿੰਘ ਤਰਵਾਰ ਸੌਂ, ਸੀਸ ਜੁਦਾ ਕਰ ਦੀਨ ।੧੮।
ਬੋਲੇ-ਮੁਸਲਮਾਲ ਕੀ ਅਨ ਤਬਾਰੀ ਸਿੱਖ ।
ਖਾਵਤ ਜਾਂਕਾ ਕਾਗ ਸਮ ਤਿਸੀ ਬੁਰਾਈ ਲਿਖ ।੧੯।
ਸੁਨੀ ਸਗਲ ਹਿੰਦੂ ਮੁਸਲ, ਲਾਨ੍ਹਤ ਦੀਨ ਪਠਾਨ ।
ਸੁਨੀ ਬਹਾਦਰ ਸ਼ਾਹਿ ਤਬ ਭੇਜੇ ਬੈਦ ਸੁਜਾਨ ।੨੦।
ਦਿਨ ਪੰਦਰਾਂ ਲਗ ਟਹਲ ਕਰਿ ਜ਼ਖਮ ਟਾਂਕਿ ਖੁਸ਼ ਕੀਨ ।
ਲੇਇ ਬਿਦਿਆ ਧਨ ਮਾਲ ਲੈ, ਦਿੱਲੀ ਕੇ ਵਸਕੀਨ ।੨੧।
ਨ੍ਹਾਇ ਸੁ ਨਾਇ ਸਮਾਲ ਕਰਿ ਖੁਸ਼ੀ ਖਾਲਸੇ ਮਾਨ ।
ਤਬੈ ਏਕ ਦਿਨ ਦੀਪਮਾਲ ਕੀਨੀ ਭਲੀ ਸੁ ਮਾਨ ।੨੨।
ਤੰਬੂ ਏਕ ਲਗਾਇਆ ਦੀਨੀ ਕਨਾਤ ਚਉਫੇਰ ।
ਲੋਕ ਆਇਨ ਜਮ ਇਕ ਫੇਰ ਨਾ ਝੁਕੈ ਕੁਵੇਰ ।੨੩।
ਇਕ ਦਿਨ ਗਗਨਿ ਦਮਕਿਆ ਉਤਰੇ ਪੁਰਖ ਮਸਾਲ ।
ਪਾਂਇ ਪਰਤ ਚਿੱਠੀ ਲਿਖੀ ਸਤਿਗੁਰ ਬਾਚੀ ਚਾਲ ।੨੪।
ਅੱਖਰ ਲਿਖੇ ਉਮਰਾ ਵਲੀ ਕਹੈਂ ਲੋਗ ਗੁਰਮੁਖਿ ।
ਗਏ ਹੈਵਾਨੀ ਬਾਤ ਕਰ ਨਹਿ ਜਾਨੀ ਕਿਨ ਸਿੱਖ ।੨੫।
ਜਮਦੂਤੀਆ ਦਿਨ ਦੇਇ ਨਰ ਆਨਿ ਪਹੂਚੈ ਅੰਤ ।

ਪੂਛ ਕਮਾਨਾਂ ਦੁਇ ਦੇਇ ਚਲੇ ਸਮਾਨੀ ਸੰਤ ।੨੬।
ਪੀਛੈ ਲੇਇ ਕਮਾਨ ਦੁਇ ਖੈਂਚਤ ਖੋਲ੍ਹੇ ਘਾਵ ।
ਸਿਖਨ ਪੂਛਾ ਆਪ ਕਹਿ, ਪਾਪ ਪੁੰਨ ਕੀ ਪਾਵ ।੨੭।
ਚਲਨ ਤਿਆਰੀ ਕਰੋ ਅਬ ਕਾਲ ਸਨੇਹਾ ਆਇ ।
ਉਨ ਸਤਿਗੁਰ ਨਾਨਕ ਗੁਰੂ ਬਾਬਾ ਧਿਆਇਆ ਚਿਤ ।
ਬਾਬਾ ਕੀ ਆਗਿਆ ਇਹੀ, ਚਿੱਠੀ ਧਰੀ ਸੁ ਮਿਤ ।੨੯।
ਪੜ੍ਹੀ ਚਿੱਠੀ ਸਾਹਿਬ ਸਿੰਘ ਦਾਨ ਸਿੰਘ ਸੁਖ ਕਾਰ ।
ਪਾਂਚ ਘੜੀ ਸਤਿਗੁਰ ਲਈ, ਕੇਸਨ ਬੀਚ ਸਵਾਰ ।੩੦।
ਇਹ ਦਸਖਤ ਸਿਰ ਸੰਗ ਹੀ ਅਗਨਿ ਬੀਚ ਮੁਹਿ ਅੰਗਿ ।
ਕਹਿ ਕਹਿ ਬਾਧਾ ਸਭ ਕਰਾ, ਭਾਣਾ ਕਰਾ ਬਨਾਇ ।
ਸਾਧਨ ਜੋਗ ਸਮਾਧਿ ਕੇ, ਸਹਿਜੇ ਸਾਧੇ ਪਾਇ ।੩੨।
ਤੀਜ ਚਤੁਰਥੀ ਰਾਖਿ ਤਨ ਪੰਚਮੀ ਕਹੀ ਤਿਥਿ ਜਾਨ ।
ਸਭ ਸਮਾਨ ਜਗ ਬੇਦ ਕਾ ਬੁਲੈ ਹਿੰਦੂ ਮਸਲਮਾਨ ।੩੩।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੯੮।

## ੯੯

ਹੂਈ ਭਿਆਨ[੧] ਦਰਿ ਭੀੜ ਬਡ ਸਿੱਖ ਦੂਰ ਕੇ ਸੰਗ ।
ਹਿੰਦੂ ਮੁਸਲਮਾਨ ਕੇ ਸੁਖਦਾਈ ਸਰਬੰਗ ।੧।
ਆਸ੍ਰਮ ਧਾਰੀ ਸਕਲ ਜੁਰਿ ਮਿਲੇ ਮਿਲਾਏ ਪ੍ਰੀਤ ।
ਅੰਤ ਬਾਰ ਕੁਸਾ ਤਿਲ ਜ਼ਿਮੀ ਬੈਠਤ ਬਚਨ ਸੁਰੀਤ ।੨।
ਹਰਿ ਹਰਿ ਜਨ ਦੋਊ ਏਕ ਹੈਂ ਬਿਬ ਬਿਚਾਰ ਕਛੁ ਨਾਹਿ ।
ਜਲ ਤੇ ਉਪਜ ਤਰੰਗ ਜਿਉਂ ਜਲ ਹੀ ਬਿਖੈ ਸਮਾਹਿ ।੩।
ਪਾਂਚ ਦੋਹਿਰੇ ਪ੍ਰਭੂ ਕਹੇ ਭਗਵਤ ਪੰਕਤੀ ਅੰਤ ।
ਪੇਖੈ ਪਰ ਪਰਸੈ ਨਹੀਂ ਕੌਤਕ ਬਡਾ ਮਹੰਤ ।੪।
ਪੜ੍ਹੈ ਜਪੁ ਪੁਨਿ ਅਰਦਾਸ ਕਰ ਕਮਰ ਕਸੀਓ ਕਟਾਰ ।
ਕਰਦ ਕਮਾਨ ਤੁਫੰਗ ਸ਼ਕਤਿ ਸਕਲੇ ਲੀਨ ਸਵਾਰ ।੫।
ਨੈਕੇ ਮੋਰ ਵਪੁ ਟੇਕ ਟਿਕ ਧਿਆਨ ਤ੍ਰਿਕੁਟੀ ਸਾਧਿ ।
ਛੋਡ ਦੇਹ ਨਿਆਰੇ ਭਏ, ਭੋਗੀ ਕਾਂਚ[੨] ਉਪਾਧਿ ।੬।

ਸੁਨਾ ਗਗਨ ਗੂੰਜਤ ਭਯਾ ਜੈ ਜੈ ਸੁਰਗਨ ਮਾਂਝ ।
ਹਾਹਾ ਹਾ ਹੂ ਲੋਗਨ ਕਰਾ ਰੌਲੀ ਹੋਤ ਸਮਾਂਝ ।੭।
ਅਗਨਿ ਚੰਦਨ ਘ੍ਰਿਤ ਮੇਲਯੋ ਔਖਧਿ ਅਗਰ ਅਨੇਕ ।
ਸੁਧ ਸਨਾਨ ਪਟ ਬਸਨ ਸ਼ੁਭ ਸ਼ਸਤ੍ਰ ਸੰਗ ਰਹਾ ਏਕ ।੮।
ਕਰਦ ਦੇਖੀ ਈਂਧਨ ਭਸਮ ਘੋੜਾ ਰਹਾ ਨ ਕੁਮੈਦ ।
ਸਭ ਲੋਗਨ ਜਾਨਿਆ ਸਹੀ, ਲੈ ਗਇਆ ਉਮੈਦ ।੯।
ਲਕੜੀ ਲੇਆਵਤ ਕੋਊ ਹਰਖ ਸੋਗ ਸਮ ਜਾਨ ।
ਦੀਆ ਸੰਦਸ਼ਾ ਆਪ ਤਬਿ ਘੋੜਾ ਪਹੁੰਚਾ ਆਨਿ ।੧੦।
ਭਇਆ ਪ੍ਰਕਾਸ਼ ਅਨੰਤ ਅਤਿ ਤਿਸ ਠਵਰੁ ਸੁਭ ਲੱਛ ।
ਸਭ ਜਾਨਾ ਸਾਚਾ ਗੁਰੂ ਲਗੜੇ ਅਖੈ ਅਲੱਖ ।੧੧।
ਸਿਖਨ ਪੰਡਤ ਆਨਿ ਕੈ ਸੋਢੀ ਅਲਵਰ ਕੋਟਿ ।
ਕ੍ਰਿਆ ਕਰਮ ਸਕਲੀ ਕਰੀ, ਸੁਧ ਦੇਹ ਗਯਾ ਸੁ ਲੋਕ ।੧੨।
ਐਸੀ ਕਥਾ ਮੁਹਿ ਪਾਂਚ ਬੇਰ ਸੁਨੀ ਸਿੱਖ ਮੁਖ ਆਪ ।
ਤਾਂ ਉਦਾਸੀ ਹਸਨ ਕੇ ਦੇਖ ਕਹੀ ਮੁਹਲਾਪ ।੧੩।
ਇਕ ਦਿਨ ਰਾਤੀ ਬਰਸ ਗੋ ਸ਼ੰਕਾ ਕਰ ਮਨ ਖੀਨ ।
ਬੋਲੇ ਸਤਿਗੁਰੁ ਦਰਸ ਦੇ ਲਿਖ ਸਾਖੀ ਪ੍ਰਬੀਨ ।੧੪।
ਹਮਰੀ ਸੁਨ ਤੂ ਸਾਹਿਬ ਸਿੰਘ ਛਾਇਆ ਦੇਖ ਸ਼ਿਕਾਰ ।
ਬਚਨ ਕਹਾ ਪਾਲੈ ਸਦਾ ਸੁਪਨਾ ਚਿਤਵਤ ਸਾਰ ।੧੫।
ਅਹਿਮਦਸ਼ਾਹ ਆਵੈ ਜਬੈ ਹਮੈ ਬੁਲਾਵੈ ਦੇਵ ।
ਸਤਿਗੁਰ ਦਰਸ਼ਨ ਪਾਇਗੋ ਤਬੈ ਫਲੈਗੀ ਸੇਵ ।੧੬।
ਅੰਤ ਚਲਾਣਾ ਰਾਮ ਕ੍ਰਿਸਨ, ਬਿਸ਼ਨੁ ਸੰਕਰ ਸਭ ਦੇਵ ।
ਦਸ ਅਵਤਾਰੀ ਦਸ ਗੁਰੂ, ਚਲਸੀ ਭੂਪਤਿ ਸੇਵ ।੧੭।
ਸਾਖੀ ਸੌ ਇਕ ਊਨ ਕੀ ਕਹੀ ਸਿੱਖ ਸੁਰ ਗਿਆਨ ।
ਸਾਖੀ ਏਕ ਸਤਿਗੁਰ ਰਖੀ, ਨੈਣੇ ਹੇਤੁ ਸੁਜਾਨ ।੧੮।
ਹਮਰਾ ਸਿੱਖ ਸੋ ਹੋਵਸੀ ਧਰਮਕੋਟ ਕੇ ਬੀਚ ।
ਤਿਸ ਪ੍ਰਤੀਤ ਕੈ ਕਾਰਨੈ ਸਤਿਗੁਰ ਦਰਸਨ ਖੀਚ ।੧੯।
ਸੁਣੈ ਪੜ੍ਹੈ ਚਿਤ ਲਾਇਕੈ ਸਮਝੈ ਪ੍ਰੀਤ ਪ੍ਰਤੀਤਿ ।
ਭੁਗਤਿ ਮੁਕਤਿ ਸਤਿਗੁਰੂ ਦੀਏ ਫਲੈ ਮਨੋਰਥ ਮੀਤ ।੨੦।
ਸਤਿ ਰਾਮ ਸਤਿਗੁਰ ਧੰਨ, ਸਤਿ ਸੇਵਕੀ ਜਾਨ ।
ਹਮਰੀ ਸਾਖੀ ਸੁਣ ਪੜ੍ਹੈ ਲਿਖੈ ਪਛਾੜੀ ਮਾਨ ।੨੧।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੯੯।

ਸੋਰਠਾ- ਸਾਹਿਬ ਸਿੰਘ ਸੁ ਹੱਥ, ਲਿਖੀਏ ਰਾਮ ਕੁੰਵਰ ਕੀ।
ਚਲਨ ਸਮੈ ਕੀ ਕਥ, ਨੈਣੇ ਕੇ ਢਿਗ ਸਮਝਕੈ ।੧।
ਸੋਰਠਾ ਤਾਂਤੈ ਧਰਿ ਲਿਖਾ, ਸਤਿਗੁਰ ਮੇਰੇ ਆਪਿ।
ਅੰਤ ਸਮੇਂ ਹਉਂ ਨਾਹਿ ਥਾ, ਸੁਪਨੇ ਕਹਾ ਸੁਮਾਪ ।੨।
ਅਹਿਮਦ ਆਯਾ ਕਾਬਲੀ ਗਏ ਲੋਗ ਸਭ ਸੈਲ।
ਭਾਣਾ ਕਰਨੇ ਹੇਤੁ ਤਬ, ਧਰਮ ਕੋਟ ਲੈ ਗੈਲ ।੩।
ਹਉਂ ਕਿਆ ਕਹੂੰ ਬਨਾਇ, ਨੈਣੇ ਦੇਖੀ ਸੁਨੀ ਮੁਹਿ।
ਸੋਈ ਲਿਖੀ ਗਿਣਾਇ, ਗੁਰਚਰਨੀਂ ਮਨ ਲਾਇ ਮੈਂ ।੪।

**ਚੌਪਈ**

ਗਿਲਜਾ ਡਰ ਹੂਆ ਪੰਜਾਬ। ਧਰਮ ਕੋਟ ਲੇ ਗਏ ਸਮਾਜ।
ਅੱਵਲ ਸੀਤ ਬਹੁਤ ਦਿਨ ਰਹਾ। ਲੋਗਨ ਤਬੈ ਪਇਆਨਾ ਲਹਾ।
ਸਭੀ ਲੋਗ ਤਬ ਸੁਰਖ ਮੁਖ ਲਾਲ। ਰਾਮਪੁਰੇ ਪਹੁੰਚੇ ਸੁਭ ਕਾਲ।
ਨੈਣੇ ਚਰਨ ਪਕੜ ਤਬ ਰਾਖੇ। ਸੇਵਕ ਮਤ ਤਜੀਓ ਅਭਿਲਾਖੇ।
ਰਖੈ ਨੈਨ ਕੇ ਸੰਗ ਖੁਸ਼ਾਲ। ਸੇਵਾ ਕਰਤ ਬਰਖ ਗਯੋ ਕਾਲ।
ਸੇਵਾ ਬਹੁਤ ਕਰੀ ਢਿਗ ਸੇਵ। ਬਚਨ ਕਰਾ ਹੂਆ ਸੋ ਦੇਵ
ਜੰਬੂ ਭੂਪਤਿ ਬਾਂਧਾ ਲਾਹੋਰ। ਸੋਈ ਛੁਡਾਵਾ ਨੈਣੇ ਭੋਰ।
ਬਚਨ ਕੀਆ ਨੈਣੇ ਨੇ ਮਾਂਗਾ। ਇਹ ਪਰਚੋ ਸਭਹਿਨ ਕੋਂ ਲਾਗਾ।
ਬਰਖ ਅਢਾਈ ਦੇਹੀ ਰਾਖੀ। ਨੈਣੇ ਸੰਗਤ ਦਿਢ ਮਨ ਕਾਂਖੀ।
ਕਹਾਂ ਕਥੋਂ ਬਹੁ ਚਰਿਤ ਸਮਾਲ। ਗਤਿ ਕਹੀ ਭਜਨ ਰੀਤ ਬਿਸਾਲ।
ਮਿਠੇ ਪੀਰ ਕੀ ਗੋਸ਼ਟਿ ਕਥੀ। ਸਾਈਂ ਲੋਕ ਕੀ ਅਥਵਾ ਰਥੀ।
ਮਿਠਾ ਪੂਛੇ ਸਤਿ ਰਾਮਦਾਸ। ਹਿੰਦੂ ਪੀਰ ਭਜਹੁ ਕਸ ਰਾਸ।
ਕਹਾ ਤਬੈ ਸੁਆਸਨ ਕੀ ਰੀਤ। ਅਨੁਭਵ ਜਗੈ ਨਿਤ ਕੀ ਰੀਤਿ।
ਸੁਤਹਿ ਚਿਤ ਵਾਸਨ ਜਲ ਜਾਇ। ਰਹੈ ਵਾਸਨਾ ਮੂਲ ਨ ਜਾਇ।
ਬੰਧਨ ਆਸਨ ਦ੍ਰਿੜ੍ਹ ਮਨ ਨਿਰਬਾਸ। ਹੋਵੈ ਮਨ ਸਹਿਜ ਪਦ ਪਾਸ।
ਨੈਣੇ ਪੂਛਾ ਸਾਖੀ ਸੁਖ ਕੰਦ। ਕਿਹ ਬਿਧ ਕੀਨੀ ਗੁਰੂ ਗੋਬਿੰਦ।
ਰਾਮ ਕੁੰਵਰ ਤਬ ਕਹੀ ਸੁਨਾਇ। ਸਤਿਗੁਰ ਕੀ ਗਤਿ ਬੂਝ ਬਨਾਇ।

ਜੰਬੂਰਾਜ ਰਣਜੀਤ ਦੇਹਿ। ਤਿਸਕਾ ਪਿਤਰ-ਨਾਮ ਰਤਨ ਦੇਇ।
ਸੋ ਕਹਿਲੂਰੀ ਦੋਹਤਵਾਨ। ਆਨੰਦਪੁਰ ਮਿਲਿਆ ਸਤਿਗੁਰ ਆਨਿ।
ਬਾਲਕ ਥਾ ਸਤਿਗੁਰ ਮਨਿ ਭਾਯਾ। ਸਤਿਗੁਰ ਜਾਨਿ ਢਿਗ ਨੇਹੁ ਜਨਾਯਾ।
ਸਾਤ ਬਰਸ ਰਹਾ ਸਤਿਗੁਰ ਪਾਸ। ਗੁਰ ਬਖਸ਼ੀ ਸਗਲੀ ਸੁ ਕਲਾਸ।
ਖੜਗ ਕਟਾਰਾ ਬਰਛੀ ਤੁਪਕਾ। ਕਮਾਨ ਲਹੌਰੀ ਸ਼ਸਤ੍ਰ ਬੁਰਕਾ।
ਤਿਨ ਲੈ ਸ਼ਸਤ੍ਰ ਚਰਨੀ ਲਾਗਾ। ਪੂਛਾ ਸਤਿਗੁਰ ਰਹਿਨੀ ਜਾਗਾ।
ਸਤਿਗੁਰ ਕਹਾ ਸ਼ਸਤ੍ਰ ਤੂ ਪੂਰਾ। ਭੀਰ ਪਰੈ ਕਾਰਜ ਨਹਿ ਊਰਾ।
ਦੇਵੈਂ ਦਰਸ ਸ਼ਸਤ੍ਰ ਕਰ ਮਾਨ। ਜਾਂ ਪੂਜਾ ਤੂ ਕਰਹੁ ਪ੍ਰਵਾਨ।
ਤੁਮਰੇ ਬੰਸ ਆਇਆ ਹੀ ਜਾਨੌ। ਮੋਕੋ ਤੁਝ ਮੈਂ ਭੇਦ ਨ ਭਾਨੋ।
ਨੈਣਾ ਸੋ ਤੁਮ ਦੇਖੀ ਆਪ। ਅਬ ਜੰਬੂ ਮੈਂ ਟਹਲ ਸਮਾਪ।
ਨੂਰਪੁਰ ਰਾਜੈ ਆਗਿਆ ਦੀਨੀ। ਸਬੈ ਕਟੋਚਨ ਮਾਰਨ ਚੀਨੀ।
ਲਈ ਉਠਾਇ ਬਰਛੀ ਗੁਰ ਦਾਤ। ਸੈਨ ਕਟੋਚੀ ਚਲੀ ਮੁਹਾਤ।
ਨਿਤ ਕੜਾਹਾ ਪੂਜਾ ਕਰੈ। ਵਾਹਿਗੁਰੂ ਫਤੇ ਮੁਖਉਂ ਉਚਰੈ।
ਰਾਜੇ ਇਕ ਦਿਨ ਪੂਛਾ ਤਾਤੇ। ਦਰਸ਼ਨ ਮੂਏ ਹੋਤ ਕਿਮ ਸਾਂਤੇ।
ਊਪਰ ਰਾਤ ਮਹਿਲ ਨ੍ਰਿਪ ਰਾਖਾ। ਅੰਦਰ ਭਿਆਨ ਪੂਜਾ ਕਰ ਸਾਖਾ।
ਰਾਖ ਬਿਖੇਰੀ ਅੰਗਨ ਬੀਚ। ਸਬ ਦਿਖਲਾਈ ਪੂਜਾ ਖੀਂਚ।
ਪੂਜਾ ਕਰ ਕੜਾਹ ਪ੍ਰਸਾਦਿ। ਦੀਆ ਭੂਪ ਵਰ ਪਾਇਨ ਸੁਆਦ।
ਫਤੇ ਬੁਲਾਇ ਉਠਾ ਜਬ ਰਤਨ। ਬਾਲ ਜਵਾਨ ਰਾਜਾ ਹੂਆ ਮਗਨ।
ਏਹ ਅਸਵਾਰ ਆਪ ਹੈ ਠਾਂਢੇ। ਚਲੇ ਸ਼ਿਕਾਰ ਮੁਝੈ ਇਉਂ ਕਾਂਢੇ।
ਹਾਂ ਜੀ ਕਹੀ ਭੂਪ ਨਹੀਂ ਮੰਤ੍ਰ। ਨਹਿ ਪ੍ਰਤੀਤ ਆਈ ਨ੍ਰਿਪ ਅੰਤ੍ਰ।
ਬਾਹਰ ਰਾਖ ਅਸ੍ਵ ਪਦ ਦੇਖੈ। ਵਿਸਮਯ ਸ਼ੰਕਾ ਗਈ ਵਿਸੇਖੈ।
ਗਏ ਸ਼ਿਕਾਰ ਰਤਨ ਦੇਉ ਵਾ ਦਿਨ। ਸੁਏ ਰਾਤਿ ਗੁਰ ਦਰਸ਼ਨਿ ਕਹਿ ਕਿਨ
ਤੇਰੇ ਬੰਸ ਆਵੇਂਗਾ ਤਾਂ ਦਿਨ। ਸ਼ਸਤ੍ਰ ਜਾਇੰਗੇ ਤੁਮਤੇ ਮਰ ਕਿਨ।
ਸੋ ਤੋ ਪੂਜਾ ਕਰਤ ਰਜਪੂਤ। ਨੈਣਾ ਇਹ ਸਾਖੀ ਸੁਭ ਸੂਤ।
ਹਮਰੇ ਅਗਾੜੀ ਕਹੀ ਤਿਨ ਆਪ। ਮਿਸ਼ਰ ਨਰਾਇਣ ਹੁਕਮੀ ਥਾਪ।
ਮੁਹਿ ਤੇ ਰਹੀ ਬਿਪ੍ਰ ਕੋ ਪੂਛੀ। ਅਬ ਹਮ ਚਲਹਿੰ ਤਿਆਰੀ ਸੂਛੀ।
ਕਹਿ ਕਰ ਮੋਨ ਧਿਆਨ ਗਹਿ ਸਤਿਗੁਰ। ਤਜੀ ਦੇਹ ਜਾਇ ਪਹੁੰਚੇ ਸੁਰ
ਪੁਰਿ।ਸਾਹਿਬ ਸਿੰਘ ਸੁਨ ਮੇਰੀ ਬਾਤ। ਮਿਸ਼ਰ ਨਰਾਇਣ ਮਿਲੇ ਸੁਹਾਤ।
ਜੰਬੂ ਮੈਂ ਕੌੜਾ ਮਲ ਗ੍ਰੇਹ। ਰਹੈ ਨਰਾਇਣ ਸਤਿਗੁਰ ਨੇਹੁ।
ਤਿਨ ਬੀ ਕਹੀ ਇਸੀ ਬਿਧ ਭਈ। ਹਮ ਬੜਿਅਨ ਸੌ ਸੁਨੀ ਤਿਉਂ ਲਹੀ।
ਰਤਨ ਦੇਇ ਕੀ ਦੇਖੀ ਆਂਖ। ਚਲੋ ਪੂਛੀਏ ਸਤਿਗੁਰ ਸਾਖ।

ਨੈਣੇ ਏਕ ਰੁਪਈਆ ਲੇ ਮਿਲਾ। ਮਿਸਰ ਲਾਚੀਆਂ ਦੇ ਰਲ ਖਿਲਾ।
ਤੀਨੋ ਪ੍ਰੇਮ ਪ੍ਰਵਾਹੀ ਭਏ। ਪੁਰਖ ਪ੍ਰੇਮ ਵਸ ਦੇਵ ਨਿਰਮਏ।
ਮਾਸ ਏਕ ਲਗ ਕਥਾ ਚਲਾਈ। ਮਾਨੋ ਮਗਹਰਿ ਗੰਗ ਚਲਾਈ।
ਰਤਨ ਕਹਾ ਗੁਰ ਜੀ ਕਹੌਂ ਤੋਹਿ। ਸਤਿਗੁਰ ਗੋਦ ਬੈਠਾਯੋ ਮੋਹਿ।
ਬੋਲੈ-ਐਸਾ ਸਮਾਂ ਇਕ ਆਵੈ। ਹਮ ਤੁਮ ਸਭ ਮਿਲ ਕਾਰ ਕਮਾਵੈ।
ਤਾ ਦਿਨ ਨਿਰਖੋਂ ਸੁਨੋ ਪਿਆਰੇ। ਪ੍ਰੀਤ ਕਰੀ ਉਮਗੈ ਮਨ ਸਾਰੇ।
ਵਿਦਾ ਲੇਇ ਹਮ ਘਰ ਮੈਂ ਆਏ। ਇਹ ਸਾਖੀ ਇਕ ਹਮ ਭੀ ਪਾਏ।
ਸਾਹਿਬ ਸਿੰਘ ਲਿਖ ਰਾਖ ਲਿਖਾਰੀ। ਗੁਰੂ ਸਿੱਖ ਨਹਿ ਭੇਦ ਭਿਖਾਰੀ।

### ਦੋਹਰਾ

ਲਿਖੀਆਂ ਸਾਖੀ ਪ੍ਰੇਮ ਜੁਤ ਦੇਖਿ ਪੂਛਿ ਲਿਖੀਅੰਤਿ।
ਪੜ੍ਹੈ ਸੁਨੈ ਜੋ ਸਿੱਖ ਸਿਦਕ ਸੋ ਫਲ ਪਾਇ ਮਹੰਤ।
ਚਰਨ ਪ੍ਰੀਤਿ ਮੁਹਿ ਦੀਜੀਏ ਕਰਿਅਹੁ ਅੰਤ ਸਹਾਇ।
ਆਦਿ ਅੰਤ ਸਤਿਗੁਰ ਪ੍ਰਭੂ ਤੁਮਰਾ ਜਸ ਰਹਯਾ ਗਾਇ।
ਭਾਣੇ ਮੈਂ ਤਨ ਹੀ ਤਜਾ ਸਾਹਿਬ ਸਿੰਘ ਗੁਰ ਭਗਤ।
ਇਹ ਦੋਹਾ ਪਾਛੈ ਲਿਖਾ ਮਿਸ਼ਰ ਨਰਾਇਣ ਰਕਤ।
ਧੰਨ ਗੁਰੂ ਧੰਨ ਸਿੱਖ ਸਿਦਕ ਹਮ ਜੰਬੂ ਰਹੈ ਜਾਇ।
ਸਿਰ ਕਾਟੇ ਦੋ ਸਿੱਖ ਕੇ ਡੁਗਰਨ ਗੁਰੂ ਮੁਖਾਇ।
ਦੇਖ ਬਿਰਕਤੀ ਤਬ ਭਏ ਰਾਖਾ ਵਪੁ ਤਹਿ ਕਾਲ।
ਬਾਸ ਕਰਾ ਘਰ ਖਾਲਸੇ ਪ੍ਰੀਤ ਗੁਰੂ ਹੀਅ ਸਾਲ।
ਨਾ ਬਿਪ੍ਰ ਘਰ ਪੰਡਤਾਂ ਕਛੂ ਨਹੀਂ ਭਾਵੈ ਮੋਹਿ।
ਜਿਨ ਬਖਸ਼ਾ ਹਮ ਬਡੇ ਕੋ ਸੋ ਗੁਰੂ ਮਨ ਮਮ ਹੋਹ।
ਸੰਬਤ ਸਤਰਾ ਸਹਸ ਥਾ ਅੱਸੀ ਏਕ ਸੁਭਾਸ।
ਸਾਹਿਬ ਸਿੰਘ ਲਿਖ ਸਾਖੀਆਂ, ਪੋਥੀ ਕਰੀ ਜਗਿਆਸ।
ਪੀਛੈ ਸਾਖੀ ਅੰਤ ਕੀ ਲਿਖੀ ਸੰਬਤ ਇਕੀਸ।
ਚਾਰ ਦੋਹਰੇ ਫਿਰ ਲਿਖੇ ਦਾਸ ਨਰਾਇਣ ਰੀਸ।
ਜਨਮੁ ਜਨਮੁ ਹੌਂ ਜਾਚਿਹੋਂ ਬਿਪ੍ਰ ਗੁਰੁਨ ਸੋਂ ਏਹੁ।
ਹੁਕਮਨਾਮਾ ਬਡਿਅਨ ਦੀਆ ਦਾਸ ਭਾਇ ਮੁਝ ਦੇਹੁ।
ਜਨਮ ਮਾਂਗਹੁ ਏਕ ਵਾਰ, ਜਹਿ ਕੁਲ ਤੁਮਰੀ ਸੇਵ।
ਨਾਤਰੁ ਹੌਂ ਪਾਪੀ ਕੁਲੀ, ਤ੍ਰਿਣ ਬਨ ਸੰਤਨ ਲੇਵ।
ਭਲੋ ਲਗੋ ਗੁਰ ਪੰਥ ਮਮ ਸਿਦਕ ਤੁਮਾਰੇ ਹਾਥ।

ਸੰਤਤਿ ਨਾਰੀ ਹਮ ਕੁਲੀ ਰਾਖੋ ਸਬ ਕਰ ਮਾਥ ।
ਹਰਿ ਹਰਿ ਮੁਖ ਸੋਂ ਬੋਲੀਏ ਬੋਲ ਵਾਹਿਗੁਰੂ ਮੰਤ ।
ਊਚ ਨੀਚ ਕੁਲ ਜਨਮ ਨਾ ਜਾਂਤੈ ਡੁਲੋ ਨ ਸੰਤ ।
ਸਾਖੀ ਪੂਰੀ ਹੋਈ । ਬੋਲਹੁ ਭਾਈ ਜੀ ਵਾਹਿਗੁਰੂ ।੧੦੦।

- ਇਤੀ -